ਸੰਗਤ ਭਾਟੜਾ ਦੀ

ਕ੍ਰਾਂਤਿਕ ਲਹਿਰ

ਦਾ

ਇਤਿਹਾਸ

ਲੇਖਕ :

ਗਿਆਨੀ ਰਤਨ ਸਿੰਘ 'ਸ਼ਾਦ'

ਪ੍ਰਕਾਸ਼ਕ :

ਸ਼ਾਦ ਪ੍ਰਕਾਸ਼ਨ, ਬ੍ਰਿਸਟਲ

(ਯੂ. ਕੇ.)

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Kirparesmgh.

15-X-82

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਪ੍ਰਦੇਸ ਬੈਠਾ ਸਾਹਿਤਕਾਰ



ਗਿਆਨੀ ਰਤਨ ਸਿੰਘ "ਸ਼ਾਦ"

ਪ੍ਰਧਾਨ ਖਾਲਸਾ ਜਥਾ ਬ੍ਰਿਟਿਸ਼ ਆਇਲਜ਼

ਇਸ ਚਿਤਰ ਦਾ ਫੇਰਵਾ ਪਿਛੇ ਵੇਖੋ

Digitized by Panjab Digital Library | www.panjabdigilib.org

ਲੇਖਕ ਨੇ ਸਾਹਿਤਕ ਤੇ ਦੇਸ਼ ਪਿਆਰ ਦੀਆਂ ਕਵਿਤਾਵਾਂ ਦਾ ਸੰਗਰਹਿ 1951 ਵਿਚ ਲੰਡਨੋਂ ਪ੍ਰਕਾਸ਼ਿਆ। ਇਸੇ ਸਾਲ ਯੂ.ਕੇ. ਦੀ ਸ਼੍ਰੋਮਣੀ ਸਿਖ ਸੰਸਥਾ "ਖਾਲਸਾ ਜਥਾ ਲੰਡਨ" ਦੀ ਪ੍ਰਧਾਨਗੀ ਸੇਵਾ ਦਾ ਸੁਭਾਗ ਪ੍ਰਾਪਤ ਹੋਇਆ। ਇਹ ਚਿਤਰ ਉਸ ਸਮੇਂ ਦੀ ਯਾਦਗਾਰ ਹੈ ਜੋ ਪੰਜਾਬੀ ਸਾਹਿਤ, ਆਸ਼ਾ ਵੀਕਲੀ ਤੇ ਸੰਤ ਸਿਪਾਹੀ ਵਿਚ ਨਿਮਨ ਵਿਚਾਰਾਂ ਸਮੇਤ ਪ੍ਰਕਾਸ਼ਤ ਹੋਇਆ।

"ਇਹਨਾਂ ਦੀ ਰਚਨਾ ਵਿਲਕਦੇ ਅਰਮਾਨ ਪੁਰ ਪਿਛਲੇ ਪਰਚੇ ਵਿਚ ਰੀਵੀਓ ਕੀਤਾ ਗਿਆ ਸੀ। ਆਪ ਜੀ ਇੰਗਲੈਂਡ ਵਿਚ ਰਹਿੰਦਿਆ ਪੰਜਾਬੀ ਸਾਹਿਤ ਦੀ ਬੇਹਦ ਸੇਵਾ ਕਰ ਰਹੇ ਹਨ।"

ਪੰਜਾਬੀ ਸਾਹਿਤ ਜਲੰਧਰ ਮਾਰਚ 1952.

"ਆਪ ਜੀ ਹੁਣੇ ਜਹੇ "ਖਾਲਸਾ ਜਥਾ ਬ੍ਰਿਟਿਸ ਆਇਲਜ਼" ਦੇ ਪ੍ਰਧਾਨ ਚੁਣੇ ਗਏ ਹਨ। ਇਸ ਤੋਂ ਇਲਾਵਾ ਆਪ ਪ੍ਰਸਿਧ ਪੰਜਾਬੀ ਕਵੀ ਤੇ ਸੁਲਝੇ ਹੋਏ ਲੇਖਕ ਵੀ ਹਨ"।

"ਆਸ਼ਾ ਵੀਕਲੀ ਜਲੰਧਰ" 9 ਫਰਵਰੀ 1952.

"U.K. ਵਿਚ ਸ਼੍ਰੋਮਣੀ ਪੰਥਕ ਜਥੇ ਬੰਦੀ "ਖਾਲਸਾ ਜਥਾ ਲੰਡਨ" ਦੇ ਨਵੇਂ ਪ੍ਰਧਾਨ ਗਿਆਨੀ ਰਤਨ ਸਿੰਘ "ਸ਼ਾਦ" ਆਪ ਜਿਥੇ ਪੰਜਾਬੀ ਦੇ ਪ੍ਰਸਿਧ ਲੋਕ ਕਵੀ ਹਨ, ਉਥੇ ਪ੍ਰਖੇ ਹੋਏ ਨੀਤੀਵਾਨ ਨਿਰਮਾਤਾ ਵੀ ਹਨ"।

"ਸੰਤ ਸਿਪਾਹੀ ਅੰਮ੍ਰਿਤਸਰ" ਅਪਰੈਲ 1952.

ਖਾਲਸਾ ਜਥਾ ਲੰਡਨ ਦੀ ਪ੍ਰਧਾਨਗੀ ਸੇਵਾ ਦੀ ਪ੍ਰਾਪਤੀ ਤੇ ਗਿਆਨੀ ਸਾਗਰ ਜੀ ਨੇ ਦੋ ਅਦੁਤੀ ਪੁਸਤਕਾਂ 1 ਗੁਰਮਤ ਫਿਲਾਸਫੀ 2 ਗੁਰਮਤ ਲੈਕਚਰ ਨਿਮਨ ਸ਼ਬਦ ਲਿਖਕੇ ਬਖ਼ਸ਼ਿਸ਼ ਕੀਤੀਆਂ ਜੋ ਸ਼ਾਦ ਪੁਸਤਕਾਲੇ ਵਿਚ ਸੁਰੱਖਿਅਤ ਹਨ।

"ਸਿਖ ਰਾਸ਼ਟਰਪਤੀ ਗਿਆਨੀ ਰਤਨ ਸਿੰਘ ਸ਼ਾਦ ਜੀ ਨੂੰ ਖਾਲਸਾ ਜਥਾ ਲੰਡਨ ਦੀ ਪ੍ਰਧਾਨਗੀ ਸੇਵਾ ਮਿਲਣ ਤੇ ਸਫ਼ਲਤਾ ਲਈ ਸ਼ੁਭ ਇਛਾਵਾਂ ਸਾਹਿਤ ਪਿਆਰ ਭੇਟਾ"।

ਵਲੋਂ ਗਿਆਨੀ ਸੁੰਦਰ ਸਿੰਘ ਸਾਗਰ
ਸਾਬਕ ਪ੍ਰਧਾਨ ਸਰਬਹਿੰਦ ਭਾਟਰਾ ਯੂਨੀਅਨ ਰਜਿਸਟਰ

ਸ: ਬਾਕੁੰਠ ਸਿੰਘ ਜੀ "ਹਮਦਰਦ" ਨੇ ਇਸੇ ਸਮੇਂ "ਬਲੈਕ ਬਰਡ" ਦਾ ਸੁੰਦਰ ਪੈਨ ਤੇ ਉਤਸ਼ਾਹੀ ਪਤ੍ਰ ਮਾਨਚੈਸਟਰ ਤੋਂ ਭੇਜਿਆ ਸੀ ਜੋ ਸ਼ਾਦ ਜੀਵਨ ਪਟਾਰੇ ਦਾ ਸ਼ਿੰਗਾਰ ਅਜੇ ਤਕ ਹੈ।

ਲੇਖਕ ਦੀ ਧਰਮ ਪਤਨੀ ਸ੍ਰੀਮਤੀ ਸਵਰਨ ਕੌਰ ਜੀ ਨੇ 51 ਪਾਰਕਰ ਪੈਨ ਪਿਆਰ ਭੇਟ ਦੇ ਕੇ ਧਰਮ ਤੇ ਸਮਾਜ ਦੀ ਸੇਵਾ ਕਰਨ ਦਾ ਉਤਸ਼ਾਹ ਵਧਾਇਆ।

Digitized by Panjab Digital Library | www.panjabdigilib.org

ਸੰਗਤ ਭਾਟੜਾ ਦੀ

ਕ੍ਰਾਂਤਿਕ ਲਹਿਰ ਦਾ ਇਤਿਹਾਸ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਸੰਗਤ ਝਾਟੜਾ ਦੀ

ਕ੍ਰਾਂਤਿਕ ਲਹਿਰ ਦਾ ਇਤਿਹਾਸ

ਲੇਖਕ :

ਗਿਆਨੀ ਰਤਨ ਸਿੰਘ 'ਸ਼ਾਦ'

ਪ੍ਰਕਾਸ਼ਕ :

ਸ਼ਾਦ ਪ੍ਰਕਾਸ਼ਨ, ਬ੍ਰਿਸਟਲ

(ਯੂ. ਕੇ.)

Digitized by Panjab Digital Library | www.panjabdigilib.org

ਸਭ ਹੱਕ ਰਾਖਵੇਂ ਹਨ

ਪ੍ਰਕਾਸ਼ਕ :

ਸ਼ਾਦ ਪ੍ਰਕਾਸ਼ਨ

25, Lawrance Ave,

Easton

BRISTOL-5

(England)

ਪਹਿਲੀ ਵਾਰ

1982

ਛਾਪਕ :

ਫੁਲਕੀਆਂ ਪਰੈਸ, ਪਟਿਆਲਾ

ਪੰਜਾਬ (ਭਾਰਤ)

Digitized by Panjab Digital Library | www.panjabdigilib.org

ਧਰਮ ਤੇ ਸਮਾਜ ਦੀ ਸੁਮੇਲ ਸਖਸ਼ੀਅਤ ਲੇਖਕ ਦੇ ਪੂਜ ਪਿਤਾ ਭਾਈ ਸਾਹਿਬ ਭਾਈ ਗਹਿਣਾ ਸਿੰਘ ਜੀ ਚੌਹਾਨ (ਉਰਫ ਗੋਲੇ)

ਜਨਮ 1887 ਦਿਹਾਂਤ 30 ਅਕਤੂਬਰ, 1967

ਆਪ ਪਿੰਡ ਵਡੀਆਂ ਗਲੋਟੀਆਂ, ਤਹਿਸੀਲ ਡਸਕ, ਜ਼ਿਲਾ ਸਿਆਲ ਕੋਟ (ਪੰਜਾਬ) ਦੇ ਵਸਨੀਕ ਸਨ। 1919 ਨੂੰ ਪਿੰਡ ਵਿਚ ਧਰਮ ਤੇ ਸਮਾਜ ਸੁਧਾਰ ਦੇ ਮੁਖ ਨਿਸ਼ਾਨੇ ਮਿਥ, ਧਾਰਮਿਕ ਜੱਥਾ ਬਣਿਆ, ਜਿਸ ਦੇ ਅੱਠ ਜਥੇਦਾਰ ਥਾਪੇ ਗਏ। ਆਪ ਉਹਨਾਂ ਅੱਠ ਸਥਾਪਕ ਜਥੇਦਾਰਾਂ ਵਿਚੋਂ ਇਕ ਸਨ। ਇਹ ਧਾਰਮਿਕ ਤੇ ਸਮਾਜਕ ਲਹਿਰ (ਸਾਲਾਨਾ ਅਖੰਡ ਪਾਠ, ਨਗਰ ਕੀਰਤਨ ਤੇ ਦੀਵਾਨ) 1947 ਦੇਸ਼ ਦੀ ਵੰਡ ਤਕ ਬੇਰੋਕ ਚਲਦੀ ਰਹੀ ਤੇ ਆਪ ਇਸ ਲਹਿਰ ਦੇ ਆਗੂ ਤੇ ਸੇਵਾਦਾਰ ਬਣਕੇ ਸੇਵਾ ਕਰਦੇ ਰਹੇ।

U. K. ਵਿਚ ਭਾਟੜਾ ਸੰਗਤ ਦਾ ਪਹਿਲਾ ਗੁਰਦੁਆਰਾ ਨਾਨਕ ਨਿਰੰਕਾਰੀ ਮਾਨਚੈਸਟਰ ਵਿਚ ਬਣਿਆ, ਆਪ ਨੇ ਉਸ ਗੁਰਦੁਆਰੇ ਦੇ ਟਰੱਸਟੀ ਮੈਂਬਰ ਤੇ ਹੈਡ ਖ਼ਜ਼ਾਨਚੀ ਦੀ ਸਫਲ ਸੇਵਾ ਨਿਭਾਈ। ਦੂਸਰਾ ਗੁਰਦੁਆਰਾ ਦਸ਼ਮੇਸ਼ ਸਿੰਘ ਸਭਾ ਜਦ ਵਜੂਦ ਵਿਚ ਆਇਆ ਤਾਂ ਆਪ ਨੇ ਉਸ ਦੇ ਸਰਗਰਮ ਵਰਕਰ ਤੇ ਪ੍ਰਧਾਨ ਦੀ ਸੇਵਾ ਨਿਭਾਈ। ਇਉਂ ਆਪ ਧਰਮ ਤੇ ਸਮਾਜ ਦੀ ਸੁਲਝੀ ਹੋਈ ਸ਼ਖਸੀਅਤ ਸਨ। ਲੋਕ ਸੇਵਾ ਆਪ ਦੇ ਦਿਲ ਦੀ ਸੱਧਰ, ਸਮਾਜ ਸੁਧਾਰ ਆਪਦੇ ਜੀਵਨ ਦਾ ਨਿਸ਼ਾਨਾ ਤੇ ਵਿਸ਼ਵ ਪਿਆਰ ਆਪ ਦੇ ਜੀਵਨ ਦਾ ਮੁਖ ਮਨੋਰਥ ਸੀ। 30 ਅਕਤੂਬਰ 1967 ਨੂੰ ਆਪ "ਜਿਉ ਜਲ ਮਹਿ ਜਲ ਆਇ ਖਟਾਨਾ ਤਿਉ ਜੋਤੀ ਸੰਗ ਜੋਤ ਸਮਾਨਾ" ਅਨੁਸਾਰ ਦਿਲੀ ਵਿਚ ਅਕਾਲ ਚਲਾਨਾ ਕਰ ਗਏ ਆਪ ਦੀ ਕਿਰਤ ਮਹਾਨ ਤੇ ਅਮਰ ਹੈ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਸਮਰਪਣ

ਸੰਗਰਾਮੀ ਸੂਰਮਿਆਂ

ਨੂੰ

Digitized by Panjab Digital Library | www.panjabdigilib.org

ਪਿਆਰ ਭੇਟਾ

ਸ੍ਰੀ ਮਾਨ ਡੇ: ਕਿਰਪਾਲ ਸਿੰਘ - ਜੀ

ਪੰਜਾਬ ਇਤਹਾਸ ਵਿਭਾਗ
ਪੰਜਾਬੀ ਯੂਨੀਵਰਸਟੀ ਪਟਿਆਲਾ ਜੀ ਨੂੰ

ਵੇਲੇ :-
ਗਿਆਨੀ ਰਤਨ ਸਿੰਘ "ਜ਼ਾਰ"
ਬ੍ਰਿਗਟਲ ਇੰਗਲੈਂਡ

Digitized by Panjab Digital Library | www.panjabdigilib.org

ਵੀ ਵਿੱਥੇ ?

ਓ. ਮੁੱਖ ਬੰਦ (ਓ)

ਅ. ਕੌਮੀ ਸੰਸਥਾਵਾਂ ਦਾ ਸਹੀ ਇਤਿਹਾਸ ਲਿਖਣ ਦੀ ਪ੍ਰੇਰਨਾ (ਪੱਤ੍ਰਿਕਾ) (i)

ਏ. ਆਦਿਕਾ-ਸਮੇਂ ਦੀ ਮੰਗ, ਸਮਾਜ ਦੇ ਹਿਰਦੇ ਦੀ ਅਵਾਜ਼ (ii)

ਸ. ਭਾਟ, ਭਾਟੜਾ ਤੇ ਭਾਟਰਾ (v)

ਹ. ਪ੍ਰਸ਼ੰਸਾ ਤੇ ਪੜਚੋਲ (vi)

ਕ. ਧਰਮ ਤੇ ਸਮਾਜ ਵਿਚ ਗਿ: ਸ਼ਾਦ ਜੀ ਦਾ ਯੋਗਦਾਨ (vii)

ਖ. ਸਮੂੰਹ ਸਹਿਯੋਗੀ ਸਜਣਾਂ ਦਾ ਧੰਨਵਾਦ (xi)

ਭਾਗ I (ਸੁਤੰਤਰਤਾ ਤੋਂ ਪਹਿਲਾਂ)

1. ਸੰਗਤ ਭਾਟੜਾ ਸੰਪ੍ਰਦਾ ਦਾ ਪਿਛੋਕੜ 3

2. ਪਿੰਡਾਂ ਦੇ ਧਾਰਮਿਕ ਸਾਲਾਨਾ ਦੀਕਾਨ ਕੌਮ ਸੇਵਾ ਦਾ ਬੂਲ ਮੁਢ ਤੇ ਸਮਾਜ ਸੁਧਾਰ ਦੇ ਸੋਮੇ ਹਨ 7

3. ਪ੍ਰਚਾਰ ਦਾ ਪਹੁ ਫੁਟਾਲਾ 10

4. ਅਣਖੀ ਸ਼ਹੀਦ ਊਧਮ ਸਿੰਘ ਜੀ ਸੁਨਾਮ 12

5. ਸੰਗਤ ਭਾਟੜਾ ਦੀ ਸਭ ਤੋਂ ਪਹਿਲੀ ਤੇ ਸਰਬ ਸਾਂਝੀ ਜਮਾਤ ਚੰਗਾ ਭਾਟੜਾ ਨੌਜਵਾਨ ਸਭਾ ਯੂ. ਕੇ. ਦਾ ਅਮਰ ਇਤਿਹਾਸ 21

6. ਯੂ. ਕੇ. ਸਭਾ ਤੇ ਕੌਮੀ ਨੇਤਾਵਾਂ ਦੀਆਂ ਸ਼ੁਭ ਰਾਵਾਂ 32

7. ਸੰਸਾਰਕ ਸਥਿਤੀ 37

8. ਕੌਮ ਸੇਵਾ ਸੁਧਾਰ ਲਹਿਰ ਦਾ ਇਨਕਲਾਬੀ ਤੇ ਭਵਿਖਤ ਪਰੋਗਰਾਮ ਹਰ ਗੜ੍ਹ ਵਿਚ ਪੁਜ ਗਿਆ 46

9. ਲੋਕ ਲਹਿਰ ਦਾ ਆਦਿ 60

10. ਸੰਗਤ ਡੈਪੂਏਸ਼ਨ ਦਾ ਆਦਿ 65

11. ਦੋ ਖਿਆਲਾਂ ਦੀ ਕਰੜੀ ਰਗੜ 'ਚੋਂ "ਦੀ ਇੰਟਰ ਨੈਸ਼ਨਲ ਭਾਟਰਾ ਯੂਨੀਅਨ" ਦਾ ਆਦਿ 71

12. ਧਰਮ ਨਾਲੋਂ ਧੜਾ ਪਿਆਰਾ 83

13. ਯੂਨੀਅਨ ਦੇ ਵਰਕਰਾਂ ਵਲੋਂ ਆਰਜ਼ੀ ਚੋਣ ਕਰਨ ਦਾ ਨਵਾਂ ਸੁਝਾਅ ਤੇ ਅਮਲ 86

Digitized by Panjab Digital Library | www.panjabdigilib.org

14. ਜੀਵਨ ਹੱਕਾਂ ਲਈ ਰਲ ਸੰਗਰਾਮ ਕਰੀਏ 92
15. ਕੌਮ ਦੀ ਰਹਿਨੁਮਾਈ ਲਈ ਨਵੀਂ ਚੋਣ ਦਾ ਸਹੀ ਚਿਤਰ 106
16. ਸਰਬ ਹਿੰਦ ਭਾਟਰਾ ਯੂਨੀਅਨ ਰਜਿਸਟਰਡ ਦੀ ਲਾਹੌਰ ਵਿਚ ਨਵੀਂ ਚੋਣ ਦਾ ਦਰਿਸ਼ 115
17. ਸਰਬ ਹਿੰਦ ਭਾਟਰਾ ਯੂਨੀਅਨ ਦੀ ਅੰਤਮ ਚੋਣ 131

ਭਾਗ II (ਸੁਤੰਤਰਤਾ ਤੋਂ ਬਾਦ)

18. ਕੌਮ ਸੁਧਾਰ ਲਹਿਰ ਮੁੜ ਇੰਗਲੈਂਡ ਵਿਚ 141
19. ਸ. ਵਸਤਾ ਸਿੰਘ ਦਰਦ ਜੀ ਨੂੰ ਪਿਆਰ ਸ਼ਰਧਾਂਜਲੀ ਤੇ ਯੂ. ਕੇ. ਦੀ ਸਮੂੰਹ ਭਾਟਰਾ ਸੰਗਤ ਦੀ ਜਥੇਬੰਦੀ ਦਾ ਲੰਡਨ ਵਿਚ ਪਹਿਲਾ ਉਪਰਾਲਾ 147
20. ਮਾਨਯੋਗ ਸੂਫੀ ਜੀ ਨੂੰ ਪਿਆਰ ਸ਼ਰਧਾਂਜਲੀ ਸਾਥੀਆਂ ਦੀ ਏਕਤਾ ਦਾ ਉੱਦਮ ਉਪਰਾਲਾ ਅਸਫਲ 152
21. ਪਿਛੋਕੜ ਤੇ ਪੜਚੋਲ 155
22. ਸਮੂੰਹ ਕੌਮੀ ਸੇਵਕਾਂ ਦੀ 17.9.67 ਨੂੰ ਬ੍ਰਿਸਟਲ ਵਿਚ ਹੋਈ ਇਕਤਰਤਾ ਸਮੇਂ ਕਨਵੀਨਰ ਵਲੋਂ ਭਰਪੂਰ ਪ੍ਰੇਰਨਾ 163

ਭਾਗ III (ਸਮਾਜਿਕ ਸਿਖਰ ਦਾ ਸਮਾ)

23. ਸੁਧਾਰਵਾਦੀ ਬੋਰਡ ਯੂ. ਕੇ. ਦੇ ਕੌਮੀ ਕਾਨਫਰੰਸ ਲਈ ਕੀਤੇ ਉਪਰਾਲੇ 171
24. ਕੌਮੀ ਕਾਨਫਰੰਸ ਤੇ ਭਾਟਰਾ ਸੰਪ੍ਰਦਾ ਯੂ. ਕੇ. ਦਾ ਸੰਖੇਪ 184
25. ਪਗਡੰਡੀਆਂ ਤੋਂ ਸ਼ਾਹ ਰਾਹ 191
26. ਜਥੇ-ਬੰਧਕ ਲਹਿਰ ਤੇ ਇਕ ਝਾਤ 197
27. ਬਰਿਸਟਲ ਵਿਖੇ ਕੌਮੀ ਕਾਨਫਰੰਸ ਤੇ ਵਿਧਾਨ ਬੋਰਡ ਦਾ ਆਦਿ 203
28. ਅੰਤਿਕਾ—ਸਮਾਜਿਕ ਉਸਾਰੀ ਤੇ ਵਰਤਮਾਨ ਲੋੜਾਂ 209

—

Digitized by Panjab Digital Library | www.panjabdigilib.org

ਮੁੱਖਬੰਧ

(ਪ੍ਰੋ: ਪਿਆਰਾ ਸਿੰਘ ਪਦਮ, ਪੰਜਾਬੀ ਯੂਨੀਵਰਸਿਟੀ, ਪਟਿਆਲਾ)

ਭਾਰਤ ਵਰਸ਼ ਦੇ ਧਾਰਮਿਕ ਖੇਤਰ ਅੰਦਰ ਦੋ ਬੜੀਆਂ ਹੀ ਭੈੜੀਆਂ ਗੱਲਾਂ ਪ੍ਰਚਾਰੀਆਂ ਜਾਂਦੀਆ ਰਹੀਆਂ ਹਨ। ਪਹਿਲੇ ਇਹ ਕਿ ਨਿਕਾ ਮੋਟਾ ਕੰਮ ਕਰਨ ਵਾਲੇ ਕਿਰਤੀ ਲੋਕ, ਧਰਮ ਜਾਂ ਰਾਜ ਦੇ ਅਧਿਕਾਰੀ ਨਹੀਂ ਹੋ ਸਕਦੇ। ਦੂਜੇ, ਜੋ ਇਹ ਕੰਮ ਕਰਦੇ ਹਨ, ਉਹ ਵੀ ਤ੍ਰਿਸਕਾਰ ਯੋਗ ਜਾਂ ਨਿਖਿੱਧ ਹੈ। ਇਹਨਾਂ ਦੋ ਗ਼ਲਤ ਧਾਰਣਾਵਾਂ ਨੇ ਭਾਰਤੀ ਸਮਾਜ ਨੂੰ ਨਿਘਾਰ ਛੱਡਿਆ ਤੇ ਸਾਰੇ ਦੇਸ਼ ਨੂੰ ਅਧੋਗਤੀ ਤਕ ਪਹੁੰਚਾਇਆ। ਜਿਥੇ ਕੰਮ ਕਾਰ ਦੀ ਕਦਰ ਨ ਹੋਵੇ, ਕਿਸੇ ਕੰਮ ਧੰਦੇ ਨੂੰ ਸ਼ਲਾਘਾ ਦੀ ਦ੍ਰਿਸ਼ਟੀ ਨਾਲ ਨਾ ਦੇਖਿਆ ਜਾਵੇ ਅਤੇ ਫਿਰ ਕੰਮ ਕਰਨ ਵਾਲੇ ਨੂੰ ਕੋਈ ਆਦਰ ਭਾਵ ਨਾ ਦਿਤਾ ਜਾਵੇ, ਉਹ ਸਮਾਜ ਕਿਵੇਂ ਅੱਗੇ ਵਧ ਸਕਦਾ ਹੈ ਅਤੇ ਕਿਵੇਂ ਖੁਸ਼ ਹਾਲ ਹੋ ਸਕਦਾ ਹੈ।

ਗੁਰੂ ਸਾਹਿਬ ਦੇ ਆਉਣ ਤੋਂ ਪਹਿਲਾਂ, ਹਿੰਦੁਸਤਾਨ ਅੰਦਰ ਵੱਡੀ ਭੁੱਲ ਇਹੋ ਸੀ ਕਿ ਕੰਮ ਕਰਨ ਵਾਲੀ ਹਰ ਸ਼ਰੇਣੀ 'ਸ਼ੂਦ੍' (ਨੀਚ) ਕਹਿਕੇ ਤ੍ਰਿਸਕਾਰੀ ਜਾਂਦੀ ਸੀ ਤੇ ਉਹ ਧਰਮ ਤੇ ਰਾਜ ਦੇ ਹਰ ਪਰਕਾਰ ਦੇ ਅਧਿਕਾਰਾਂ ਤੋਂ ਵੰਚਿਤ ਸੀ। ਜਦੋਂ ਸਮਾਜ ਵਿਚ ਇਸ ਤਰ੍ਹਾਂ ਨਾ-ਬਰਾਬਰੀ ਦਾ ਵਰਤਾਰਾ ਹੋਂਵੇ ਤਾਂ ਇਸਦੀ ਪ੍ਰਤੀਕ੍ਰਿਆ ਹੋਣਾ ਵੀ ਲਾਜ਼ਮੀ ਸੀ। ਮੁਸਲਮ ਧਾਵਿਆਂ ਸਮੇਂ ਲੱਖਾਂ ਕਾਮੇ ਲੋਕ ਆਪਣੇ ਜੀਵਨ ਨੂੰ ਖੁਸ਼ਹਾਲ ਬਣਾਉਣ ਲਈ, ਬਰਾਬਰੀ ਤੇ ਆਜ਼ਾਦੀ ਦਾ ਰੰਗ ਮਾਣਨ ਲਈ ਮਜਬੂਰਨ ਇਸਲਾਮ ਦੇ ਝੰਡੇ ਹੇਠ ਚਲੇ ਗਏ। ਲੇਕਿਨ ਇਹ ਕੋਈ ਚੰਗਾ ਹੱਲ ਨਹੀਂ ਸੀ।

ਭਾਰਤੀ ਸੰਸਕ੍ਰਿਤੀ ਤੇ ਧਰਮ ਦੀ ਸੁਰੱਖਿਆ ਲਈ ਜ਼ਰੂਰੀ ਸੀ ਕਿ ਇਸਦੇ ਗ਼ਲਤ ਸਿਧਾਂਤਾਂ ਨੂੰ ਤਿਲਾਂਜਲੀ ਦਿਤੀ ਜਾਵੇ ਤੇ ਜ਼ਿੰਦਗੀ ਦੇ ਯਥਾਰਥ ਨੂੰ ਅਪਣਾਇਆ ਜਾਏ। ਗੁਰੂ ਸਾਹਿਬਾਨ ਨੇ ਸਭ ਤੋਂ ਪਹਿਲਾਂ ਕਿਰਤ ਕਰਨ ਵਾਲਿਆਂ ਦਾ ਸਤਿਕਾਰ ਕੀਤਾ ਤੇ ਫੇਰ ਕਿਰਤ ਕਰਨ ਨੂੰ ਧਰਮ ਦਾ ਲਾਜ਼ਮੀ ਅੰਗ ਕਰਾਰ ਦਿਤਾ। ਇਹ ਇਕ ਬਹੁਤ ਵੱਡਾ ਕ੍ਰਾਂਤੀਕਾਰੀ ਕਦਮ ਸੀ ਕਿ ਨੀਚ ਆਖੇ ਜਾਂਦੇ ਤ੍ਰਿਸਕਾਰਤ ਲੋਕਾਂ ਨੂੰ ਗਲਵਕੜੀ ਵਿਚ ਲੈ ਕੇ ਉਚ ਬਣਾਇਆ ਜਾਵੇ ਤੇ ਸਾਰੇ, ਮਨੁਖੀ ਏਕਤਾ ਦਾ ਅਨੁਭਵ ਕਰਕੇ ਬਰਾਬਰੀ ਨਾਲ ਰਹਿਣ।

ਗੁਰੂ ਨਾਨਕ ਸਾਹਿਬ ਦਾ ਇਹ ਵਾਕ ਇਕ ਇਤਿਹਾਸਕ ਐਲਾਨ ਸੀ ਜਿਸ ਨਾਲ ਤਮਾਮ ਮਿਹਨਤਕਸ਼ ਗਰੀਬ ਕਿਰਤੀ ਲੋਕ ਉਹਨਾਂ ਦੀ ਮੇਹਰ ਦੇ ਪਾਤਰ ਬਣੇ ਤੇ ਸਭੇ

Digitized by Panjab Digital Library | www.panjabdigilib.org

'ਭਾਈ' ਅਖਵਾਏ :—

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂੰ ਅਤਿ ਨੀਚ
ਨਾਨਕ ਤਿਨਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ
ਜਿਥੈ ਨੀਚ ਸਮਾਲੀਅਨਿ, ਤਿਥੈ ਨਦਰਿ ਤੇਰੀ ਬਖਸੀਸ ।

(ਸਿਰੀ ਰਾਗ ਮ: ੧)

ਇਸ ਲਹਿਰ ਨੂੰ ਅੰਤਮ ਰੂਪ ਦੇਣ ਵਾਲੇ ਗੁਰੂ ਗੋਬਿੰਦ ਸਿੰਘ ਜੀ ਸਨ । ਉਨ੍ਹਾਂ ਨੇ ਜੋ ਕਾਰਨਾਮਾ ਅਨੰਦਪੁਰ ਵਿਚ ਕੀਤਾ, ਉਹ ਵੀ ਤਵਾਰੀਖੀ ਮਹੱਤਤਾ ਵਾਲਾ ਹੈ । ਉਹ ਹੈ ਜਾਤ ਪਾਤ ਦੇ ਹੱਦ ਬੰਨੇ ਭੰਨਕੇ ਸਭ ਨੂੰ ਇਕ ਬਾਟੇ ਵਿਚ ਅੰਮ੍ਰਿਤ ਛਕਾਉਣਾ ਤੇ ਸਿੰਘ ਸਰਦਾਰ ਸਜਾਉਣਾ । ਭਾਈ ਰਤਨ ਸਿੰਘ ਭੰਗੂ ਨੇ ਇਸਦਾ ਵਰਣਨ ਜਿਸ ਸ਼ੈਲੀ ਵਿਚ ਕੀਤਾ ਹੈ, ਉਹ ਗਰੀਬ ਨਿਵਾਜ਼ ਗੁਰੂ ਦੇ ਪਰਉਪਕਾਰ ਨੂੰ ਸਹੀ ਰੂਪ ਵਿਚ ਦਰਸਾਉਂਦਾ ਹੈ । ਅਸਲ ਟੂਕ ਇਉਂ ਹੈ :—

ਸੱਤ ਸਨਾਤਿ ਅਉ ਬਾਰਹ ਜਾਤਿ
ਜਾਨਹਿ ਨਾ ਹੀ ਰਾਜਨੀਤਿ ਕੀ ਬਾਤ ।
ਜੱਟ ਬੂਟ ਕਹਿ ਜਿੰਹ ਜਗ ਮਾਂਹੀ
ਬਾਣੀਏ ਬਕਾਲ ਕਿਰਾੜ ਖਤ੍ਰੀ ਸਦਾਹੀਂ । 20 ।
ਲੁਹਾਰ, ਤਰਖਾਣ, ਹੁਤ ਜਾਤ ਕਮੀਨੀ
ਛੀਪੋ, ਕਲਾਲ ਨੀਚਨ ਪੈ ਕ੍ਰਿਪਾ ਕੀਨੀ ।
ਗੁੱਜਰ, ਗਵਾਰ, ਅਹੀਰ ਕਮਜਾਤ
ਕੰਬੋਇ ਸੂਦਨ ਕੋਈ ਪੂਛੈ ਨ ਬਾਤ । 21 ।
ਝੀਵਰ ਨਾਈ ਔ ਅਰੋੜੇ ਘੁਮਿਆਰ
ਸਾਇਣੀ ਸੁਨਿਆਰੇ ਚੂੰਹੜੇ ਚਮਿਆਰ
ਭੱਟ ਔਰ ਬ੍ਰਾਹਮਣ ਹੁਤ ਮੰਗਵਾਰ
ਬਹੁਰੂਪੀਏ ਲੁਬਾਣੇ ਅਉ ਬਟਵਾਲ । 22 ।
—ਇਨ ਗਰੀਬ ਸਿਖਨ ਕੋ ਦੈ ਪਾਤਸ਼ਾਹੀਂ
ਯਹ ਯਾਦ ਰਖੈਂ ਹਮਰੀ ਗੁਰਿਆਈ ।

(ਪੰਥ ਪ੍ਰਕਾਸ਼, ਕ੍ਰਿਤ ਰਤਨ ਸਿੰਘ ਭੰਗੂ, 1841 ਈ:)

ਇਸ ਤਰ੍ਹਾਂ ਗੁਰੂਆਂ ਦੀ ਨਵੀਂ ਤਾਲੀਮ ਨੇ ਦਸ ਦਿਤਾ ਕਿ ਨ ਕੋਈ ਬੰਦਾ ਛੋਟਾ ਹੈ ਨਾ ਹੀ ਕੋਈ ਕੰਮ ਛੋਟਾ ਹੈ । ਨਤੀਜਾ ਇਹ ਹੋਇਆ ਕਿ ਸਿਖੀ ਨੇ ਗਰੀਬ ਕਿਰਤੀ ਸਿਖਾਂ ਨੂੰ ਸਰਦਾਰੀਆਂ ਬਖਸ਼ੀਆਂ ਤੇ ਮਨੁੱਖਤਾ ਦਾ ਰੁਤਬਾ ਵਧਾਇਆ, ਇਸ ਨਾਲ ਸਾਰਾ ਇਤਿਹਾਸ ਜਗਮਗਾ ਉਠਿਆ ਤੇ ਖ਼ਾਸ ਕਰਕੇ ਪੰਜਾਬ ਵਿਚ ਸੁਤੰਤ੍ਰਤਾ ਤੇ ਸਮਾਨਤਾ ਦਾ ਵਰਤਾਰਾ ਸਭ ਤੋਂ ਪਹਿਲਾਂ ਹੋਇਆ ।

(ਅ)

Digitized by Panjab Digital Library | www.panjabdigilib.org

ਸਿਆਲਕੋਟ ਦਾ ਇਲਾਕਾ ਗੁਰੂਆਂ ਦਾ ਨਿਵਾਜਿਆ ਹੋਇਆ ਹੈ। ਇਸ ਤੋਂ ਪਹਿਲਾਂ ਵੀ ਇਥੇ ਰਾਜਾ ਸਾਲਵਾਹਨ ਤੇ ਰਾਜਾ ਰਸਾਲੂ ਵਰਗੇ ਸ਼ਕਤੀਸ਼ਾਲੀ ਰਾਜੇ ਹੋਏ ਤੇ ਪੂਰਨ ਵਰਗੇ ਜਤੀ ਸਤੀ ਭਗਤ। ਪੀਰ ਹਮਜ਼ਾਗੌਂਸ ਨੂੰ ਬਾਬੇ ਨੇ ਇਥੇ ਹੀ ਸਿਧੇ ਰਸਤੇ ਪਾਇਆ ਸੀ ਤੇ ਮੂਲੇ ਖਤ੍ਰੀ ਨੂੰ ਸੱਚ ਤੇ ਝੂਠ ਦਾ ਨਿਖੜਾ ਇਥੇ ਹੀ ਕਰਕੇ ਦੱਸਿਆ ਸੀ। ਗੁਰੂ ਹਰਿਗੋਬਿੰਦ ਸਾਹਿਬ ਵੀ ਕਸ਼ਮੀਰ ਜਾਂਦੇ ਇਧਰ ਦੀ ਲੰਘੇ ਅਤੇ ਪਿਛੋਂ ਗੁਰੂ ਹਰਿ ਰਾਇ ਸਾਹਿਬ ਵੀ ਗਲੋਟੀਆਂ ਖੁਰਦ ਤੇ ਕਲਾਂ (ਤਸੀਲ ਡਸਕਾ) ਵਲ ਚਰਨ ਪਾਉਂਦੇ ਗਏ। ਸੋ ਗੁਰੂਆਂ ਦੀ ਮਿਹਰ ਸਦਕਾ ਇਸ ਇਲਾਕੇ ਵਿਚ ਨਵੀਂ ਰੋਸ਼ਨੀ ਆਈ ਤੇ ਇਥੋਂ ਦੀ ਗਰੀਬ ਕਿਰਤੀ ਜਨਤਾ ਖਾਸ ਤੌਰ ਤੇ ਵਰੋਸਾਈ। ਭਾਟੜਾ ਭਾਈਚਾਰੇ ਦੇ ਕਿਰਤੀ ਲੋਕ ਇਸੇ ਸਮੇਂ ਸਿਖੀ ਵਿਚ ਆਏ। ਭਾਰਤੀ ਜਾਤੀਆਂ ਵਿਚ ਭੱਟ, ਭੱਟੀ, ਭਾਟੀਆ, ਭਾਟੜਾ ਆਦਿ ਕਈ ਨਾਂ ਮਿਲਦੇ ਹਨ, ਜੋ ਵਿਉਤਪਤੀ ਦੇ ਲਿਹਾਜ਼ ਨਾਲ ਇਕੋ ਮੂਲ ਦੇ ਜਾਪਦੇ ਹਨ। ਭੱਟੀ ਰਾਜਪੂਤ ਹਨ, ਇਨ੍ਹਾਂ ਦਾ ਜ਼ੋਰ ਬਠਿੰਡੇ ਵਲ ਵਧੇਰੇ ਰਿਹਾ ਅਤੇ ਭਾਟੜਾ ਭਾਈਚਾਰੇ ਦੇ ਲੋਕ ਵੀ ਰਾਠੌਰ ਰਾਜਪੂਤਾਂ ਨਾਲ ਆਪਣਾ ਸੰਬੰਧ ਦੱਸਦੇ ਹਨ। ਇਹ ਗੱਲ ਵੱਖਰੀ ਹੈ ਕਿ ਇਸ ਬਾਰੇ ਅਜੇ ਇਤਨੇ ਇਤਿਹਾਸਕ ਪ੍ਰਮਾਣ ਨਹੀਂ ਢੂਡੇ ਗਏ। ਪਰ ਸਾਡੇ ਲਈ ਇਹ ਗੱਲ ਵਰਣਨ ਯੋਗ ਹੈ ਕਿ ਭਾਟੜਾ ਜਾਤੀ ਦੇ ਲੋਕ ਬੜੇ ਉੱਦਮੀ, ਸਾਹਸੀ, ਸੈਲਾਨੀ ਤੇ ਚਤੁਰ ਸਿਧ ਹੋਏ ਹਨ। ਸਿਖ ਇਤਿਹਾਸ ਵਿਚ ਭਾਈ ਬੰਨੋ ਵਲੋਂ ਲਿਖਾਈ ਗੁਰੂ ਗਰੰਥ ਸਾਹਿਬ ਦੀ ਬੀੜ ਪ੍ਰਸਿਧ ਹੈ ਜੋ ਪੌਣੇ ਚਾਰ ਸੌ ਵਰ੍ਹੇ ਪਹਿਲਾਂ ਲਿਖੀ ਗਈ ਸੀ, ਇਸਦੇ ਅੰਤ ਤੇ ਇਕ ਯਾਦਦਾਸ਼ਤ ਦਰਜ ਕੀਤੀ ਗਈ ਹੈ ਜਿਸ ਵਿਚ ਲੰਕਾ ਜਾਣ ਵਾਲੇ ਪ੍ਰਚਾਰਕ ਸਿਖ ਨੇ ਰਸਤੇ ਦੇ ਪੜਾਵਾਂ ਅਤੇ ਉਥੋਂ ਦੀ ਸਿਖ ਸੰਗਤ ਦਾ ਸੰਖੇਪ ਹਾਲ ਦਿਤਾ ਹੈ ਜੋ ਇਸ ਪਰਕਾਰ ਹੈ:—

'ਹਕੀਕਤ ਰਾਹ ਮੁਕਾਮ ਸ਼ਿਵਨਾਭਰਾ ਜੇ ਕੀ'

"ਨਾਗਪਟਣ ਬਿਦਰ ਤਿਜਾਵਰ ਸ਼ਹਰ, ਤਹਾਂ ਕਾ ਰਾਜਾ ਐਇਰਾਪਤਿ ਨਾਇਕ ਹੈ, ਤਹਾਂ ਵਲਾਇਤਿ ਰਾਜੇ ਰਾਮ ਕੀ ਹੈ। ਤਹਾਂ ਤੇ ਲੋਕ ਜਹਾਜ਼ ਚੜ੍ਹਤਾ ਹੈ। ਤਿਨ ਦਿਨ ਤਿਨ ਰਾਤ ਵਿਚ ਜਾਪਾਪਟਣੁ ਪਾਰਿ ਕਾ ਬੰਦਰੁ ਹੈ ਤਹਾਂ ਜਾਇ ਉਤ੍ਰਤਾ ਹੈ। ਸੋ ਸੰਗਲਾਦੀਪ ਹੈ, ਚਉਂਦਾ ਸੈ ਗਾਉਂ ਵਿਚ ਵਸਦਾ ਹੈ ਤਹਾਂ ਸੱਤ ਰਾਜੇ ਸੇ, ਗੁਰੂ ਬਾਬੇ ਕੇ ਵਚਨਿ ਇਕ ਰਾਜ ਹੋਆ ਹੈ। ਸ਼ਿਵਨਾਭ ਰਾਜੇ ਕੀ ਸੰਤਤਿ ਸਤਾਵਰ ਸ਼ਹਰ ਹੈ, ਤਖਤਗਾਹ ਤਹਾਂ ਅਬ ਰਾਜਾ ਮਾਇਆ ਦਉਨੀ ਹੈ, ਰਾਜੇ ਰਾਇ ਸਿੰਘ ਦਾ ਬੇਟਾ, ਰਾਜੇ ਸ਼ਿਵਨਾਭ ਕਾ ਪੋਤਾ ਹੈ। ਤਹਾਂ ਗੁਰੂ ਜੀ ਕੀ ਧਰਮਸਾਲਾ ਹੈ, ਸੰਗਤਿ ਜੁੜਤੀ ਹੈ, ਕੀਰਤਨ ਹੋਤਾ ਹੈ, ਰਸੋਈ ਬੀਸ ਮਨ ਲੂਨ ਹਰ ਰੋਜ਼ ਲਗਤਾ ਹੈ। ਨੇਕਾ ਪਟਣ ਬੀਜਾਨਗਰ ਤੇ ਇਕਤ੍ਰੀ ਕੋਸ ਅਸੀਂਹੈ, ਅਰੋਗਾ ਪੇਟ ਹੈ, ਤਹਾਂ ਸੰਗਤਿ ਚੰਗੇ ਭਾਟੜੇ ਕੀ ਹੈ। ਤਿਸ ਕੀ ਗਿਰਦ ਨਵਾਹੀ ਸੰਗਤਿ ਬਹੁਤ ਹੈ ਅਰ ਭਾਟੜਿਆਂ ਕੇ ਘਰ ਤੇ ਕਜਲੀ ਬਣ ਕੋਸ ਅਸੀ ਹੈ, ਤ੍ਰੀਆ ਰਾਜ ਹੈ, ਤਹਾਂ ਭੀ ਗੁਰੂ ਬਾਬ ਕਾ ਦੇਹੁਰਾ ਹੈ....."

Digitized by Panjab Digital Library | www.panjabdigilib.org

ਇਹ ਸਭ ਤੋਂ ਪੁਰਾਣੀ ਲਿਖਤ ਹੈ ਜਿਸ ਤੋਂ ਪਤਾ ਲਗਦਾ ਹੈ ਕਿ ਭਾਟੜੇ ਸਿਖ ਮੁਢ ਤੋਂ ਹੀ ਹਿੰਮਤੀ ਤੇ ਦੇਸਾਂ ਪਰਦੇਸਾਂ ਵਿਚ ਘੁੰਮ ਫਿਰ ਕੇ ਜਿਥੇ ਧਰਮ-ਪ੍ਰਚਾਰ ਕਰਦੇ ਆਏ ਹਨ, ਉਥੇ ਆਪਣੀ ਆਰਥਿਕ ਖੁਸ਼ਹਾਲੀ ਲਈ ਵੀ ਪ੍ਰਯਤਨਸ਼ੀਲ ਰਹੇ ਹਨ। ਜੇ ਇਹ ਉਦਮੀ ਲੋਕ ਅਜ ਤੋਂ ਚਾਰ ਸੌ ਸਾਲ ਪਹਿਲਾਂ ਲੰਕਾ ਪਹੁੰਚ ਗਏ ਸਨ ਤਾਂ ਇਸਤੇ ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਹੁਣ ਵੀ ਵਲੈਤ ਵਿਚ ਪਹਿਲੇ ਪਹਿਲ ਇਨ੍ਹਾਂ ਨੇ ਹੀ ਪੈਰ ਰੱਖੇ।

ਗਿਆਨੀ ਰਤਨ ਸਿੰਘ ਸ਼ਾਦ ਜ਼ਿਲਾ ਸਿਆਲਕੋਟ ਦੇ ਰਹਿਣ ਵਾਲੇ ਹਨ ਜੋ ਚਾਲੀ ਕੁ ਸਾਲ ਤੋਂ ਹੁਣ ਇੰਗਲੈਂਡ ਵਿਚ ਨਿਵਾਸ ਰਖ ਰਹੇ ਹਨ। ਆਪ ਨੇ ਬੜੀ ਮੇਹਨਤ ਨਾਲ ਭਾਟੜਾ ਬ੍ਰਾਦਰੀ ਦੀਆਂ ਧਾਰਮਿਕ ਤੇ ਜਥੇਬੰਦਕ ਸਰਗਰਮੀਆਂ ਦਾ ਹਾਲ ਇਸ ਪੁਸਤਕ ਵਿਚ ਅੰਕਿਤ ਕੀਤਾ ਹੈ, ਇਹ ਬਿਆਨ ਜਾਂ ਸਵਿਸਥਾਰ ਵਰਨਣ ਇਸ ਲਈ ਭਰੋਸੇ ਯੋਗ ਤੇ ਪ੍ਰਮਾਣੀਕ ਹੈ ਕਿਉਂਕਿ ਗਿਆਨੀ ਜੀ ਖੁਦ ਇਸ ਸਾਰੀ ਲਹਿਰ ਦੇ ਮੋਢੀ ਬਣ ਕੇ ਵਿਚਰਦੇ ਰਹੇ ਹਨ। ਆਪ ਕਈ ਜਥੇਬੰਦੀਆਂ ਦੇ ਪ੍ਰਧਾਨ ਰਹੇ ਹਨ। ਖਾਲਸਾ ਜਥਾ ਬ੍ਰਿਟਿਸ਼ ਆਇਲਜ਼ ਦੀ ਵੀ ਪ੍ਰਧਾਨਗੀ ਕੀਤੀ, ਇੰਡੀਅਨ ਐਸੋਸੀਏਸ਼ਨ ਦੇ ਵੀ ਪ੍ਰਧਾਨ ਰਹੇ ਤੇ ਚੰਗਾ ਜਸ ਖੱਟਿਆ। ਆਪ ਸਾਹਿਤ-ਪਰੇਮੀ, ਪੱਤਰਕਾਰ, ਕਵੀ, ਲਿਖਾਰੀ ਤੇ ਸੁਯੋਗ ਪ੍ਰਬੰਧਕ ਹਨ ਅਤੇ ਉਥੇ ਚੰਗੇ ਚੰਗੇ ਨੇਤਾਵਾਂ ਨਾਲ ਆਪ ਦਾ ਸੰਪਰਕ ਰਿਹਾ ਹੈ। ਇੰਗਲੈਂਡ ਵਿਚ ਗੁਪਤ ਕਾਰਵਾਈਆਂ ਕਰਨ ਵਾਲੇ ਇਨਕਲਾਬੀਆਂ ਸ੍. ਊਧਮ ਸਿੰਘ ਸੁਨਾਮ ਤੇ ਸ. ਅਜੀਤ ਸਿੰਘ ਵਰਗੇ ਦੇਸ ਭਗਤਾਂ ਨੂੰ ਵੀ ਆਪ ਨੇ ਨੇੜੇ ਹੋ ਕੇ ਤੱਕਿਆ ਹੈ ਤੇ ਦੇਸ-ਸੇਵਾ ਵਿਚ ਲੋੜੀਂਦਾ ਹੱਥ ਵਟਾਇਆ ਹੈ।

ਸੋ ਇਹ ਸੰਗਤ ਭਾਟੜਾ ਦਾ ਹੀ ਕ੍ਰਾਂਤਿਕ ਇਤਿਹਾਸ ਨਹੀਂ ਸਗੋਂ ਇਸ ਤੋਂ ਸਾਨੂੰ ਹੋਰ ਪੰਜਾਬੀਆਂ ਤੇ ਖਾਸ ਕਰਕੇ ਸਿਖਾਂ ਦੀਆਂ ਸਮਾਜ ਸੁਧਾਰਕ ਤੇ ਰਾਜਨੀਤਕ ਸਰਗਰਮੀਆਂ ਦਾ ਵੀ ਗਿਆਨ ਮਿਲਦਾ ਹੈ। ਮੈਨੂੰ ਆਸ ਹੈ ਕਿ ਗਿਆਨੀ ਜੀ ਦੀ ਇਹ ਘਾਲ, ਸੰਗਤ ਦੇ ਭਵਿਖਤ ਕੰਮਾਂ ਲਈ ਤੇ ਸਬੰਧਤ ਭਾਈਚਾਰੇ ਦੀ ਉੱਨਤੀ ਲਈ ਅਗਵਾਈ ਦੇਣ ਵਾਲੀ ਸਿੱਧ ਹੋਵੇਗੀ।

ਪਿਆਰਾ ਸਿੰਘ ਪਦਮ,
ਕਲਮ ਮੰਦਿਰ, ਲੋਯਰ ਮਾਲ,
ਪਟਿਆਲਾ

ਪੰਜਾਬੀ ਯੂਨੀਵਰਸਿਟੀ
ਪਟਿਆਲਾ (ਪੰਜਾਬ)
27.8.1982

Digitized by Panjab Digital Library | www.panjabdigilib.org

ੴ

ਕੌਮੀ ਸੰਸਥਾਵਾਂ ਦਾ ਸਹੀ ਇਤਿਹਾਸ ਲਿਖਣ ਦੀ ਪ੍ਰੇਰਨਾ

Lagan Street Glassgow C-5

ਵਲੋਂ—ਬਾਬੂ ਜੀਵਨ ਸਿੰਘ ਜੀ ਪਾਲ,

ਫੌਂਡਰ ਪ੍ਰੈਜ਼ੀਡੈਂਟ ਚੰਗਾ ਭਾਟੜਾ ਨੌਜਵਾਨ ਸਭਾ U. K.

ਕੌਮੀ ਰਤਨ ਸ਼ਾਦ ਜੀ, 5-9-1958

ਪਿਆਰ ਫਤਹਿ ।

ਪਿਆਰੇ ਸ਼ਾਦ ਜੀ ! ਭਾਵੇਂ ਕੁਝ ਦਿਨਾਂ ਤੋਂ ਮੇਰੀ ਸੇਹਤ ਬਹੁਤ ਢਿਲੀ ਹੈ । ਨਦੀ ਕਿਨਾਰੇ ਰੁਖੜਾ ਜੂ ਹੋਇਆ, ਇੱਕ ਪਲ ਦਾ ਪਤਾ ਨਹੀਂ । ਪਰ ਮੇਰਾ ਦਿਲ ਚਾਹੁੰਦਾ ਹੈ ਮੈਂ ਆਪਣੇ ਦਿਲੀ ਵਿਚਾਰ ਆਪ ਨਾਲ ਸਾਂਝੇ ਕਰਕੇ ਆਪਣੇ ਦਿਲ ਦਾ ਭਾਰ ਹੌਲਾ ਕਰਾਂ ਨਾਲੇ ਆਪਣੇ ਜੀਵਨ ਦੀ ਅੰਤਮ ਰੀਝ ਇਤਿਹਾਸ ਵੱਲ ਆਪ ਦਾ ਧਿਆਨ ਦੁਆਵਾਂ ਇਹੋ ਮੇਰੀ ਚਿਰਾਂ ਦੀ ਖ਼ਾਹਿਸ਼ ਹੈ ਮੇਰੀ ਦਿਲੀ ਸਧਰ ਨੂੰ ਪੂਰਿਆਂ ਕਰਨ ਲਈ ਆਪ ਨੂੰ ਪ੍ਰਮਾਤਮਾ ਉੱਦਮ ਦੇਵੇ । ਮੈਂ ਵੇਖ ਰਿਹਾ ਹਾਂ ਕਿ ਗਲਾਸਗੋਹ ਦੀ ਸੰਗਤ ਵਿੱਚ ਇਤਿਹਾਸਕ ਭੁਲੇਖੇਆਂ ਦੀ ਧੁੰਦ ਦਿਨੋਂ ਦਿਨ ਵਧ ਰਹੀ ਹੈ । ਈਰਖਾ ਵਾਦੀ ਨਾਮ ਦੇ ਭੁਖੇ, ਪੁਰਾਣੀ ਸੋਚਣੀ ਵਾਲੇ ਸੱਜਣ, ਏਥੋਂ ਦੇ ਮਾਹੌਲ ਵਿਚ ਪਲਰੀ ਨਵੀਨ ਪੀੜ੍ਹੀ ਨੂੰ ਭਾਰਤ ਦੇਸ ਦੀ ਸਭਯਤਾ ਦੇ ਉਲਟ ਸਿਖਿਆ ਦੇ ਰਹੇ ਹਨ । ਭਾਟੜਾ ਸੰਗਤ ਦੇ ਪਿੰਡਾਂ ਦੇ ਜੀਵਨ ਇਤਿਹਾਸ ਨੂੰ ਗਲਤ ਰੂਪ ਵਿੱਚ ਪੇਸ਼ ਕਰ ਰਹੇ ਹਨ ਤੇ ਖਾਸ ਕਰਕੇ ਦੇਸ ਵਿੱਚ ਕੰਮ ਕਰਨ ਵਾਲੀਆਂ ਕਮੇਟੀਆਂ ਦੀ ਗਲਤ ਜਾਣਕਾਰੀ ਦੇ ਕੇ ਜਿਥੇ ਨੌਜਵਾਨਾਂ ਦੀ ਸੋਹਜ ਸਭਿਅਤਾ ਨੂੰ ਕੁਰਾਹੇ ਪਾ ਰਹੇ ਹਨ, ਉਥੇ ਕੌਮੀ ਸੇਵਕਾਂ ਦੀ ਕੀਤੀ ਕੌਮੀ ਸੇਵਾ ਨੂੰ ਕਿਰਕਰਾ ਵੀ ਕਰ ਰਹੇ ਹਨ ।

ਕੌਮੀ ਸਿਪਾਹੀ ਗਿਆਨੀ ਸ਼ਾਦ ਜੀ ! ਇਹ ਵੀ ਵੇਖਣ ਸੁਨਣ ਵਿੱਚ ਆਇਆ ਹੈ ਕਿ ਕਈ ਇੱਕ ਲੇਖਕ ਚੰਗਾ ਭਾਟੜਾ ਨੌਜਵਾਨ ਸਭਾ ਲੰਡਨ ਦੇ ਇਤਿਹਾਸ ਵਿੱਚ ਜਾਣ ਬੁਝ ਕੇ ਖੋਟ ਮਿਲਾ ਰਹੇ ਹਨ ਇਸ ਲਈ ਇਸਦਾ ਇੱਕੋ ਇੱਕ ਹਲ ਹੈ ਕਿ ਜਿਵੇਂ ਮੈਂ 1948/1949 ਨੂੰ ਲੰਡਨ ਵਿਚ ਆਪ ਨੂੰ ਕਈ ਵੇਰ ਕੌਮੀ ਸੰਸਥਾਵਾਂ ਦਾ ਇਤਿਹਾਸ ਲਿਖਣ ਲਈ ਪਰੇਰਨਾ ਕੀਤੀ ਸੀ, ਅੱਜ ਫਿਰ ਸਮਾਜਿਕ ਆਤਮਾ ਦੀ ਆਵਾਜ਼ ਕੌਮ ਦੀ ਵਰਤਮਾਨ ਲੋੜ ਕੌਮੀ ਇਤਿਹਾਸ ਨੂੰ ਅਨੁਭਵ ਕਰਦਿਆ, **ਕੌਮੀ ਸੰਸਥਾਵਾਂ ਦਾ ਸਹੀ ਇਤਿਹਾਸ ਲਿਖਣ ਦੀ ਪ੍ਰੇਰਨਾ** ਕਰਦਾ ਹਾਂ ਤਾਂ ਕਿ ਚੰਗਾ ਭਾਟੜਾ ਨੌਜਵਾਨ ਸਭਾ ਲੰਡਨ U. K. ਇੰਟਰ ਨੈਸ਼ਨਲ ਭਾਟਰਾ ਯੂਨੀਅਨ ਤੇ ਸਰਬ ਹਿੰਦ ਭਾਟਰਾ ਯੂਨੀਅਨ ਤੇ ਸਬੰਧਤ ਕਮੇਟੀਆਂ ਦਾ ਸਹੀ ਇਤਿਹਾਸ ਕੌਮ ਦੀ ਨਵੀਨ ਪੀੜ੍ਹੀ ਦੇ ਸਾਵੇਂ ਆਵੇ ਤੇ ਪੈ ਰਹੇ ਭੁਲੇਖਿਆਂ ਦੀ ਧੁੰਦ ਦੂਰ ਹਟੇ । ਵਾਹਿਗੁਰੂ ਤੁਹਾਨੂੰ ਉੱਦਮ ਤੇ ਸਫਲਤਾ ਬਖਸ਼ੇ ।

ਸ਼ੁਭ ਇਛਾਵਾਂ ਸਹਿਤ ਆਪ ਦਾ, ਜੀਵਨ ਸਿੰਘ ਪਾਲ

ਗਲਾਸ ਗੋਹ

Digitized by Panjab Digital Library | www.panjabdigilib.org

ਆਦਿਕਾ—

ਸਮੇਂ ਦੀ ਮੰਗ, ਸਮਾਜ ਦੇ ਹਿਰਦੇ ਦੀ ਆਵਾਜ਼

ਜਿਵੇਂ ਅੱਜ ਦਾ ਬਾਲਕ ਕਲ ਦਾ ਨਿਰਮਾਤਾ ਕਿਹਾ ਜਾਂਦਾ ਹੈ, ਤਿਵੇਂ ਅੱਜ ਦੀ ਲਿਖਤ ਕੱਲ ਦਾ ਪ੍ਰਮਾਣਿਕ ਤੇ ਪ੍ਰਵਾਣਿਕ ਇਤਿਹਾਸ ਮੰਨੀ ਜਾਂਦੀ ਹੈ, ਬਿਨਾਂ ਇਤਿਹਾਸ ਦੇ ਹਰ ਲੋਕ ਲਹਿਰ ਤੇ ਜੀਵਨ ਕਿਰਤ, ਉਸ ਨਦੀ ਦੇ ਵਾਂਗ ਹੈ ਜੋ ਮਾਰੂਥਲਾਂ ਵੱਲ ਜਾਂਦੀ ਕਦਮ ਕਦਮ ਤੇ ਘਟਦੀਂ ਘਟਦੀ ਛੇਤੀ ਹੀ ਅਲੋਪ ਹੋ ਜਾਂਦੀ ਹੈ। ਝੁਲ ਰਹੇ ਸਮੇਂ ਦੇ ਝੱਖੜ ਤੇ ਵਾਤਾਵਰਨ ਦੇ ਵਾਹ ਵਰੋਲੇ ਯਾਦਾਂ ਦੇ ਪੈਰ ਚਿਤਰਾਂ ਦਾ ਖੁਰਾ ਖੋਜ ਵੀ ਮਿਟਾ ਦੇਂਦੇ ਹਨ, ਜਿਸਦਾ ਸਹੀ ਖੁਰਾ ਖੋਜ ਕੱਢਣਾ ਇਤਿਹਾਸਕ ਖੋਜੀ ਲਈ ਜੇ ਅਸੰਭਵ ਨਹੀਂ ਤਾਂ ਅਤਿ ਕਠਿਨ ਜ਼ਰੂਰ ਬਣ ਜਾਂਦਾ ਹੈ।

ਨਵੀਨ ਇਤਿਹਾਸਕ ਖੋਜ ਇਸ ਵਿਚਾਰ ਦਾ ਸਹੀ ਸਪਸ਼ਟੀ ਕਰਨ ਹੈ ਕਿ ਭਾਟੜਾ ਸੰਗਤ ਨੇ ਜਿਥੇ ਗੁਰੂ ਕਾਲ ਸਮੇਂ ਧਾਰਮਕ ਪ੍ਰਚਾਰ ਤੇ ਕੁਰਬਾਨੀਆਂ ਕਰਕੇ ਗੁਰੂ ਨਾਨਕ ਸਾਹਿਬ ਜੀ ਦੀ ਸੰਗਤ ਦਾ ਸਬੂਤ ਦਿੱਤਾ, ਉਥੇ ਮਿਸਲਾਂ ਦੇ ਸਮੇਂ ਰਣ ਖੇਤਰ ਵਿੱਚ ਜਰਵਾਣਿਆਂ ਨਾਲ ਜੰਗਾਂ ਯੁਧਾਂ ਵਿੱਚ ਸ਼ਹੀਦੀਆਂ ਪ੍ਰਾਪਤ ਕੀਤੀਆਂ। ਦੇਸ਼ ਆਜ਼ਾਦੀ ਦੇ ਸੰਗਰਾਮਾਂ ਵਿੱਚ ਵੀ ਨਿਰਭਉ ਤੇ ਨਿਰਵੈਰ ਹੋ ਕੇ ਵਿਚਰਦੇ ਰਹੇ। ਤੇ ਅਕਾਲੀ ਲਹਿਰ ਗੁਰਧਾਮਾਂ ਦੀ ਸਵਤੰਤਰਤਾ ਗੁਰੂ ਕੇ ਬਾਗ, ਨਨਕਾਣਾ ਸਾਹਿਬ ਦੇ ਸਾਕੇ ਵਿਚ ਹਿੱਸਾ ਪਾਇਆ। ਗਲ ਕੀ, ਭਾਟੜਾ ਸੰਗਤ ਵਰਤਮਾਨ ਸਮੇਂ ਵਿਚ ਹਰ ਸਿਖੀ ਸੰਗਰਾਮ ਵਿੱਚ ਪੂਰਨ ਸਾਥ ਦੇਂਦੀ ਆ ਰਹੀ ਹੈ। ਪਰ ਭਾਟੜਾ ਸੰਗਤ ਦੀ ਸਿਆਸੀ ਤੇ ਸਮਾਜੀ ਧਾਰਮਕ ਸੇਵਾ ਦਾ ਸੇਵਾ ਫਲ ਗੁਆਂਢੀ ਕੌਮਾਂ ਲੈ ਰਹੀਆਂ ਹਨ,ਇਹ ਇਤਿਹਾਸ ਦੀ ਘਾਟ ਦਾ ਪ੍ਰਤਖ ਪ੍ਰਮਾਣ ਹੈ। ਅੱਜ ਤੱਕ ਜਿਤਨੇ ਵੀ ਇਤਿਹਾਸਕ ਉਪਰਾਲੇ ਹੋਏ ਹਨ ਉਹ ਸਾਰੇ ਵਿਅਕਤੀਗਤ ਉੱਦਮ ਉਪਰਾਲੇ ਹਨ, ਉਹਨਾਂ ਇਤਿਹਾਸਕਾਰਾਂ ਦੀ ਕਿਰਤ ਮਹਾਨ ਹੈ। ਉੱਦਮ ਸਫਲ ਹੈ ਪਰ ਇਤਿਹਾਸ ਸੰਪੂਰਨ ਨਹੀਂ। ਸੋ ਕੌਮ ਨੂੰ ਸੰਪੂਰਨ ਤੇ ਮੌਲਕ ਇਤਿਹਾਸ ਦੀ ਲੋੜ ਹੈ ਵੱਖ ਵੱਖ ਲਿਖਾਰੀਆਂ ਵੱਲੋਂ ਵਿਅਕਤੀਗਤ ਇਤਿਹਾਸਕ ਉਪਰਾਲੇ ਥਾਵਾਂ ਘਟਨਾਵਾਂ ਵਿੱਚ ਫਰਕ ਦਾ ਵਖੇਵਾਂ ਹੋ ਜਾਣਾ ਕੁਦਰਤੀ ਹੈ ਤੇ ਇਕ ਘਟਨਾ ਲਈ ਇਕ ਰਾਇ ਹੋਣੀ ਇਤਿਹਾਸ ਦੀ ਮਹਾਨਤਾ ਨੂੰ ਵਧਾਉਂਦੀ ਹੈ। ਇਸ ਲਈ ਸੰਗਤ ਭਾਟੜਾ ਸੰਪ੍ਰਦਾ ਦੇ ਇਤਿਹਾਸ ਦੀ ਖੋਜ ਭਾਰਤ ਤੇ U. K. ਦੇ ਵਿਦਵਾਨਾਂ, ਇਤਿਹਾਸ ਖੋਜੀਆਂ ਦਾ "ਇਤਿਹਾਸ ਰੀਸਰਚ ਬੋਰਡ" ਬਣਾਕੇ ਕੌਮੀ ਇਤਿਹਾਸ ਦਾ ਸ੍ਰੀ ਗਨੇਸ਼ ਕੀਤਾ ਜਾਏ। ਸਮੁਚਾ ਭਾਰਤ ਤੇ ਇੰਗਲੈਂਡ ਦੀਆਂ ਧਾਰਮਕ ਤੇ ਸਮਾਜਿਕ ਸੰਸਥਾਵਾਂ ਇਤਿਹਾਸ ਰੀਸਰਚ ਬੋਰਡ ਦੀ ਹਰ ਦੇਖ ਰੇਖ ਤੇ ਸਹਿਯੋਗ ਦੇਕੇ ਕੌਮੀ ਫ਼ਰਜ਼ ਦੀ ਪਾਲਣਾ ਕਰਨ। ਇਹ ਸਮੇਂ ਦੀ ਮੰਗ ਸਮਾਜਿਕ ਹਿਰਦੇ ਦੀ ਆਵਾਜ਼ ਹੈ।

Digitized by Panjab Digital Library | www.panjabdigilib.org

ਕ੍ਰਾਂਤਿਕ ਲਹਿਰ ਦਾ ਇਤਿਹਾਸ ਲਿਖਣ ਦਾ ਵਿਚਾਰ ਕੋਈ ਅੱਜ ਦਾ ਨਵਾਂ ਵਿਚਾਰ ਨਹੀਂ ਇਹ ਅੱਜ ਤੋਂ ਚਾਰ ਦਹਾਕੇ ਤੋਂ ਲੇਖਕ ਦੇ ਦਿਲ ਦੀਮਾਗ ਦੀ ਹਾਂਡੀ ਵਿੱਚ ਖਿਚੜੀ ਵਾਂਗ ਪਕਦਾ ਰਿਹਾ ਹੈ, ਲੇਖਕ ਜਿੱਥੇ ਕ੍ਰਾਂਤਿਕ ਲਹਿਰ ਦੇ ਇਤਿਹਾਸ ਦਾ ਸਬੰਧਤ ਮਸਾਲਾ ਇੱਕਤਰ ਕਰਦਾ ਰਿਹਾ ਹੈ, ਉਥੇ ਜੀਵਨ ਮਾਰਗ ਦੇ ਮੋੜਾਂ ਤੇ ਮਿਲੇ ਇਤਿਹਾਸਕਾਰਾਂ ਖੋਜੀਆਂ ਵਿਦਵਾਨਾਂ ਨਾਲ ਵਿਚਾਰ ਵਟਾਂਦਰਾ ਕਰਕੇ ਆਪਣੇ ਮਿੱਥੇ ਪਰੋਗਰਾਮ ਦੀ ਸਫਲਤਾ ਦੀ ਸੇਧ ਦਾ ਗਿਆਨ ਲੈਂਦਾ ਰਿਹਾ ਹੈ। ਅਨੇਕਾਂ ਸਿਰ ਕੱਢ ਕੌਮੀ ਨੇਤਾਵਾਂ ਨਾਲ ਇਤਿਹਾਸਕ ਗੋਸ਼ਟੀਆਂ ਕਰਕੇ ਪ੍ਰੇਰਨਾ ਲੈਂਦਾ ਰਿਹਾ ਹੈ। ''ਕੌਮੀ ਸੰਸਥਾਵਾਂ ਦਾ ਸਹੀ ਇਤਿਹਾਸ ਲਿਖਣ ਦੀ ਪ੍ਰੇਰਨਾ'' ਕਰਨ ਵਾਲੇ ਬਾਬੂ ਜੀਵਨ ਸਿੰਘ ਜੀ 'ਪਾਲ', ਇਤਿਹਾਸਕ ਵਿਚਾਰਾਂ ਨਾਲ ਪੂਰਨ ਸੰਮਤੀ ਪ੍ਰਗਟਾਕੇ ਉਤਸਾਹਤ ਕਰਨ ਵਾਲੇ ਸ੍ਰੀ ਮਾਨ ਸ. ਸੰਤ ਸਿੰਘ ਜੀ 'ਪ੍ਰਦੇਸੀ', ਗਿ: ਪ੍ਰੀਤਮ ਸਿੰਘ ਜੀ, ਗਿ: ਮੂਲ ਸਿੰਘ ਜੀ 'ਨਿਰਮਾਨ' ਗਿ: ਹਰਨਾਮ ਸਿੰਘ ਜੀ ਕੌਮੀ ਤੇ ਗਿ: ਸੰਤਾਂ ਸਿੰਘ ਜੀ ਸੇਵਕ ਅਤੇ ਗਿ: ਅੰਮ੍ਰਿਤ ਜੀ ਇਤਿਹਾਸਕ ਉੱਦਮ ਨੂੰ ਸਲਾਹੁੰਦਿਆਂ ਸਫਲਤਾ ਲਈ ਅਨੇਕਾਂ ਸੁਝਾਓ ਦੇਂਦੇ ਰਹੇ।

ਇਵੇਂ ਹੀ ਡਾਕਟਰ ਹਰਨਾਮ ਸਿੰਘ ਜੀ ਤਾਲਿਬ ਨੇ ਲੇਖਕ ਦੇ ਵਿਚਾਰ ਇਤਿਹਾਸ ਪ੍ਰਕਾਸ਼ਤ ਕਰਨ ਸਬੰਧੀ ਪੜ੍ਹ ਤਾਂ ਆਪ ਜੀ ਨੇ 21-11-65 ਦੀ ਪਤ੍ਰਕਾ ਵਿੱਚ ਲੇਖਕ ਦੇ ਵਿਚਾਰਾਂ ਦੀ ਪ੍ਰਸੰਸਾ ਦੇ ਨਾਲ ਹੀ ਲਿਖਿਆ ਕਿ ਪਿਆਰੇ ''ਸ਼ਾਦ'' ਜੀ ਇਤਿਹਾਸ ਸਾਡਾ ਉਦੇਸ਼ ਹੈ ਤੇ ਕੌਮ ਸੁਧਾਰ ਸਾਡਾ ਜੀਵਨ ਮਨੋਰਥ ਹੈ ''ਵਾਹਿਗੁਰੂ ਤੁਹਾਨੂੰ ਅਨੰਦ ਮੰਗਲ ਰਖੇ ਤੇ ਇਤਿਹਾਸਕ ਉੱਦਮ ਵਿਚ ਸਫਲਤਾ ਬਖਸ਼ੇ''।

ਹੇਠ ਲਿਖੇ ਕੌਮੀ ਨੇਤਾਵਾਂ ਨਾਲ ਇੱਕ ਥਾਂ ਬੈਠਕੇ ਜਾਂ ਪਤਰਕਾਵਾਂ ਰਾਹੀਂ ਸਮਾਜਿਕ ਸਥਿਤੀ ਤੇ ਵਿਚਾਰਾਂ ਹੋਈਆਂ ਉਥੇ ਕ੍ਰਾਂਤਿਕ ਲਹਿਰ ਦੇ ਇਤਿਹਾਸ ਲਿਖਣ ਤੇ ਪ੍ਰਕਾਸ਼ਤ ਕ਼ਰਨ ਤੇ ਵੀਚਾਰ ਤੇ ਖੁਸ਼ੀ ਦਾ ਪ੍ਰਗਟਾਵਾ ਤੇ ਸ਼ੁਭ ਇਛਾਵਾਂ ਅਰਪਨ ਕਰਨ ਵਾਲੇ ਸ੍ਰੀ ਮਾਨ ਗਿ: ਸੁੰਦਰ ਸਿੰਘ ਜੀ ਸਾਗਰ, ਬਾਬੂ ਰਾਜਿੰਦਰ ਸਿੰਘ ਜੀ, ਸ: ਹਰਬੰਸ ਸਿੰਘ ਜੀ ਕਿਰੀ ਬੁਰੂ, ਸ. ਜੈ ਸਿੰਘ ਜੀ ਲੁਧਿਆਣਾ, ਗਿ: ਅਮਰ ਸਿੰਘ ਜੀ ਅਮਰ ਨੇ ਭਰਵੇਂ ਸ਼ਬਦਾਂ ਨਾਲ ਪ੍ਰਸੰਸਾ ਕੀਤੀ। ਅਨੇਕਾਂ ਅਨਥਕ ਕੌਮੀ ਸੇਵਕਾਂ ਜਿਨ੍ਹਾ ਕ੍ਰਾਂਤਿਕ ਲਹਿਰ ਵਿੱਚ ਪ੍ਰਸੰਸਾ ਯੋਗ ਹਿੱਸਾ ਪਾਇਆ, ਸ: ਭੀਲ ਸਿੰਘ ਜੀ ਲਾਂਡਾ, ਗਿਆਨੀ ਗੁਰਮੁਖ ਸਿੰਘ ਜੀ, ਬਾਬੂ ਬਲਵੰਤ ਸਿੰਘ ਜੀ, ਸ: ਮੋਹਕਮ ਸਿੰਘ ਜੀ ਆਲਮ, ਸ. ਖੇੜਾ ਸਿੰਘ ਜੀ ਜੰਗੀ, ਸ: ਮੁਨਸ਼ੀ ਸਿੰਘ ਜੀ ਸੂਫੀ, ਸ: ਕੁਲਵੰਤ ਸਿੰਘ ਗੁਪਤਾ, ਸ: ਅਮਰ ਸਿੰਘ ਜੀ ਕੌਮੀ, ਗਿ: ਕਰਤਾਰ ਸਿੰਘ ਜੀ ਕੰਵਲ ਉਕਤ ਕੌਮੀ ਨੇਤਾਵਾਂ ਦੇ ਦਿਲ ਦੀ ਸੱਧਰ ਹੀ ਕੌਮ ਇਤਿਹਾਸ ਸੀ। ਇਸ ਲਈ ਲੇਖਕ ਸਮੂਹ ਕੌਮੀ ਨੇਤਾਵਾਂ ਦੀ ਸਮਾਜਿਕ ਕਿਰਤ ਨੂੰ ਨਮਸ਼ਕਾਰ ਕਰਦਾ ਹੈ।

ਕੌਮ ਦੇ ਸੇਵਕਾਂ ਤੋਂ ਤਨ ਜਿਗਰ ਤੇ ਜਾਨ ਵੀ ਸਦਕੇ।
ਮੇਰੀ ਦੁਨੀਆਂ ਮੇਰੀ ਦੌਲਤ ਮੇਰਾ ਈਮਾਨ ਵੀ ਸਦਕੇ।

ਸਾਰੇ ਸੰਸਾਰ ਦੀ ਮਨੁੱਖਤਾ ਇਕ ਮਨੁੱਖੀ ਸਰੀਰ ਵਾਂਗ ਹੈ। ਦੁਨੀਆਂ ਦੇ ਕਿਸੇ ਦੇਸ ਜਾਂ ਕੌਮ ਦੇ ਕਿਸੇ ਹਿਸੇ ਨੂੰ ਕੋਈ ਦੁਖ ਹੋਵੇ, ਸਾਰੇ ਸੰਸਾਰ ਦੀ ਮਨੁੱਖਤਾ ਤੇ ਦਿਲ ਦੀਮਾਗ

Digitized by Panjab Digital Library | www.panjabdigilib.org

ਦਾ ਪਰੇਸ਼ਾਨ ਹੋ ਜਾਣਾ ਕੁਦਰਤੀ ਹੁੰਦਾ ਹੈ। ਇਵੇਂ ਹੀ ਭਾਟੜਾ ਸੰਗਤ ਸਿੱਖ ਧਰਮ ਦਾ ਅਨਿਖੜਵਾਂ ਅੰਗ ਹੈ। ਜਦ ਤੱਕ ਗੁਰੂ ਨਾਨਕ ਦਾ ਨਾਮ ਲੇਵਾ ਜੀਵਨ ਖੇਤਰ ਦੀਆਂ ਪਛੜੀਆਂ ਸ਼ਰੇਣੀਆਂ ਵਿਚ ਵਿਚਰ ਰਿਹਾ ਹੈ, ਉਦੋਂ ਤੱਕ ਸਿਖ ਸੰਸਾਰ ਦੀ ਸਫਲਤਾ ਅਧੂਰੀ ਤੇ ਗੁਰੂ ਸਾਹਿਬਾਂ ਦਾ ਆਸ਼ਾ ''ਸਭੇ ਸਾਂਝੀਵਾਲ ਸਦਾਇਨ ਕੋਈ ਨਾ ਦਿਸੇ ਬਾਹਰਾ ਜੀਓ'' ਅਪੂਰਨ ਰਹੇਗਾ।

ਕ੍ਰਾਂਤਿਕ ਲਹਿਰ ਦੇ ਇਤਿਹਾਸ ਵਿੱਚ ਲੇਖਕ ਨੇ ਕਿਸੇ ਨੂੰ ਵਿਤੋਂ ਵੱਧ ਵਡਿਆਉਣ ਜਾਂ ਕਿਸੇ ਸਾਥੀ ਦੇ ਸਤਿਕਾਰ ਨੂੰ ਜਾਣ ਬੁਝਕੇ ਛੁਟਿਆਉਣ ਦੀ ਆਪਣੀ ਕਲਮ ਨੂੰ ਖੁਲ ਨਹੀਂ ਦਿੱਤੀ। ਸਗੋਂ ਹਰ ਕੌਮ ਦਰਦੀ ਦੀ ਕਿਰਤ ਨੂੰ ਧਰਮ ਕੰਡੇ ਵਾਂਗ ਤੋਲਿਆ ਤੇ ਯੋਗਤਾ ਅਨੁਸਾਰ ਸਤਿਕਾਰਿਆ ਹੈ। ਕਿਸੇ ਦੀ ਨਿਜੀ ਨਰਾਜ਼ਗੀ ਤੋਂ ਡਰਕੇ ਸਚਿਆਈ ਦੇ ਸ਼ਾਹ ਰਾਹ ਨੂੰ ਤਿਆਗਿਆ ਨਹੀਂ।

ਸਮਾਂ, ਸਮਾਜ ਤੇ ਸਥਿਤੀ ਦਾ ਸਹੀ ਸਪਸ਼ਟੀਕਰਨ ਕਰਨ ਵਾਲਾ ਲੋਕ ਸਾਹਿਤ ਉੱਤਮ ਇਤਿਹਾਸ ਦਾ ਦਰਜਾ ਰੱਖਦਾ ਹੈ। ਉਹ ਲੋਕ ਸਾਹਿਤ ਜੋ ਬੀਤ ਚੁਕੇ ਸਮੇਂ ਤੇ ਆਉਣ ਵਾਲੇ ਸਮੇਂ ਦੀ ਇਤਿਹਾਸਿਕ ਸਾਂਝ ਨੂੰ ਪੀਢਿਆਂ ਕਰ ਅਟੁਟ ਬਣਾਵੇ। ਕ੍ਰਾਂਤਿਕ ਲਹਿਰ ਦਾ ਇਤਿਹ ਸ ਸਮਾਜ ਦੀ ਹੱਡ ਬੀਤੀ ਹੈ। ਕਹਾਣੀ ਜਾਂ ਨਾਵਲ ਜਿੰਨਾਂ ਸੋਹਜ ਸੁਆਦ ਪਾਠਕਾਂ ਨੂੰ ਭਾਵੇਂ ਨਾ ਮਿਲ ਸਕੇ ਪਰ ਸਮਾਜਿਕ ਤੇ ਇਤਿਹਾਸਿਕ ਦਰਿਸ਼ਟੀ ਕੋਣ ਨਾਲ ਪੜ੍ਹਨ ਵਾਲੇ ਪਾਠਕਾਂ ਦੀ ਜਾਣਕਾਰੀ ਵਿੱਚ ਜ਼ਰੂਰ ਵਾਧਾ ਕਰੇਗਾ। ਇਸ ਕ੍ਰਾਂਤਿਕ ਲਹਿਰ ਦੇ ਇਤਿਹਾਸ ਤੋਂ ਕਿਸੇ ਨੂੰ ਸਮਾਜਿਕ ਸੇਵਾ ਦਾ ਉਤਸ਼ਾਹ ਜਾਂ ਲੋਕ ਸੇਵਾ ਦੀ ਕੋਈ ਪ੍ਰੇਰਨਾ ਮਿਲ ਸਕੇ ਤਾਂ ਲੇਖਕ ਆਪਣੇ ਉੱਦਮ ਨੂੰ ਸਫਲ ਸਮਝੇਗਾ। ਹਰ ਕੌਮ ਦਰਦੀ ਦੇ ਨਿਰਪੱਖ ਤੇ ਸਿਆਣੇ ਸੁਝਾਉ ਨੂੰ ਲੇਖਕ ਸਤਿਕਾਰ ਸਾਹਿਤ ਜੀ ਆਇਆਂ ਆਖੇਗਾ। ਸੰਗਤ ਭਾਟੜਾ ਸੰਪ੍ਰਦਾ ਦੇ ਉਜਲੇ ਭਵਿੱਖਤ ਦਾ ਇੱਛਕ ਤੇ ਚੜ੍ਹਦੀ ਕਲਾ ਦਾ ਚਾਹਵਾਨ :

ਗਿ: ਰਤਨ ਸਿੰਘ 'ਸ਼ਾਦ'

17 ਜੁਲਾਈ, ਸੰਨ 1982

੨ ਸਾਵਣ, ਸੰਮਤ ੨੦੩੯

25 Lawrence Ave.
Easton
BRISTOL-5
(U.K.)

ਬਲਾਕ ਨੰ: 8
ਮਕਾਨ ਨੰ: 33–34
ਦਕਸ਼ਿਨ ਪੁਰੀ
ਦਿਲੀ 62 (ਭਾਰਤ)

Digitized by Panjab Digital Library | www.panjabdigilib.org

ਭਾਟ, ਭਾਟੜਾ ਤੇ ਭਾਟਰਾ

ਨਵੀਨ ਪੀੜ੍ਹੀ ਦੇ ਸੂਝਵਾਨ ਪਾਠਕ ਹਥਲੇ ਇਤਿਹਾਸਿਕ ਸੰਗ੍ਰਹਿ ਵਿਚ ਭਾਟ, ਭਾਟੜਾ ਤੇ ਭਾਟਰਾ ਸ਼ਬਦ ਪੜ੍ਹਕੇ ਹੈਰਾਨ ਜਰੂਰ ਹੋਣਗੇ। ਇਸ ਉਲਝਣ ਨੂੰ ਸੁਲਝਾਉਣ ਵਾਲਾ ਸਪਸ਼ਟੀਕਰਨ ਕਰਨ ਲਈ ਇਕ ਵਖਰਾ ਲੇਖ ਹੀ ਨਹੀਂ, ਵਖਰੀ ਪੁਸਤਕ ਲਿਖਣ ਦਾ ਮੁਹਤਾਜ ਹੈ, ਪਰ ਹੋਈ ਬੀਤੀ ਤੋਂ ਸਿਖਿਆ ਲੈ ਕੇ ਵਾਦ-ਵਿਵਾਦ ਕਰਨ ਵਾਲੀਆਂ ਘਟਨਾਵਾਂ ਨੂੰ ਲੇਖਕ ਸਦੀਵੀ ਸਮਾਪਤ ਕਰਨ ਵਿਚ ਹੀ ਸਮਾਜ ਦੀ ਏਕਤਾ ਤੇ ਉੱਨਤੀ ਸਮਝਦਾ ਹੈ। ਸਮੇਂ ਸਮੇਂ ਪਿੰਡਾਂ ਦੀਆਂ ਪੰਚਾਇਤਾਂ ਅਤੇ ਜਥੇਬੰਦੀਆਂ ਵਲੋਂ ਵਰਤੇ ਗਏ ਭਾਟ, ਭਾਟੜਾ ਤੇ ਭਾਟਰਾ ਸ਼ਬਦ ਲਿਖਕੇ ਲੇਖਕ ਨੇ ਸਮੇਂ ਸਮਾਜ ਤੇ ਸਥਿਤੀ ਨੂੰ ਹੂ-ਬਹੂ ਪਾਠਕਾਂ ਦੀ ਦਰਿਸ਼ਟੀ ਗੋਚਰ ਕਰਨ ਦਾ ਜਤਨ ਕੀਤਾ ਹੈ। ਭਾਵੇਂ ਲੇਖਕ ਨੂੰ ਭਾਟਰਾ ਸ਼ਬਦ ਦਾ ਨਿਕਾਸ ਕਰਨ ਵਾਲੀ ਕੌਂਸਲ ਦਾ ਮੈਂਬਰ ਹੋਣ ਤੇ ਵੀ ਫ਼ਖਰ ਹੈ। ਪਰ ਸਮੁੱਚਾ ਭਾਟੜਾ ਸੰਗਤ ਦੀ ਕਰੜੀ ਕਿਰਤ ਮਹਾਨ ਕੋਸ਼ ਅੰਦੋਲਨ ਦੀ ਸਫਲਤਾ 16-3-68 ਨੂੰ ਭਾਸ਼ਾ ਵਿਭਾਗ, ਪਟਿਆਲਾ, ਪੰਜਾਬ ਸਰਕਾਰ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉੱਚ ਕੋਟੀ ਦੇ ਵਿਦਵਾਨਾਂ ਦੀ ਬੈਠਕ ਵਿਚ ਹੋਏ ਸੰਗਤੀ ਫੈਸਲੇ, "ਸੰਗਤ ਭਾਟੜਾ ਸੰਪ੍ਰਦਾ" ਦਾ ਨਾਂ ਵਧੇਰੇ ਸ਼ਤਿਕਾਰਯੋਗ, ਢੁੱਕਵਾਂ ਤੇ ਇਤਿਹਾਸਕ ਮਹਾਨਤਾ ਵਾਲਾ ਹੈ। ਇਸ ਲਈ ਲੇਖਕ ਸੰਗਤੀ ਫੈਸਲੇ ਦਾ ਸਨਮਾਨ ਕਰਦਿਆਂ ਅਗੇ ਤੋਂ ਸੰਗਤ ਭਾਟੜਾ ਸੰਪ੍ਰਦਾ ਲਿਖਣ ਦਾ ਜਿਥੇ ਪ੍ਰਣ ਕਰਦਾ ਹੈ ਉਥੇ ਸਮੁਚਾ ਸਮਾਜ ਨੂੰ ਇਹ ਜੁੜਵਾਂ ਪਦ ਸੰਗਤ ਭਾਟੜਾ ਸੰਪ੍ਰਦਾ ਲਿਖਣ ਦੀ ਵੀ ਪ੍ਰੇਰਨਾ ਕਰਦਾ ਹੈ।

ਬੀਤੇ ਸਮੇਂ ਵਿਚ ਕੌਮ ਦੀ ਜਾਗਰਤੀ ਲਈ ਨਿਕਲੇ ਕੌਮੀ ਮਾਸਕ ਪੱਤਰ, ਜਿਹਾ ਕਿ ਸੰਗਤ ਰਸਾਲਾ ਲਾਇਲਪੁਰ ਅਤੇ ਸੰਗਤ ਰਸਾਲਾ ਲਾਹੌਰ ਆਦਿ ਵਿਚੋਂ ਕਈ ਥਾਵਾਂ ਤੇ ਹੂ-ਬਹੂ ਮੈਟਰ (ਸਲਾਨਾ ਚੋਣਾਂ, ਸਲਾਨਾ ਰੀਪੋਰਟਾਂ, ਪਾਸ ਹੋਏ ਰੈਜ਼ੂਲੇਸ਼ਨ, ਸੁਲਾਹ ਨਾਮਾ ਤੇ ਭਵਿਖਤ ਪਰੋਗਰਾਮ) ਇਸ ਪੁਸਤਕ ਵਿਚ ਇਸ ਮਨੋਰਥ ਨਾਲ ਦਿਤਾ ਗਿਆ ਹੈ ਕਿ ਪਾਠਕਾਂ ਨੂੰ ਉਸ ਸਮੇਂ ਦੀ ਪੂਰਨ ਜਾਣਕਾਰੀ ਪ੍ਰਾਪਤ ਹੋ ਸਕੇ।

—ਲੇਖਕ

Digitized by Panjab Digital Library | www.panjabdigilib.org

ਪਰਸ਼ੰਸਾ ਤੇ ਪੜਚੋਲ

ਮਾਨਵ ਸਮਾਜ ਨੂੰ ਸੋਝੀ ਤੇ ਜੀਵਨ ਗਿਆਨ ਦੇਣ ਵਾਲੇ ਸਾਹਿਤਕਾਰ ਸਮਾਜ ਦੀ ਰੀੜ੍ਹ ਦੀ ਹੱਡੀ ਮੰਨੇ ਜਾਂਦੇ ਹਨ। ਵਿਸ਼ਵ ਦੀ ਹਰ ਕਿਰਤ ਚਿਤ੍ਰ, ਨ੍ਰਿਤ ਤੇ ਸਾਹਿਤ ਕਲਾ ਪ੍ਰਸ਼ੰਸਾ ਤੇ ਪੜਚੋਲ ਨਾਲ ਹੀ ਵਧਦੀ ਤੇ ਫੁਲਦੀ-ਫੁਲਦੀ ਹੈ ਤੇ ਜੰਤਕ ਦਿਲਾਂ ਵਿਚ ਮਾਣ ਪਾਉਂਦੀ ਹੈ। ਜਿਵੇਂ ਮਾਨਵ ਸਮਾਜ ਨੂੰ ਲੋੜ ਹੈ ਵਿਦਵਾਨ-ਲੇਖਕਾਂ, ਅਨਥੱਕ-ਖੋਜੀਆਂ ਤੇ ਨਿਰਪੱਖ-ਇਤਿਹਾਸਕਾਰਾਂ ਦੀ, ਤਿਵੇਂ ਹਰ ਜੰਤਕ ਕਿਰਤ ਸਾਹਿਤ ਇਤਿਹਾਸ ਨੂੰ ਪਰਖਣ ਲਈ ਲੋੜ ਹੈ ਨਿਰਪੱਖ-ਪ੍ਰਸ਼ੰਸਕਾਂ ਤੇ ਦਲੇਰ-ਪੜਚੋਲਕਾਂ (ਆਲੋਚਕਾਂ) ਦੀ ਜੋ ਆਪਣੇ ਤੇ ਉਪਰੇ ਦੇ ਵਿਤਕਰੇ ਰਹਿਤ ਨਿਰਭਉ ਤੇ ਨਿਰਵੈਰ ਹੋ ਕੇ ਨਿਰਪੱਖ ਨੀਤੀ ਨਾਲ ਪ੍ਰਸ਼ੰਸਾ ਤੇ ਪੜਚੋਲ ਕਰਨ ਦੀ ਸੋਹਜ ਸਮਰਥਾ ਤੇ ਦਲੇਰੀ ਰੱਖਦਾ ਹੋਵੇ। ਉਹ ਪਾਰਖੂ ਜੋ ਹਰ ਘਾਲ (ਕਿਰਤ) ਅਤੇ ਕਾਲ (ਸਮੇਂ) ਨੂੰ ਸਾਵੇਂ ਰੱਖ ਕੇ ਪਰਖ ਕਰ ਸਕੇ। ਨਿਰਪੱਖ ਨੀਤੀ ਨਾਲ ਕੀਤੀ ਪ੍ਰਸ਼ੰਸਾ ਤੇ ਪੜਚੋਲ ਸਫ਼ਲਤਾ ਦਾ ਸੰਕੇਤ ਹੈ। ਜਿਥੇ ਪ੍ਰਸ਼ੰਸਾ ਸਫਲਤਾ ਦਾ ਹੁਲਾਰਾ (ਸਰੂਰ) ਦਿੰਦੀ ਹੈ, ਉਥੇ ਪੜਚੋਲ ਭਟਕਦੇ ਪਾਂਧੀ ਨੂੰ ਸੁਰਾਹੇ ਪਾਉਂਦੀ ਹੈ। ਲੇਖਕ ਜਿਥੇ ਸਿਆਣੇ ਸੁਝਾਵਾਂ ਨੂੰ 'ਜੀ ਆਇਆ' ਆਖਦਾ ਹੈ, ਉਥੇ ਇਤਿਹਾਸਿਕ ਸੇਧ ਸਚਾਈ ਦਾ ਸਤਿਕਾਰ ਤੇ ਪਾਠਕਾਂ ਦੇ ਦਿਲੀ ਵਿਚਾਰਾਂ ਨੂੰ ਜਾਨਣ ਦਾ ਇੱਛਕ ਹੈ।

—ਲੇਖਕ

Digitized by Panjab Digital Library | www.panjabdigilib.org

ਧਰਮ ਤੇ ਸਮਾਜ ਵਿਚ ਗਿ: ਸ਼ਾਦ ਜੀ ਦਾ ਯੋਗਦਾਨ

ਇਹ ਗੱਲ ਸੰਨ 1951 ਪਟਿਆਲਾ ਦੀ ਹੈ ਜਦੋਂ ਇੱਕ ਦਿਨ ਮੈਨੂੰ ਘਰ ਵਾਲਿਆਂ ਨੇ ਇੱਕ ਦਵਾਈ ਲੈਣ ਲਈ ਕੈਮਿਸਟ ਦੀ ਦੁਕਾਨ ਤੇ ਭੇਜਿਆ, ਮੈਂ ਦੁਕਾਨ ਤੇ ਪੁਜਾ ਤਾਂ ਮੇਰੀ ਨਿਗਾਹ ਕਾਊਂਟਰ ਤੇ ਪਏ ਇੱਕ ਇੰਗਲਿਸ਼ ਅਖ਼ਬਾਰ ਤੇ ਪਈ। ਮੁਖ ਸਫ਼ੇ ਉੱਤੇ ਇੱਕ ਵੱਡੇ ਸਾਈਜ਼ ਦੀ ਫੋਟੋ ਛਪੀ ਹੋਈ ਸੀ, ਫੋਟੋ ਵੇਖਦਿਆਂ ਹੀ ਮੇਰਾ ਦਿਲ ਖੁਸ਼ੀ ਨਾਲ ਖਿੜ ਉਠਿਆ। ਮੈਂ ਆਪਣੇ ਦਿਲ ਵਿਚ ਕਿਹਾ ਕਿ ਇਹ ਫੋਟੋ ਤਾਂ ਮੇਰੇ ਮਾਸੜ ਗਿ: ਰਤਨ ਸਿੰਘ ਸ਼ਾਦ ਜੀ ਦੀ ਹੈ ਅਤੇ ਜਦੋਂ ਮੈਂ ਫੋਟੋ ਹੇਠ ਇਹ ਛਪਿਆ ਪੜਿਆ ਕਿ ਗਿ: ਰਤਨ ਸਿੰਘ ਜੀ 'ਸ਼ਾਦ' ਜੋ ਕਿ ਖਾਲਸਾ ਜਥਾ ਲੰਡਨ (ਇੰਗਲੈਂਡ) ਦੇ ਪ੍ਰਧਾਨ ਚੁਣੇ ਗਏ ਹਨ ਤਾਂ ਮੇਰੀ ਖੁਸ਼ੀ ਦੀ ਹੱਦ ਨਾ ਰਹੀ। ਕਿੰਨਾ ਚਿਰ ਹੀ ਮੈਂ ਫੋਟੋ ਵੇਖਦਾ ਰਿਹਾ ਤੇ ਫਿਰ ਯਾਦ ਆਇਆ ਕਿ ਮੈਂ ਤਾਂ ਏਥੇ ਦਵਾਈ ਲੈਣ ਆਇਆ ਹਾਂ। ਜਿਥੇ ਮੈਂ ਘਰ ਵਾਲਿਆਂ ਨੂੰ ਦਵਾਈ ਲਿਆਕੇ ਦਿੱਤੀ, ਉਥੇ ਨਾਲ ਹੀ ਬੜੀ ਖੁਸ਼ੀ, ਮਾਣ ਅਤੇ ਫ਼ਖਰ ਨਾਲ ਘਰ ਵਾਲਿਆਂ ਨੂੰ ਇਹ ਸਾਰੀ ਖੁਸ਼ ਖ਼ਬਰੀ ਸੁਣਾਈ। ਮੇਰੇ ਪਾਸੋਂ ਇਹ ਸਭ ਕੁਝ ਸੁਣਕੇ ਸਾਰਾ ਪਰਵਾਰ ਅਤੀ ਪ੍ਰਸੰਨ ਹੋਇਆ। ਉਸ ਸਮੇਂ ਮੇਰੀ ਛੋਟੀ ਉਮਰ ਹੋਣ ਕਾਰਨ ਮੇਰੇ ਲਈ ਇਹ ਬਹੁਤ ਵੱਡੀ ਗੱਲ ਸੀ ਕਿ ਮੇਰੇ ਮਾਸੜ ਜੀ ਦੀ ਫ਼ੋਟੋ ਅਖਬਾਰ ਵਿਚ ਛਪੀ ਹੈ ਤੇ ਉਹ ਭੀ ਅੰਗਰੇਜ਼ੀ ਦੇ ਮੰਨੇ ਪ੍ਰਮੰਨੇ ਅਖ਼ਬਾਰ ਦੇ ਮੁੱਖ ਸਫ਼ੇ ਉੱਤੇ ਅਤੇ ਦੂਜੀ ਖੁਸ਼ੀ ਇਸ ਗੱਲ ਦੀ ਸੀ ਕਿ ਇੰਗਲੈਂਡ ਦੇ ਸਭ ਤੋਂ ਵੱਡੇ ਗੁਰਦਵਾਰਾ ਸਾਹਿਬ ਖਾਲਸਾ ਜਥਾ ਲੰਡਨ ਲਈ ਸੰਗਤਾਂ ਨੇ ਮੇਰੇ ਮਾਸੜ ਜੀ ਨੂੰ ਪ੍ਰਧਾਨ ਚੁਣਿਆ ਹੈ। ਅਤੇ ਮੈਂ ਫੁਲਿਆ ਨਹੀਂ ਸਾਂ ਸਮਾ ਰਿਹਾ।

ਇਸ ਘਟਨਾ ਨੂੰ ਅਜੇ ਕੁਝ ਸਮਾਂ ਹੀ ਹੋਇਆ ਸੀ ਮੇਰੀ ਖੁਸ਼ੀ ਵਿੱਚ ਹੋਰ ਭੀ ਵਾਧਾ ਹੋ ਗਿਆ ਜਦੋਂ "ਸ਼ਾਦ" ਜੀ ਦੀ ਲਿਖੀ ਕਾਵਿ ਸੰਗ੍ਰਹਿ ਦੀ ਪੁਸਤਕ "ਵਿਲਕਦੇ ਅਰਮਾਨ" ਛਪਕੇ ਮੇਰੇ ਹੱਥਾਂ ਵਿੱਚ ਆਈ। ਜਿਸ ਵਿੱਚ ਸ਼ਾਦ ਜੀ ਦੇ ਤੇ ਸਮੁਚਾ ਦੇਸ਼ ਦੇ ਵਿਲਕਦੇ ਅਰਮਾਨਾਂ ਦਾ ਪ੍ਰਗਟਾਵਾ ਸੀ ਅਤੇ ਇਸ ਪੁਸਤਕ ਦਾ ਮੁਖ ਬੰਦ ਪ੍ਰਿੰਸੀਪਲ ਐਸ. ਐਸ. ਅਮੋਲ ਤੇ ਸ. ਖੁਸ਼ਵੰਤ ਸਿੰਘ ਜੀ ਵਰਗੀਆਂ ਮਹਾਨ ਹਸਤੀਆਂ ਨੇ ਲਿਖਿਆ ਹੋਇਆ ਸੀ। ਇੱਕ ਤੋਂ ਬਾਦ ਇੱਕ ਗੱਲ ਮੇਰੀ ਖੁਸ਼ੀ ਵਿੱਚ ਵਾਧਾ ਕਰਦੀ ਜਾ ਰਹੀ ਸੀ।

ਅਜ ਸ਼ਾਦ ਜੀ ਆਪਣੀ ਮਿਸਾਲ ਆਪ ਹਨ, ਕਿਸੇ ਤਾਰੀਫ਼ ਅਥਵਾ ਪ੍ਰਸ਼ੰਸਾ ਦੇ

Digitized by Panjab Digital Library | www.panjabdigilib.org

ਮੁਹਤਾਜ ਨਹੀਂ। ਦੇਸ਼ ਵਿਦੇਸ਼, ਕੌਮ ਅਤੇ ਸਮਾਜ ਵਿਚ ਜੋ ਮਾਨ ਵਡਿਆਈ ਤੇ ਇੱਜ਼ਤ ਆਪ ਜੀ ਨੂੰ ਮਿਲੀ ਹੈ, ਉਹ ਅਕੱਥ ਹੈ। ਜਿਥੇ ਆਪ ਜੀ ਨੇ ਆਪਨਾ ਸਾਰਾ ਜੀਵਨ ਸਾਹਿਤਿਕ ਸੇਵਾ ਕਰਦਿਆਂ ਬਿਤਾਇਆ ਹੈ, ਉਥੇ ਨਾਲ ਦੇ ਨਾਲ ਦੇਸ਼, ਕੌਮ, ਧਰਮ ਤੇ ਸਮਾਜ ਦੀ ਸੇਵਾ ਕਰਨੀ ਭੀ ਆਪਣਾ ਪਰਮ ਧਰਮ ਸਮਝਦੇ ਰਹੇ ਹਨ।

ਆਪ ਉਹਨਾਂ ਨਿਖਰੇ ਹੋਏ ਨਿਰਮਾਨ ਨੇਤਾਵਾਂ ਵਿਚੋਂ ਹਨ ਜੋ ਸੰਸਾਰ ਦੀ ਦੂਸਰੀ ਜੰਗ ਤੋਂ ਵੀ ਪਹਿਲਾਂ U. K. ਤੇ ਭਾਰਤ ਵਿੱਚ ਲੋਕ ਲਹਿਰ ਤੇ ਲੋਕ ਸੇਵਾ ਦੇ ਕਰਮ ਖੇਤਰ ਵਿਚ ਅਨਥਕ ਆਗੂਆਂ ਵਾਂਗ ਵਿਚਰਦੇ ਆ ਰਹੇ ਹਨ। ਜਿਥੇ ਲੋਕ ਸੇਵਾ ਆਪ ਦਾ ਮੁਖ ਮਨੋਰਥ ਹੈ ਉਥੇ ਦੇਸ਼ ਪਿਆਰ ਆਪ ਦੇ ਦਿਲ ਦੀ ਸੱਚੀ ਲਗਨ। ਧਰਮ ਪ੍ਰਚਾਰ ਤੇ ਸਮਾਜਿਕ ਸੇਵਾ ਦੇ ਨਾਲ ਨਾਲ ਜਾਗਰਤੀ ਤੇ ਜਥੇਬੰਦੀ ਦੇ ਆਪ ਸਿਆਣੇ ਉਪਦੇਸ਼ਕ ਹਨ। ਜਿਥੇ ਆਪ ਸੁਲਝੇ ਹੋਏ ਲੇਖਕ, ਸਿਆਣੇ ਪ੍ਰਚਾਰਕ, ਕਾਵਿ ਕਲਾ ਦੇ ਮਾਹਿਰ, ਕ੍ਰਾਂਤਿਕ ਕਵੀ ਤੇ ਸਫਲ ਸੰਪਾਦਕ ਹਨ, ਉਥੇ ਸਚਿਆਈ ਤੇ ਅਸੂਲਾਂ ਦੀ ਪਾਲਣਾ ਕਰਨ ਵਾਲੇ ਸੁਘੜ ਪ੍ਰਬੰਧਕ ਵੀ। ਆਪ ਦੀ ਲੋਕ ਸੇਵਾ, ਦੇਸ ਪਿਆਰ, ਧਰਮ ਪ੍ਰਚ ਰ, ਸਮਾਜ ਸੁਧਾਰ ਦਾ ਰੀਕਾਰਡ ਅਤਿ ਸੁੰਦਰ ਤੇ ਸਿਖਿਆ ਦਾਇਕ ਹੈ।

ਜਿਥੇ ਇਨਕਲਾਬੀ ਦੇਸ ਭਗਤ ਸ. ਭਗਤ ਸਿੰਘ ਜੀ ਸ਼ਹੀਦ ਅਤੇ ਸ. ਊਧਮ ਸਿੰਘ ਜੀ ਆਜ਼ਾਦ ਦੇ ਆਪ ਨਿਕਟ ਵਰਤੀ ਹੋਣ ਦਾ ਮਾਨ ਰੱਖਦੇ ਹਨ ਉਥੇ ਦੇਸ਼ ਪਿਤਾ ਮਹਾਤਮਾ ਗਾਂਧੀ ਜੀ, ਪੰਡਿਤ ਜਵਾਹਰ ਲਾਲ ਨਹਿਰੂ ਜੀ ਅਤੇ ਸ: ਅਜੀਤ ਸਿੰਘ ਜੀ ਦੀ ਪਿਆਰ ਛੋਹ ਪਰਸਨ ਦਾ ਵੀ ਆਪ ਨੂੰ ਸੁਭਾਗ ਪ੍ਰਾਪਤ ਹੈ। ਸ੍ਰੀ ਸੁਭਾਸ਼ ਚੰਦਰ ਬੋਸ ਦੇ ਵੱਡੇ ਭਾਈ ਸ਼ਰਤ ਚੰਦਰ ਬੋਸ ਰਾਹੀਂ ਪਹਿਲਾ ਇਨਾਮ, ਮਾਨ-ਪੱਤਰ ਪ੍ਰਾਪਤ ਕਰਨ ਤੇ ਨਾਜ਼ ਹੈ। ਸ੍ਰੀ ਕਰਿਸ਼ਨਾ ਮੈਨਨ ਜੀ ਤੇ ਡਾਕਟਰ ਦੱਤਾ ਜੀ ਨਾਲ ਦੇਸ ਸੇਵਾ ਦੇ ਰਣ ਖੇਤਰ ਵਿੱਚ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੈ। ਜਿਥੇ ਅਨੇਕਾਂ ਧਾਰਮਿਕ ਕੇਂਦਰਾਂ ਤੇ ਕੌਮੀ ਸੰਸਥਾਵਾਂ ਵਿੱਚ ਆਪ ਮੁਖ ਪ੍ਰਬੰਧਕ ਰਹੇ ਹਨ ਉਥੇ ਅਨੇਕਾਂ ਸੰਸਥਾਵਾਂ ਦਾ ਆਦਿ ਅਰੰਭ ਕਰਨ ਵਾਲਿਆਂ ਵਿਚੋਂ ਵੀ ਆਪ ਇੱਕ ਹਨ।

ਆਪ ਜੀ ਦੀਆਂ ਸੇਵਾਵਾਂ ਦਾ ਕੁਝ ਸੰਖੇਪ ਵਰਨਣ ਪਾਠਕਾਂ ਦੀ ਭੇਟ ਕਰਨਾ ਦਾਸ ਜ਼ਰੂਰੀ ਸਮਝਦਾ ਹੈ ਜੋ ਕਿ ਇਸ ਪ੍ਰਕਾਰ ਹੈ :—

1. ਆਪ ਜੀ ਅਦਨ, ਮਿਡਲ ਈਸਟ, ਫਰਾਂਸ, ਇਟਲੀ ਤੇ ਜਰਮਨ ਦਾ ਗੇੜ ਕੱਟਕੇ 1936 ਵਿੱਚ ਯੂ. ਕੇ. ਪੁਜੇ। ਉਸ ਸਮੇਂ ਸਾਰੇ ਯੂ. ਕੇ. ਵਿੱਚ ਇੱਕੋ ਇੱਕ ਧਰਮ ਅਤੇ ਸਮਾਜਿਕ ਸੈਂਟਰ ਖਾਲਸਾ ਜੱਥਾ, 79, Shencliar Road, London W-14 ਸੀ।
2. ਸ਼ੁਰੂ ਵਿੱਚ ਲੰਡਨ, ਇਪਸਵਿੱਚ ਤੇ ਕਾਰਡੀਫ਼ ਆਦਿ ਸ਼ਹਿਰਾਂ ਵਿੱਚ ਆਪ ਜੀ Indian Art and Handicrafts ਦਾ ਕਾਰੋਬਾਰ ਕਰਦੇ ਰਹੇ ਤੇ ਫੇਰ ਬ੍ਰਿਸਟਲ ਵਿੱਚ Super Store ਖੋਲ੍ਹਿਆ।

Digitized by Panjab Digital Library | www.panjabdigilib.org

3. ਸੰਨ 1937 ਵਿੱਚ ਆਪ ਜੀ ਇੰਡੀਆ ਲੀਗ ਲੰਡਨ ਯੂ. ਕੇ. ਦੇ ਮੈਂਬਰ ਬਣੇ ਜਿਸਦੇ ਸਕੱਤਰ ਸ੍ਰੀ ਕਰਿਸ਼ਨਾ ਮੈਨਨ ਜੀ ਸਨ।

4. 15 ਅਗਸਤ, 1939 ਵਿੱਚ ਕਨਵੀਨਰ ਬਣਕੇ, "ਚੰਗਾ ਭਾਟੜਾ ਨੌਜਵਾਨ ਸਭਾ, ਯੂ. ਕੇ." ਦਾ ਆਦਿ ਅਰੰਭ ਕੀਤਾ।

5. ਸ. ਉਧਮ ਸਿੰਘ ਆਜ਼ਾਦ ਨੇ ਜਦ ਉਡਵਾਇਰ ਨੂੰ ਗੋਲੀ ਦਾ ਨਿਸ਼ਾਨਾ ਬਣਾਇਆ ਉਸ ਕੇਸ ਦੇ ਡਿਫੈਂਸ ਲਈ 19 ਮਾਰਚ, 1940 ਨੂੰ ਲੰਡਨ ਵਿੱਚ ਇੱਕਠ ਹੋਇਆ ਅਤੇ ਕਮੇਟੀ ਬਣੀ। ਆਪ ਜੀ ਉਸ ਕਮੇਟੀ ਦੇ ਵਰਕਿੰਗ ਮੈਂਬਰ ਸਨ।

6. 1947 ਵਿੱਚ ਆਪ ਖਾਲਸਾ ਜਥਾ ਲੰਡਨ ਦੇ ਜਾਇੰਟ ਸੈਕਟਰੀ ਚੁਣੇ ਗਏ ਅਤੇ 1951 ਵਿੱਚ ਸੰਗਤਾਂ ਨੇ ਆਪ ਜੀ ਨੂੰ ਪ੍ਰਧਾਨ ਦੀ ਸੇਵਾ ਦਾ ਮਾਣ ਬਖਸ਼ਿਆ।

7. 1955 ਵਿੱਚ ਆਪ ਦਸਮੇਸ਼ ਸਿੰਘ ਸਭਾ ਕਾਰਡੀਫ਼ ਦਾ ਗੁਰਦਵਾਰਾ ਬਣਾਉਣ ਵਾਲਿਆਂ ਵਿਚੋਂ ਸਨ ਅਤੇ 1957 ਤੇ ਫੇਰ 1960 ਵਿੱਚ ਪ੍ਰਧਾਨਗੀ ਦੀ ਸੇਵਾ ਕਰਦੇ ਰਹੇ।

8. 1963 ਵਿੱਚ ਗੁ: ਨਾਨਕ ਪ੍ਰਕਾਸ਼ ਸਿੰਘ ਸਭਾ, 8-St. Marks Road Bristol -5 ਦੀ ਪ੍ਰਧਾਨਗੀ ਸੇਵਾ ਦਾ ਅਵਸਰ ਆਪ ਜੀ ਨੂੰ ਮਿਲਿਆ।

9. ਆਪ ਬ੍ਰਿਸਟਲ ਇੰਡੀਅਨ ਐਸੋਸੀਏਸ਼ਨ ਦੇ ਹੈਡ ਕੈਸ਼ੀਅਰ, ਮੀਤ ਪ੍ਰਧਾਨ ਅਤੇ 1967 ਵਿੱਚ ਪ੍ਰੈਜ਼ੀਡੈਂਟ ਚੁਣੇ ਗਏ।

10. 1970 ਵਿੱਚ ਆਪ ਗੁ: ਸੰਗਤ ਸਿੰਘ ਸਭਾ, 11 Summer Hill Bristol ਦੇ ਫੌਂਡਰ ਪ੍ਰੈਜ਼ੀਡੈਂਟ ਅਤੇ ਫੇਰ 1976 ਤੇ 1981 ਵਿੱਚ ਪ੍ਰਧਾਨ ਦੀ ਸੇਵਾ ਦੇ ਨਾਲ ਕਮੇਟੀ ਦੇ ਚੈਕਰ ਤੇ ਐਡਵਾਇਜ਼ਰ ਥਾਪੇ ਗਏ।

11. ਬੀਤੇ 10 ਸਾਲਾਂ ਤੋਂ ਹੁਣ ਤੱਕ ਬ੍ਰਿਸਟਲ ਕਮਿਊਨਿਟੀ ਰੀਲੇਸ਼ਨ ਕੌਂਸਲ ਦੇ ਆਪ ਐਗਜ਼ੈਕਟਿਵ ਮੈਂਬਰ ਹਨ।

12. 27-28 ਜੂਨ, 1981 ਨੂੰ ਗੁ: ਸੰਗਤ ਸਿੰਘ ਸਭਾ ਬ੍ਰਿਸਟਲ ਵਿਖੇ ਭਾਟੜਾ ਬ੍ਰਾਦਰੀ ਦੀ "ਕੌਮੀ ਕਾਨਫਰੰਸ" ਦੀ ਪ੍ਰਧਾਨਗੀ ਕਰਨ ਦਾ ਮਾਣ ਭੀ ਆਪ ਜੀ ਨੂੰ ਪ੍ਰਾਪਤ ਹੋਇਆ।

13. ਅਗਸਤ 1982 ਵਿੱਚ ਬ੍ਰਿਸਟਲ ਵਿਖੇ, ਧਰਮ ਤੇ ਸਮਾਜ ਦੀ ਸਿਆਸੀ ਤੇ ਸਮਾਜੀ ਸੇਵਾ ਕਰਨ ਹਿੱਤ "ਸਿੱਖ ਕਮਿਊਨਿਟੀ ਕੌਂਸਲ" ਬਣਾਈ ਗਈ। ਇਸ ਦੇ ਪ੍ਰਧਾਨ ਭੀ ਗਿ: ਸ਼ਾਦ ਜੀ ਹੀ ਥਾਪੇ ਗਏ।

Digitized by Panjab Digital Library | www.panjabdigilib.org

ਉਪਰੋਕਤ ਸੰਖੇਪ ਰੂਪ ਵਿਚ ਦਿੱਤੀਆਂ "ਸ਼ਾਦ ਸੇਵਾਵਾਂ" ਦਾ ਵਰਨਣ ਜੇ ਵਿਸਥਾਰ ਵਿੱਚ ਕੀਤਾ ਜਾਵੇ ਤਾਂ ਬਹੁਤ ਸਾਰੇ ਪੰਨੇ ਭਰ ਜਾਂਦੇ ਹਨ। ਇਸ ਲਈ ਅੰਤ ਵਿੱਚ ਦਾਸ ਸ਼ਾਦ ਜੀ ਦੀ ਇਸ ਕਰੜੀ ਘਾਲਨਾ ਦੀ ਦਿਲੋਂ ਪ੍ਰਸ਼ੰਸਾ ਤੇ ਸਤਿਕਾਰ ਕਰਦਾ ਹੈ ਜੋ ਕਿ ਆਪ ਜੀ ਨੇ "ਸੰਗਤ ਭਾਟੜਾ ਦੀ ਕ੍ਰਾਂਤਿਕ ਲਹਿਰ ਦਾ ਇਤਿਹਾਸ" ਲਿਖਕੇ ਕੌਮ ਅਤੇ ਸਮਾਜ ਨੂੰ ਬੀਤੇ ਸਮੇਂ ਦੀਆਂ ਘਟਨਾਵਾਂ ਤੇ ਕ੍ਰਾਂਤਿਕ ਮੋੜਾਂ ਦੀ ਜਾਣਕਾਰੀ ਦੇ ਕੇ ਅਨਮੁਲੀ ਸੇਵਾ ਕਰਦਿਆਂ ਲੋਕ-ਜੱਸ ਖੱਟਿਆ।

ਗਿ: ਸੁਰਿੰਦਰ ਸਿੰਘ 'ਸੋਚ' ਪਟਿਆਲਾ
ਛਪਾਈ ਇੰਚਾਰਜ,
ਸੰਗਤ ਸੰਦੇਸ਼, ਕਰਡਿਫ ਯੂ.ਕੇ.
ਅਤੇ
ਸੰਗਤ ਭਾਟੜਾ ਦੀ ਕ੍ਰਾਂਤਿਕ ਲਹਿਰ ਦਾ ਇਤਿਹਾਸ

Digitized by Panjab Digital Library | www.panjabdigilib.org

ਸਮੂਹ ਸਹਿਯੋਗੀ ਸਜਣਾਂ ਦਾ ਧੰਨਵਾਦ

ਸੰਗਤ ਭਾਟੜਾ ਦੀ ਕ੍ਰਾਂਤਿਕ ਲਹਿਰ ਦਾ ਇਤਿਹਾਸ ਲਿਖਣ ਦੇ ਦੌਰਾਨ, ਸਮੇਂ ਸਮੇਂ ਖੋਜ ਪੜਤਾਲ ਕਰਦਿਆਂ ਜਿਥੇ ਅਨੇਕਾਂ ਸਮਾਜਿਕ ਤੇ ਰਾਜਸੀ ਲਹਿਰਾਂ ਦੇ ਇਤਿਹਾਸ ਪੜ੍ਹਨ ਤੇ ਵਿਚਾਰਨ ਦਾ ਸੁਭਾਗ ਮਿਲਿਆ, ਉਥੇ ਹੇਠ ਲਿਖੇ ਪ੍ਰਸਿਧ ਵਿਦਵਾਨ, ਖੋਜੀ ਤੇ ਇਤਿਹਾਸਕਾਰਾਂ ਦੇ ਰਚਿਤ ਗਰੰਥ ਤੇ ਇਤਿਹਾਸ, ਜਿਹਾ ਕਿ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਸੁਚੱਜੀ ਕਿਰਤ, "ਗੁਰਮੁਖ ਜੀਵਨ", ਡਾ: ਹਰਦਿੱਤ ਸਿੰਘ ਜੀ ਢਿੱਲੋਂ ਦਾ "ਪੂਰਬ ਤੇ ਪੱਛਮ" ਤੇ ਇਸ ਦਾ ਮੁੱਖ ਬੰਦ ਪ੍ਰਿੰਸੀਪਲ ਜੋਧ ਸਿੰਘ ਜੀ, ਸ. ਗੁਰਬਖਸ਼ ਸਿੰਘ ਜੀ ਪ੍ਰੀਤ ਲੜੀ ਦੀ "ਸਾਵੀਂ ਪੱਧਰੀ ਜ਼ਿੰਦਗੀ",ਡਾਕਟਰ ਤਰਲੋਚਨ ਸਿੰਘ ਜੀ ਦੀ ਰਚਨਾ "ਜੀਵਨ ਚਰਿਤਰ ਗੁਰੂ ਨਾਨਕ ਦੇਵ ਜੀ" ਤੇ ਸ. ਸੋਹਣ ਸਿੰਘ ਜੀ ਜੋਸ਼ ਦੀ ਕਰੜੀ ਕਿਰਤ "ਅਕਾਲੀ ਮੋਰਚਿਆਂ ਦਾ ਇਤਿਹਾਸ" ਨੇ ਲੇਖਕ ਦੀ ਕਲਮ ਨੂੰ ਉਤਸ਼ਾਹ ਬਖਸ਼ਿਆ। ਇਵੇਂ ਹੀ ਗਦਰੀ ਬਾਬਿਆਂ ਦੀਆਂ ਜੀਵਨੀਆਂ ਤੇ ਗਦਰ ਪਾਰਟੀ ਦੇ ਇਤਿਹਾਸ ਤੋਂ ਢੇਰ ਪ੍ਰੇਰਨਾ ਮਿਲੀ। ਲੇਖਕ ਸਮੂੰਹ ਵਿਦਵਾਨ ਇਤਿਹਾਸਕਾਰਾਂ ਖੋਜੀਆਂ ਦਾ ਹਾਰਦਿਕ ਧੰਨਵਾਦੀ ਹੈ।

ਸਮੁਚਾ ਭਾਟੜਾ ਸੰਗਤ ਦਾ "ਸੰਗਤ ਰਸਾਲਾ" ਲਾਹੌਰ, "ਸੰਗਤ ਸਮਾਚਾਰ" ਪਟਿਆਲਾ ਤੇ ਅੰਮ੍ਰਿਤਸਰ, "ਸਿਖ ਸੰਦੇਸ਼" ਕਾਰਡੀਫ ਤੇ "ਸੰਗਤ ਸੰਦੇਸ਼" U K ਆਦਿ ਕੌਮੀ ਮਾਸਕ ਪੱਤਰਾਂ ਰਾਹੀਂ ਇਤਿਹਾਸਿਕ ਸਫਲਤਾ ਦੀ ਸੇਧ ਪ੍ਰਾਪਤ ਹੋਈ ਹੈ। ਲੇਖਕ ਜਿਥੇ ਸਮੂੰਹ ਮਾਸਕ ਪੱਤਰਾਂ ਦੀ ਸੁਚੱਜੀ ਸੇਧ ਦਾ ਧੰਨਵਾਦੀ ਹੈ, ਉਥੇ ਸਮੂੰਹ ਵਿਦਵਾਨ, ਖੋਜੀ ਇਤਿਹਾਸਕਾਰਾਂ ਦੇ ਸਮੇਂ ਸਮੇਂ ਗੋਸ਼ਟੀਆਂ ਦੇ ਰੂਪ ਵਿਚ ਲੇਖਕ ਨੂੰ ਦਿਤੇ ਸੁਝਾਵਾਂ ਦਾ ਵੀ ਦਾਸ ਰਿਣੀ ਹੈ। ਇਸਦੇ ਨਾਲ ਹੀ ਗਿਆਨੀ ਸੁਰਿੰਦਰ ਸਿੰਘ ਜੀ "ਸੋਚ" ਦੀ ਸੰਗਤ ਭਾਟੜਾ ਦੀ ਕ੍ਰਾਂਤਿਕ ਲਹਿਰ ਦਾ ਇਤਿਹਾਸ ਦੀ ਸਾਰੀ ਛਪਾਈ ਦੀ ਜ਼ਿੰਮੇਵਾਰੀ ਆਪਣੇ ਜਿੰਮੇ ਲੈ ਕੇ ਲੇਖਕ ਨੂੰ ਢੇਰ ਸਹੂਲਤ ਤੇ ਸਹਿਯੋਗ ਦਿਤਾ ਹੈ। ਆਪ ਦੀ ਕਰੜੀ ਕਿਰਤ ਮਹਾਨ ਹੈ ਲੇਖਕ ਆਪ ਦੇ ਇਸ ਉੱਦਮ ਉਪਰਾਲੇ ਦਾ ਰਿਣੀ ਹੈ। ਆਪ ਨੇ ਧਰਮ ਤੇ ਸਮਾਜ ਵਿੱਚ ਲੇਖਕ ਦਾ ਯੋਗਦਾਨ" ਲਿਖਕੇ ਪਾਠਕਾਂ ਦੇ ਗਿਆਨ ਵਿੱਚ ਢੇਰ ਵਾਧਾ ਕੀਤਾ ਹੈ। ਧੰਨਵਾਦ !

ਸਾਮਰਾਜੀ ਨਿਜ਼ਾਮ ਵਿੱਚ ਜਿਥੇ ਹਰ ਕਿਰਤ ਨੂੰ ਚਾਂਦੀ ਦੇ ਗਜ਼ਾਂ ਨਾਲ ਮਿਣਿਆ ਤੇ ਸੋਨੇ ਦੇ ਸਿਕਿਆਂ ਨਾਲ ਤੋਲਿਆ ਜਾਂਦਾ ਹੈ, ਉਥੇ ਲੋਕ ਜੁਗ ਵਿਚ ਸਮਾਂ ਤੇ ਸਰਮਾਇਆ ਸਾਵਾਂ ਡੰਡੀ ਤੁਲਦਾ ਹੈ, ਸਮਾਂ ਲੰਘ ਜਾਂਦਾ ਹੈ, ਸਰਮਾਇਆ ਖਤਮ ਹੋ ਜਾਂਦਾ

Digitized by Panjab Digital Library | www.panjabdigilib.org

ਹੈ, ਪਰ ਕਿਰਤ ਮਹਾਨ ਤੇ ਸਦਾ ਅਮਰ ਹੈ। ਕੋਈ ਵੀ ਕਾਰਜ ਚਾਹੇ ਸਿਆਸੀ ਹੋਵੇ ਜਾਂ ਸਮਾਜੀ, ਉਸਦੀ ਸਫਲਤਾ ਜੀਵਨ ਸਾਥੀ ਦੇ ਸਹਿਯੋਗ ਦੇ ਆਧਾਰ ਤੇ ਹੁੰਦੀ ਹੈ ਇਸ ਲਈ ਲੇਖਕ ਦੀ ਇਹ ਅਕਿਰਤ-ਘਨਤਾ ਹੋਵੇਗੀ ਜੇਕਰ ਆਪਣੀ ਜੀਵਨ ਸਾਥਨ ਸ੍ਰੀਮਤੀ ਸਵਰਨ ਕੌਰ ਜੀ ਦੀ ਕ੍ਰਾਂਤਿਕ ਲਹਿਰ ਦੇ ਇਤਿਹਾਸ ਵਿਚ ਕੀਤੀ ਕਰੜੀ ਕਿਰਤ ਤੇ ਦਿੱਤੇ ਸਹਿਯੋਗ ਦਾ ਧੰਨਵਾਦ ਕਰਨਾ ਭੁਲ ਜਾਵਾਂ। ਅੰਤ ਵਿੱਚ ਲੇਖਕ ਭਾਟੜਾ ਸੰਗਤ ਦੀ ਸੁਲਝੀ ਹੋਈ ਸ਼ਖਸੀਅਤ ਬਜ਼ੁਰਗ ਸੁਜਾਣ ਸਿੰਘ ਜੀ ਦੇ ਨਿਘੇ ਪਿਆਰ ਦੀ ਜਿਥੇ ਭਰਵੀਂ ਪ੍ਰਸੰਸਾ ਕਰਦਾ ਹੈ, ਉਥੇ ਕ੍ਰਾਂਤਿਕ ਵਿਚਾਰਾਂ ਦੇ ਨੌਜਵਾਨ ਨਿਰਮਾਤਾ ਸ. ਮੇਵਾ ਸਿੰਘ ਜੀ ਦੀ ਪਿਆਰ ਮਿਲਵਰਤਨ ਦਾ ਵੀ ਧੰਨਵਾਦੀ ਹੈ।

ਅੰਤ ਵਿਚ ਲੇਖਕ ਬ੍ਰਿਸਟਲ ਦੇ ਤਿੰਨਾਂ ਗੁਰਦਵਾਰਿਆਂ ਦੇ ਪ੍ਰਬੰਧਕਾਂ ਤੇ ਵਿਦਵਾਨਾਂ, ਬ੍ਰਿਸਟਲ ਸਿਖ ਕਮਿਉਨਿਟੀ ਕੌਂਸਲ ਅਤੇ ਧਾਰਮਿਕ ਤੇ ਸਮਾਜਿਕ ਸਾਥੀਆਂ ਦਾ ਹਾਰਦਿਕ ਧੰਨਵਾਦੀ ਹੈ, ਜਿਨ੍ਹਾਂ ਦਾ ਨਿਘਾ-ਪਿਆਰ, ਸਾਹਿਤਿਕ-ਸੰਮਤੀ ਅਤੇ ਇਤਿਹਾਸਿਕ ਸਹਿਯੋਗ ਪ੍ਰਭਾਤੀ ਤਾਰੇ ਦੀ ਲੋਅ ਵਾਂਗ ਸੁਰਾਹੇ ਪਾਉਣ ਵਾਲਾ ਹੈ।

—ਲੇਖਕ

Digitized by Panjab Digital Library | www.panjabdigilib.org

ਭਾਗ I

(ਸੁਤੰਤਰਤਾ ਤੋਂ ਪਹਿਲਾਂ)

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਕਰਦੇ ਹਨ ਉਥੇ ਉਹਨਾਂ ਦੇ ਇਹ ਵਿਚਾਰ, "ਇਸ ਕਾਨਫਰੰਸ ਦੀ ਸਫਲਤਾ ਵੇਖ ਮੇਰੇ ਅੰਦਰੋਂ ਅਵਾਜ਼ ਉਠਦੀ ਹੈ ਕਿ ਹੁਣ ਕੋਈ ਕੌਮ ਭਾਟਰੇ ਸਿੰਘਾਂ ਨੂੰ ਆਪਣੇ ਅਧੀਨ ਨਹੀਂ ਰਖ ਸਕਦੀ ਤੇ ਜੋ ਸਾਡੇ ਨਾਲ ਘਿਰਣਾਂ ਭਰਿਆ ਵਰਤਾਉ ਕਰਦੇ ਹਨ, ਅਸੀਂ ਉਹਨਾਂ ਦੇ ਇਸ ਤਰਿਸਕਾਰ ਭਰੇ ਰਵਈਏ ਤੇ ਲ੍ਹਾਨਤ ਪਾਉਂਦੇ ਹਾਂ" ਆਪ ਦੇ ਕੌਮੀ ਪਿਆਰ ਤੇ ਅਣਖ ਦੀ ਸਾਖੀ ਭਰਦੇ ਹਨ।

ਗੱਦੀਦਾਰਾਂ ਨੂੰ ਗਦੀਆਂ ਤੋਂ ਲਹਿਣਾਂ ਪਵੇਗਾ
ਸੰਗਤ ਦੀ ਪੰਗਤ 'ਚ ਬਹਿਣਾ ਪਵੇਗਾ।

ਲੋਕ ਲਹਿਰ ਦੀ ਚੜ੍ਹਕੇ ਆ ਗਈ ਤੁਗਿਆਨੀ
ਅਕੀਦੇ ਤੇ ਜੋਬਨ ਅਮਲ ਤੇ ਜੁਆਨੀ
ਨਹੀਂ ਰੋਕਿਆਂ ਰੁਕਦੀ ਇਸ ਦੀ ਰੁਆਨੀ

ਡਿਕਟੇਟਰੀ ਅੱਜ ਜੋ ਸਿਰ ਤੇ ਚੜ੍ਹੀ ਏ
ਸਿਰ ਪਰਨੇ ਆਕੇ ਹੁਣ ਪਹਿਣਾ ਪਵੇਗਾ

ਗਦੀਦਾਰਾਂ ਨੂੰ... ... ... ।
ਸੰਗਤ ਦੀ... ... ...।

ਹੁਣ ਜਜ਼ਬਾ ਆ ਗਿਐ ਜਵਾਨਾਂ ਦੇ ਅੰਦਰ
ਸਧਰਾਂ ਨੇ ਲੱਖਾਂ ਅਰਮਾਨਾਂ ਦੇ ਅੰਦਰ
ਜਿਵੇਂ ਲਹਿਰਾਂ ਉੱਠਨ ਤੁਫਾਨਾਂ ਦੇ ਅੰਦਰ

ਇਹ ਜੀਵਨ ਸੰਦੇਸ਼ ਹੈ ਚੜ੍ਹਦੀ ਕਲਾ ਦਾ
ਢਹਿੰਦੀ ਕਲਾ ਤਾਈਂ ਢਹਿਣਾ ਪਵੇਗਾ ।

ਗਦੀ ਦਾਰਾਂ ਨੂੰ ... ... ।
ਸੰਗਤ ਦੀ... ... ...।

ਸੁਧਾਰ-ਵਾਦੀਆਂ ਪੱਕਾ ਪ੍ਰਣ ਕਰ ਲਿਆ ਏ।
ਕੌਮ ਸੇਵਾ ਲਈ ਸੀਸ ਤਲੀ ਧਰ ਲਿਆ ਏ।
ਸੰਗਤ ਦਾ ਸੰਗਤ ਨੇ ਦੁਖ ਹਰ ਲਿਆ ਏ।

ਵਾਹਰ ਦੀ ਫਤੇ ਦਾ ਜੋ ਹੈ ਬੋਲ ਬਾਲਾ
ਉਸ ਤਾਈਂ ਬਦਲਕੇ ਹੁਣ ਕਹਿਣਾ ਪਵੇਗਾ।

ਗੱਦੀਦਾਰਾਂ ਨੂੰ ... ... ।
ਸੰਗਤ ਦੀ ... ... ।

Digitized by Panjab Digital Library | www.panjabdigilib.org

ਲਥ ਚੁੱਕੈ ਹੁਣ ਤੇ ਖਾਮੋਸ਼ੀ ਦਾ ਤਾਲਾ
ਮਧਹੋਸ਼ੀ ਦੀ ਮਸਤੀ ਬੇਹੋਸ਼ੀ ਦਾ ਤਾਲਾ
ਮੂੰਹ ਮੀਟੀ ਮਹਿਫਲ ਬੇਦੋਸ਼ੀ ਦਾ ਤਾਲਾ

ਖੁਦਾਈ ਦੇ ਅਗੇ ਖੁਦਾ ਅੜ ਨਹੀਂ ਸਕਦਾ
ਬਹੁਸੰਮਤੀ ਦੇ ਵਹਿਣਾਂ 'ਚ ਵਹਿਣਾ ਪਵੇਗਾ

ਗਦੀਦਾਰਾਂ ਨੂੰ ... ...।
ਸੰਗਤ ਦੀ ... ...।

ਜਾਗਰਤੀ ਜਥੇਬੰਦੀ ਦਾ ਇਹ ਹੈ ਜ਼ਮਾਨਾ
ਜੀਵਨ ਹੱਕਾਂ ਲਈ ਲੜਨਾ ਜੀਵਨ ਨਿਸ਼ਾਨਾ
ਅਮਨ ਆਜ਼ਾਦੀ ਅੰਦੋਲਨ ਰਚਾਨਾ/

ਕੌਮੀ ਇਤਿਹਾਸ ਨੂੰ ਕਲੰਕਤ ਜਿਸ ਕੀਤਾ
ਉਸਨੂੰ ਬਦਲਕੇ ਹੁਣ ਰਹਿਣਾ ਪਵੇਗਾ

ਗਦੀਦਾਰਾਂ ਨੂੰ ... ...।
ਸੰਗਤ ਦੀ ... ... ।

ਡਿਕਟੇਟਰੀ ਸਾਮਰਾਜੀ ਤੇ ਸਰਮਾਏਦਾਰੀ
ਨਿਕੰਮੀ ਨਿਖੱਸਮੀ ਨਿਕਾਰੀ ਬਿਮਾਰੀ
ਲੋਕ ਜੁੱਗ ਵਿਚ ਨਹੀਂ ਏ ਜਾਂਦੀ ਸਹਾਰੀ

ਮਨੁੱਖਤਾ ਦੀ ਰਤ ਪੀਣੀਆਂ ਨੇ ਇਹ ਜੋਕਾਂ
ਨੂੰ ਕਿਲਕਾਰ ਕੇ ਸ਼ਾਦ ਕਹਿਣਾ ਪਵੇਗਾ

ਗਦੀਦਾਰਾਂ ਨੂੰ ਗਦੀਆਂ ਤੋਂ ਲਹਿਣਾ ਪਵੇਗਾ ।
ਸੰਗਤ ਦੀ ਪੰਗਤ ਵਿਚ ਬਹਿਣਾ ਪਵੇਗਾ ।

ਇਸ ਤੋਂ ਅਗੇ ਪ੍ਰਧਾਨ ਜੀ ਨੇ ਹਾਜ਼ਰੀ ਨੂੰ ਸੰਬੋਧਨ ਕਰਦਿਆਂ ਫਰਮਾਇਆ "ਇਸ ਕਾਨਫਰੰਸ ਦਾ ਮਨੋਰਥ ਭਾਟਰਾ ਕੌਮ ਦੀ ਆਰਥਿਕ ਸਮਾਜਿਕ ਰਾਜਸੀ ਤੇ ਸੋਸ਼ਲ ਪੁਜ਼ੀਸ਼ਨ ਨੂੰ ਨਵਾਂ ਨਕੋਰ ਬਣਉਣਾ ਹੈ। ਜਿਥੇ ਜਿਥੇ ਵੀ ਭਾਟਰਾ ਸਿੰਘ ਹੈ ਉਸਨੂੰ ਇਕ ਕੜੀ ਵਿਚ ਪ੍ਰੋਕੇ ਜਥੇਬੰਦੀ ਨੂੰ ਮਜਬੂਤ ਕਰਨਾ ਹੈ। ਸਮੂੰਹ ਭਾਟਰਾ ਸੰਗਤ, ਸਿਖ ਪੰਥ ਦੀ ਨੁਮਾਇੰਦਾ ਜਮਾਤ ਸ਼੍ਰੋਮਣੀ ਅਕਾਲੀ ਦਲ ਦੇ ਨਾਲ ਹੈ।" ਇਸਦੇ ਨਾਲ ਹੀ ਆਪ ਜੀ ਨੇ ਭਾਟਰੇ ਸਿੰਘਾਂ ਦੇ ਧਾਰਮਿਕ ਹਕਾਂ ਲਈ ਪੰਥਕ ਲੀਡਰਾਂ ਨੂੰ ਸੰਬੋਧਨ ਕੀਤਾ ਕਿ ਮਾਜੂਦਾ ਸਿਖ ਲੀਡਰਾਂ ਦਾ ਫਰਜ਼ ਹੈ ਕਿ ਧਾਰਮਿਕ ਅਧਿਕਾਰਾਂ ਦੀ ਵੰਡ ਸਮੇਂ ਭਾਟਰੇ ਸਿੰਘਾਂ ਵੱਲ ਵੀ ਧਿਆਨ ਦੇਣ। ਇਸ ਦੇ ਨਾਲ ਆਪਜੀ ਨੇ ਕੌਮ ਦੇ ਉਜਲੇ ਭਵਿਖਤ ਲਈ ਅਨੇਕਾਂ ਸੁਝਾਉ ਦਿਤੇ। ਆਪਦਾ

Digitized by Panjab Digital Library | www.panjabdigilib.org

ਪ੍ਰਧਾਨਗੀ ਭਾਸ਼ਨ ਜਿਥੇ ਆਪਦੇ ਕੌਮੀ ਪਿਆਰ ਦਾ ਸਬੂਤ ਸੀ, ਉਥੇ ਸਿਆਸੀ, ਸਮਾਜੀ ਤੇ ਸੂਝਵਾਨ ਨਿਰਮਾਣ ਨੇਤਾ ਦੀ ਸਾਖੀ ਭਰਦਾ ਸੀ।

ਨਿਸ਼ਾਨ ਸਾਹਿਬ ਲਹਿਰਾਉਣ ਦੀ ਰਸਮ

ਇਸ ਅਦੁਤੀ ਸਰਬ ਹਿੰਦ ਭਾਟਰਾ ਕਾਨਫਰੰਸ 'ਚ ਬੇਗਿਣਤ ਸਿਖ ਸੰਗਤਾਂ, ਮਾਈ ਭਾਈ ਦੀ ਹਾਜਰੀ 'ਚ ਜਥੇਦਾਰ ਭਾਈ ਗੁਰਦਿਤ ਸਿੰਘ ਜੀ ਮਿੰਟਗੁਮਰੀ ਵਾਲਿਆਂ ਦੇ ਭਾਵ ਪੂਰਨ ਸੰਖੇਪ ਸ਼ਬਦਾਂ "ਨਿਸ਼ਾਨ ਸਾਹਿਬ ਖਾਲਸਾ ਪੰਥ ਦੀ ਸਵਤੰਤਰਤਾ ਦਾ ਸੂਚਕ ਤੇ ਚੜਦੀ ਕਲਾ ਦਾ ਚਿੰਨ੍ਹ ਹੈ। ਇਹ ਜਿਥੇ ਪੰਥਕ ਪਿਆਰ ਅਮਨ, ਏਕਤਾ, ਜਥੇਬੰਦੀ, ਦੇ ਜਜ਼ਬਿਆ ਨੂੰ ਜਗਾਉਂਦਾ ਹੈ, ਉਥੇ ਪੰਥ ਦੀ ਆਨ. ਸ਼ਾਨ, ਦਾ ਰਾਖਾ ਤੇ ਕੁਰਬਾਨੀ ਦੀ ਭਰਪੂਰ ਪ੍ਰੇਰਨਾ ਵੀ ਦੇਂਦਾ ਹੈ। ਸਮੁੱਚੇ ਪੰਥ ਨੇ ਨਿਸ਼ਾਨ ਸਾਹਿਬ ਦੀ ਅਜ਼ਾਦੀ ਲਈ ਅਨਕਾਂ ਕਠਨ ਘਾਲਣਾਂ ਘਾਲੀਆਂ ਤੇ ਬੇਗਿਣਤ ਕੁਰਬਾਨੀਆਂ ਕਰਕੇ ਦੇਸ਼ ਤੋਂ ਛੁਟ ਜੈਮਰੋਧ ਦੇ ਕਿਲੇ ਤੇ ਜਾ ਲਹਿਰਾਇਆ। ਇਸਦੀ ਰਾਖੀ ਕਰਨਾ ਖਾਲਸਾ ਪੰਥ ਦੀ ਜ਼ਿੰਮੇਵਾਰੀ ਹੈ ਇਹ ਨਿਸ਼ਾਨ ਸਾਹਿਬ ਸਦਾ ਝੂਲਦਾ ਰਹੇ ਤੇ ਪੰਥ ਜੁਗੋ ਜੁਗ ਅਟੱਲ ਰਹੇ" ਦੇ ਨਾਲ ਤੇ ਜੈਕਾਰਿਆ ਦੀ ਗੂੰਜ 'ਚ ਨਿਸ਼ਾਨ ਸਾਹਿਬ ਲਹਿਰਾਇਆ।

ਕੌਮੀ ਕਵੀ ਦਰਬਾਰ

ਯੂਨੀਅਨ ਦੇ ਉਲੀਕੇ ਪ੍ਰੋਗਰਾਮ ਅਨੁਸਾਰ, 8 ਸਤੰਬਰ ਦੀ ਰਾਤ 10 ਵਜੇ ਮਹਾਨ ਕੌਮੀ ਕਵੀ ਦਰਬਾਰ, ਸ੍ਰੀਮਾਨ ਸੰਤ ਅਤਰ ਸਿੰਘ ਜੀ ਵੈਦਰਾਜ ਨਨਕਾਣਾ ਸਾਹਿਬ ਜੀ ਦੀ ਪ੍ਰਧਾਨਗੀ ਹੇਠ ਹੋਇਆ। ਪੰਡਾਲ ਬੇਅੰਤ ਸਿਖ ਸੰਗਤਾਂ, ਮਾਈ ਭਾਈ ਨਾਲ ਭਰਪੂਰ ਸੀ। ਕਵਿਤਾਵਾਂ ਦੇ ਜੱਜ ਗਿਆਨੀ ਮੂਲ ਸਿੰਘ ਜੀ ਨਿਰਮਾਨ ਡਸਕਾਕੋਟ, ਗਿਆਨੀ ਹਰਨਾਮ ਸਿੰਘ ਜੀ ਕੌਮੀ ਲਾਹੌਰ, ਬਾਬੂ ਬਲਵੰਤ ਸਿੰਘ ਜੀ ਗਾਡ ਡਸਕਾ, ਸ. ਪ੍ਰੇਮ ਸਿੰਘ ਜੀ ਗੋਂਡਾ ਫਤਿਹਗੜ, ਗਿਆਨੀ ਸੁੰਦਰ ਸਿੰਘ ਜੀ ਸਾਗਰ ਗਲੋਟੀਆਂ ਤੇ ਬਾਵਾ ਸੁੱਚਾ ਸਿੰਘ ਜੀ ਭਟੀ ਸਨ। ਬੇਗਿਣਤ ਕੌਮੀ ਕਵੀਆਂ ਨੇ ਆਪੋ ਆਪਣੀਆਂ ਨਵੀਨ ਤੇ ਕੌਮੀ ਪਿਆਰ ਦੀਆਂ ਰਚਨਾਵਾਂ ਸੁਚੱਜੇ ਢੰਗ ਨਾਲ ਸੁਣਾਕੇ ਹਾਜ਼ਰੀ ਤੋਂ ਢੇਰ ਪ੍ਰਸ਼ੰਸਾ ਤੇ ਜੱਜਾਂ ਤੋਂ ਇਨਾਮ ਪ੍ਰਾਪਤ ਕੀਤੇ। ਹਾਜ਼ਰੀ ਦੀ ਮੰਗ ਤੇ ਲੇਖਕ ਨੇ 'ਗਦੀਦਾਰਾਂ ਨੂੰ ਗਦੀਆਂ ਤੋਂ ਲਹਿਣਾ ਪਵੇਗਾ ਤੇ ਸੰਗਤ ਦੀ ਪੰਗਤ 'ਚ ਬਹਿਣਾ ਪਵੇਗਾ' ਦੀ ਕਵਿਤਾ ਸੁਣਾਈ ਜੋ ਹਾਜ਼ਰੀ ਨੇ ਢੇਰ ਸਲਾਹੀ ਤੇ ਜੱਜਾਂ ਨੇ ਪ੍ਰਸ਼ੰਸਾ ਸਾਹਿਤ ਸਨਮਾਨਿਆ। ਕਵੀ ਦਰਬਾਰ ਇਕ ਵਜੇ ਰਾਤ ਨੂੰ ਸਫਲਤਾ ਸਾਹਿਤ ਸਮਾਪਤ ਹੋਇਆ।

ਕਾਨਫਰੰਸ ਵਿਚ ਧਾਰਮਿਕ ਤੇ ਰਾਜਸੀ ਨੇਤਾ

ਕੌਮੀ ਕਾਨਫਰੰਸ ਦੇ ਪਹਿਲੇ ਸਮਾਗਮ ਦੀ ਸਫਲਤਾ ਦਾ ਡੰਕਾ ਪੰਜਾਬ ਦੇ ਕੋਨੇ ਕੋਨੇ ਵਿਚ ਗੂੰਜ ਪਿਆ। ਜਿਥੇ ਸਮੂੰਹ ਭਾਟਰਾ ਸੰਗਤ ਦੇ ਦਿਲਾਂ ਵਿਚ ਕਾਨਫਰੰਸ ਦਾ ਉਤਸ਼ਾਹ ਪਹੁ ਫੁਟਦੇ ਦੀ ਲਾਲੀ ਵਾਂਗ ਉਜਾਗਰ ਸੀ, ਉਥੇ ਗਵਾਂਢੀ ਕੌਮਾਂ ਤੇ ਧਾਰਮਿਕ

Digitized by Panjab Digital Library | www.panjabdigilib.org

ਤੇ ਸਮਾਜਿਕ ਸਮਕਾਲੀ ਸੰਸਥਾਵਾਂ ਭਾਟਰਾ ਸੰਗਤ ਦੀ ਜਾਗਰਤੀ ਤੇ ਜਥੇਬੰਦੀ ਦੇ ਅਦੁਤੀ ਨਜ਼ਾਰੇ ਦਾ ਅਨੋਖਾ ਪ੍ਰਭਾਵ ਅਨੁਭਵ ਕਰਦਿਆਂ ਹੈਰਾਨੀ ਤੇ ਖੁਸ਼ੀ ਦਾ ਪ੍ਰਗਟਾਵਾ ਰੱਜਵੀਂ ਪ੍ਰਸ਼ੰਸਾ ਨਾਲ ਕਰ ਰਹੇ ਸਨ। ਕਾਨਫਰੰਸ ਦੀ ਸ਼ੋਭਾ ਤੇ ਪ੍ਰਭਾਵ ਸਦਕਾ ਜਿਥੇ ਪੰਜਾਬ ਸਰਕਾਰ ਨੇ ਸਹਿਯੋਗ ਤੇ ਸਹਿਮਤੀ ਪ੍ਰਗਟਾਈ, ਉਥੇ ਜੰਤਕ ਜਥੇਬੰਦੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼ਰੋਮਣੀ ਅਕਾਲੀ ਦਲ ਤੇ ਪੰਜਾਬ ਕਾਂਗਰਸ ਵਲੋਂ ਨੁਮਾਇੰਦੇ ਪੁਜੇ। ਚੀਫ ਖਾਲਸਾ ਦੀਵਾਨ ਵਲੋਂ ਸੰਤ ਤੇਜਾ ਸਿੰਘ ਜੀ ਡਬਲ ਐਮ.ਏ. ਪੁਜੇ ਜਿਨ੍ਹਾਂ ਭਾਟਰਾ ਸੰਗਤ ਦੇ ਉੱਦਮ ਤੇ ਕਾਨਫਰੰਸ ਦੀ ਪ੍ਰਸ਼ੰਸਾ ਕਰਦਿਆਂ ਗੁਆਂਢੀ ਕੌਮਾਂ, ਸਰਕਾਰ ਤੇ ਜਮਾਤਾਂ ਨੂੰ ਭਾਟਰਾ ਸੰਗਤ ਨੂੰ ਪੂਰਨ ਸਹਿਯੋਗ ਦੇਣ ਦੀ ਪ੍ਰੇਰਨਾ ਕੀਤੀ। ਹਰ ਪੱਖ ਦੇ ਅਖਬਾਰਾਂ ਦੇ ਨੁਮਾਇੰਦੇ ਪੁਜੇ, ਜਿਨ੍ਹਾਂ ਵਡੀਆਂ ਵਡੀਆਂ ਸੁਰਖੀਆਂ ਦੇ ਕੇ ਭਾਟਰਾ ਕਾਨਫਰੰਸ ਦੇ ਲੇਖ ਪ੍ਰਕਾਸ਼ੇ ਤੇ ਇਸ ਕਾਨਫਰੰਸ ਦੀ ਪੰਜ ਹਜ਼ਾਰ ਤੋਂ ਉਪਰ ਹਾਜ਼ਰੀ ਦੀ ਇਕੱਤਰਤਾ ਦੱਸੀ।

ਕਾਨਫਰੰਸ ਦੀ ਸਫਲਤਾ ਤੇ ਪ੍ਰਬੰਧਕ ਕਮੇਟੀ ਦੀ ਸਫਲ ਸੇਵਾ

ਇਹ ਕਾਨਫਰੰਸ ਕੀ ਸੀ ? ਇਸਦਾ ਸੰਖੇਪ ਉਤਰ ਇਉਂ ਹੈ, ਇਹ ਕੌਮੀ ਕਾਨਫਰੰਸ ਸੰਗਤ ਭਾਟਰਾ ਸੰਪ੍ਰਦਾ ਦੇ ਮਿਲਾਪ ਦੀ ਪਹਿਲੀ ਵਰ੍ਹੇ ਗੰਢ ਸੀ, ਇਹ ਕੌਮ ਦੀ ਕਿਸ਼ਮਤ ਤੇ ਕਿੱਤਾ ਬਦਲਣ ਵਾਲੇ ਨੀਤੀ ਨਿਪੁੰਨ ਕੌਮੀ ਨੇਤਾਵਾਂ, ਸੂਰਬੀਰ, ਕ੍ਰਾਂਤਿਕ ਕੌਮੀ ਪ੍ਰਵਾਨਿਆਂ, ਅਨਥਕ ਸੁਧਾਰਕ ਸੇਵਾਦਾਰਾਂ ਦਾ ਸਿਖਰ ਸੰਮੇਲਨ ਸੀ। ਇਸ ਕਾਨਫਰੰਸ ਦੀ ਸਫਲਤਾ ਲਈ ਜਿਥੇ ਸਮੁਚੀ ਕੌਮ ਨੇ ਉਤਸ਼ਾਹ ਭਰਪੂਰ ਉਦਮ ਕਰਕੇ ਲੋਕ ਜੱਸ ਖੱਟਿਆ, ਉਥੇ ਸਮੂਹ ਪਿੰਡਾਂ ਦੀਆਂ ਪੰਚਾਇਤਾਂ, ਪ੍ਰਤੀਨਿਧਾਂ, ਧਾਰਮਿਕ ਤੇ ਸਮਾਜਿਕ ਸੰਸਥਾਵਾਂ ਨੇ ਆਰਥਿਕ ਸਹਾਇਤਾ ਤੇ ਸੇਵਾ ਕਰਕੇ ਕੌਮੀ ਸੇਵਾ ਸੁਧਾਰ ਲਹਿਰ ਵਿਚ ਹਿੱਸਾ ਪਾਇਆ। ਕੌਮੀ ਪ੍ਰਚਾਰਕਾਂ, ਮਹਾਨ ਲੇਖਕਾਂ, ਕਵੀਆਂ, ਇਤਿਹਾਸਕਾਰ ਖੋਜੀਆਂ, ਰਾਗੀ ਤੇ ਢਾਡੀ ਜਥਿਆਂ ਨੇ ਜਿਥੇ ਆਪਣੇ ਗੁਣ ਤੇ ਹੁਨਰ ਦੀ ਪ੍ਰਦਰਸ਼ਨੀ ਨਾਲ ਕਾਨਫਰੰਸ ਦੀ ਰੌਣਕ ਵਿਚ ਵਾਧਾ ਕੀਤਾ ਉਥੇ ਸਰਬ ਹਿੰਦ ਭਾਟਰਾ ਯੂਨੀਅਨ ਦੇ ਸਮੂਹ ਵਰਕਰਾਂ ਪ੍ਰਧਾਨ, ਜਨਰਲ ਸਕਤਰ, ਤੇ ਹੈਡ ਖਜ਼ਾਨਚੀ ਨੇ ਗੋਲਕ ਦੀ ਸੰਭਾਲ ਤੇ ਯੋਗ ਵਰਤੋਂ ਦੀ ਕਠਿਨ ਸੇਵਾ ਨਾਲ ਕਾਨਫਰੰਸ ਦੀ ਸਫਲਤਾ ਵਿਚ ਹਿੱਸਾ ਪਾਇਆ।

ਹਰ ਪ੍ਰਬੰਧ ਚਾਹੇ ਉਹ ਜਾਤੀ ਹੋਵੇ ਜਾਂ ਜਮਾਤੀ, ਸਿਆਸੀ ਹੋਵੇ ਜਾਂ ਸਮਾਜੀ, ਦੀ ਪ੍ਰਬੰਧਕ ਕਮੇਟੀ ਤੇ ਕਮੇਟੀ ਦੇ ਪ੍ਰਧਾਨ ਸਾਹਿਬ ਜੀ ਦੇ ਉਦਮ ਉਤਸ਼ਾਹ ਨਾਲ ਕੀਤੀ ਸੇਵਾ ਦੇ ਆਧਾਰ ਤੇ ਮੰਨਿਆ ਜਾਂਦਾ ਹੈ। ਸਰਬ ਹਿੰਦ ਭਾਟਰਾ ਕਾਨਫਰੰਸ ਦਾ ਪ੍ਰਬੰਧ ਇਕ ਮਹਾਨ ਤੇ ਅਤਿ ਕਠਿਨ ਸੀ। ਤਿੰਨ ਦਿਨ ਹਜ਼ਾਰਾਂ ਸੰਗਤਾਂ ਦੀ ਗਿਣਤੀ ਵਿਚ ਲੰਗਰ ਦੀ ਸੇਵਾ, ਰਿਹਾਇਸ਼ ਦਾ ਇੰਤਜ਼ਾਮ, ਪੰਡਾਲ ਦੀ ਸੇਵਾ ਸੰਭਾਲ, ਰਾਗੀ ਢਾਡੀ ਜਥੇ ਪ੍ਰਚਾਰਕਾਂ ਦੇ ਰਹਿਣ ਸਹਿਣ, ਖਾਣ ਪੀਣ ਦਾ ਪ੍ਰਬੰਧ ਜਿਥੇ ਮਹਾਨ ਸੀ ਉਥੇ ਅਤਿ ਕਠਿਨ ਵੀ। ਇਸ ਅਹਿਮ ਸੇਵਾ ਨੂੰ ਪੂਰਨ ਯੋਗਤਾ ਨਾਲ ਨਿਭਾਕੇ ਸਮੁੱਚਾ ਸਥਾਨਕ ਸੰਗਤ, ਪ੍ਰਬੰਧਕ ਕਮੇਟੀ ਤੇ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗਿਆਨੀ ਗੁਰਮੁਖ ਸਿੰਘ ਜੀ ਡਸਕਾ ਤੇ ਸਹਾਇਕ ਗਿ. ਮੂਲ

Digitized by Panjab Digital Library | www.panjabdigilib.org

ਸਿੰਘ ਜੀ ਨਿਰਮਾਨ ਡਸਜ਼ਾ ਕੋਟ, ਸ. ਗੰਡਾ ਸਿੰਘ ਜੀ ਅਕਾਲੀ ਡਸਕਾ, ਸ. ਸਮੁੰਦਰ ਸਿੰਘ ਜੀ ਡਸਕਾ ਕੋਟ, ਮਾਸਟਰ ਪੰਨਾ ਸਿੰਘ ਜੀ, ਸ. ਰਵੇਲ ਸਿੰਘ ਜੀ, ਸ. ਮੇਲਾ ਸਿੰਘ ਜੀ ਗੋਲਾ, ਸ. ਹਰੀ ਸਿੰਘ ਜੀ ਨਲੂਆ ਤੇ ਸ. ਮੈਂਗਾ ਸਿੰਘ ਜੀ ਕਰੂੰਡੀਆ ਭਾਡੋਵਾਲ ਨੇ ਮਹਾਨ ਸੇਵਾ ਕਰਕੇ ਸਮਾਗਮ ਨੂੰ ਸਫਲ ਬਣਾਇਆ ।

ਕਾਨਫਰੰਸ ਦੇ ਸਰਬ ਸੰਮਤੀ ਨਾਲ ਪਾਸ ਹੋਏ ਮਤੇ ਸਮਕਾਲੀ ਸਭਾਵਾਂ, ਸੁਬਾਈ ਤੇ ਸੈਂਟਰ ਸਰਕਾਰ ਨੂੰ ਵਿਚਾਰ ਤੇ ਅਮਲ ਲਈ ਭੇਜੇ ਗਏ

(ੳ) ਇੰਟਰਨੈਸ਼ਨਲ ਭਾਟਰਾ ਯੂਨੀਅਨ ਦੀ ਜਨਰਲ ਇਕੱਤਰਤ ਵਿਚੋਂ ਪਾਸ ਕਰਕੇ ਭਾਟਰੇ ਸਿੰਘ ਬਚਿਆਂ ਲਈ ਵਿਦਿਆ ਤੇ ਦਸਤਕਾਰੀ ਲਈ ਆਰਥਿਕ ਸਹਾਇਤਾ ਤੇ ਜਮੀਨ ਗਰਾਂਟ ਦੇਣ ਸੰਬੰਧੀ ਸਰਕਾਰ ਨੂੰ ਭੇਜੇ ਗਏ ਮਤੇ ਤੇ ਅਮਲ ਕਰਨ ਦੀ ਸੂਚਨਾਂ ਮਤੇ ਦੇ ਰੂਪ ਵਿਚ ਭੇਜੀ ਗਈ ।

(ਅ) ਭਾਟਰੇ ਸਿੰਘਾਂ ਨੂੰ ਧਾਰਮਿਕ ਅਧਿਕਾਰਾਂ ਤੇ ਨਾਮਜ਼ਦਗੀ ਦੇਣ ਲਈ ਸ਼ਰੋਮਣੀ ਅਕਾਲੀ ਦਲ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪਾਸ ਕਰਕੇ ਮਤਾ ਭੇਜਿਆ ਗਿਆ ।

(ੲ) ਚੰਗਾ ਭਾਟੜਾ ਨੌਜਵਾਨ ਸਭਾ ਵਲੋਂ ਪ੍ਰਕਾਸ਼ੇ ਗਏ ਮਰਦਮ ਸ਼ੁਮਾਰੀ ਵੇਲੇ ਇਸ਼ਤਿਹਾਰ ਸਮੇਂ ਚੀਫ ਖਾਲਸਾ ਦੀਵਾਨ ਨੂੰ ਦਿਤੇ ਲਿਖਤੀ ***ਵਿਦਿਅਕ ਸੈਂਟਰ ਖੋਲਣ ਲਈ ਆਰਥਿਕ ਸਹਾਇਤਾ*** ਦੇਣ ਦੇ ਭਰੋਸੇ ਨੂੰ ਯਾਦ ਕਰਾਉਦਿਆਂ ਅਮਲ ਕਰਨ ਦਾ ਮਤਾ ਪਾਸ ਕਰਕੇ ਚੀਫ ਖਾਲਸਾ ਦੀਵਾਨ ਵਲ ਭੇਜਿਆ ਗਿਆ ।

---

* ਸਰਬ ਹਿੰਦ ਭਾਟਰਾ ਕਾਨਫਰੰਸ ਦਾ ਆਦਿ ਉਦੇਸ਼ ਕੌਮ ਦੀ ਕਿਸਮਤ ਤੇ ਕਿਤਾ ਬਦਲਣ ਵਾਲਾ ਪਹਿਲਾ ਇਜੰਡਾ ਵਿਦਿਅਕ ਤੇ ਦਸਤਕਾਰੀ ਸੈਂਟਰ ਸੀ ਜਿਸ ਲਈ ਕਾਨਫਰੰਸ 'ਚੋਂ ਆਰਥਿਕ ਅਪੀਲ ਨਾਲ ਪੜੁਲ ਬੰਨ੍ਹਣ ਤੇ ਵਿਚਾਰਿਆ ਹੋਇਆ ਸੀ, ਇਸ ਤੇ ਗੰਭੀਰ ਵਿਚਾਰ ਕਰਨ ਲਈ 8 ਸਤੰਬਰ 1944 ਨੂੰ ਯੂਨੀਅਨ ਦੇ ਸਮੂਹ ਵਰਕਰਾਂ ਦੀ ਇਕਤਰਤਾ ਹੋਈ, ਜਿਸ ਵਿਚ ਲੇਖਕ ਨੇ ਯੂਨੀਅਨ ਦੇ ਹੈਡ ਕੈਸ਼ੀਅਰ ਦੇ ਨਾਤੇ ਅਪੀਲ ਕਰਨ ਦਾ ਏਜੰਡਾ ਰਖਿਆ ਜਿਸ ਤੇ ਵਿਚਾਰ ਵਟਾਂਦਰਾ ਕਰਨ ਤੋਂ ਪਹਿਲਾਂ ਹੀ ਗਿਆਨੀ ਮੂਰਿੰਦ ਜੀ ਨੇ ਨਵੇਂ ਸਾਲ ਦੀ ਨਵੀਂ ਚੋਣ ਨੂੰ ਪਹਿਲਾਂ ਵਿਚਾਰਨ ਤੇ ਜ਼ੋਰ ਦਿਤਾ ।

ਕਾਨਫਰੰਸ ਵਿਚੋਂ ਵਿਦਿਅਕ ਤੇ ਦਸਤਕਾਰੀ ਸੈਂਟਰ ਲਈ ਆਰਥਿਕ ਅਪੀਲ ਕਰਨ ਨਾਲ ਹਜ਼ਾਰਾਂ ਦਾ ਕੈਪੀਟਲ ਇਕੱਤਰ ਹੋ ਜਾਣ ਦੀ ਪੂਰਨ ਆਸ ਸੀ ਤੇ ਗਿਆਨੀ ਮੂਰਿੰਦ ਜੀ ਅਪੀਲ ਕਰਨ ਦੇ ਇਸ ਲਈ ਹੱਕ ਵਿਚ ਨਹੀਂ ਸਨ ਕਿ ਅਪੀਲ ਦਾ ਮੁੱਢ ਚੰਗਾ ਭਾਟੜਾ ਨੌਜਵਾਨ ਸਭਾ U.K. ਦੀ 7000 ਦੀ ਸਹਾਇਤਾ ਨਾਲ ਬਝਦਾ ਸੀ ਤੇ ਗਿਆਨੀ ਜੀ ਨੇ ਇਸ ਲਈ ਅਪੀਲ ਦੇ ਵਿਚਾਰ ਨਾਲ ਨਵੀਂ ਚੋਣ ਦਾ ਵਿਚਾਰ ਜੋੜ ਦਿਤਾ ਸੀ । ਇਸ ਸੌੜੀ ਸੋਚਨੀ ਨੇ ਵਰਕਰਾਂ ਦੀ ਰਾਏ ਦਾ ਵਖਰੇਵਾਂ ਕਰ ਦਿਤਾ । ਜਿਸਦਾ ਸਿਟਾ ਨਾ ਵਿਦਿਆ ਤੇ ਦਸਤਕਾਰੀ ਸੈਂਟਰ ਲਈ ਅਪੀਲ ਹੀ ਹੋ ਸਕੀ ਤੇ ਨਾ ਨਵੀਂ ਚੋਣ ਦਾ ਵਿਚਾਰ ਹੀ ਕਿਸੇ ਕਿਨਾਰੇ ਲੱਗਾ । ਦੁਬਧਾ ਮੇ ਦੋਨੋ ਗਏ ਮਾਇਆ ਮਿਲੀ ਨਾ ਰਾਮ ।

Digitized by Panjab Digital Library | www.panjabdigilib.org

ਕਾਨਫਰੰਸ ਦੀ ਸਰਬ ਸੰਮਤੀ ਨਾਲ ਮਤਾ ਪਾਸ਼ ਕਰਕੇ ਸੂਬਾਈ ਸ੍ਰਕਾਰ ਪਾਸੋਂ ਭਾਟਰੇ ਸਿੰਘ ਬਚਿਆਂ ਨੂੰ ਫੀਸਾਂ ਦੀ ਛੋਟ ਦੀ ਮੰਗ ਕੀਤੀ ਗਈ।

ਇਉਂ ਸਰਬ ਹਿੰਦ ਭਾਟਰਾ ਕਾਨਫਰੰਸ ਆਪਣੇ ਉਲੀਕੇ ਪ੍ਰੋਗਰਾਮ ਤੇ ਸਫਲਤਾ ਉਪਰੰਤ ਤੀਸਰੇ ਦਿਨ ਸਮਾਪਤ ਹੋਈ।

ਸਰਬ ਹਿੰਦ ਭਾਟਰਾ ਯੂਨੀਅਨ ਦੀ ਨਵੀਂ ਤੇ ਮੁਕੰਮਲ ਚੋਣ ਦਾ ਆਦਿ

ਸਮਾਜ ਤੇ ਸੁਸਾਇਟੀ ਵਿਚ ਸਤਿਕਾਰ ਹਰ ਮਨੁਖੀ ਹਿਰਦੇ ਦੀ ਧੜਕਣ ਤੇ ਦਿਲ ਦੀ ਪ੍ਰਬਲ ਰੀਝ ਹੁੰਦੀ ਹੈ। ਜੀਵਨ ਮਨੋਰਥ ਦੀ ਸੂਝ ਬੂਝ ਰੱਖਣ ਵਾਲੇ ਧਰਮ ਤੇ ਸਮਾਜ 'ਚ ਸਤਿਕਾਰ ਦੇ ਇਛਕ ਚੰਗੇ ਤੋਂ ਚੰਗੇ ਬਣਕੇ ਵਿਚਰਨ ਦੇ ਹਾਮੀ ਬਣ ਜਾਂਦੇ ਹਨ। ਜੀਵਨ ਤਬਦੀਲੀ ਜਿਥੇ ਅਗਾਂਹ ਵਧਣ ਦਾ ਉਤਸ਼ਾਹ ਪੈਦਾ ਕਰਦੀ ਹੈ, ਉਥੇ ਸੋਸ਼ਲ ਤੇ ਸਮਾਜਿਕ ਸਭਾਵਾਂ ਤੇ ਸੁਧਾਰਕ ਮੁਖੀ ਨੇਤਾਵਾਂ ਨੂੰ ਲੋਕ ਸੇਵਾ ਦੀਆਂ ਲੀਹਾਂ ਤੇ ਨਿਯਮਾਂ ਦੀ ਕਤਾਰ ਵਿਚ ਤੁਰਨ ਦਾ ਸੰਦੇਸ਼ ਦੇਂਦੀ ਹੈ।

ਜਿਸ ਭਾਈ ਚਾਰੇ ਪਰ੍ਹਾ ਪ੍ਰੰਚਾਇਤਾਂ, ਸਮਾਜ ਤੇ ਸੋਸ਼ਲ ਸੇਵਾਵਾਂ 'ਚ ਨਵੀਂ ਚੋਣ ਨਾਲ ਨਵੀਂ ਤਬਦੀਲੀ ਲਿਆਉਣ ਦਾ ਰਿਵਾਜ ਨਹੀਂ, ਸਮਾਜਕ ਆਗੂ ਵਿਧਾਨਕ ਗਿਆਨ ਦੇ ਮਾਹਿਰ ਉਨ੍ਹਾਂ ਸਭਾ ਸੁਸਾਇਟੀਆਂ ਨੂੰ ਲੋਕ ਰਾਏ ਦੀ ਕੁੱਖੋਂ ਉਪਜੀਆਂ ਜੰਤਕ ਜਥੇਬੰਦੀਆਂ ਦਾ ਨਾਮ ਨਹੀਂ ਦੇਂਦੇ ਅਤੇ ਨਾ ਉਸ ਜਮਾਤ ਜਥੇਬੰਦੀਆਂ ਦੇ ਮੁਖੀ ਆਗੂ ਲੋਕ ਸੇਵਕ ਹੀ ਕਹੇ ਜਾ ਸਕਦੇ ਹਨ। ਗੱਦੀ ਦਾਰੀ ਡਿਕਟੇਟਰੀ ਪਾਣ ਚਾੜ੍ਹ ਦੇਂਦੀ ਹੈ। ਹੋਈ ਬੀਤੀ ਤੋਂ ਸਿਖਿਆ ਲੈਂਦਿਆ' ਯੂਨੀਅਨ ਦੀ ਹਰ ਸਾਲ ਨਵੀਂ ਚੋਣ ਕਰਨ ਦਾ ਨਿਯਮ ਬਣਾ ਦਿਤਾ ਗਿਆ ਸੀ।

ਪਾਠਕਾਂ ਦੀ ਜਾਣਕਾਰੀ ਲਈ 4/9/44 ਨੂੰ ਪੜ੍ਹੇ ਗਏ 'ਪ੍ਰਧਾਨਗੀ ਐਡਰੈਸ' ਦੀ ਹੂ-ਬਹੂ ਕਾਪੀ ਅਗੇ ਛਾਪੀ ਜਾ ਰਹੀ ਹੈ :—

Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ ।।

ਸਰਬ ਹਿੰਦ ਭਾਟਰਾ ਯੂਨੀਅਨ (ਰਜਿਸਟ੍ਰਡ) ਦੀ ਛਤਰ ਛਾਇਆ ਹੇਠ

ਸਰਬ ਹਿੰਦ ਭਾਟਰਾ ਕਾਨਫਰੰਸ ਡਸਕਾ (ਜ਼ਿਲਾ ਸਿਆਲਕੋਟ)

ਪ੍ਰਧਾਨਗੀ ਐਡ੍ਰੈਸ

ਜੋ

ਸ. ਝੰਡਾ ਸਿੰਘ ਜੀ 'ਪਟੇਲ' ਨੇ ੪-੯-੪੪ ਨੂੰ ਪੜ੍ਹਿਆ

ਪਿਆਰੇ ਚੇਅਰਮੈਨ ਸਾਹਿਬ ਤੇ ਸਤਿਕਾਰ ਯੋਗ ਭਰਾਵੋ !

ਦਾਸ ਨੂੰ ਆਪ ਨੇ ਇਸ ਸਰਬ ਹਿੰਦ ਭਾਟਰਾ ਕਾਨਫਰੰਸ ਦੇ ਪਹਿਲੇ ਪਵਿਤ੍ਰ ਸਮਾਗਮ ਦਾ ਪਰਧਾਨ ਬਣਾ ਕੇ ਨਿਵਾਜਿਆ ਹੈ। ਆਪਣੇ ਗੁਣਾਂ ਤੇ ਕਰਮਾਂ ਕਰਕੇ ਮੈਂ ਇਸ ਪਦਵੀ ਦੇ ਯੋਗ ਨਹੀਂ, ਇਹ ਕੇਵਲ ਆਪ ਦੀ ਬਖਸ਼ਸ਼ ਹੈ। ਕਿਉਂਕਿ :-

"ਨਹਿੰ ਕਿਛ ਕੀਆ ਨ ਕਰਹਿੰਗੇ, ਨਹਿੰ ਕਰ ਸਕੇ ਸਰੀਰ।
ਜੋ ਕਿਛੁ ਕੀਆ ਸੋ ਹਰਿ ਕੀਆ, ਭਯੋ ਕਬੀਰ ਕਬੀਰ ॥"

ਇਹ ਆਪ ਦੀ ਹੀ ਵਡਿਆਈ ਹੈ, ਕਿ ਆਪ ਆਪਣੇ ਤੁਛ ਸੇਵਕਾਂ ਨੂੰ ਨਿਵਾਜਦੇ ਤੇ ਵਡਿਆਂਦੇ ਹੋ। ਮੈਂ ਆਈਆਂ ਸੰਗਤਾਂ ਦੇ ਦਰਸ਼ਨ ਕਰਕੇ ਬਹੁਤ ਪ੍ਰਸੰਨ ਹੋਇਆ ਹਾਂ ਕਿ ਜਿਹੜੇ ਆਪਣੀ ਪ੍ਰਤੀਨਿਧ 'ਯੂਨੀਅਨ' ਦੇ ਸੱਦੇ ਪਤਰ ਤੇ ਆਪਣੇ ਘਰਾਂ ਦੇ ਜ਼ਰੂਰੀ ਕੰਮਾਂ ਨੂੰ ਛਡ ਕੇ ਇਸ ਮਹਾਨ ਕੌਮੀ ਇਕਠ ਵਿਚ ਸ਼ਾਮਲ ਹੋਏ ਹਨ। ਇਸ ਕਾਨਫਰੰਸ ਦੀ ਸ਼ਾਨਦਾਰ ਕਾਮਯਾਬੀ ਵੇਖ ਕੇ ਮੇਰੇ ਅੰਦਰੋਂ ਇਹ ਆਵਾਜ਼ ਨਿਕਲਦੀ ਹੈ, "**ਕਿ ਹੁਣ ਕੋਈ ਕੌਮ ਭਾਟਰੇ ਸਿੰਘਾਂ ਨੂੰ ਆਪਨੇ ਅਧੀਨ ਨਹੀਂ ਰਖ ਸਕਦੀ।**" ਇਸ ਕਾਨਫਰੰਸ ਵਿਚ ਭਾਟਰਾ ਬਰਾਦਰੀ ਦੇ ਹਰ ਤਬਕੇ ਤੇ ਹਰ ਖਿਆਲ ਦੇ ਸਜਣ ਆਏ ਹੋਏ ਹਨ। ਸਾਰੀਆਂ ਸਭਾ, ਸੁਸਾਇਟੀਆਂ, ਜਥਿਆਂ ਅਤੇ ਕਲਬਾਂ ਦੇ ਨੁਮਾਇੰਦੇ ਵੀ ਸ਼ਾਮਿਲ ਹਨ। ਭਾਟਰੇ ਰਾਜ਼ਪੂਤਾਂ ਦੇ ਮਿਲਾਪ ਦੀ ਅਜ ਪਹਿਲੀ ਵਰ੍ਹੇ ਗੰਢ ਹੈ, ਜਿਸ ਵਿਚ ਹਿਸਾ ਲੈਕੇ ਹਰ ਭਾਟਰੇ ਸਿੰਘ ਨੇ ਆਪਣੀ ਰਾਜਪੂਤੀ ਅਣਖ ਦਾ ਸਬੂਤ ਦਿਤਾ ਹੈ ਕਿ ਸ੍ਰੀ ਬਾਬਾ ਚੰਗਾ ਜੀ ਦੇ ਪਾਏ ਪੂਰਨਿਆਂ ਤੇ ਚਲਕੇ, ਸਾਰੇ ਵਿਤਕਰੇ ਮਿਟਾ ਕੇ ਕੌਮ ਦੇ ਸਾਂਝੇ-ਪ੍ਲੈਟ ਫਾਰਮ ਤੇ ਜੁੜ ਕੇ ਦੁਨੀਆਂ ਨੂੰ ਵਿਖਾ ਦਿਆਂਗੇ ਕਿ **ਜੋ ਸਾਡੇ ਨਾਲ ਘਿਰਣਾਂ ਭਰਿਆ ਵਰਤਾਉ ਕਰਦੇ ਹਨ, ਅਸੀਂ ਉਨ੍ਹਾਂ ਦੇ ਇਸ ਤਰਿਸਕਾਰ ਭਰੇ ਰਵੱਈਏ ਤੇ ਲਾਹਨਤ ਪਾਉਂਦੇ ਹਾਂ।**

ਪਿਆਰੇ ਵੀਰੋ ! ਅਜ ਜੋ ਕੁਝ ਸਾਡੇ ਦੇਸ਼ ਤੇ ਬਾਹਰਲੀ ਦੁਨੀਆ ਵਿਚ ਹੋ ਰਿਹਾ ਹੈ, ਉਹ ਕਿਸੇ ਤੋਂ ਭੁਲਿਆ ਹੋਇਆ ਨਹੀਂ। ਅਸੀਂ ਇਕ ਵਡੀ ਜੁਗ ਗਰਦੀ ਵਿਚੋਂ ਲੰਘ ਰਹੇ ਹਾਂ। ਦੁਨੀਆਂ ਦੀ ਪੁਰਾਣੀ ਤਸਵੀਰ ਟੁਟ ਰਹੀ ਹੈ ਤੇ ਨਵੀਂ ਮੂਰਤ ਘੜੀ ਜਾ ਰਹੀ ਹੈ। ਜੰਗੀ ਕਲ-ਜੋਗਣਾਂ ਮੂੰਹ ਪਾੜ੍ਹ ਕੇ ਦੇਸ਼ਾਂ ਤੇ ਕੌਮਾਂ ਦਾ ਖਹਿ ਕਰਨ ਲਈ ਆਪਣੀ

Digitized by Panjab Digital Library | www.panjabdigilib.org

ਮਾਰੂ ਫੌਜਾਂ ਸਮੇਤ ਰਣ ਭੂਮੀ ਵਿਚ ਝੰਡਾ ਗਡੀ ਬੈਠੀਆਂ ਹਨ। ਜਾਣੋਂ ਚਿਰਾਂ ਦੀਆਂ ਪਿਆਸੀਆਂ ਨੂੰ ਤਰਿਪਤੀ ਆਉਣੀ ਹੀ ਨਹੀਂ। ਇਸ ਭਿਆਨਕ ਜੰਗ ਦਾ ਹਰ ਛੋਟੀ ਵਡੀ ਕੌਮ ਤੇ ਬੜਾ ਭਾਰੀ ਅਸਰ ਹੋ ਰਿਹਾ ਹੈ। ਦੁਨੀਆਂ ਵਿਚੋਂ ਅਮਨ ਦੇ ਰਾਜ ਦੀਆਂ ਧਜੀਆਂ ਉਡਾਈਆਂ ਜਾ ਰਹੀਆਂ ਹਨ। ਭਾਰਤ ਦੇ ਟੁਕੜੇ ਟੁਕੜੇ ਕਰਨ ਦੇ ਮਨਸੂਬੇ ਘੜੇ ਜਾ ਰਹੇ ਹਨ ਅਤੇ ਸਿਖ ਪੰਥ ਨੂੰ ਦੋ ਹਿਸਿਆਂ ਵਿਚ ਵੰਡਨ ਲਈ 'ਰਾਜਾ-ਫਾਰਮੂਲਾ' ਤਿਆਰ ਹੋ ਰਿਹਾ ਹੈ। ਇਸ ਫਾਰਮੂਲੇ ਨੇ ਸਿਖਾਂ ਦੀ ਤਾਕਤ ਨੂੰ ਖਤਮ ਕਰਨ ਦਾ ਭਬੂਕਾ ਬਾਲਿਆ ਹੈ। ਇਸ ਜੁਗ ਗਰਦੀ ਵਿਚ ਜੇ ਅਸੀਂ ਅਵੇਸਲੇ ਹੋ, ਲੰਮੀਆਂ ਤਾਨਕੇ ਸੁਤੇ ਰਹੇ ਤਾਂ ਸਾਡਾ ਨਿਸ਼ਾਨ ਦੁਨੀਆਂ ਦੇ ਇਤਹਾਸ ਵਿਚੋਂ ਮਿਟ ਚੁਕੇ ਅਖਰ ਵਾਂਗ ਮਿਟ ਜਾਵੇਗਾ। **ਇਸ ਲਈ ਇਹ ਵੇਲਾ ਬੜੀ ਸਰਗਰਮੀ ਨਾਲ ਸੋਚਣ ਅਤੇ ਬੜੀ ਸਰਗਰਮੀ ਨਾਲ ਅਮਲ ਕਰਨ ਦਾ ਹੈ।**

ਪੌੜੀ ਦੇ ਜਿਸ ਡੰਡੇ ਤੇ ਅਸੀਂ ਇਸ ਵਕਤ ਖਲੋਤੇ ਹੋਏ ਹਾਂ, ਜੇ ਆਪਣੀ ਕਮਜ਼ੋਰੀ ਤੇ ਅਣਿਗਹਿਲੀ ਕਰਕੇ ਫਿਸਲ ਗਏ, ਤਾਂ ਫਿਰ ਉਸ ਪਤਾਲ ਜਿੰਨੀ ਡੂੰਘਾਈ ਵਿਚ ਜਾ ਪਵਾਂਗੇ ਜਿਥੋਂ ਕਿ ਸਾਡਾ ਥਹੁ-ਪਤਾ ਲਭਣਾ ਵੀ ਮੁਸ਼ਕਿਲ ਹੋ ਜਾਵੇਗਾ। ਇਸ ਲਈ ਆਓ, ਕੌਮੀ ਦੂਲਿਓ ! ਆਪਣੀ ਕੌਮ ਨੂੰ ਹਰ ਪਾਸਿਉਂ ਉਚਾ ਕਰਨ ਖਾਤਿਰ ਆਪਣੀਆਂ ਜਾਨਾਂ ਇਸ ਤੋਂ ਕੁਰਬਾਨ ਕਰ ਦਈਏ। **ਸਾਨੂੰ ਆਪਣੀ ਸੂਝ ਰਖਿਆ ਲਈ ਪੂਰੀ ਦਲੇਰੀ ਨਾਲ ਸੋਚਣਾ ਤੇ ਆਪਣੀ ਵਿਚਾਰ ਦੇ ਨਤੀਜਿਆਂ ਤੇ ਦਲੇਰੀ ਨਾਲ ਅਮਲ ਕਰਨਾ ਚਾਹੀਦਾ ਹੈ।**

ਪਿਛਲਾ ਸਮਾ :

ਪਿਆਰੇ ਕੌਮੀ ਸੂਰਬੀਰੋ ! ਆਪ ਸਭ ਨੂੰ ਇਤਹਾਸ ਦੀ ਵਾਕਿਫੀ ਹੈ, ਕਿ ਸਾਡਾ ਸਮਾਂ ਕਿੰਨਾ 'ਸ਼ਾਨਦਾਰ ਤੇ ਹਰਮਨ ਪਿਆਰਾ ਸੀ। ਸ੍ਰੀ ਮਹਾਰਾਜਾ ਸ਼ਿਵਨਾਭ ਜੀ ਦਾ ਰਾਜ ਅਸਥਾਨ, ਮੁਲਕ ਦੀ ਬਾਦਸ਼ਾਹੀ, ਸ੍ਰੀ ਗੁਰੂ ਨਾਨਕ ਦੇਵ ਦਾ ਸਿੰਗਲਾ ਦੀਪ ਵਿਚ ਜਾਣਾ, ਰਾਜੇ ਸ਼ਿਵਨਾਭ ਨੂੰ ਸਿਖੀ ਦਾਨ ਬਖਸ਼ਣਾ, ਹਜ਼ਾਰਾਂ ਦੀ ਗਿਣਤੀ ਵਿਚ ਭਾਟਰੇ ਸਿੰਘਾਂ ਨੂੰ ਸਿਖੀ ਦੀ ਲੜੀ ਵਿਚ ਪਰੋਕੇ 'ਸੰਗਤ' ਦਾ ਖਿਤਾਬ ਬਖਸ਼ਣਾ ਤੇ ਪ੍ਰਚਾਰ ਦਾ ਕੇਂਦਰ ਅਸਥਾਪਨ ਕਰਨਾ। ਭਾਟਰੇ ਸਿੰਘਾਂ ਦੇ ਲੰਗਰ ਵਿਚ ਸਵਾ ਬੀਸ ਮਨ ਲੂਣ ਦੀ ਨਿਤ ਵਰਤੋਂ ਕਿਸੇ ਕਰਾਮਾਤ ਤੋਂ ਘਟ ਨਹੀਂ, ਇਨ੍ਹਾਂ ਸ਼ਾਨਦਾਰ ਕਾਰਨਾਮਿਆਂ ਤੇ ਅਸੀਂ ਜਿਤਨਾ ਮਾਨ ਕਰੀਏ ਥੋੜਾ ਹੈ। ਸਾਨੂੰ ਆਪਣੇ ਬਜ਼ੁਰਗਾਂ ਦੇ ਪਾਏ ਪੂਰਣਿਆਂ ਤੇ ਚਲਕੇ ਆਪਣਾ ਭਵਿਖਤ ਸ਼ਾਨਦਾਰ ਬਨਾਉਣਾ ਚਾਹੀਦਾ ਹੈ।

ਹੁਣ ਸਮੇਂ ਦੇ ਗੇੜ ਅਨੁਸਾਰ ਇਸ ਕੌਮ ਦੀ ਮਾਨ ਪ੍ਰਤਿਸ਼ਟਾ ਅਤੇ ਚੜ੍ਹਦੀ-ਕਲਾ ਵਿਚ ਕਾਫੀ ਹੇਠਲੀ ਉਤਲੀ ਆਈ ਹੈ, ਜਿਸ ਤੋਂ ਸਾਰੀ ਬਰਾਦਰੀ ਚੰਗੀ ਤਰ੍ਹਾਂ ਜਾਣੂ ਹੈ। ਭਾਟਰੇ ਵੀਰ ਵਿਦਿਆ ਵਲੋਂ ਕੋਰੇ ਹਨ ਤੇ ਸਰਮਾਏ ਵਲੋਂ ਵੀ ਕਮਜ਼ੋਰ ਹਨ। ਮੰਦੀਆਂ ਰਸਮਾਂ ਦੇ ਸੰਗਲਾਂ ਨੇ ਇਨ੍ਹਾਂ ਨੂੰ ਅਜਿਹਾ ਜਕੜਿਆ ਹੋਇਆ ਹੈ ਕਿ ਹਿਲਣਾ ਤਕ ਮੁਸ਼ਕਿਲ ਹੋ ਗਿਆ ਨੇ ਸਵਤੰਤਰਤਾ ਲਈ ਅਰਸੀ ਉਡਾਰੀ ਰੁਕੀ ਪਈ ਹੈ। ਕਿਰਤ ਵਲੋਂ ਜਦ ਦਾ ਅਸਾਂ ਮੂੰਹ ਮੋੜਿਆ ਹੈ, ਦੂਸਰੇ ਦੇ ਟੁਕਰਾਂ ਜੋਗੇ ਰਹਿ ਗਏ ਹਾਂ। ਇਸ ਪੇਸ਼ੇ ਨੇ ਸਾਨੂੰ ਸੰਸਾਰ

Digitized by Panjab Digital Library | www.panjabdigilib.org

ਵਿਚ ਹਾਸੋ ਹੀਣਾ ਕਰ ਦਿਤਾ ਹੈ । ਸਾਡੇ ਘਰਾਂ ਤੋਂ ਪਲੇ ਹੋਏ ਅਜ ਸਾਨੂੰ ਹੀ ਘੂਰੀਆਂ ਪਾ ਪਾ ਕੇ ਤਕ ਰਹੇ ਹਨ । ਸੋ ਇਨ੍ਹਾਂ ਗਲਾਂ ਕਰਕੇ ਅਸੀਂ ਨਾ ਜੀਉਂਦਿਆਂ ਵਿਚ ਤੇ ਨਾਂ ਮਰਿਆਂ ਵਿਚ ਹਾਂ । ਪਰ ਫਿਰ ਵੀ ਆਸ ਕਰਦਾ ਹਾਂ ਕਿ ਇਹ ਸੁਧਾਰਕ ਲਹਿਰ ਜਿਹੜੀ ਅਜ ਬਰਾਦਰੀ ਵਿਚ ਚਲ ਰਹੀ ਹੈ (ਤੇ ਜਿਸ ਨੇ ਸਾਨੂੰ ਇਥੋਂ ਤਕ ਪੁਚਾ ਦਿਤਾ ਹੈ) ਸਮਾਂ ਆਉਣ ਤੇ ਰਸਮਾਂ ਦੇ ਪੁਰਾਣੇ ਤੇ ਜੰਗਾਲ ਖਾਧੇ ਹੋਏ ਸੰਗਲਾਂ ਦੀ ਘੁਰੀ ਘੁਰੀ ਤੋੜ ਦੇਵੇਗੀ ।

ਕੌਮੀ ਮੈਦਾਨ ਵਿਚ ਮਰ ਮਿਟਨ ਵਾਲੇ ਜਵਾਨਾਂ ਨੂੰ ਅਗੇ ਵਧਣਾ ਚਾਹੀਦਾ ਹੈ । ਸ਼ੈਕਸਪੀਅਰ ਨੇ ਕਿਹਾ ਹੈ : "ਜੇ ਮੇਰੇ ਇਕੋ ਜਿਹੇ ਪਿਆਰੇ ਬਾਰਾਂ ਪੁਤਰ ਹੋਣ ਤਾਂ ਮੈਂ ਪਿੱਠ ਦਿਖਾ ਕੇ ਜੀਉਂਦਾ ਰਹਿਣ ਵਾਲੇ ਇਕ ਨਾਲੋਂ ਕੌਮ ਬਦਲੇ ਮਰ ਮਿਟਣ ਵਾਲੇ ਯਾਰਾਂ ਨੂੰ ਚੰਗਾ ਸਮਝਾਂਗਾ" । ਇਹੋ ਜਿਹੀ ਦਲੇਰੀ ਦੀ ਲੋੜ ਹੈ, ਤਾਜ਼ਾ ਸਪਿਰਟ ਹੀ ਕੁਝ ਕਰਕੇ ਵਿਖਾ ਸਕਦੀ ਹੈ ।

ਕਾਨਫਰੰਸ ਦਾ ਫਰਜ਼

ਇਸ ਕਾਨਫਰੰਸ ਦਾ ਮਨੋਰਥ, ਭਾਟਰਾ ਕੌਮ ਦੀ ਆਰਥਕ, ਸਮਾਜਕ, ਰਾਜਸੀ ਅਤੇ ਸੋਸ਼ਲ ਪੁਜ਼ੀਸ਼ਨ ਨੂੰ ਮਜ਼ਬੂਤ ਅਤੇ ਨਵਾਂ ਨਿਕੋਰ ਬਣਾਉਣਾ ਹੈ । ਜਿਥੇ ਵੀ ਭਾਟਰਾ ਸਿੰਘ ਹੈ ਉਸ ਨੂੰ ਇਕ ਲੜੀ ਵਿਚ ਪਰੋ ਕੇ ਜਥੇਬੰਦੀ ਕਾਇਮ ਕਰਨੀ ਹੈ । ਮੁਲਕ ਅਤੇ ਸੂਬੇ ਦੇ ਆਮ ਪਾਲਿਟਿਕਸ ਲਈ ਸੰਮੂਹ ਭਾਟਰਾ ਕੌਮ ਸਿਖ ਪੰਥ ਦੀ ਨੁਮਾਇੰਦਾ ਜਮਾਤ 'ਸ਼ਰੋਮਣੀ ਅਕਾਲੀ ਦਲ' ਨਾਲ ਹੈ । ਸਿਖ ਪੰਥ ਦੇ ਮੰਜੂਦਾ ਲੀਡਰ ਸਾਹਿਬਾਨ ਦੀ ਪਵਿਤ੍ਰ ਸੇਵਾ ਵਿਚ ਬੇਨਤੀ ਹੈ, ਕਿ ਸਿਖ ਹਕੂਕ ਵੰਡਣ ਸਮੇਂ ਆਪਣੇ ਇਨ੍ਹਾਂ ਭਰਾਵਾਂ ਵਲ ਵੀ ਕਿਰਪਾ ਦਰਿਸ਼ਟੀ ਕਰ ਲਿਆ ਕਰਨ । ਕਿਉਂਕਿ ਇਹ ਵੀ ਪੰਥ ਦਾ ਇਕ ਨਰੋਆ ਅੰਗ ਹੈ ਅਤੇ ਸਮੇਂ ਸਮੇਂ ਇਹ ਪੰਥ ਨਾਲ ਹਰ ਔਕੜ ਵਿਚ ਸ਼ਾਮਲ ਰਿਹਾ ਹੈ ।

ਕੌਮ ਦੀ ਵਧ ਤੋਂ ਵਧ ਸੇਵਾ ਨੌਜਵਾਨ ਹੀ ਕਰ ਸਕਦੇ ਹਨ, ਕੌਮਾਂ ਤੇ ਦੇਸਾਂ ਨੂੰ ਆਪਣੇ ਨੌਜਵਾਨਾਂ ਤੇ ਬੜਾ ਮਾਨ ਹੁੰਦਾ ਹੈ । ਨੌਜਵਾਨ ਹੀ ਡਿਗ ਚੁਕੀਆਂ ਕੌਮਾਂ ਲਈ ਥੰਮ ਤੇ ਆਸਾਂ ਤੇ ਮੰਬੇ ਹੁੰਦੇ ਹਨ । ਮੈਂ ਆਪਣੀ ਪਿਆਰੀ ਕੌਮ ਦੇ ਨਾਲ ਦਿਲੋਂ ਪਿਆਰ ਕਰਨ ਵਾਲੇ ਨੌਨਿਹਾਲਾਂ ਅਗੇ ਕੁਝ ਵਿਚਾਰਾਂ ਧਰਦਾ ਹਾਂ, ਜਿਨ੍ਹਾਂ ਤੇ ਸਿਲਸਿਲੇਵਾਰ ਚਲ ਕੇ ਇਸ ਮਹਾਨ ਜੁਗਗਰਦੀ ਸਮੇਂ ਆਪਣੀ ਪੁਜ਼ੀਸ਼ਨ ਕਾਇਮ ਕੀਤੀ ਜਾ ਸਕਦੀ ਹੈ ।

(੧) ਖਾਲਸਈ ਨਿਸ਼ਾਨ ਦਾ ਸਤਿਕਾਰ—ਕੌਮ ਦੇ ਅੰਦਰ (ਕੌਮੀ ਨਿਸ਼ਾਨ) ਲਈ ਸਤਿਕਾਰ ਦਾ ਜਜ਼ਬਾ ਦ੍ਰਿੜ ਕਰ ਦੇਣਾ ਚਾਹੀਦਾ ਹੈ । ਝੰਡੇ ਦਾ ਗੀਤ ਪਰਚਲਤ ਕਰਨਾ ਚਾਹੀਦਾ ਹੈ ਤੇ ਇਕ ਇਕ ਭਾਟਰਾ ਵੀਰ ਦੇ ਦਿਲ ਵਿਚ ਆਪਣੇ ਝੰਡੇ ਨੂੰ ਉਚਾ ਕਰਨ ਦਾ ਖ਼ਿਆਲ ਕੂਟ ਕੂਟ ਕੇ ਭਰ ਦੇਣਾ ਚਾਹੀਦਾ ਹੈ । ਇਸ ਝੰਡੇ ਦੇ ਸਤਿਕਾਰ ਤੇ ਵਕਾਰ ਲਈ ਹਰ ਕੌਮੀ ਨੌਜਵਾਨ ਨੂੰ ਜਾਨਾਂ ਵਾਰਨ ਲਈ ਤਿਆਰ ਕਰਨਾ ਚਾਹੀਦਾ ਹੈ ।

Digitized by Panjab Digital Library | www.panjabdigilib.org

(੨) ਭਾਟਰਾ ਲੀਡਰ-ਸ਼ਿਪ ਅਜ ਤਕ ਬਰਾਦਰੀ ਦਾ ਚੰਗਾ ਲੀਡਰ ਨਾ ਹੋਣ ਕਰ ਕੇ ਕੌਮ ਤਰੱਕੀ ਨਹੀਂ ਕਰ ਸਕੀ, ਸਗੋਂ ਡਕੋ ਡੋਲੇ ਖਾਂਦੀ ਰਹੀ ਹੈ। ਕਈਆਂ ਤਾਂ ਇਸ ਸੇਵਾ (ਪ੍ਰਧਾਨਗੀ) ਨੂੰ ਜੱਦੀ ਜਾਇਦਾਦ ਤੇ ਗਦੀਦਾਰੀ ਸਮਝ ਕੇ ਇਸ ਤੇ ਕਬਜ਼ਾ ਕਰ ਲਿਆ ਹੈ। ਕੌਮ ਦੇ ਇਕਬਾਲ ਵਾਸਤੇ ਸੇਵਾ, ਕੁਰਬਾਨੀ ਤੇ ਚੰਗੀ ਰਹਿਨੁਮਾਈ 'ਸਰਬ ਹਿੰਦ ਭਾਟਰਾ ਯੂਨੀਅਨ' ਕਰ ਸਕਦੀ ਹੈ। ਭਾਟਰਾ ਕੌਮ ਦਾ ਕਲਿਆਨ ਸਿਰਫ ਉਤ-ਸ਼ਾਹਿਤ ਲੀਡਰਸ਼ਿਪ ਵਿਚ ਹੈ।

(੩) ਸਾਡੀ ਜਥੇਬੰਦੀ--ਸੰਗਤ ਤੇ ਜਥੇਬੰਦੀ ਦਾ ਗੁਣ ਸਾਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਖਸ਼ਿਆ ਸੀ। ਜਥੇਬੰਦੀ ਵਿਚ ਟੂਰਨ ਦਾ ਅਸਰ ਭਾਟਰੇ ਸਿੰਘਾਂ ਲਈ ਉਸ 'ਲਿਕਾਰ' ਨਾਲੋਂ ਕਿਸੇ ਤਰਾਂ ਵੀ ਘਟ ਫਲਦਾਇਕ ਨਹੀਂ, ਜਿਹੜੀ 'ਲਿਕਾਰ' ਸ੍ਰੀ ਰਾਮ ਚੰਦਰ ਜੀ ਜੰਗਲ ਵਿਚ ਜਾਂਦਿਆਂ ਸੀਤਾ ਦੇ ਇਰਦ ਗਿਰਦ ਖਿਚ ਗਏ ਸਨ। ਜਥੇਬੰਦੀ ਦੀ 'ਲਿਕਾਰ' ਤੋਂ ਬਾਹਰ ਹੋਣ ਵਾਲੇ ਭਾਟਰੇ ਵੀਰਾਂ ਨਾਲ ਵੀ ਉਹੀ ਅਪਮਾਨ ਤੇ ਦੁਖ ਦਾ ਵਰਤਾਉ ਹੋਵੇਗਾ, ਜੋ ਸੀਤਾ ਨਾਲ ਹੋਇਆ ਸੀ। ਸੋ ਸਾਨੂੰ ਆਪਣੀ ਜਥੇਬੰਦੀ ਕਿਸੇ ਤਰ੍ਹਾਂ ਵੀ ਢਿੱਲੀ ਨਹੀਂ ਰਖਣੀ ਚਾਹੀਦੀ। ਭਾਟਰਾ ਕੌਮ ਦਾ ਕਾਇਆ ਕਲਪ ਸਿਰਫ ਮਜ਼ਬੂਤ ਜਥੇਬੰਦੀ ਦੇ ਆਸਰੇ ਹੀ ਹੋ ਸਕਦਾ ਹੈ।

(੪) ਸਾਡਾ ਪ੍ਰੈਸ ਤੇ ਸੰਗਤ—ਕੌਮ ਦੇ ਵਧਣ ਫੁਲਣ ਲਈ ਸਭ ਤੋਂ ਜ਼ਰੂਰੀ ਚੀਜ਼ ਪ੍ਰੈਸ ਪ੍ਰਾਪੇਗੰਡਾ ਹੀ ਹੈ। ਕੌਮਾਂ ਦੇ ਮਰ ਚੁਕੇ ਜਜ਼ਬਾਤ ਕੇਵਲ ਰਿਸਾਲੇ ਜਾਂ ਅਖਬਾਰ ਹੀ ਪਰਦਾਨ ਕਰਦੇ ਹਨ। ਵਿਛੜੀਆਂ ਰੂਹਾਂ ਦਾ ਮੇਲ ਤੇ ਅਖੋਂ ਉਹਲੇ ਹੋ ਚੁਕੇ ਬਜ਼ੁਰਗਾਂ ਦੇ ਕਾਰਨਾਮੇ ਫਿਲਮੀ ਦ੍ਰਿਸ਼ ਵਾਂਗ ਲਿਖ ਕੇ ਵਿਖਾ ਸਕਦੇ ਹਨ। ਵਧ ਚੁਕੀਆਂ ਕੌਮਾਂ ਕੋਲ ਵੱਡਾ ਹਥਿਆਰ ਕੇਵਲ ਰਿਸਾਲਾ ਜਾਂ ਅਖਬਾਰ ਹੁੰਦਾ ਹੈ। ਇਸ ਲਈ ਮੈਂ ਮਾਨ ਨਾਲ ਕਹਿ ਸਕਦਾ ਹਾਂ, ਕਿ ਤੁਸੀਂ ਸਭ ਵੀਰ ਸੁਭਾਗੇ ਹੋ, ਤੁਹਾਡੇ ਕੁਝ ਨੌਜਵਾਨ ਵੀਰਾਂ ਦੀ ਕਿਰਪਾ ਨਾਲ ਤੁਹਾਡਾ ਆਪਣਾ ਪਿਆਰਾ 'ਸੰਗਤ' (ਜਿਸ ਨੇ ਕਿ ਅਜ ਚੌਥੇ ਸਾਲ ਦੇ ਦੂਜੇ ਮਹੀਨੇ ਵਿਚ ਪਵਿਤਰ ਚਰਨ ਰਖੇ ਹਨ) ਵੀ ਦੁਨੀਆਂ ਵਿਚ ਸਤਿਕਾਰ ਨਾਲ ਵੇਖਿਆ ਜਾਂਦਾ ਹੈ। ਮੈਂ ਤੁਹਾਨੂੰ ਵਧਾਈ ਦੇਂਦਾ ਹਾਂ ਤੇ ਨਾਲ ਹੀ ਇਹ ਗਲ ਕਹਿਣੋਂ ਸੰਕੋਚ ਨਹੀਂ ਕਰਦਾ, **ਕਿ ਕੋਈ ਵੀ ਹੱਥ ਇਸ ਤੋਂ ਖਾਲੀ ਨਹੀਂ ਰਹਿਣਾ ਚਾਹੀਦਾ। ਇਹ ਭਾਟਰਾ ਕੌਮ ਦੇ ਹਕਾਂ ਤੇ ਇਜ਼ਤ ਦਾ ਰਾਖਾ ਹੈ। ਇਸ ਦੀ ਸੰਭਾਲ ਲਈ ਨਵਾਂ ਉਸਾਰੂ ਸਾਹਿਤ ਤੇ ਪ੍ਰਾਚੀਨ ਸਾਹਿਤ ਇਕੱਠਿਆਂ ਕਰਕੇ** ਬਰਾਦਰੀ ਵਿਚ ਇਕ ਸ਼ਾਨਦਾਰ ਲਾਇਬਰੇਰੀ ਕਾਇਮ ਕਰਨੀ ਚਾਹੀਦੀ ਹੈ।

(੫) ਟੈਕਨੀਕਲ ਤੇ ਵਿਦਿਆ ਆਸ਼ਰਮ—ਸਭ ਤੋਂ ਵਡੀ ਜ਼ਰੂਰਤ ਕੌਮ ਅੰਦਰ ਵਿਦਿਆ ਦਾ ਪ੍ਰਚਾਰ ਕਰਨਾ ਹੈ। ਵਿਦਿਆ-ਹੀਣ ਕੌਮਾਂ ਕਿਸੇ ਵੀ ਸ਼ਕਲ ਵਿਚ ਤਰੱਕੀ ਨਹੀਂ ਕਰ ਸਕਦੀਆਂ। ਕੌਮ ਦੀ **ਕਿਸਮਤ ਨੂੰ ਚਾਰ ਚੰਨ ਸਿਰਫ ਵਿਦਵਾਨ ਪੁਰਸ਼ ਹੀ ਲਾ ਸਕਦੇ ਹਨ।** ਅਗੱਮੀ ਬਰਕਤਾਂ ਦੇ ਖਜ਼ਾਨੇ ਦੀ ਕੁੰਜੀ ਵਿਦਿਆ ਦੀ ਪ੍ਰਾਪਤੀ ਲਈ ਸਾਨੂੰ ਖਾਲਸਾ ਪੰਥ ਅਤੇ ਪੰਜਾਬ ਗੌਰਮਿੰਟ ਕੋਲੋਂ aids ਲਈ ਮੰਗ ਕਰਨੀ ਚਾਹੀਦੀ ਹੈ।

Digitized by Panjab Digital Library | www.panjabdigilib.org

ਦਸਤਕਾਰੀ ਜਾਨਣ ਵਾਲਿਆਂ ਨੂੰ ਰਿਜ਼ਕ ਦੀ ਥੋੜ ਨਹੀਂ ਰਹਿੰਦੀ, ਉਹ ਭੁਖ ਨਹੀਂ ਮਰ ਸਕਦੇ ਤੇ ਨਾ ਹੀ ਦਰ-ਬ-ਦਰ ਰੁਲਣ ਦਾ ਖਤਰਾ ਪੈਦਾ ਹੁੰਦਾ ਹੈ। ਇਸ ਲਈ ਸਾਨੂੰ ਟੈਕਨੀਕਲ ਟਰੇਨਿੰਗ ਕੇਂਦਰ ਬਨਾਣੇ ਚਾਹੀਦੇ ਹਨ। ਇਸ ਵਿਚ ਸਾਡੇ ਬਚੇ ਦਿਨੇ ਤਾਂ ਸਕੂਲ ਦੀ ਪੜ੍ਹਾਈ ਕਰਨ ਤੇ ਸ਼ਾਮ ਨੂੰ ਦੋ ਘੰਟੇ ਟੈਕਨੀਕਲ ਟਰੇਨਿੰਗ ਲੈਣ, ਇਸ ਤਰਾਂ 'ਇਕ ਪੰਥ ਦੋ ਕਾਜ' ਹੋ ਜਾਣਗੇ। ਇਸ ਤਰ੍ਹਾਂ ਰੋਟੀ ਦਾ ਔਖਾ ਮਸਲਾ ਹਲ ਹੋ ਜਾਂਦਾ ਹੈ।

(੬) ਭਾਟਰਾ ਵੈਲ ਫੇਅਰ ਰੀਲੀਫ ਫੰਡ—ਇਹ ਫੰਡ ਨਿਰੋਲ ਸੋਸ਼ਲ ਸੁਧਾਰ ਲਈ ਹੈ। ਇਹ ਕੋਈ ਟੈਕਸ ਨਹੀਂ, ਸਿਰਫ ਸ਼ਾਦੀ ਸ਼ੁਦਾ ਵੀਰਾਂ ਦੀ ਕੌਮ ਨਾਲ ਮਦਦ ਤੇ ਕੁਰਬਾਨੀ ਹੈ, ਜਿਨ੍ਹਾਂ ਆਪਣੀ ਗਾੜ੍ਹੀ ਕਮਾਈ ਵਿਚੋਂ ੨) ਦਿਤੇ ਹਨ।

(੭) ਇਸਤ੍ਰੀ ਸਮਾਜ ਦਾ ਭਵਿਖਤ—ਗੁਰੂ ਨਾਨਕ ਦੇਵ ਜੀ ਦੇ ਕਥਨ ਅਨੁਸਾਰ 'ਸੋ ਕਿਉ ਮੰਦਾ ਆਖਹੀਅਹਿ ਜਿਤੁ ਜੰਮੈ ਰਾਜਾਨ'—ਉਹ ਕੌਮ ਕਦੇ ਵੀ ਸਵਤੰਤਰ ਹੋਣ ਦੇ ਸੁਪਨੇ ਨਹੀਂ ਵੇਖ ਸਕਦੀ, ਜਿਸ ਕੌਮ ਵਿਚ ਇਸਤਰੀ ਜ਼ਾਤੀ ਵਲੋਂ ਹਥ ਨਹੀਂ ਵਟਾਇਆ ਜਾਂਦਾ। ਰੂਸ ਕਦੇ ਵੀ ਇੰਨਾ ਚਿਰ ਲੜਾਈ ਨਾ ਲੜ ਸਕਦਾ, ਜੇ ਰੂਸੀ ਇਸਤ੍ਰੀਆਂ ਦੀ ਪੂਰੀ ਮਦਦ ਨਾ ਹੁੰਦੀ। ਇਸ ਲਈ ਇਸਤਰੀ ਜ਼ਾਤੀ ਨੂੰ ਪੂਰੇ ਹਕੂਕ ਤੇ ਮਾਣ ਦੇਣਾ ਜ਼ਰੂਰੀ ਹੈ।

(੮) ਬਚਿਆਂ ਦਾ ਮੰਗਣਾ ਬੰਦ—ਇਹ ਮਤਾ ਪਾਸ ਹੋ ਚੁਕਾ ਹੈ ਤੇ ਹੁਣ ਇਸ ਕਾਨਫਰੰਸ ਵਿਚ ਇਸ ਨੂੰ ਅਮਲ ਵਿਚ ਲਿਆਉਣਾ ਜ਼ਰੂਰੀ ਹੈ, ਰੇਲਵੇ ਪੁਲਸ ਨੂੰ ਕਿਹਾ ਜਾਏ ਤੇ ਨਾਲ ਹੀ ਉਹਨਾਂ ਦੀ ਰੋਜ਼ੀ ਦਾ ਪ੍ਰਬੰਧ ਕੀਤਾ ਜਾਏ। ਬਚਿਆਂ ਦਾ ਸੁਧਾਰ ਜ਼ਰੂਰੀ ਹੈ।

ਪਿਆਰੇ ਵੀਰੋ ! ਸਰਬ ਹਿੰਦ ਭਾਟਰਾ ਯੂਨੀਅਨ ਦਾ ਪਿੰਡ ਪਿੰਡ ਹੋਕਾ ਫੇਰ ਦਿਉ ਤੇ ਤਿਆਰ ਬਰ ਤਿਆਰ ਹੋ ਜਾਵੋ। ਬਰਾਦਰੀ ਦੇ ਉਲਟ ਚਲਣ ਵਾਲੇ ਤੇ ਅਯੋਗ ਕਾਰਵਾਈਆਂ ਕਰਨ ਵਾਲੇ ਲੋਕ ਆਪਣੇ ਆਪ ਸਿਧੇ ਰਾਹ ਤੇ ਆ ਜਾਣਗੇ। ਮਿਲਵਰਤਨ ਦੀ ਮਹਿਕ ਫੈਲੇਗੀ, ਦੁਖ ਤੇ ਭੁਖ ਦੇ ਡੇਰੇ ਦੂਰ ਹੋ ਜਾਣਗੇ। ਕੀਨ੍ਹਿਆਂ ਸਾੜ੍ਹਿਆਂ ਦੀ ਥਾਂ ਗੂੜ੍ਹੀ ਸਾਂਝ ਪੈਦਾ ਹੋਵੇਗੀ। ਸਤਿਗੁਰੂ ਅਪਾਰ ਪ੍ਰਸੰਨਤਾ ਦੁਆਰਾ ਸਾਨੂੰ ਸਾਡੇ ਮਨੋਰਥ ਵਿਚ ਵਿਚ ਕਾਮਯਾਬ ਕਰਨਗੇ। ਅੰਤ ਵਿਚ ਮੈਂ ਸਭ ਸਜਣਾਂ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਮੈਨੂੰ ਇਸ ਸੇਵਾ ਦਾ ਮਾਣ ਬਖਸ਼ਿਆ ਹੈ।

ਸ੍ਰੀ ਵਾਹਿਗੁਰੂ ਜੀ ਕਾ ਖਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫਤਹ।

ਆਪ ਦਾ ਦਾਸ—
ਝੰਡਾ ਸਿੰਘ 'ਪਟੇਲ'

Digitized by Panjab Digital Library | www.panjabdigilib.org

ਕੌਮ ਦੀ ਰਹਿਨੁਮਾਈ ਲਈ ਨਵੀਂ ਚੋਣ ਦਾ ਸਹੀ ਚਿੱਤਰ

ਇੰਟਰਨੈਸ਼ਨਲ ਭਾਟਰਾ ਯੂਨੀਅਨ ਨੂੰ ਵਧਾਕੇ ਅੰਮ੍ਰਿਤਸਰ ਵਿਚ 3 ਨਵੰਬਰ, 1943 ਨੂੰ ਸਰਬ ਹਿੰਦ ਭਾਟਰਾ ਯੂਨੀਅਨ ਦੇ ਆਦਿ ਸਮੇਂ ਗਰਮੀਆਂ ਤਕ ਕੰਮ ਚਲਾਉ ਆਰਜ਼ੀ ਚੋਣ ਕੀਤੀ ਗਈ ਸੀ ਤੇ ਯੂਨੀਅਨ ਦੀ ਮੁਕੰਮਲ ਚੋਣ ਗਰਮੀਆਂ ਨੂੰ ਕੌਮੀ ਕਾਨਫਰੰਸ ਕਰਕੇ ਕਰਨ ਦਾ ਮਤਾ ਪਾਸ ਕੀਤਾ ਗਿਆ ਸੀ। ਅੰਮ੍ਰਿਤਸਰ ਦੀ ਜਨਰਲ ਇਕੱਤਰਤਾ ਵਿਚ ਪਾਸ ਹੋਏ ਮਤੇ ਮੁਤਾਬਿਕ ਕਾਨਫਰੰਸ ਦੀ ਸਫਲਤਾ ਉਪਰੰਤ 9-9-44 ਨੂੰ ਯੂਨੀਅਨ ਦੇ ਸੁਧਾਰਵਾਦੀ ਸਮੂੰਹ ਵਰਕਰ ਕੌਮ ਦੇ ਮੁਖੀ ਆਗੂ ਪਿੰਡਾਂ ਦੀਆਂ ਪੰਚਾਇਤਾਂ ਦੇ ਪ੍ਰਤੀਨਿਧਾਂ ਦਾ ਭਾਰੀ ਇਕੱਠ ਡਸਕੇ ਦੇ ਉਪਰਲੇ ਗੁਦਵਾਰੇ ਵਿਚ ਹੋਇਆ, ਜਿਸ ਵਿਚ ਨਵੇਂ ਸਾਲ ਦੀ ਰਹਿਨੁਮਾਈ ਲਈ ਯੂਨੀਅਨ ਦੇ ਨਵੇਂ ਪ੍ਰਧਾਨ ਤੇ ਸਮੁੱਚੇ ਵਰਕਰਾਂ ਦੀ ਚੋਣ ਤੇ ਗੰਭੀਰ ਵਿਚਾਰ ਵਟਾਂਦਰਾ ਅਰੰਭ ਹੋਇਆ। ਪ੍ਰਧਾਨਗੀ ਪਦ ਲਈ ਦੋ ਨਾਮ ਸ. ਝੰਡਾ ਸਿੰਘ ਜੀ ਪਟੇਲ ਤੇ ਗਿ: ਮੱਖਣ ਸਿੰਘ ਜੀ ਮੁਗਿੰਦ ਪੇਸ਼ ਹੋਏ। ਇਕ ਪਦ ਲਈ ਦੋ ਨਾਂ ਪੇਸ਼ ਹੋਣ ਨਾਲ ਸਥਿਤੀ ਗੰਭੀਰ ਹੋ ਗਈ। ਚੋਣ ਦੰਗਲ ਭੱਖ ਗਿਆ, ਦੁਵੱਲੀ ਸਫਲਤਾ ਦੇ ਜਤਨ ਸਰਗਰਮੀ ਨਾਲ ਆਰੰਭ ਹੋ ਗਏ। ਅਖੀਰ ਹਾਜ਼ਰੀ ਨੇ ਵੋਟਿੰਗ ਕਰਨ ਦਾ ਫੈਸਲਾ ਕੀਤਾ। ਵੋਟਾਂ ਦੀ ਬਹੁ-ਸੰਮਤੀ ਨਾਲ ਸ੍. ਝੰਡਾ ਸਿੰਘ ਜੀ ਪਟੇਲ ਯੂਨੀਅਨ ਦੇ ਨਵੇਂ ਪ੍ਰਧਾਨ ਚੁਣੇ ਗਏ। ਇਸ ਤੋਂ ਬਾਦ ਕਰਮਵਾਰ ਯੂਨੀਅਨ ਦੀ ਨਵੀਂ ਤੇ ਮੁਕੰਮਲ ਚੋਣ ਹੋਈ। ਮੁਕੰਮਲ ਚੋਣ ਦੀ ਸਹੀ ਤਸਵੀਰ ਨਵੰਬਰ, 1944 ਦੇ ਸੰਗਤ ਰਸਾਲੇ ਵਿਚ ਛਪੀ, ਪਾਠਕਾਂ ਦੇ ਹੁਬਹੂ ਭੇਟ ਕੀਤੀ ਜਾਂਦੀ ਹੈ :—

ਸਰਬ ਹਿੰਦ ਭਾਟਰਾ ਯੂਨੀਅਨ (ਰਜਿਸਟ੍ਰਡ)
ਦੀ
ਨਵੀਂ ਸਾਲਾਨਾ ਚੋਣ

ਕਾਨਫਰੰਸ ਤੇ ਚੁਣੇ ਵਰਕਰਾਂ ਤੋਂ ਬਾਕੀ ਚੋਣ ੧੫-੧੦-੪੪ ਨੂੰ ਜਨਰਲ ਮੀਟਿੰਗ ਅੰਮ੍ਰਿਤਸਰ ਵਿਖੇ ਮੁਖੀ ਅਤੇ ਮੈਂਬਰਾਂ ਦੀ ਹਾਜ਼ਰੀ ਵਿਚ ਕੀਤੀ ਗਈ।

Digitized by Panjab Digital Library | www.panjabdigilib.org

ਪਿੰਡਾਂ ਦੇ ਮੁਖੀ ਯੂਨੀਅਨ ਦੇ ਸਰਪ੍ਰਸਤ ਹਨ ਅਤੇ ਇਹ ਪਿੰਡਾਂ ਵਿਚੋਂ ਮਾਇਕ ਪਰਬੰਧ ਦੇ ਜ਼ਿਮੇਵਾਰ ਹਨ ਕਈ ਮੁਖੀਆਂ ਦੇ ਨਾਂ ਪੂਰੀਆਂ ਲਿਸਟਾਂ ਨਾ ਪੁਜਣ ਦੇ ਕਾਰਣ ਨਹੀਂ ਦੇ ਸਕੇ ਜੋ ਪੂਰੀਆਂ ਲਿਸਟਾਂ ਪੁਜਣ ਤੇ ਫਿਰ ਦਿਤੇ ਜਾਣਗੇ। ਖਿਮਾਂ।

ਕੰਮ ਨਿਭਾਉਣ ਲਈ ਸਿਰਫ ਯੂਨੀਅਨ ਦੇ ਮੈਂਬਰਾਂ ਨੂੰ ਹੀ ਡਿਉਟੀਆਂ ਦਿਤੀਆਂ ਗਈਆਂ ਹਨ। ਕਈ ਸਰਪ੍ਰਸਤ ਜੋ ਯੂਨੀਅਨ ਦੇ ਮੈਂਬਰ ਹਨ ਉਨਾਂ ਨੂੰ ਸਿਰਫ ਮੈਂਬਰ ਹੋਣ ਦੀ ਹੈਸੀਅਤ ਵਿਚ ਡਿਊਟੀਆਂ ਦਿਤੀਆਂ ਗਈਆਂ ਹਨ।

ਮੈਂਬਰਾਂ ਨੂੰ ਕੌਮ ਅਤੇ ਕੌਮ ਦੇ ਚੁਣੇ ਹੋਏ ਵਰਕਰਾਂ ਨੇ ਯੋਗ ਸਮਝ ਕੇ ਡਿਊਟੀਆਂ ਦਿਤੀਆਂ ਹਨ, ਆਸ ਹੈ ਉਹ ਜ਼ਰੂਰ ਸਵੀਕਾਰ ਕਰਕੇ ਪੂਰਨ ਯੋਗਤਾ ਨਾਲ ਨਿਭਾਉਂਦਿਆਂ ਹੋਇਆਂ ਕੌਮੀ ਪਿਆਰ ਦਾ ਸਬੂਤ ਦੇਣਗੇ।

ਯੂਨੀਅਨ ਦੇ ਸਰਪ੍ਰਸਤ

ਗਲੌਟੀਆਂ ਕਲਾਂ :—

ਸ. ਮੇਲਾ ਸਿੰਘ ਗੌਲਾ, ਸ. ਨਥਾ ਸਿੰਘ ਗੌਲਾ ਭਾਈ ਬਲਾਕੀ ਸਿੰਘ
ਸ. ਪੰਨਾ ਸਿੰਘ ਮਾਸਟਰ, ਸ. ਇੰਦਰ ਸਿੰਘ ਲਾੜ, ਸ. ਕੇਸਰ ਸਿੰਘ
ਸ. ਦੀਵਾਨ ਸਿੰਘ ਭਾਈ, ਸ. ਬਲਵੰਤ ਸਿੰਘ 'ਕੰਵਲ' ਸ. ਦੇਸਾ ਸਿੰਘ
ਸ. ਗਿਆਨ ਸਿੰਘ ਭਾਕੜ, ਸ. ਰਵੇਲ ਸਿੰਘ ਰਠੌਰ, ਸ. ਜੀਵਨ ਸਿੰਘ ਰਠੌਰ
ਸ. ਵੀਰ ਸਿੰਘ ਸਵਾਲੀ, ਸ. ਵਜੀਰ ਸਿੰਘ 'ਦਿਲਬਰ' ਸ. ਕੇਸਰ ਸਿੰਘ ਦਿਗਵਾ
ਸ. ਮੁਲਤਾਨੀ ਸਿੰਘ ਸਵਾਲੀ, ਸ. ਸੋਹਣ ਸਿੰਘ ਸਵਾਲੀ, ਸ. ਦਿਵਾਨ ਸਿੰਘ ਸਵਾਲੀ
ਸ. ਸੰਤ ਸਿੰਘ ਸਵਾਲੀ, ਸ. ਖੇੜਾ ਸਿੰਘ ਸਵਾਲੀ, ਸ. ਮੈਂਹਗਾ ਸਿੰਘ ਕਸਬਿਆ
ਸ. ਵਜੀਰ ਸਿੰਘ ਚਿਨਗੀ, ਸ. ਨਿਹਾਲ ਸਿੰਘ ਰਾਠੌਰ।

ਡਸਕਾ ਕੋਟ :—

ਸ. ਕੇਸਰ ਸਿੰਘ ਦਿਗਵਾ, ਸ. ਬੂਰ ਸਿੰਘ ਸ਼ਹਿਰੀ, ਸ. ਹਵੇਲਾ ਸਿੰਘ ਗੂਜਰਾ
ਸ. ਜੀਵਾ ਸਿੰਘ ਸਵਾਲੀ, ਸ. ਭਗਤ ਸਿੰਘ ਲਾਂਡਾ, ਸ. ਮੂਲ ਸਿੰਘ ਕਸਬਿਆ
ਸ. ਸੁੰਦਰ ਸਿੰਘ ਰੌਦ ਗਿ. ਮਖਣ ਸਿੰਘ ਮ੍ਰਿਗਿੰਦ, ਸ. ਮੂਲ ਸਿੰਘ ਨਿਰਮਾਨ
ਸ. ਸਮੁੰਦਰ ਸਿੰਘ ਰਾਠੌਰ।

ਡਸਕਾ ਕਲਾਂ :—

ਸੰਤ ਅਤਰ ਸਿੰਘ ਜੀ ਵੈਦਰਾਜ, ਡਾ. ਮਦਨ ਗੋਪਾਲ ਸਿੰਘ ਜੀ ਗਿਆਨੀ, ਸ. ਬਲਵੰਤ ਸਿੰਘ ਗਾਡ, ਗਿ: ਗੁਰਮੁਖ ਸਿੰਘ, ਡਾ. ਕੇਸਰ ਸਿੰਘ ਵੈਦ, ਸ. ਗੰਡਾ ਸਿੰਘ ਅਕਾਲੀ, ਸ. ਹਾਕਮ ਸਿੰਘ ਨਿਹੰਗ ਸਿੰਘ, ਭਾਈ ਗੁਰਦਿਤ ਸਿੰਘ, ਸ. ਮੇਲਾ ਸਿੰਘ, ਸ. ਸੁੰਦਰ ਸਿੰਘ, ਸ. ਕਜ਼ਾਕਾ ਸਿੰਘ, ਸ. ਲਾਭ ਸਿੰਘ, ਸ: ਸੰਤ ਸਿੰਘ।

Digitized by Panjab Digital Library | www.panjabdigilib.org

ਭਾਡੇਵਾਲ :—

ਸ. ਲਾਲ ਸਿੰਘ ਲੋਆ, ਸ. ਅਜੀਤ ਸਿੰਘ ਜੀਤ, ਸ. ਖੇਮਾ ਸਿੰਘ, ਸ. ਹਰੀ ਸਿੰਘ ਨਲੂਵਾ, ਸ. ਰਵੇਲ ਸਿੰਘ, ਸ. ਦਰਸ਼ਨ ਸਿੰਘ, ਸ. ਰੂੜ ਸਿੰਘ, ਸ. ਜੋਧ ਸਿੰਘ ਗਿਆਨੀ, ਸ. ਸੰਤੋਖ ਸਿੰਘ ਨਿਰਪਖ, ਸ. ਮੇਵਾ ਸਿੰਘ, ਸ. ਮੋਹਕਮ ਸਿੰਘ, ਸ. ਖਜਾਨ ਸਿੰਘ, ਸ. ਮੈਂਹਗਾ ਸਿੰਘ ਕਰੂੰਡੀਆ, ਸ. ਜੋਗਿੰਦਰ ਸਿੰਘ, ਸ. ਮਹਿਲੀਆ ਸਿੰਘ, ਸ. ਗੰਡਾ ਸਿੰਘ ਭਟੀ, ਸ. ਖੇੜਾ ਸਿੰਘ, ਸ. ਬਲਵੰਤ ਸਿੰਘ, ਸ. ਮਨਾ ਸਿੰਘ, ਸ. ਕੇਸਰ ਸਿੰਘ, ਸ. ਈਸ਼ਰ ਸਿੰਘ, ਸ. ਮੂਲ ਸਿੰਘ, ਸ. ਗੁਪਾਲ ਸਿੰਘ ਸਵਾਮੀ, ਸ. ਮੋਹਕਮ ਸਿੰਘ ਲਹਿਰੀ, ਸ. ਸਵਰਨ ਸਿੰਘ ਪ੍ਰਹਲਾਦ, ਸ. ਮੋਹਕਮ ਸਿੰਘ ਆਲਮ, ਸ. ਲਾਲ ਸਿੰਘ, ਸ. ਵਸਾਖੀ ਸਿੰਘ।

ਧਾੜੀਵਾਲ, ਗੋਤਾ, ਸਰਾਜ, ਸਰਜਾ ਪੁਰ ਅਤੇ ਡਡੀਆਂ :—

ਸ: ਝੰਡਾ ਸਿੰਘ ਪਟੇਲ, ਸ: ਮਹਿਲ ਸਿੰਘ 'ਨਿਧੜਕ' ਸ: ਗਿਆਨ ਸਿੰਘ ਲਾਂਡਾ, ਸ: ਗਿਆਨ ਸਿੰਘ, ਸ: ਬਾਊ ਸਿੰਘ ਦਿਗਵਾ, ਸ: ਹਵੇਲਾ ਸਿੰਘ, ਸ: ਭਗਵਾਨ ਸਿੰਘ ਭੇਂਸ, ਸ: ਅਮਰ ਸਿੰਘ ਲਾਂਡਾ, ਸ: ਸੁੰਦਰ ਸਿੰਘ ਰਾਠੌਰ ਕੌਰ ਪੁਰ, ਸ: ਦੀਵਾਨ ਸਿੰਘ।

ਮੈਂਬਰਾਂ ਦੀ ਵੰਡ ਤੇ ਡੀਊਟੀਆਂ

ਪਰੈਜ਼ੀਡੈਂਟ—ਸ: ਝੰਡਾ ਸਿੰਘ 'ਪਟੇਲ'।

ਸੀਨੀਅਰ ਵਾਈਸ ਪਰੈਜ਼ੀਡੈਂਟ—ਗਿਆਨੀ ਮਖਣ ਸਿੰਘ 'ਮ੍ਰਿਗਿੰਦ'।

ਜੂਨੀਅਰ ਵਾਈਸ ਪਰੈਜ਼ੀਡੈਂਟ—ਗਿਆਨੀ ਗੁਰਮੁਖ ਸਿੰਘ।

ਜਨਰਲ ਸੈਕਟਰੀ— ਡਾਕਟਰ ਹਰਨਾਮ ਸਿੰਘ ਤਾਲਿਬ।

ਸੈਕਟਰੀ—ਗਿਆਨੀ ਸੁੰਦਰ ਸਿੰਘ ਸਾਗਰ।

ਇਨਚਾਰਜ ਸੈਕਟਰੀ—ਸਰਦਾਰ ਬਲਵੰਤ ਸਿੰਘ ਗਾਡ।

ਆਫ਼ਿਸ ਸੈਕਰੇਟਰੀ—ਗਿਆਨੀ ਸੁੱਚਾ ਸਿੰਘ ਭੱਟੀ।

ਆਰਗੇਨਾਈਜਿੰਗ ਸੈਕ੍ਰੇਟਰੀ—ਸ: ਅਜੀਤ ਸਿੰਘ ਜੀਤ।

ਇਨਫਾਰਮੇਸ਼ਨ ਸੈਕ੍ਰੇਟਰੀ—ਗਿਆਨੀ ਵੀਰ ਸਿੰਘ ਭਟੀ।

ਹੈਡ ਕੈਸ਼ੀਅਰ—ਸ: ਰਤਨ ਸਿੰਘ ਸ਼ਾਦ।

ਅਸਿਸਟੈਂਟ ਕੈਸ਼ੀਅਰ—ਸ: ਬੈਕੁੰਠ ਸਿੰਘ ਬੈਕੁੰਠ। ਸਰਦਾਰ ਸੁੰਦਰ ਸਿੰਘ ਡਸਕਾ ਸ਼ਿੰਗਾਰਾ ਸਿੰਘ ਗਲੋਟੀਆਂ। ਸ: ਖੇੜਾ ਸਿੰਘ ਟਾਵੀ ਰੋਡ।

ਯੂਨੀਅਨ ਜਨਰਲ ਮੈਨੇਜਰ—ਸ: ਰਤਨ ਸਿੰਘ ਸ਼ਾਦ।

ਮੈਨੇਜਰ—ਸ: ਗੁਰਦਿਆਲ ਸਿੰਘ ਭਟੀ। ਸ: ਕੇਸਰ ਸਿੰਘ ਕਾਲੀਆ। ਸਵਰਨ ਸਿੰਘ ਪ੍ਰਹਲਾਦ। ਸ: ਮੋਹਨ ਸਿੰਘ ਮੋਹਨ। ਸ: ਅਮਰ ਸਿੰਘ ਅਮਰ

ਸੁਪਰਵਾਈਜਰ—ਸ: ਸੰਤੋਖ ਸਿੰਘ ਨਿਰਪਖ।

ਸੁਪਰਵਾਈਜਰ—ਸ: ਖੇੜਾ ਸਿੰਘ ਜੰਗੀ। ਸ: ਬਲਵੰਤ ਸਿੰਘ ਨਿਧੜਕ। ਵੀਰ ਸਿੰਘ ਦਲੇਰ। ਸ: ਮੁਨਸ਼ੀ ਸਿੰਘ ਲਾਂਡਾ। ਸਰਦਾਰ ਅਮਰ ਸਿੰਘ ਕੌਮੀ।

Digitized by Panjab Digital Library | www.panjabdigilib.org

ਚੀਫ ਵਿਪ ਆਫ ਦੀ ਯੂਨੀਅਨ—ਸਰਦਾਰ ਹਰਨਾਮ ਸਿੰਘ ਕੌਮੀ।
ਜਥੇਦਾਰ—ਸਰਦਾਰ ਗੰਡਾ ਸਿੰਘ ਅਕਾਲੀ।
ਮੀਤਾ ਜਥੇਦਾਰ—ਭਾਈ ਗੁਰਦਿਤ ਸਿੰਘ।

ਪ੍ਰਾਪੇਗੰਡਾ ਡਿਪਾਰਟਮੈਂਟ

ਹੈਡ ਆਫ ਦੀ ਡੀਪਾਰਟਮੈਂਟ—ਪੰਡਤ ਹਰਨਾਮ ਦਾਸ ਜਨਰਲ ਸੈਕ੍ਰੇਟਰੀ

ਐਗਜ਼ੈਕਟਿਵ—ਸ: ਦਰਸ਼ਨ ਸਿੰਘ ਜੌਹਰ। ਸ: ਸਾਧੂ ਸਿੰਘ ਬਜਾਜ। ਸਰਦਾਰ ਹੁਸ਼ਿਆਰ ਸਿੰਘ ਗੋਲਾ। ਸ: ਮੋਹਕਮ ਸਿੰਘ ਆਲਿਮ। ਸ: ਅਜੀਤ ਕੁਮਾਰ ਸਿੰਘ। ਸ: ਸ਼ਮਸ਼ੇਰ ਸਿੰਘ ਤ੍ਰਿਪਤ। ਸ: ਪਿਆਰਾ ਸਿੰਘ ਪ੍ਰਵਾਨਾ। ਸ: ਮਹਿਲ ਸਿੰਘ ਨਿਧੜਕ। ਸ: ਅਮਰ ਸਿੰਘ ਰਾਨੌਰ। ਸ: ਸੁੰਦਰ ਸਿੰਘ ਰਾਠੌਰ। ਸ: ਕੁਲਵੰਤ ਸਿੰਘ ਗੁਪਤਾ (ਕੋਇਟਾ), ਸ: ਸੰਤੋਖ ਸਿੰਘ ਸ਼ਾਨ। ਸ: ਵਜੀਰ ਸਿੰਘ ਸ਼ੇਖੂਪੁਰਾ। ਸ: ਮਹਿਲੀਆ ਸਿੰਘ ਸ਼ੇਖੂਪੁਰਾ। ਸ: ਜਗੀਰ ਸਿੰਘ ਸ਼ੇਖੂਪੁਰਾ। ਸ: ਬਹਾਦਰ ਸਿੰਘ ਟੇਲਰ ਮਾਸਟਰ। ਸ: ਤਾਰਾ ਸਿੰਘ ਰਾਵਲਪਿੰਡੀ। ਸ: ਵੀਰ ਸਿੰਘ ਰਾਸ਼ਾ। ਸ: ਰਖਾ ਸਿੰਘ। ਸ: ਢੁੱਡਾ ਸਿੰਘ ਕਰੰਟ।

ਸੰਗਤ ਸਟੈਂਡਿੰਗ ਕਮੇਟੀ

ਮੈਨੇਜਰ—ਗਿਆਨੀ ਸੁੱਚਾ ਸਿੰਘ ਭਟੀ।
ਚੀਫ ਐਡੀਟਰ—ਗਿਆਨੀ ਮਖਣ ਸਿੰਘ ਮ੍ਰਿਗਿੰਦ।
ਐਡੀਟਰ—ਗਿਆਨੀ ਅਮੋਲਕ ਸਿੰਘ ਅੰਮ੍ਰਿਤ।
ਜਨਰਲ ਡਾਇਰੈਕਟਰ—ਸ: ਕਰਤਾਰ ਸਿੰਘ ਕੰਵਲ।
ਡਾਇਰੈਕਟਰ—ਡਾਕਟਰ ਮਦਨ ਗੋਪਾਲ ਸਿੰਘ ਗਿਆਨੀ।

ਰਸਮੋ-ਰਿਵਾਜ ਡਿਪਾਰਟਮੈਂਟ

ਸ: ਹਰਨਾਮ ਸਿੰਘ ਕੌਮੀ (ਹੈਡ)। ਸ: ਬੈਕੁੰਠ ਸਿੰਘ ਬੈਕੁੰਠ, ਵੀਰ ਸਿੰਘ ਭਟੀ। ਸ: ਕਰਤਾਰ ਸਿੰਘ ਕੰਵਲ। ਸ: ਸਵਰਨ ਸਿੰਘ ਪ੍ਰਹਲਾਦ। ਸ: ਗੁਰਦਿਆਲ ਸਿੰਘ ਭਟੀ। ਸ: ਮੋਹਨ ਸਿੰਘ ਮੋਹਨ। ਸ: ਜਗਜੀਤ ਸਿੰਘ ਨਿਰਮਲ।

ਇਤਿਹਾਸ ਡਿਪਾਰਟਮੈਂਟ

ਡਾ: ਹਰਨਾਮ ਸਿੰਘ ਤਾਲਿਬ (ਹੈਡ)। ਗਿਆਨੀ ਮਖਣ ਸਿੰਘ ਮ੍ਰਿਗਿੰਦ। ਗਿਆਨੀ ਸੁੰਦਰ ਸਿੰਘ ਸਾਗਰ। ਗਿ: ਗੁਰਮੁਖ ਸਿੰਘ। ਸਰਦਾਰ ਸੰਤੋਖ ਸਿੰਘ ਨਿਰਪਖ। ਸ: ਅਜੀਤ ਸਿੰਘ ਜੀਤ। ਡਾ: ਮਦਨ ਗੋਪਾਲ ਸਿੰਘ ਗਿਆਨੀ। ਗਿਆਨੀ ਅਮੋਲਕ ਸਿੰਘ ਅੰਮ੍ਰਿਤ।

Digitized by Panjab Digital Library | www.panjabdigilib.org

ਟਰੇਨਿੰਗ ਡਿਪਾਰਟਮੈਂਟ

ਗਿਆਨੀ ਮਖਣ ਸਿੰਘ ਮ੍ਰਿਗਿੰਦ (ਹੈਡ), ਡਾ: ਹਰਨਾਮ ਸਿੰਘ ਤਾਲਿਬ, ਗਿਆਨੀ ਸੁੰਦਰ ਸਿੰਘ ਸਾਗਰ ।

ਕਮੇਟੀ ਆਫ ਐਕਸ਼ਨ

ਡਾ: ਹਰਨਾਮ ਸਿੰਘ ਤਾਲਿਬ । ਗਿਆਨੀ ਅਮੋਲਕ ਸਿੰਘ ਅੰ ਮ੍ਰਿਤ । ਸ: ਰਤਨ ਸਿੰਘ ਸ਼ਾਦ । ਭਾਈ ਗੁਰਦਿਤ ਸਿੰਘ । ਪੰਡਤ ਹਰਨਾਮ ਦਾਸ । ਗਿਆਨੀ ਸੁਚਾ ਸਿੰਘ ਭਟੀ । ਸ: ਕਰਤਾਰ ਸਿੰਘ ਕੰਵਲ ।

ਐਗਜ਼ੈਕਟਿਵ ਦੇ ਮੈਂਬਰ

ਸ: ਝੰਡਾ ਸਿੰਘ ਪਟੇਲ । ਗਿਆਨੀ ਮਖਣ ਸਿੰਘ ਮ੍ਰਿਗਿੰਦ । ਡਾਕਟਰ ਹਰਨਾਮ ਸਿੰਘ ਤਾਲਿਬ । ਸ: ਹਰਨਾਮ ਸਿੰਘ ਕੌਮੀ । ਗਿਆਨੀ ਸੁੰਦਰ ਸਿੰਘ ਸਾਗਰ । ਗਿਆਨੀ ਸੁਚਾ ਸਿੰਘ ਭਟੀ । ਗਿ: ਅਮੋਲਕ ਸਿੰਘ ਅੰਮ੍ਰਿਤ । ਸ: ਰਤਨ ਸਿੰਘ ਸ਼ਾਦ । ਸ: ਬੈਕੁੰਠ ਸਿੰਘ ਬੈਕੁੰਠ । ਪੰਡਤ ਹਰਨਾਮ ਦਾਸ । ਗਿਆਨੀ ਗੁਰਮੁਖ ਸਿੰਘ । ਸ: ਗੰਡਾ ਸਿੰਘ ਅਕਾਲੀ । ਸ: ਬਲਵੰਤ ਸਿੰਘ ਗਾਡ । ਸ: ਅਜੀਤ ਸਿੰਘ ਜੀਤ । ਸ: ਮੋਹਣ ਸਿੰਘ ਮੋਹਨ ਸ: ਕਰਤਾਰ ਸਿੰਘ ਕੰਵਲ । ਸ: ਵੀਰ ਸਿੰਘ ਦਲੇਰ । ਸ: ਅਮਰ ਸਿੰਘ ਕੌਮੀ । ਸ: ਗੁਰਦਿਆਲ ਸਿੰਘ ਭਟੀ । ਗਿਆਨੀ ਵੀਰ ਸਿੰਘ ਭਟੀ । ਸ: ਖੇੜਾ ਸਿੰਘ ਜੰਗੀ । ਸਰਦਾਰ ਸਵਰਨ ਸਿੰਘ ਪ੍ਰਹਲਾਦ । ਸ: ਸੰਤੋਖ ਸਿੰਘ ਨਿਰਪਖ । ਸ: ਦਰਸ਼ਨ ਸਿੰਘ । ਸ: ਅਮਰ ਸਿੰਘ ਅਮਰ । ਡਾ: ਮਦਨ ਗੋਪਾਲ ਸਿੰਘ ਗਿਆਨੀ । ਸ਼ਮਸ਼ੇਰ ਸਿੰਘ ਤ੍ਰਿਪਤ ।

ਇਸ ਉਪਰੋਕਤ ਚੋਣ ਵਿਚ ਆਇਆਂ ਮੈਂਬਰਾਂ ਵਿਚੋਂ ਕਿਸੇ ਮੈਂਬਰ ਨੂੰ ਆਪਣੇ ਚੁਣੇ ਜਾਨ ਤੇ ਰੋਸ ਹੋਵੇ ਤਾਂ ਉਹ ਦਸਾਂ ਦਿਨਾਂ ਤਕ ਆਪਣਾ ਰੋਸ ਸਿਧਾ ਦਫਤਰ ਲਿਖੇ ਤਾਂ ਕਿ ਇਸ ਤੋਂ ਅਗਲੇ ਰਿਸਾਲੇ ਵਿਚ ਯੋਗ ਤਬਦੀਲੀ ਕੀਤੀ ਜਾ ਸਕੇ ।

ਗਿਆਨੀ ਸੁੰਦਰ ਸਿੰਘ 'ਸਾਗਰ' ਸੈਕ੍ਰੇਟਰੀ
ਸਰਬ ਹਿੰਦ ਭਾਟਰਾ ਯੂਨੀਅਨ

ਕੌਮ ਦੀ ਪ੍ਰਤੀਨਿਧ ਜਮਾਤ ਸਰਬ ਹਿੰਦ ਭਾਟਰਾ ਯੂਨੀਅਨ ਦੀ ਸਮਾਜਿਕ ਸੇਵਾ ਦਾ ਸੰਖੇਪ

ਕੌਮ ਦੀ ਪ੍ਰਤੀਨਿਧ ਜਮਾਤ ਹਰ ਖੇਤਰ ਵਿਚ ਸਮਾਜ ਨੂੰ ਸੇਧ ਦੇਣ ਵਾਲੀ ਜੱਤਕ ਜਥੇਬੰਦੀ ਮੰਨੀ ਜਾਂਦੀ ਹੈ । ਸਰਬ ਹਿੰਦ ਭਾਫਰਾ ਯੂਨੀਅਨ ਰਜਿਸਟਰਡ ਕੌਮ ਦੀ ਪ੍ਰਤੀਨਿਧ ਜਮਾਤ ਜਿਥੇ ਸਮਾਜ ਦੀ ਸੈਂਟਰਲ ਸਰਕਾਰ ਵਰਗੀ ਸ਼ਕਤੀ ਤੇ ਸਨਮਾਨ ਰਖਦੀ ਸੀ, ਉਥੇ ਸੈਂਟਰਲ ਤੇ ਸੂਬਕ ਸਰਕਾਰ ਨਾਲ ਗੂੜ੍ਹਾ ਸੰਬੰਧ ਤੇ ਸਮਕਾਲੀ ਜਥੇਬੰਦੀਆਂ ਸ਼ਰੋਮਣੀ

Digitized by Panjab Digital Library | www.panjabdigilib.org

ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼ਰੋਮਣੀ ਅਕਾਲੀ ਦਲ ਤੇ ਚੀਫ ਖਾਲਸਾ ਦੀਵਾਨ ਵਿਚ ਸਨਮਾਨ ਪ੍ਰਤੀਨਿਧਤਾ ਲੈ ਕੇ ਜਲਸੇ ਜਲੂਸਾਂ, ਅੰਤਰ ਮੀਟਿੰਗਾਂ ਵਿਚ ਸ਼ਾਮਿਲ ਹੁੰਦੀ ਸੀ। ਯੂਨੀਅਨ ਦੇ ਮੁਖੀ ਪ੍ਰਬੰਧਕਾਂ ਨੇ ਸਮਾਜਿਕ ਸੇਵਾ ਦੀ ਜ਼ਿੰਮੇਵਾਰੀ ਨੂੰ ਪੂਰਨ ਯੋਗਤਾ ਨਾਲ ਨਿਭਾਇਆ।

ਸਰਬ ਹਿੰਦ ਭਾਟਰਾ ਯੂਨੀਅਨ ਨੇ ਕੌਮ ਦੀ ਅਣਖ ਤੇ ਇਜ਼ਤ ਦੀ ਰਾਖੀ (ਖੜਗ ਧਾਰੀ ਭੁਜਾ ਨਾਲ) ਕਰਕੇ ਜਿਥੇ ਪ੍ਰਤੀਨਿਧਤਾ ਦਾ ਸਬੂਤ ਦਿਤਾ, ਉਥੇ ਅਨਥਕ ਸੇਵਕ, ਸਚਾ ਸਾਥੀ, ਸਿਆਣਾ ਰਹਿਬਰ ਬਣਕੇ ਹਰ ਖੇਤਰ ਵਿਚ ਰਹਿਨੁਮਾਈ ਦਿਤੀ। ਇਸ ਸਾਲ ਦੀ ਸਮਾਜਿਕ ਸੇਵਾ ਦਾ ਸੰਖੇਪ ਯੂਨੀਅਨ ਦੇ ਜਨਰਲ ਸੈਕਟਰੀ ਡਾ. ਹਰਨਾਮ ਸਿੰਘ ਜੀ ਤਾਲਿਬ ਨੇ 23.9.1945 ਦੇ ਸਲਾਨਾ ਸਮਾਗਮ ਸਮੇਂ ਜੋ ਪੜ੍ਹਿਆ ਸੀ, ਹੂ-ਬਹੂ ਉਹ ਰੀਪੋਰਟ-ਪਾਠਕਾਂ ਦੀ ਜਾਣਕਾਰੀ ਲਈ ਦਿਤੀ ਜਾ ਰਹੀ ਹੈ ਤਾਕਿ ਕੌਮ ਦੀ ਪ੍ਰਤੀਨਿਧ ਜਮਾਤ 'ਸਰਬ ਹਿੰਦ ਭਾਟਰਾ ਯੂਨੀਅਨ' ਦੀ ਕੌਮ ਨੂੰ ਦਿਤੀ ਸੇਧ ਦੀ ਜਿਥੇ ਸਹੀ ਜਾਣ-ਕਾਰੀ ਮਿਲੇ, ਉਥੇ ਯੂਨੀਅਨ ਦੇ ਮੁਖੀ ਪ੍ਰਬੰਧਕਾਂ ਦੀ ਕਰੜੀ ਕਿਰਤ ਦਾ ਨਿਖਰਵਾਂ ਚਿਤਰ ਵੀ ਕੌਮ ਦੇ ਸਾਵੇਂ ਆ ਜਾਏ :—

ਸਾਲਾਨਾ ਰੀਪੋਰਟ

(ਜੋ ਜਨਰਲ ਸੈਕਰੇਟਰੀ ਨੇ ਯੂਨੀਅਨ ਦੀ ੨੩-੯-੪੫ ਦੀ ਜਨਰਲ ਮੀਟਿੰਗ ਵਿਚ ਪੜ੍ਹੀ)

ਇਸ ਸਾਲ ਵਿਚ ਸਰਬ ਹਿੰਦ ਭਾਟਰਾ ਯੂਨੀਅਨ ਨੇ ਆਪਣੀਆਂ ਕੁਲ ਪੰਦਰਾਂ ਮੀਟਿੰਗਾਂ ਕੀਤੀਆਂ, ੧੩ ਅੰਤਰੰਗ ਤੇ ਦੋ ਜਨਰਲ।

ਲੋੜੀਂਦੇ ਕੰਮਾ ਨੂੰ ਮੁਖ ਰਖਕੇ ਸਮੇਂ ਸਿਰ ਯੋਗ ਰੈਜ਼ੂਲੇਸ਼ਨ ਪਾਸ ਕਰਕੇ ਉਹਨਾਂ ਤੇ ਅਮਲ ਕਰਵਾਇਆ।

ਏਸੇ ਹੀ ਸਿਲਸਿਲੇ ਵਿਚ ਦੋ ਵਡੇ ਇਜਲਾਸ ਲਾਹੌਰ ਵਿਚ ਕੀਤੇ, ਇਕ ਸ੍ਰੀ ਗੁਰੂ ਅਰਜਨਦੇਵ ਜੀ ਮਹਾਰਾਜ ਦੇ ਸ਼ਹੀਦੀ ਪੁਰਬ ਸਮੇਂ ਛਬੀਲ ਤੇ ਭਾਰੀ ਕੌਮੀ ਦੀਵਾਨ ਦੀ ਸ਼ਕਲ ਵਿਚ, ਜਿਸ ਵਿਚ ਬਰਾਦਰੀ ਦਾ ਅਕਠ ਦੋ ਢਾਈ ਹਜ਼ਾਰ ਦੇ ਕਰੀਬ ਸੀ ਪਰ ਗੈਰ ਬਰਾਦਰੀ ਦਸ ਹਜ਼ਾਰ ਤੋਂ ਵਧੇਰੇ ਸੀ **ਜਿਸ ਵਿਚ ਸਰਬ ਹਿੰਦ ਭਾਟਰਾ ਯੂਨੀਅਨ ਦਾ ਖੁਲੇ ਤੌਰ ਤੇ ਪ੍ਰਚਾਰ ਕੀਤਾ ਗਿਆ। ਏਸੇ ਹੀ ਪਵਿਤਰ** ਦਿਹਾੜੇ ਸਰਬ ਹਿੰਦ ਵਲੋਂ ਇਕ ਬੜੀ ਭਾਰੀ ਛਬੀਲ ਅੰਮ੍ਰਿਤਸਰ ਤੇ ਦੂਜੀ ਲਾਇਲਪੁਰ ਸੀ।

ਦੂਸਰਾ ਸਮਾਗਮ ਮਹਾਰਾਜਾ ਰਣਜੀਤ ਸਿੰਘ ਜੀ ਦੀ ਬਰਸੀ ਤੇ ਛਬੀਲ ਦੀ ਸ਼ਕਲ ਵਿਚ ਹੋਇਆ। ਇਸ ਸਮੇਂ ਕੇਵਲ ਸਰਬ ਹਿੰਦ ਭਾਟਰਾ ਯੂਨੀਅਨ ਦੀ ਹੀ ਛਬੀਲ ਸੀ ਜਿਸ ਦੀ ਪ੍ਰਸੰਸਾ ਲਾਹੌਰ ਗੁਰਦਵਾਰਾ ਕਮੇਟੀ ਤੇ ਆਈ ਸੰਗਤ ਨੇ ਕੀਤੀ।

Digitized by Panjab Digital Library | www.panjabdigilib.org

ਸਰਬ ਹਿੰਦ ਦੀ ਐਗਜ਼ੈਕਟਿਵ ਕੌਂਸਲ ਪਾਸ ਬਰਾਦਰੀ ਦੇ ਪੀੜਤ ਤੇ ਦੁਖੀ ਲੋਕਾਂ ਦੇ ਅਠ ਕੇਸ ਸਾਡੇ ਪਾਸੇ ਲਿਖਤੀ ਆਏ, ਜਿਨ੍ਹਾਂ ਨੂੰ ਕਿ ਬੜੇ ਯੋਗ ਤਰੀਕੇ ਨਾਲ ਨਜਿਠ ਕੇ ਯੋਗ ਸਹਾਇਤਾ ਦੇ ਕੇ ਕੌਮੀ ਫਰਜ਼ ਨੂੰ ਨਿਭਾਇਆ ਗਿਆ।

ਸਰਬ ਹਿੰਦ ਭਾਟਰਾ ਯੂਨੀਅਨ ਨੇ ਆਪਣੇ ਸਮੂੰਹ ਮਤਾਲਬਾਤ ਤੇ ਰੈਜ਼ੂਲੇਸ਼ਨ ਸ਼ਰੋਮਣੀ ਗੁਰਦਵਾਰਾ ਕਮੇਟੀ ਦੇ ਸਪੈਸ਼ਲ ਸੱਦਾ ਪੱਤਰ ਤੇ ਉਨ੍ਹਾਂ ਦੀ ਅੰਤ੍ਰੰਗ ਕਮੇਟੀ ਵਿਚ ਜਾ ਕੇ ਰਖੇ ਤੇ ਖੂਬ ਬਹਿਸ ਕਰਕੇ ਆਪਣੇ ਕੇਸ ਨੂੰ ਪਲੀਡ ਕੀਤਾ ਗਿਆ, ਅਤੇ ਏਸੇ ਸੰਬੰਧ ਵਿਚ ਸਾਰੇ ਪੰਥਕ ਲੀਡਰਾਂ ਨਾਲ ਖਾਸ ਮੁਲਾਕਾਤਾਂ ਕਰਕੇ ਆਪਣੇ ਮਤਾਲਬਾਤ ਮਨਾਉਣ ਦਾ ਪੂਰਨ ਯਤਨ ਕੀਤਾ ਗਿਆ।

ਸਰਬ ਹਿੰਦ ਭਾਟਰਾ ਯੂਨੀਅਨ ਨੇ ਹਕੂਮਤ ਵਿਚ ਸਾਂਝ ਪੈਦਾ ਕਰਨ ਲਈ ਤੇ ਆਪਣੇ ਜਦੀ ਧਾਰਮਕ ਹਕੂਕਾਂ ਦੀ ਰਾਖੀ ਵਾਸਤੇ, ਸਿਖ ਇਲੈਕਸ਼ਨ ਲਈ ਪਿੰਡ ਪਿੰਡ ਦਾ ਦੌਰਾ ਕਰਕੇ ਬਰਾਦਰੀ ਦੇ ਵੋਟ ਬਨਾਵਣ ਦੀ ਸਿਰ ਤੋੜ ਕੋਸ਼ਸ਼ ਕੀਤੀ, ਇਹ ਉਹ ਪ੍ਰੀਯਤਨ ਸੀ ਜਿਸ ਤੇ ਅਮਲ ਕਰਕੇ ਅਸੀਂ ਆਪਣਾ ਭਵਿਖਤ ਸੰਵਾਰ ਸਕਦੇ ਹਾਂ ਤੇ ਧਾਰਮਕ ਹੱਕਾਂ ਦੀ ਰਾਖੀ ਮੈਂਬਰ ਬਨਕੇ ਕਰ ਸਕਦੇ ਹਾਂ। ਹੋਰ ਕਾਰਪੋਰੇਸ਼ਨ ਵਾਸਤੇ ਸਾਡੇ ਵਰਕਰਾਂ ਦੂਸਰੇ ਪਾਸੇ ਪਿੰਡਾਂ ਵਿਚ ਸਰਕਾਰੀ ਪੰਚਾਇਤਾਂ ਬਨਾਉਣ ਦੇ ਕੌਮ ਵਿਚ ਖਾਸ ਦਿਲਚਸਪੀ ਲਈ ਤੇ ਗਵਰਮਿੰਟ ਪੰਜਾਬ ਨਾਲ ਖਾਸ ਖਤੋ ਕਤਾਬਤ ਕਰਕੇ ਬਰਾਦਰੀ ਦੀ ਪੁਜ਼ੀਸ਼ਨ ਸਾਹਮਣੇ ਰਖੀ।

ਸਿੰਧ ਗਵਰਮਿੰਟ ਨਾਲ ਮੀਤ ਜ਼ਥੇਦਾਰ ਗੁਰਦਿਤ ਸਿੰਘ ਜੀ ਦੀ ਰਾਹੀਂ ਮੁਖੀ ਬੇਲੇ ਦੀ ਜ਼ਮੀਨ ਬਾਬਤ ਖਤੋ ਕਿਤਾਬਤ ਕੀਤੀ ਤੇ ਨਾਲੇ ਪੰਜਾਬ ਗਵਰਮਿੰਟ ਨੂੰ ਸਫਾਰਸ਼ ਕਰਨ ਵਾਸਤੇ ਲਿਖਿਆ।

ਸਰਬ ਹਿੰਦ ਭਾਟਰਾ ਯੂਨੀਅਨ ਨੇ ਨਨਕਾਣਾ ਸਾਹਿਬ ਦੀ ਭਾਟਰਾ ਬਰਾਦਰੀ ਦੀ ਮੰਗ ਤੇ ਗੁਰਦਵਾਰਾ ਲੋਕਲ ਕਮੇਟੀ ਨਨਕਾਣਾ ਸਾਹਿਬ ਤੇ ਸ਼ਰੋਮਣੀ ਕਮੇਟੀ ਨਾਲ, ਡੈਪੂਟੇਸ਼ਨ ਬਣਾ ਕੇ ਗਲਬਾਤ ਕੀਤੀ ਤੇ ਨਾਲੇ ਕਈ ਵਿਚਾਰਾਂ ਚਿਠੀ ਪੱਤਰ ਦਵਾਰਾ ਕੀਤੀਆਂ ਜਿਸ ਦਾ ਨਤੀਜਾ ਇਹ ਨਿਕਲਿਆ ਕਿ ਕਮੇਟੀ ਨੇ ਸਾਨੂੰ ਲਿਖਿਆ ਕਿ ਫੈਸਲਾਂ ਹੋਣ ਸਮੇਂ ਹਰ ਭਾਟਰੇ ਸਿੰਘ ਨੂੰ ਜੋ ਨਨਕਾਣਾ ਸਾਹਿਬ ਵਿਚ ਨਿਵਾਸ ਰਖਦਾ ਹੈ ਉਸ ਨੂੰ ਪੰਜ ਮਰਲੇ ਫਰੀ ਲੀਜ ਤੇ ਦਿਤੇ ਜਾਣਗੇ।

ਸਵਿੰਦਰਾ ਗਿਆਨੀ ਕਾਲਜ ਵਲੋਂ ਲਾਇਲਪੁਰ ਵਲੋਂ ਬਰਾਦਰੀ ਦੇ ਪੰਜ ਵਿਦਿਆਰਥੀ ਗਿਆਨੀ ਕਲਾਸ ਵਾਸਤੇ ਵੀ ਪੜ੍ਹਾਣ ਦਾ ਐਲਾਨ ਕੀਤਾ ਗਿਆ।

ਜਿਹੜੀ ਸੰਗਤ ਇੰਗਲੈਂਡ ਵਿਚ ਨਿਵਾਸ ਰਖਦੀ ਹੈ ਉਸ ਨਾਲ ਖਾਸ ਤੌਰ ਤੇ ਚਿਠੀ ਪਤਰ ਕੀਤੀ ਤੇ ਉਨ੍ਹਾਂ ਦੇ ਤਕਰੀਬਨ ੨੦ ਜ਼ਰੂਰੀ ਸਵਾਲਾਂ ਦਾ ਉਤਰ ਬਜ਼ਰੀਆ ਏਅਰ ਗਰਾਫ਼ਾਂ ਦੇ ਕੇ ਉਹਨਾਂ ਨੂੰ ਸਰਬ ਹਿੰਦ ਬਾਬਤ ਪੂਰੀ ਵਾਕਫੀਅਤ ਦਿਤੀ। ਇਨ੍ਹਾਂ ਚਿਠੀਆਂ ਦਾ ਇਹ ਸ਼ੁਭ ਅਸਰ ਹੋਇਆ ਕਿ ਸੰਗਤ ਇੰਗਲੈਂਡ ਨੇ ਦੋ ਹਜ਼ਾਰ ਰੁਪਿਆ

Digitized by Panjab Digital Library | www.panjabdigilib.org

ਸਾਨੂੰ ਦਫ਼ਤਰ ਸੰਗਤ ਦੀ ਬਿਲਡਿੰਗ ਵਾਸਤੇ ਅਰਦਾਸ ਕਰਾਈ ਤੇ ਸੱਤ ਹਜ਼ਾਰ ਰੁਪਿਆ ਦਸਤਕਾਰੀ ਆਸ਼ਰਮ ਵਾਸਤੇ ਭੇਜਣ ਦਾ ਪ੍ਰੱਣ ਦਿਤਾ।

ਜੋ ਸਜਣ ਲੜਾਈ ਕਰਕੇ ਮ਼ਲਾਇਆ ਅਤੇ ਸਿੰਘਾ ਪੁਰ ਵਿਚ ਕੈਦ ਹੋ ਗਏ ਸਨ ਉਹਨਾਂ ਸੰਬੰਧੀ ਰੈਡ ਕਰਾਸ ਸੁਸਾਇਟੀ ਦੀ ਮਾਰਫਤ ਨਾਲ ਬਾਹਰਲੀਆਂ ਹਕੂਮਤਾਂ ਨਾਲ ਕਾਰਸਪਾਂਡਿੰਗ ਕ੍ਰਕੇ ਉਹਨਾਂ ਦੀ ਖੈਰ ਸੁਖ ਪੁਛੀ ਤੇ ਉਹਨਾਂ ਦੀ ਰਿਹਾਈ ਲਈ ਪੂਰਾ ਟਿਲ ਲਾਇਆ ਜੋ ਰਿਹਾ ਹੋ ਗਏ ਹਨ ਇਸ ਦਾ ਐਲਾਨ ਆਮ ਅਖਬਾਰਾਂ ਵਿਚ ਹੋ ਗਿਆ ਹੈ।

ਬਰਾਦਰੀ ਦੇ ਉਲਟ, ਅਜੀਤ, ਅਕਾਲੀ ਤੇ ਪ੍ਰਤਾਪ ਅਖਬਾਰਾਂ ਦੇ ਚਿਕੜ ਸੁਟਨ ਤੇ ਬਦਨਾਮ ਕਰਨ ਦੇ ਮਜ਼ਮੂਨਾਂ ਦੀ ਮੁਜ਼ਮਤ ਅਜੀਤ ਦੇ ਨਾਮ ਖੁਲੀ ਚਿਠੀ ਲਿਖ ਕੇ ਸੰਗਤ ਅਤੇ ਅਜੀਤ ਵਿਪ ਪ੍ਰਕਾਸ਼ਤ ਕਰਾ ਕੇ, ਸਦਾ ਵਾਸਤੇ ਮੁਖਾਲਫ ਕਦਮ ਚੁਕਣ ਵਾਲਿਆਂ ਦਾ ਮੂੰਹ ਤੋੜਵਾਂ ਉਤਰ ਦੇ ਕੇ ਬਰਾਦਰੀ ਨੂੰ ਹੋਰ ਕਲੰਕਤ ਹੋਣ ਤੋਂ ਬਚਾਇਆ ਗਿਆ।

ਅਤੇ ਸੰਗਤ ਰਿਸਾਲੇ ਦੀ ਜੋ ਮੰਦੀ ਦਿਸ਼ਾ ਲੜਾਈ ਦੇ ਕਾਰਨ ਹੋ ਗਈ ਸੀ ਬੜੀ ਸਮਝ ਸੋਚ ਵਿਚਾਰ ਅਤੇ ਖਾਸ ਜਦੋ ਜਹਿਦ ਕਰਕੇ ਉਸਨੂੰ ਸੁਰਜੀਤ ਰਖਿਆ ਤੇ ਹੁਣ ਪਿਛਲੇ ਦੋ ਮਹੀਨਿਆਂ ਤੋਂ ਜਿਹੜਾ ਕੋਟਾ ਸਾਡਾ ਗਵਰਮਿੰਟ ਨੇ ਬੰਦ ਕੀਤਾ ਸੀ ਉਸਦੀ ਆਗਿਆ ਫਿਰ ਲੈਕੇ ਨਵੇਂ ਸਿਰਉਂ ਸੰਗਤ ਰਿਸਾਲੇ ਨੂੰ ਪ੍ਰਕਾਸ਼ਤ ਕਰਨ ਲਈ ਕੁਰਬਾਨੀ ਕੀਤੀ ਤੇ ਇਸ ਸਬੰਧ ਵਿਚ ਡੈਪੂਟੈਸ਼ਨ ਬਣਾਕੇ ਕੰਟਰੋਲਰ ਕਾਗਜ਼ਾਤ ਨੂੰ ਮਿਲੇ ਤੇ ਆਪਣਾ ਕੇਸ ਉਸ ਸਾਹਮਣੇ ਭਲੀ ਪ੍ਰਕਾਰ ਰਖ ਕੇ ਆਪਣੀ ਜਿਤ ਪ੍ਰਾਪਤ ਕੀਤੀ।

'ਸੰਗਤ ਰਿਸਾਲੇ' ਵਿਚ ਕੌਮ ਦੀ ਸੋਸ਼ਲ ਇਕਤਸਾਦੀ, ਧਾਰਮਕ ਅਤੇ ਪੁਲੀਟੀ-ਕਲ ਪੁਜੀਸ਼ਨ ਬਨਾਉਣ ਲਈ ਲੇਖ ਲਿਖੇ ਤੇ ਕਈ ਜ਼ਰੂਰੀ ਤਰਦੀਦਾਂ ਤੇ ਤਰਮੀਮਾਂ ਰੈਜੂਲੇਸ਼ਨਾਂ ਦੀ ਸ਼ਕਲ ਵਿਚ ਰਸਮਾਂ ਬਾਬਤ ਕਰਕੇ ਬਰਾਦਰੀ ਨੂੰ ਸੋਸ਼ਲ ਸੁਧਾਰ ਵਲ ਇਕ ਹੋਰ ਕਦਮ ਅਗਾਂਹ ਰਖਣ ਵਾਸਤੇ ਹਿੰਮਤ ਕੀਤੀ ਜੋ ਕਾਮਯਾਬ ਰਹੀ।

ਵਰਕਰ ਸਾਹਿਬਾਨ ਦੀਆਂ ਸ਼ਾਦੀਆਂ ਤੇ ਸਭ ਪੁਰਾਣੀਆਂ ਰਸਮਾਂ ਨੂੰ ਤਲਾਂਜਲੀ ਦੇ ਕੇ ਕੌਮ ਅੰਦਰ ਰਸਮਾਂ ਦੇ ਖਿਲਾਫ ਖਾਸਾ ਜੋਸ਼ ਭਰਪੂਰ ਪ੍ਰਾਪੇਗੰਡਾ ਕੀਤਾ ਜਿਸਦੇ ਅਸਰ ਨਾਲ ਕਈ ਨਾਕਸ ਰਸਮਾਂ ਆਪਣੀ ਮੌਤ ਖੁਦ ਮਰ ਗਈਆਂ।

ਪ੍ਰੈਸ ਪ੍ਰਾਪੇਗੰਡਾ ਕਾਇਮ ਰਖਣ ਲਈ ਸੰਗਤ ਦੇ ਸਪੈਸ਼ਲ ਕਾਲਮ ਰੀਜ਼ਰਵ ਕਰਕੇ ਬਰਾਦਰੀ ਅੰਦਰ ਜੀਵਨ ਸਪਿਰਟ ਨੂੰ ਪੈਦਾ ਕੀਤਾ। ਜਥੇਬੰਦੀ ਤੇ ਪ੍ਰਚਾਰ ਨੂੰ ਜਿੰਦਾ ਰਖਣ ਲਈ ਬਰਾਦਰੀ ਦੇ ਹਰ ਪਿੰਡਾਂ ਦੇ ਧਾਰਮਿਕ ਤੇ ਕੰਮੀ ਦਰਬਾਰ ਵਿਚ ਹਾਜ਼ਰ ਹੋ ਕੇ ਬਰਾਦਰੀ ਨੂੰ ਵਾਪਰ ਰਹੇ ਹਾਲਾਤ ਤੋਂ ਜਾਣੂ ਕਰਾਕੇ ਸਾਰੇ ਪਿੰਡਾਂ ਨੂੰ ਇਕ ਝੰਡੇ ਹੇਠ ਇਕੱਠਾ ਕਰਨ ਲਈ ਸਾਰੀਆਂ ਕੋਸ਼ਸ਼ਾਂ ਏਸੇ ਕੰਮ ਵਿਚ ਲਾ ਦਿਤੀਆਂ। ਸੰਗਤ ਰਿਸਾਲੇ ਵਿਚ ਹਰ ਪਿੰਡ ਦੀਆਂ ਰਿਪੋਰਟਾਂ ਛਪਕੇ ਬਰਾਦਰੀ ਨੂੰ ਇਕ ਦੂਜੇ ਤੋਂ ਜਾਣੂ

Digitized by Panjab Digital Library | www.panjabdigilib.org

ਕਰਾਇਆ ਗਿਆ । ਹਰ ਮ੍ਰਿਤਕ ਪੁਜੀ ਖਬਰ ਨੂੰ ਮਹਾਂ ਸ਼ੋਕ ਦੇ ਹੇਠ ਪ੍ਰਕਾਸ਼ਤ ਕਰਕੇ ਆਮ ਜਨਤਾ ਦੀ ਹਮਦਰਦੀ ਨੂੰ ਆਪਣੇ ਵਲ ਖਿਚਣ ਦਾ ਯਤਨ ਕੀਤਾ ਗਿਆ ।

ਸਾਰਿਆਂ ਨਾਲੋਂ ਜ਼ਰੂਰੀ ਇਹ ਕੀਤਾ ਕਿ ਸਰਬ ਹਿੰਦ ਦੀ ਡੀਪਾਰਟਮੈਂਟਲ ਵੰਡ ਅਨੁਸਾਰ ਸਭ ਡੀਪਾਰਟਮੈਂਟ ਦੀ ਸੁਧਾਈ ਕੀਤੀ ਗਈ ਤੇ ਪੈਸੇ ਪੈਸੇ ਦਾ ਹਿਸਾਬ ਕਲੀਅਰ ਰਖਕੇ ਬਰਾਦਰੀ ਦੇ ਭਾਰੇ ਮਸਲੇ ਨੂੰ ਗੁੰਝਲ ਵਿਚ ਪੈਣ ਤੋਂ ਬਚਾਈ ਰਖਿਆ ।

ਸਰਬ ਹਿੰਦ ਭਾਟਰਾ ਯੂਨੀਅਨ ਸਾਹਮਣੇ ਜੋ ਵੀ ਚੀਜ਼ ਕੌਮੀ ਨੁਕਤਾ ਨਿਗਾਹ ਸਾਹਮਣੇ ਆਈ ਉਸਨੂੰ ਬੜੀ ਸੋਚ ਵਿਚਾਰ ਨਾਲ ਨਜਿਠ ਕੇ ਕੌਮੀ ਫ਼ਰਜ਼ ਨੂੰ ਪੂਰਾ ਕੀਤਾ ਤਾਂ ਕਿ ਯੂਨੀਅਨ ਦੇ ਵਕਾਰ ਵਿਚ ਕਿਸੇ ਕਿਸਮ ਦਾ ਫ਼ਰਕ ਨਾ ਪਏ ।

ਜਥੇਬੰਦੀ ਦੀ ਸ਼ਕਤੀ

ਜਿਹੜੇ ਸਜਣ ਬਾਹਰ ਪਰਦੇਸ਼ ਵਿਚ ਸਫਰ ਲਈ ਜਾਂਦੇ ਹਨ ਤੇ ਬਾਹਰ ਉਹਨਾਂ ਨੂੰ ਕਈ ਔਕੜਾਂ ਪੇਸ਼ ਆਉਂਦੀਆਂ ਹਨ ਉਹਨਾਂ ਨੂੰ ਦੂਰ ਕਰਨ ਲਈ ਕਰੈਕਟਰ ਸਰਟੀਫਿਕੇਟ ਬਨਾਉਣ ਦਾ ਰੈਜੂਲੇਸ਼ਨ ਪਾਸ ਕੀਤਾ ਕਿ ਝਬਦੇ ਇਸ ਤੇ ਅਮਲ ਹੋ ਜਾਏ ਪਰ ਲੜਾਈ ਕਰਕੇ ਇਸ ਵਿਚ ਕੁਝ ਢਿਲ ਪੈ ਗਈ ।

ਬਰਾਦਰੀ ਨੂੰ ਕਲੰਕਤ ਕਰਨ ਵਾਸਤੇ ਜੋ ਹਮਲੇ ਸਿਖ ਸੰਸਥਾਵਾਂ, ਤੇ ਕਮੇਟੀਆਂ ਵਲੋਂ ਹੁੰਦੇ ਸਨ ਉਹਨਾਂ ਦੇ ਸਬੰਧ ਵਿਚ ਗੁਰਦਵਾਰਾ ਮੈਨੇਜਰ ਨਨਕਾਣਾ ਸਾਹਿਬ ਪ੍ਰਧਾਨ ਸ਼ਰੋਮਣੀ ਕਮੇਟੀ ਅਤੇ ਪ੍ਰਧਾਨ ਸ਼ਰੋਮਣੀ ਅਕਾਲੀ ਦਲ ਨੂੰ ਖਾਸ ਚਿਠੀਆਂ ਲਿਖਕੇ ਬਰਾਦਰੀ ਦੀ ਪੁਜੀਸ਼ਨ ਨੂੰ ਉਚਿਆਂ ਕੀਤਾ ।

ਗਲ ਕੀ ਸਰਬ ਹਿੰਦ ਭਾਟਰਾ ਯੂਨੀਅਨ ਨੇ ਇਸ ਸਾਲ ਅੰਦਰ ਗਵਰਨਮਿੰਟ ਪੰਜਾਬ ਤੇ ਸਿਖ ਪੰਥ ਦੀ ਸ਼ਰੋਮਣੀ ਕਮੇਟੀ ਤੇ ਅਖਬਾਰਾਂ ਆਦਿ ਨਾਲ ਆਪਣੀ ਬਰਾਦਰੀ ਦੇ ਹੱਕਾਂ ਵਾਸਤੇ ਖ਼ੂਬ ਲੜਾਈ ਕੀਤੀ ਤੇ ਆਪਣੀ ਮੰਜ਼ਲ ਤਕ ਪੁਜਨ ਲਈ ਆਪਣੇ ਪ੍ਰੱਣ ਨੂੰ ਨਿਭਾਇਆ ।

ਸਰਬ ਹਿੰਦ ਭਾਟਰਾ ਯੂਨੀਅਨ ਜਿੰਦਾ ਬਾਦ

Digitized by Panjab Digital Library | www.panjabdigilib.org

ਸਰਬ ਹਿੰਦ ਭਾਟਰਾ ਯੂਨੀਅਨ ਰਜਿਸਟਰਡ ਦੀ ਲਾਹੌਰ ਵਿਚ ਨਵੀਂ ਚੋਣ ਦਾ ਦਰਿਸ਼

ਸਰਬ ਹਿੰਦ ਭਾਟਰਾ ਯੂਨੀਅਨ ਰਜਿਸਟਰਡ ਦਾ ਕੌਮ ਦੀ ਪ੍ਰਤੀਨਿਧ ਜਮਾਤ ਹੋਣ ਕਰਕੇ ਦਾਇਰਾ ਦਿਨ-ਬ-ਦਿਨ ਵਧ ਰਿਹਾ ਸੀ। ਤੇਜ ਪ੍ਰਤਾਪ ਤੇ ਮਾਨ-ਮਹੱਤਤਾ ਚੜ੍ਹਦੇ ਸੂਰਜ ਦੀ ਲਾਲੀ ਵਾਂਗ ਸਿਖਰਾਂ ਛੋਹ ਰਹੀ ਸੀ। ਸਿਆਸੀ ਤੇ ਸਮਾਜੀ ਸਫਲਤਾਵਾਂ ਦਾ ਸਦਕਾ ਜਿਥੇ ਯੂਨੀਅਨ ਦਾ ਸਤਿਕਾਰ ਸਮਾਜ ਵਿਚ ਵਧ ਰਿਹਾ ਸੀ, ਉਥੇ ਸਿਆਸੀ ਤੇ ਸਮਾਜੀ ਸਮਕਾਲੀ ਸੰਸਥਾਵਾਂ ਨਾਲ ਤਾਲਮੇਲ ਵਧ ਰਿਹਾ ਸੀ ਤੇ ਸਾਂਝ ਦੀਆਂ ਗੰਢਾਂ ਪੀਡੀਆਂ ਹੋ ਰਹੀਆਂ ਸਨ। ਇਸਦੇ ਨਾਲ ਹੀ ਯੂਨੀਅਨ ਦੀ ਕੌਮ ਸੇਵਾ ਸੰਭਾਲ ਦੀਆਂ ਜ਼ਿੰਮੇਵਾਰੀਆਂ ਵਿਚ ਵੀ ਆਖਰਾਂ ਦਾ ਵਾਧਾ ਹੋ ਰਿਹਾ ਸੀ। ਕੌਮ ਦੀ ਪ੍ਰਤੀਨਿਧ ਜਮਾਤ ਕੌਮ ਸੇਵਾ ਦੇ ਕਰਮ ਖੇਤਰ ਵਿਚ ਤ੍ਰਿਖੀ-ਤੋਰੇ ਅਗਾਂਹ ਵਧਕੇ, ਕੌਮ ਨੂੰ ਹਰ ਖੇਤਰ ਵਿਚ ਸਹੀ ਰਹਿਨੁਮਾਈ ਦੇਂਦਿਆਂ ਰਾਜਸੀ ਰੂਪ ਧਾਰਨ ਕਰ ਰਹੀ ਸੀ।

ਯੂਨੀਅਨ ਦੀਆਂ ਜਨਰਲ ਇਕੱਤਰਤਾਵਾਂ ਘਰਾਂ ਦੀਆਂ ਵਲਗਣਾਂ ਵਿਚੋਂ ਨਿਕਲ, ਪਬਲਿਕ ਜਲਸੇ ਮੀਟਿੰਗਾਂ ਵਾਂਗ ਹਾਲ ਵਿਚ ਹੁੰਦੀਆਂ ਸਨ! 23 ਸਤੰਬਰ 1945 ਨੂੰ ਸਰਬ ਹਿੰਦ ਭਾਟਰਾ ਯੂਨੀਅਨ ਦੀ ਜਨਰਲ ਇਲੈਕਸ਼ਨ ਪਹਿਲੀ ਸੀ, ਜੋ ਦਿਆਲ ਸਿੰਘ ਲਾਇਬਰੇਰੀ ਹਾਲ, ਲਾਹੌਰ ਵਿਚ ਹੋ ਰਹੀ ਸੀ, ਜਿਸਦਾ ਅਨੋਖਾ ਦ੍ਰਿਸ਼ ਵੇਖਣ ਜੋਗ ਸੀ। ਇਸ ਵਿਚ ਤਹਿਸੀਲ ਨਾਰੋਵਾਲ ਤੇ ਤਹਿਸੀਲ ਡਸਕਾ ਦੇ ਸਾਰੇ ਪਿੰਡਾਂ ਦੇ ਪ੍ਰਤੀਨਿਧਾਂ ਨੇ ਹਿੱਸਾ ਲਿਆ। ਤਿਬੜ ਤੇ ਜ਼ਿਲਾ ਗੁਰਦਾਸ ਪੁਰ ਵਲੋਂ ਪ੍ਰਤੀਨਿਧ ਪੁਜੇ। ਲਾਹੌਰ, ਅੰਮ੍ਰਿਤਸਰ, ਲਾਇਲਪੁਰ, ਗੋਜਰਾਂ ਤੇ ਯੂਨੀਅਨ ਦੇ ਸਮੂੰਹ ਵਰਕਰ ਸ਼ਾਮਲ ਸਨ। ਹਾਲ ਇਕ ਦਮ ਭਰਪੂਰ ਸੀ। ਇਹ ਯੂਨੀਅਨ ਦਾ ਦੂਸਰਾ ਇਜਲਾਸ ਸੀ ਜਿਸ ਵਿਚ ਨਵੇਂ ਸਾਲ ਲਈ ਨਵੇਂ ਪ੍ਰਬੰਧਕਾਂ ਦੀ ਨਵੀਂ ਪ੍ਰਬੰਧਕ ਕਮੇਟੀ ਦੀ ਚੋਣ ਕੀਤੀ ਜਾਣੀ ਸੀ।

22-9-45 ਦੀ ਪਹਿਲੀ ਇਕੱਤਰਤਾ ਵਿਚ ਕੁਝ ਕੁ ਸੁਧਾਰ ਵਿਰੋਧੀਆਂ ਨੇ ਪ੍ਰੋਗਰਾਮ ਨੂੰ ਵਿਗਾੜਣ ਦਾ ਜਤਨ ਕੀਤਾ ਸੀ। ਇਸ ਹੋਈ ਬੀਤੀ ਤੋਂ ਸਿਖਿਆ ਲੈਂਦਿਆਂ ਯੂਨੀਅਨ ਦੇ ਵਰਕਰਾਂ ਨੇ ਜਿਥੇ ਪਿੰਡਾਂ ਦੇ ਸਮੂੰਹ ਪ੍ਰਤੀਨਿਧਾਂ ਨੂੰ ਹਾਲ ਵਿਚ ਜਾਣ ਲਈ ਪਾਸ ਵੰਡੇ, ਉਥੇ ਯੂਨੀਅਨ ਦੇ ਸਮੂੰਹ ਵਰਕਰਾਂ ਨੂੰ ਵੀ ਪਾਸ ਲੈਕੇ ਅੰਦਰ ਜਾਣ ਦਾ ਐਲਾਨ ਕਰ ਦਿਤਾ ਤੇ ਇਸ ਅਸੂਲ ਦੀ ਰਾਖੀ ਲਈ ਗਿਆਨੀ ਅਮੋਲਕ ਸਿੰਘ ਜੀ ਅੰਮ੍ਰਿਤ ਤੇ

Digitized by Panjab Digital Library | www.panjabdigilib.org

ਸ: ਬਾਕੁੰਠ ਸਿੰਘ ਜੀ ਦੀ ਗੇਟ ਤੇ ਪਾਸ ਵੇਖਕੇ ਅੰਦਰ ਜਾਣ ਦੀ ਡਿਊਟੀ ਲਾ ਦਿਤੀ। ਗਿਆਨੀ ਮਖਣ ਸਿੰਘ ਮ੍ਰਿਗਿੰਦ ਜੀ ਕੁਝ ਪ੍ਰਤੀਨਿਧਾਂ ਨਾਲ ਪਾਸ ਤੋਂ ਬਗੈਰ ਹਾਲ ਅੰਦਰ ਜਾਣ ਲਗੇ ਤਾਂ ਗੇਟ ਤੇ ਖਲੋਤੇ ਵਰਕਰਾਂ ਨੇ ਰੋਕ ਦਿਤਾ ਤੇ ਪਾਸ ਲੈਕੇ ਅੰਦਰ ਜਾਣ ਲਈ ਕਿਹਾ। ਜਿਸਨੂੰ ਗਿਆਨੀ ਮ੍ਰਿਗਿੰਦ ਜੀ ਨੇ ਆਪਣਾ ਅਪਮਾਨ ਤੇ ਗੇਟ ਅਗੇ ਖਲੋਤੇ ਅੰਮ੍ਰਿਤ ਜੀ ਤੇ ਬਾਕੁੰਠ ਜੀ ਨੇ ਯੂਨੀਅਨ ਦੇ ਪਾਸ ਕੀਤੇ ਅਸੂਲ ਦੀ ਉਲੰਘਣਾ ਸਮਝ ਲਿਆ। ਇਹ ਅਚਾਨਕ ਹੋਈ ਘਟਨਾ ਜਾਤੀ ਵਕਾਰ ਦਾ ਰੂਪ ਧਾਰ ਗਈ।

ਵੋਟਾਂ ਦੀ ਬਹੁ-ਗਿਣਤੀ ਨਾਲ ਸਾਗਰ ਜੀ ਪ੍ਰਧਾਨ ਥਾਪੇ ਗਏ

ਯੂਨੀਅਨ ਦੀ ਇਕ ਮੀਟਿੰਗ ਵਿਚ ਹੋਣ ਵਾਲੀ ਚੋਣ ਵਿਚ ਯੂਨੀਅਨ ਵਲੋਂ ਪ੍ਰਧਾਨ ਖੜਾ ਕਰਨ ਲਈ ਵਿਚਾਰ ਹੋਈ। ਸਰਬ ਸੰਮਤੀ ਨਾਲ ਡਾ: ਹਰਨਾਮ ਸਿੰਘ ਜੀ ਤਾਲਿਬ ਦਾ ਨਾਂ ਪਾਸ ਹੋਇਆ। ਪਰ ਤਾਲਿਬ ਜੀਂ ਨੇ ਆਪਣਾ ਨਾਂ ਵਾਪਸ ਲੈਕੇ ਮ੍ਰਿਗਿੰਦ ਜੀ ਦਾ ਨਾਂ ਪਰਧਾਨ ਲਈ ਪੇਸ਼ ਕਰ ਦਿਤਾ ਜੋ ਹਾਜਰੀ ਨੇ ਪਰਵਾਨ ਕਰ ਲਿਆ ਸੀ। ਪਰ ਗੇਟ ਸਾਵੇਂ ਹੋਈ ਚੜੋ-ਖਤੀ, ਬੇ ਅਸੂਲੀ ਘਟਨਾ ਬਣਕੇ ਜਾਤੀ ਵਕਾਰ ਦੀ ਪਾਨ ਚਾੜ੍ਹ ਗਈ। ਜਿਸਦਾ ਅਸਰ ਜਿਵੇਂ ਪਿਛਲੇ ਸਾਲ ਦੀ ਜਨਰਲ ਚੋਣ ਸਮੇਂ (ਕਾਨਫਰੰਸ ਵਿਚ ਵਿਦਿਆ ਦਸਤਕਾਰੀ ਲਈ ਆਰਥਿਕ ਅਪੀਲ ਦੇ ਸੁਆਲ ਨੇ) ਸਰਬ ਸੰਮਤੀ ਨਹੀਂ ਸੀ ਰਹਿਣ ਦਿਤੀ, ਤਿਵੇਂ ਇਸ ਸਾਲ ਗੇਟ ਤੇ ਹੋਏ ਮਤਭੇਦ ਨੇ ਚੋਣ ਨੂੰ ਸਰਬ ਸੰਮਤੀ ਦੀ ਥਾਵੇਂ ਬਹੁ ਸੰਮਤੀ ਦੇ ਵੱਲ ਮੋੜ ਦਿਤਾ।

ਯੂਨੀਅਨ ਦੇ ਮਿਥੇ ਪ੍ਰੋਗਰਾਮ ਅਨੁਸਾਰ ਪਿਛਲੇ ਸਾਲ ਦੇ ਪਰਬੰਧਕਾਂ ਦੀ ਕੀਤੀ ਸੇਵਾ ਦੀ ਭਰਵੀਂ ਪ੍ਰਸ਼ੰਸਾ ਤੋਂ ਬਾਦ ਅਗਲੇ ਸਾਲ ਲਈ ਯੂਨੀਅਨ ਦੇ ਪ੍ਰਧਾਨਗੀ ਪਦ ਲਈ ਦੋ ਨਾਂ 1. ਗਿਆਨੀ ਮਖਣ ਸਿੰਘ ਜੀ ਮ੍ਰਿਗਿੰਦ ਤੇ 2. ਗਿਆਨੀ ਸੁੰਦਰ ਸਿੰਘ ਜੀ ਸਾਗਰ ਪੇਸ਼ ਹੋ ਗਏ, ਇਕ ਪਦ ਲਈ ਦੋ ਨਾਂ ਪੇਸ਼ ਹੋਣ ਕਰਕੇ ਜਿਥੇ ਸਨਾਟਾ ਛਾ ਗਿਆ, ਉਥੇ ਪ੍ਰਤੀਨਿਧਾਂ ਤੇ ਵਰਕਰਾਂ ਵਿਚ ਘੁਸਰ ਮੁਸਰ ਹੋਣ ਲਗ ਪਈ। ਇਸ ਗੰਭੀਰ ਸਥਿਤੀ ਦਾ ਇਕੋ ਇਕ ਹੱਲ, ਹਾਜ਼ਰੀ ਨੇ ਬਹੁ-ਸੰਮਤੀ ਨਾਲ ਪਰਧਾਨ ਚੁਣਨ ਦਾ ਫੈਸਲਾ ਕੀਤਾ। ਚੋਣਕਾਰ, ਸ: ਝੰਡਾ ਸਿੰਘ ਜੀ ਪਟੇਲ ਤੇ ਬਾਬੂ ਬਲਵੰਤ ਸਿੰਘ ਜੀ ਗਾਡ ਮੁਕਰਰ ਹੋਏ। ਯੂਨੀਅਨ ਦੇ ਵਰਕਰਾਂ ਤੇ ਪਿੰਡਾਂ ਦੇ ਪ੍ਰਤੀਨਿਧਾਂ ਦੀ ਬਹੁ ਸੰਮਤੀ ਨਾਲ ਵੋਟਿੰਗ ਦੀ ਬਹੁ ਗਿਣਤੀ ਦਾ ਸਦਕਾ ਗਿਆਨੀ ਸੁੰਦਰ ਸਿੰਘ ਜੀ ਸਾਗਰ ਨਵੇਂ ਪ੍ਰਧਾਨ ਥਾਪੇ ਗਏ। ਬਾਕੀ ਸਰਬ ਸੰਮਤੀ ਨਾਲ ਸੀਨੀਅਰ ਵਾਇਸ ਪਰਧਾਨ ਗਿਆਨੀ ਗੁਰਮੁਖ ਸਿੰਘ ਜੀ ਬਣਾਏ ਗਏ। ਜਨਰਲ ਸੈਕਟਰੀ ਡਾ: ਹਰਨਾਮ ਸਿੰਘ ਜੀ ਤਾਲਿਬ ਤੇ ਹੈਡ ਕੈਸ਼ੀਅਰ ਗਿਆਨੀ ਰਤਨ ਸਿੰਘ ਸ਼ਾਦ, ਹਾਜ਼ਰੀ ਨੇ ਚੁਣੇ ਤੇ ਬਾਕੀ ਦੀ ਚੋਣ ਚੁਣੇ ਸਾਥੀਆਂ ਦੀ ਸੰਮਤੀ ਨਾਲ ਚੁਣਨ ਦੇ ਅਧਿਕਾਰ ਪ੍ਰਧਾਨ ਜੀ ਨੂੰ ਦਿਤੇ ਗਏ।

Digitized by Panjab Digital Library | www.panjabdigilib.org

ਚੋਣ ਦੀ ਪਰਸ਼ੰਸਾ ਤੇ ਪੜਚੋਲ

23-9-45 ਨੂੰ ਸਮੂੰਹ ਪਿੰਡਾਂ ਤੇ ਸ਼ਹਿਰਾਂ ਦੇ ਪ੍ਰਤੀਨਿਧਾਂ ਦੀ ਹਾਜ਼ਰੀ ਵਿਚ ਰਹਿੰਦੀ ਚੋਣ ਨੂੰ ਮੁਕੰਮਲ ਕਰਨ ਦੇ ਅਧਿਕਾਰ ਅਨੁਸਾਰ ਯੂਨੀਅਨ ਦੇ ਨਵੇਂ ਪ੍ਰਧਾਨ ਗਿਆਨੀ ਸਾਗਰ ਜੀ ਨੇ ਨਵੀਂ ਚੋਣ ਮੁਕੰਮਲ ਕਰਕੇ 3-10-45 ਨੂੰ ਜਨਰਲ ਮੀਟਿੰਗ ਵਿਚ ਪੇਸ਼ ਕੀਤੀ ਜਿਸਤੇ ਹਾਜ਼ਰੀ ਨੇ ਸਰਬ ਸੰਮਤੀ ਨਾਲ ਪ੍ਰਵਾਨਗੀ ਦੀ ਮੋਹਰ ਲਾਕੇ ਪ੍ਰਵਾਨ ਕੀਤੀ। ਇਹ ਚੋਣ ਦੀ ਰੂਪ-ਰੇਖਾ ਪੱਛਮੀ ਪ੍ਰਭਾਵ ਤੇ ਕਾਨਸਟੀਚਿਉਸ਼ਨ (constitution) ਦੇ ਅਧਾਰ ਤੇ ਸੀ। ਐਗਜ਼ੈਕਟਿਵ ਦੀ ਥਾਂ 'ਯੂਨੀਅਨ ਹਾਈ ਕਮਾਂਡ' ਤੇ 'ਸਕਿਉਰਟੀ ਕੌਂਸਲ' ਦੋ ਹਾਉਸ ਬਣਾਏ ਗਏ। ਇਸ ਚੋਣ ਦੇ ਨਵੀਨ ਢੰਗ ਦੀ ਜਿਥੇ ਅਗਾਂਹ ਵਧੂ ਨਵੀਨ ਵਿਚਾਰਧਾਰਾ ਦੇ ਖਿਆਲਾਂ ਵਾਲਿਆਂ ਢੇਰ ਪ੍ਰਸ਼ੰਸਾ ਕੀਤੀ, ਉਥੇ ਲਾਇਲ ਡਵੀਜ਼ਨ ਦੇ ਮੈਂਬਰਾਂ ਵਲੋਂ ਇਸ ਚੋਣ ਢੰਗ ਦੀ ਪੜਚੋਲ ਵੀ ਢੇਰ ਹੋਈ। ਪਾਠਕਾਂ ਦੀ ਜਾਣਕਾਰੀ ਲਈ ਉਸ ਸਮੇਂ (ਸਤੰਬਰ-ਅਕਤੂਬਰ 1945) ਸੰਗਤ ਰਸਾਲੇ ਵਿਚ ਪ੍ਰਕਾਸ਼ਤ ਹੋਈ ਇਕੱਤਰਤਾ ਤੇ ਚੋਣ ਮੂਲ ਰੂਪ ਵਿਚ ਪੇਸ਼ ਕੀਤੀ ਜਾਂਦੀ ਹੈ।

ਸੰਗਤ ਰਿਸਾਲਾ (੪) **ਸਤੰਬਰ ਅਕਤੂਬਰ** ੧੯੪੫

ਦੂਸਰਾ ਇਜਲਾਸ

੨੩.੯.੪੫ ਨੂੰ ਯਾਰਾਂ ਵਜੇ ਸਰਬ ਹਿੰਦ ਭਾਟਰਾ ਯੂਨੀਅਨ (ਰਜਿਸਟਰਡ) ਦਾ ਦੂਸਰਾ ਇਜ਼ਲਾਸ ਦਿਆਲ ਸਿੰਘ ਲਾਇਬਰੇਰੀ ਹਾਲ ਵਿਚ ਹੋਇਆ ਜਿਸ ਵਿਚ ਬਰਾਦਰੀ ਦੇ ਪਿੰਡਾਂ ਅਤੇ ਸ਼ਹਿਰਾਂ ਦੇ ਪ੍ਰਤੀਨਿਧ ਅਤੇ ਯੂਨੀਅਨ ਦੇ ਮੈਂਬਰ ਹਾਜ਼ਰ ਸਨ। ਪ੍ਰਧਾਨ ਸਾਹਿਬ ਦੇ ਆਉਣ ਤੇ ਸੰਗਤ ਨੇ ਉਠ ਕੇ ਜੈਕਾਰਿਆਂ ਨਾਲ ਸਤਿਕਾਰ ਕੀਤਾ ਅਤੇ ਫੇਰ ਪ੍ਰਧਾਨ ਸਾਹਿਬ ਅਤੇ ਜਨਰਲ ਸਕੱਤਰ ਦੇ ਗਲ ਹਾਰ ਪਾਏ ਗਏ।

ਵਰਕਰਾਂ ਦੀ ਤਕਰੀਰਾਂ ਦੇ ਪਿਛੋਂ ਸਕੱਤਰ ਸਾਹਿਬ ਨੇ ਯੂਨੀਅਨ ਦੇ ਕੰਮ ਦੀ ਸਲਾਨਾ ਰਿਪੋਰਟ ਪੜ੍ਹੀ ਅਤੇ ਫੇਰ ਪ੍ਰਧਾਨ ਸਾਹਿਬ ਨੇ ਪ੍ਰਧਾਨਗੀ ਭਾਸ਼ਨ ਪੜ੍ਹਿਆ (ਜੋ ਅਗੇ ਛਪੇ ਹਨ) ਫਿਰ ਵੋਟਾਂ ਨਾਲ (ਸਰਬ ਸੰਮਤੀ ਨਾਲ) ਹੇਠ ਲਿਖੀ ਚੋਣ ਹੋਈ।

ਪ੍ਰਧਾਨ—ਗਿਆਨੀ ਸੁੰਦਰ ਸਿੰਘ ਸਾਗਰ, ਜਨਰਲ ਸਕੱਤਰ—ਡਾ: ਹਰਨਾਮ ਸਿੰਘ ਤਾਲਿਬ, ਹੈਡ ਕੈਸ਼ੀਅਰ—ਗਿ: ਰਤਨ ਸਿੰਘ ਸ਼ਾਦ, ਵਾਇਸ ਪ੍ਰਧਾਨ—ਗਿ: ਗੁਰਮੁਖ ਸਿੰਘ ਬਾਕੀ ਦੀ ਚੋਣ ਲਈ ਨਵੇਂ ਪ੍ਰਧਾਨ ਸਾਹਿਬ ਨੂੰ ਅਖਤਿਆਰ ਦਿਤਾ ਗਿਆ ਕਿ ਚੋਣ ਤਿਆਰ ਕਰਕੇ ਮੈਂਬਰਾਂ ਦੀ ਜਨਰਲ ਮੀਟਿੰਗ ਵਿਚ ਪੇਸ਼ ਕਰਨ।

ਸਰਬ ਹਿੰਦ ਭਾਟਰਾ ਯੂਨੀਅਨ 'ਰਜਿਸਟਰਡ' ਦੀ

੨੩-੯-੪੫ ਦੀ ਜਨਰਲ ਮੀਟਿੰਗ ਵਿਚ ਬਾਕੀ ਚੋਣ ਲਈ ਪ੍ਰਧਾਨ ਸਾਹਿਬ ਨੂੰ

Digitized by Panjab Digital Library | www.panjabdigilib.org

ਪੂਰਨ ਇਖਤਿਆਰ ਸੀ ਕਿ ਚੋਣ ਤਿਆਰ ਕਰਕੇ ਯੂਨੀਅਨ ਦੀ ਜਨਰਲ ਮੀਟਿੰਗ ਵਿਚ ਪੇਸ਼ ਕਰਨ ।

੩-੧੦-੪੫ ਦੀ ਜਨਰਲ ਮੀਟਿੰਗ ਵਿਚ ਚੋਣ ਪੇਸ਼ ਕੀਤੀ ਗਈ ਜੋ ਹਾਜ਼ਰ ਮੈਂਬਰਾਂ ਦੀ ਸਰਬ ਸੰਮਤੀ ਨਾਲ ਪਾਸ ਹੋਈ । (ਜਨਰਲ ਸੈਕਰੇਟਰੀ)

ਪੂਰੀ ਚੋਣ

ਪ੍ਰੈਜ਼ੀਡੈਂਟ ਗਿ: ਸੁੰਦਰ ਸਿੰਘ 'ਸਾਗਰ' ਸੀਨੀਅਰ ਵਾਇਸ ਪ੍ਰੈਜ਼ੀਡੈਂਟ ਗਿ: ਗੁਰਮੁਖ ਸਿੰਘ , ਜੂਨੀਅਰ ਵਾਇਸ ਪ੍ਰੈਜ਼ੀਡੈਂਟ ਗਿ: ਮੱਖਣ ਸਿੰਘ 'ਮ੍ਰਿਗਿੰਦ', ਜਨਰਲ ਸੈਕਰੇਟਰੀ ਡਾ: ਹਰਨਾਮ ਸਿੰਘ ਤਾਲਿਬ 'ਗਿਆਨੀ', ਸੈਕਰੇਟਰੀ ਗਿ: ਅਮੋਲਕ ਸਿੰਘ 'ਅੰਮ੍ਰਿਤ' ਪ੍ਰਾਪੇਗੰਡਾ ਸੈਕਰੇਟਰੀ ਗਿ: ਹਰਨਾਮ ਸਿੰਘ 'ਕੌਮੀ'

ਫਾਇਨੈਨਸ਼ਲ ਸੈਕਟਰੀ ਅਤੇ ਕਾਨੂੰਨੀ ਸਲਾਹ ਕਾਰ — ਗਿ: ਸੁੱਚਾ ਸਿੰਘ ਭੱਟੀ ਬੀ. ਏ. ।

ਵੈਲ ਫੇਅਰ ਸੈਕਰੇਟਰੀ ਗਿ: ਵੀਰ ਸਿੰਘ ਭੱਟੀ, ਹੈਡ ਕੈਸ਼ੀਅਰ ਗਿ: ਰਤਨ ਸਿੰਘ 'ਸ਼ਾਦ', ਅਸਿਸਟੈਂਟ ਕੈਸ਼ੀਅਰ, ਗਿ: ਅਮਰ ਸਿੰਘ 'ਅਮਰ', ਜਨਰਲ ਸੁਪਰ ਵਾਇਜ਼ਰ ਸ: ਸਵਰਨ ਸਿੰਘ 'ਪ੍ਰਹਿਲਾਦ', ਚੀਫਵਿਪ ਆਫ ਦੀ ਯੂਨੀਅਨ ਸ: ਝੰਡਾ ਸਿੰਘ 'ਪਟੇਲ' ਇਨਚਾਰਜ ਮੈਨੇਜਿੰਗ ਡੀਪਾਰਟਮੈਂਟ ਸ: ਖੇੜਾ ਸਿੰਘ 'ਜੰਗੀ', ਇਨਚਾਰਜ ਰਸਮੋਰਵਾਜ— ਪੰ: ਹਰਨਾਮ ਦਾਸ, ਆਡੀਟਰ (ਚੈਕਰ) ਬਾਬੂ ਬਲਵੰਤ ਸਿੰਘ 'ਗਾਡ' ।

ਖਜ਼ਾਨਾ ਡੀਪਾਰਟਮੈਂਟ

(ਇਨਚਾਰਜ) ਹੈਡ ਕੈਸ਼ੀਅਰ ਗਿ: ਰਤਨ ਸਿੰਘ 'ਸ਼ਾਦ'
ਅਸਿੰਸਟੈਂਟ ਗਿ: ਅਮਰ ਸਿੰਘ 'ਅਮਰ'
ਕੈਸ਼ੀਅਰ ਸ੍ਰ: ਸ਼ਿੰਗਾਰ ਸਿੰਘ 'ਰਸੀਲਾ' ਗਲੋਟੀਆਂ
ਕੈਸ਼ੀਅਰ ਸ: ਮਹਿਲ ਸਿੰਘ 'ਸਾਥੀ' ਨਵੀਂ ਦਿਲੀ
" ਸ: ਮੁਨਛਾ ਸਿੰਘ ਅੰਮ੍ਰਿਤਸਰ
" ਸ: ਮੋਹਰ ਸਿੰਘ 'ਪ੍ਰਦੇਸੀ' ਗੱਜ਼ੀ
" ਸ: ਜਸਵੰਤ ਸਿੰਘ ਕੋਹਾਟ

ਪ੍ਰਾਪੇਗੰਡਾ ਡੀਪਾਰਟਮੈਂਟ

ਇਨਚਾਰਜ ਗਿ: ਹਰਨਾਮ ਸਿੰਘ 'ਕੌਮੀ' ਗਿ: ਜੋਧਾ ਸਿੰਘ ਭਾਡੇ ਵਾਲਾ ।

Digitized by Panjab Digital Library | www.panjabdigilib.org

ਸ੍: ਮੋਹਣ ਸਿੰਘ 'ਮੋਹਣ'
ਸ੍: ਦਰਸ਼ਨ ਸਿੱਘ 'ਜੌਹਰ'
ਸ੍: ਬਲਵੰਤ ਸਿੰਘ 'ਲਾਂਡਾ'
ਸ੍: ਮੋਹਕਮ ਸਿੰਘ 'ਆਲਮ'
ਸ੍: ਬੈਕੁੰਠ ਸਿੰਘ 'ਬੈਕੁੰਠ'
ਸ੍: ਅਜੀਤ ਸਿੰਘ 'ਕਮਾਰ'

ਸ: ਮਹਿਲ ਸਿੰਘ 'ਨਿਧੜਕ' (ਅੰਮ੍ਰਿਤਸਰ), ਸ: ਮਹਿਲ ਸਿੰਘ (ਲਾਹੌਰ) ਮੇਵਾ ਮੰਡੀ, ਸ: ਹੋਸ਼ਿਆਰ ਸਿੰਘ ਗੋਲਾ (ਚੁਹਾਨ), ਸ: ਵਜ਼ੀਰ ਸਿੰਘ 'ਦਿਲਬਰ' ਗਲੌਟੀਆਂ, ਸ: ਬਰਕਤ ਸਿੰਘ 'ਜੋਸ਼' ਕੋਇਟਾ, ਸ: ਬਹਾਦਰ ਸਿੰਘ ਟੇਲਰ ਮਾਸਟਰ ਰਤਨ ਨਗਰ ਲਾਹੌਰ, ਸ: ਰੱਖਾ ਸਿੰਘ (ਸ਼ੇਖੂ ਪੁਰਾ), ਸ: ਸੰਤੋਖ ਸਿੰਘ 'ਸ਼ਾਨ' ਗਲੌਟੀਆਂ ਸ: ਨੱਥਾ ਸਿੰਘ (ਗੋਜਰਾ), ਸ: ਹਾਕਮ ਸਿੰਘ ਨਿਹੰਗ ਸਿੰਘ (ਡਸਕਾ), ਸ: ਕਿਰਪਾ ਸਿੰਘ (ਡਸਕਾ) ਸ: ਤਾਰਾ ਸਿੰਘ (ਰਾਵਲ ਪਿੰਡੀ), ਸ: ਮੰਗਲ ਸਿੰਘ 'ਖੰਡਾ' (ਜੰਮੂ)।

ਰਸਮੋਰਿਵਾਜ ਡੀਪਾਰਟਮੈਂਟ

ਇੰਨਚਾਰਜ ਪੰ: ਹਰਨਾਮ ਦਾਸ, ਗਿ: ਸੰਤਾ ਸਿੰਘ 'ਸੇਵਕ', ਵੈਦ ਕਰਤਾਰ ਸਿੰਘ 'ਕੰਵਲ', ਸ: ਮੁਨਸ਼ੀ ਸਿੰਘ (ਲਾਹੌਰ) ਮੇਵਾ ਮੰਡੀ, ਵੈਦ ਗੁਰਦਿਆਲ ਸਿੰਘ ਭੱਟੀ, ਸ: ਜਗਜੀਤ ਸ਼ਿੰਘ 'ਨਿਰਮਲ', ਸ: ਮੁਨਸ਼ਾ ਸਿੰਘ ਅੰਮ੍ਰਿਤਸਰ, ਸ: ਸਾਧੂ ਸਿੰਘ ਬਜ਼ਾਜ (ਅੰਮ੍ਰਿਤਸਰ), ਸ: ਸੁੰਦਰ ਸਿੰਘ (ਅੰਮ੍ਰਿਤਸਰ), ਸ: ਸੋਹਣ ਸਿੰਘ (ਕਲਕੱਤਾ), ਸ: ਪਿਆਰਾ ਸਿੰਘ 'ਪ੍ਰਵਾਨਾ'।

ਮੈਨੇਜਿੰਗ ਡਿਪਾਰਟਮੈਂਟ

ਇੰਨਚਾਰਜ ਸ: ਖੇੜਾ ਸਿੰਘ 'ਜੰਗੀ', ਸ: ਕੇਸਰ ਸਿੰਘ 'ਕਾਲੀਆ,' ਸ: ਇੰਦਰ ਸਿੰਘ 'ਲਾੜ' ਸ: ਵੀਰ ਸਿੰਘ 'ਦਲੇਰ,' ਸ: ਅਮਰ ਸਿੰਘ 'ਕੌਮੀ,' ਸ: ਖੇੜਾ ਸਿੰਘ (ਰਾਵੀ ਰੋਡ), ਸ: ਝੰਡਾ 'ਕਰੰਟ,' ਸ: ਅਤਰ ਸਿੰਘ ਰੌਦ (ਰਤਨ ਨਗਰ), ਸ: ਗੋਪਾਲ ਸਿੰਘ 'ਰੋਜ਼' (ਗਲੌਟੀਆ), ਸ: ਸ਼ਿੰਗਾਰ ਸਿੰਘ, ਸ: ਕਰਨੈਲ ਸਿੰਘ, ਸ: ਪੂਰਨ ਸਿੰਘ (ਸ਼ੇਖੂ ਪੁਰਾ), ਸ: ਖਜ਼ਾਨ ਸਿੰਘ (ਸ਼ੇਖੂ ਪੁਰਾ), ਸ: ਨਾਨਕ ਸਿੰਘ (ਸ਼ੇਖੂ ਪੁਰਾ), ਸ: ਜਗੀਰ ਸਿੰਘ (ਸ਼ੇਖੂ ਪੁਰਾ), ਸ: ਵੀਰ ਸਿੰਘ 'ਰਾਸ਼ਾ' (ਸ਼ੇਖੂ ਪੁਰਾ), ਸ: ਲਾਲ ਸਿੰਘ 'ਮੁਸਾਫਰ' ਅੰਮ੍ਰਿਤਸਰ, ਸ: ਸਾਦੂ ਸਿੰਘ (ਧਾੜੀਵਾਲ),ਸ: ਲਾਲ ਸਿੰਘ (ਧਰਮਪੁਰਾ), ਸ: ਪਰੇਮ ਸਿੰਘ (ਅੰਮ੍ਰਿਤਸਰ), ਸ: ਮਹਿਲ ਸਿੰਘ (ਅੰਮ੍ਰਿਤਸਰ), ਸ: ਬਾਵਾ ਸਿੰਘ (ਅੰਮ੍ਰਿਤਸਰ), ਸ: ਅਮਰ ਸਿੰਘ ਲਾਂਡਾ।

ਸੁਪਰਵਾਇਜ਼ਰੀ ਡੀਪਾਰਟਮੈਂਟ

(ਇੰਨਚਾਰਜ) ਸ: ਸਵਰਨ ਸਿੰਘ 'ਪ੍ਰਹਿਲਾਦ' ਸ: ਮਹਿਲ ਸਿੰਘ 'ਸਾਥੀ' ਸ: ਕਿਰਪਾਨ ਸਿੰਘ (ਮੇਵਾ ਮੰਡੀ), ਸ: ਨਗੀਨਾ ਸਿੰਘ (ਨਾਰੋਂਵਾਲ), ਸ: ਗਜਿੰਦਰ ਸਿੰਘ

Digitized by Panjab Digital Library | www.panjabdigilib.org

(ਅੰਮ੍ਰਿਤਸਰ), ਸ: ਜਗਤ ਸਿੰਘ (ਡਸਕਾ) ਸ: ਕੁਲਵੰਤ ਸਿੰਘ 'ਗੁਪਤਾ' (ਗਲੋਟੀਆਂ), ਸ: ਸ਼ਮਸ਼ੇਰ ਸਿੰਘ 'ਤਰਿਪਤ' (ਕੋਟ ਡਸਕਾ), ਸ: ਹਰਬੰਸ ਸਿੰਘ 'ਪ੍ਰਵਾਨਾ' ਗੋਜਰਾ ।

ਇਤਿਹਾਸ ਡੀਪਾਰਟਮੈਂਟ

ਗਿ. ਮੱਖਣ ਸਿੰਘ 'ਮ੍ਰਿਗੰਦ' ਇੰਚਾਰਜ, ਡਾ. ਹਰਨਾਮ ਸਿੰਘ 'ਤਾਲਿਬ,' ਗਿ. ਅਮੋਲਕ ਸਿੰਘ ਅੰਮ੍ਰਿਤ, ਗਿ. ਗੁਰਮੁਖ ਸਿੰਘ, ਸ. ਅਜੀਤ ਸਿੰਘ 'ਜੀਤ' (ਸਟੂਡੈਂਟ) ਪੰ. ਹਰਨਾਮ ਦਾਸ, ਸ. ਸੰਤੋਖ ਸਿੰਘ 'ਨਿਰਪੱਖ' ।

ਸੰਗਤ ਸਟੈਂਡਿੰਗ ਕਮੇਟੀ

ਸ. ਝੰਡਾ ਸਿੰਘ 'ਪਟੇਲ' (ਇਨਚਾਰਜ), ਗਿ. ਮੱਖਨ ਸਿੰਘ 'ਮ੍ਰਿਗੰਦ' (ਚੀਫ ਐਡੀਟਰ), ਗਿ. ਸੁਚਾ ਸਿੰਘ ਭੱਟੀ ਬੀ. ਏ. (ਐਡੀਟਰ), ਗਿ. ਰਤਨ ਸਿੰਘ 'ਸ਼ਾਦ' (ਹੈਡਕੈਸ਼ੀਅਰ), ਗਿ. ਹਰਨਾਮ ਸਿੰਘ ਕੌਮੀ (ਚੀਫ ਆਫ ਪ੍ਰਾਪੇਗੰਡਾ), ਗਿ. ਅਮੋਲਿਕ 'ਅੰਮ੍ਰਿਤ' (ਸੈਕਰੇਟਰੀ ਯੂਨੀਅਨ), ਸ. ਸਵਰਨ ਸਿੰਘ 'ਪ੍ਰਹਿਲਾਦ' (ਚੀਫ ਆਫ ਰੀਪੋਰਟਰਜ਼) ।

'ਕਮੇਟੀ ਆਫ ਐਕਸ਼ਨ'

ਅਤੇ

'ਦਸਤਕਾਰੀ ਡਿਪਾਰਟਮੈਂਟ'

ਉਪਰੋਕਤ ਇਹ ਦੋਵੇਂ ਡਿਪਾਰਟਮੈਂਟਾਂ (ਯੂਨੀਅਨ ਹਾਈ ਕਮਾਂਡ) ਦੇ ਅਧੀਨ, ਹੋਣਗੀਆਂ । ਕਮੇਟੀ ਆਫ ਐਕਸ਼ਨ ਦੇ ਇੰਚਾਰਜ ਸ. ਝੰਡਾ ਸਿੰਘ 'ਪਟੇਲ' ਹੋਣਗੇ ਅਤੇ ਦਸਤਕਾਰੀ ਡੀਪਾਰਟਮੈਂਟ ਦੇ ਇੰਚਾਰਜ ਡਾ. ਹਰਨਾਮ ਸਿੰਘ 'ਤਾਲਿਬ' ਹੋਣਗੇ ।

ਬੋਰਡ ਆਫ 'ਅਡਵਾਇਜਰਜ਼' (ਸਲਾਹਕਾਰ) ਇਸ ਵਿਚ ਸਾਰਿਆਂ ਪਿੰਡਾਂ ਅਤੇ ਸ਼ਹਿਰਾਂ ਦੇ ਪ੍ਰਤੀਨਿਧ ਸ਼ਾਮਲ ਹਨ ।

ਯੂਨੀਅਨ ਹਾਈ ਕਮਾਂਡ

ਗਿ. ਸੁੰਦਰ ਸਿੰਘ 'ਸਾਗਰ' (ਪਰੈਜ਼ੀਡੈਂਟ), ਡਾ. ਹਰਨਾਮ ਸਿੰਘ 'ਤਾਲਿਬ' ਸ. ਝੰਡਾ ਸਿੰਘ 'ਪਟੇਲ', ਗਿ. ਮਖਣ ਸਿੰਘ 'ਮ੍ਰਿਗੰਦ', ਗਿ. ਗੁਰਮੁਖ ਸਿੰਘ, ਗਿ: ਹਰਨਾਮ ਸਿੰਘ 'ਕੌਮੀ', ਗਿ: ਰਤਨ ਸਿੰਘ 'ਸ਼ਾਦ', ਗਿ: ਅਮੋਲਕ ਸਿੰਘ 'ਅੰਮ੍ਰਿਤ', ਗਿ: ਸੁੱਚਾ ਸਿੰਘ 'ਭੱਟੀ' ਬੀ.ਏ., ਸ: ਸਵਰਨ ਸਿੰਘ 'ਪ੍ਰਹਿਲਾਦ', ਗਿ: ਅਮਰ ਸਿੰਘ ਅਮਰ, ਸ: ਖੇੜਾ ਸਿੰਘ 'ਜੰਗੀ'. ਪੰ. ਹਰਨਾਮ ਦਾਸ, ਗਿ: ਵੀਰ ਸਿੰਘ (ਭੱਟੀ), ਸ: ਬੈਕੁੰਠ ਸਿੰਘ 'ਬੈਕੁੰਠ' ।

Digitized by Panjab Digital Library | www.panjabdigilib.org

ਸੀਕਿਉਰਟੀ ਕੌਂਸਲ

(ਅਨੁਵਾਦ) ਸੁਆਮੀ ਵੀਰ ਸਿੰਘ ਭੱਟੀ

ਸ. ਕੇਸਰ ਸਿੰਘ 'ਕਾਲੀਆ'
ਭਾਈ ਗੁਰਦਿਤ ਸਿੰਘ 'ਮੀਤ ਜਥੇਦਾਰ'
ਸ. ਬਲਵੰਤ ਸਿੰਘ (ਲਾਂਡਾ ਲਾਹੌਰ)
ਸ. ਮੋਹਣ ਸਿੰਘ 'ਮੋਹਣ'
ਸ. ਮੁਨਸ਼ੀ ਸਿੰਘ (ਲਾਹੌਰ)
ਗਿ. ਸੰਤਾ ਸਿੰਘ 'ਸੇਵਕ'
ਸ. ਮੋਕਮ ਸਿੰਘ 'ਆਲਮ'
ਸ. ਢੁੰਡਾ ਸਿੰਘ 'ਕਰੰਟ'
ਵੈਦ ਗੁਰਦਿਆਲ ਸਿੰਘ 'ਭੱਟੀ'
ਸ.: ਸ਼ੰਗਾਰ ਸਿੰਘ 'ਰਸੀਲਾ' ।

ਸ. ਗੰਡਾ ਸਿੰਘ 'ਅਕਾਲੀ' (ਜਥੇਦਾਰ)
ਬਾਬੂ ਬਲਵੰਤ ਸਿੰਘ 'ਗਾਡ'
ਸ. ਸੰਤੋਖ ਸਿੰਘ 'ਨਿਰਪੱਖ'
ਸ. ਕਰਤਾਰ ਸਿੰਘ 'ਕਵਲ'
ਸ. ਮਹਿਲ ਸਿੰਘ ਲਾਹੌਰ
ਸ. ਅਜੀਤ ਸਿੰਘ ਕੁਮਾਰ (ਲਾਹੌਰ)
ਸ. ਖੇੜਾ ਸਿੰਘ
ਸ. ਅਮਰ ਸਿੰਘ 'ਕੌਮੀ'
ਸ. ਵੀਰ ਸਿੰਘ 'ਦਲੇਰ'

ਯੂਨੀਅਨ ਦੀ ਦੁਬਾਰਾ ਬਣਾਈ ਗਈ ਐਗਜ਼ੈਕਟਿਵ ਕਮੇਟੀ ਦੀ ਰੂਪ ਰੇਖਾ ਤੇ ਵਿਚਾਰ

ਬਰਾਦਰੀ ਇਹ ਵਿਚਾਰ ਜ਼ਰੂਰ ਕਰੇਗੀ ਕਿ ਹਾਈ 'ਕਮਾਂਡ', ਅਤੇ ਸਕਿਉਰਟੀ ਕੌਂਸਲ ਤੋੜ ਕੇ ਫੇਰ ਐਗਜ਼ੈਕਟਿਵ ਕਿਉਂ ਬਣਾਈ ਗਈ। ਕੀ ਪਹਿਲੀ ਵੰਡ ਠੀਕ ਨਹੀਂ ਸੀ ? ਠੀਕ ਤਾਂ ਸੀ ਪਰ ਸਿਆਸਤ ਦੀ ਇਸ ਉਚੇਰੀ ਕਾਢ ਨੂੰ ਵਧੇਰੇ ਸਮਝਿਆ ਨਹੀਂ ਗਿਆ। ਸਕਿਉਰਟੀ ਕੌਂਸਲ ਦੀ ਪੁਜ਼ੀਸ਼ਨ ਨੂੰ ਹਾਈ ਕਮਾਂਡ ਤੋਂ ਘਟੀਆ ਸਮਝਿਆ ਗਿਆ ਭਾਵੇਂ ਸਕਿਉਰਟੀ ਕੌਂਸਲ ਤੋਂ ਭਾਵ ਹਾਈ ਕਮਾਂਡ ਨੂੰ ਕੰਟਰੋਲ ਕਰਨ ਵਾਲੀ ਅਥਾਰਿਟੀ ਸੀ [ਪੜ੍ਹੋ ਇਤਿਹਾਦੀ ਕੌਮਾਂ ਦੀ ਸਕਿਉਰਟੀ ਕੌਂਸਲ ਦੀ ਬਣਤਰ ਅਤੇ ਕਾਰਵਾਈ] ।

ਪਿਛਲੀ ਪ੍ਰਧਾਨਗੀ ਚੋਣ ਸਮੇਂ ਇਹ ਫੈਸਲਾ ਹੋਇਆ ਸੀ ਕਿ ਪ੍ਰਧਾਨ ਸਾਹਿਬ ਨੂੰ ਇਖਤਿਆਰ ਹੈ ਕਿ ਆਪਣਾ ਕੈਬਨਿਟ ਅਤੇ ਕੌਂਸਲ ਚੁਣੇ (ਆਮ ਤੌਰ ਤੇ ਹੁੰਦਾ ਵੀ ਐਸਾ ਹੀ ਹੈ) ਜਦ ਮੈਂ ਚੁਣਿਆ ਤਾਂ ਫਿਰ ਰੋਸ ਕਿਉਂ ? ਖੈਰ ! ਲਾਇਲਪੁਰ ਦੀ ਮੀਟਿੰਗ ਦੀ ਬਹੁ ਸੰਮਤੀ ਅਨੁਸਾਰ ਮੈਂ ਯੂਨੀਅਨ ਦੇ ਹਾਊਸਾਂ ਵਿਚ ਤਬਦੀਲੀ ਕਰ ਦਿਤੀ ਹੈ ਪਰ ਅਗੋਂ ਲਈ ਇਸ ਮਸਲੇ ਨੂੰ ਹਲ ਕਰਨ ਲਈ ਵਿਚਾਰ ਹੋਣੀ ਚਾਹੀਦੀ ਹੈ । ਮੈਂ ਚੋਣ ਦੀ

Digitized by Panjab Digital Library | www.panjabdigilib.org

ਬਣਤਰ ਸੰਬੰਧੀ ਅਗਲੇ ਪਰਚੇ ਵਿਚ ਲੇਖ ਛਿਆਂਗਾ ।

ਗਿਆਨੀ ਸੁੰਦਰ ਸਿੰਘ ਸਾਗਰ ਪ੍ਰੈਜ਼ੀਡੈਂਟ
ਸਰਬ ਹਿੰਦ ਭਾਟਰਾ ਯੂਨੀਅਨ

ਯੂਨੀਅਨ ਦੀ ਨਵੀਂ ਐਂਗਜ਼ੈਕਟਿਵ (ਅੰਤ੍ਰਿੰਗ)

ਯੂਨੀਅਨ 'ਹਾਈ ਕਮਾਂਡ' ਅਤੇ 'ਸਕਿਉਰਟੀ ਕੌਂਸਲ ਤੋੜਕੇ' ਮੈਂ ਯੂਨੀਅਨ ਦੇ ਕੰਮ ਸੰਬੰਧੀ ਅਤੇ ਆਪਣੀ ਸਹਾਇਤਾ ਲਈ ਹੇਠ ਲਿਖੇ ਮੈਂਬਰਾਂ ਦੀ ਐਗਜ਼ੈਕਟਿਵ (ਅੰਤ੍ਰਿੰਗ ਕਮੇਟੀ) ਬਣਾਈ ਹੈ ।

ਗਿਆਨੀ ਗੁਰਮੁਖ ਸਿੰਘ, ਗਿਆਨੀ ਮਖਣ ਸਿੰਘ 'ਮ੍ਰਿਗਿੰਦ,' ਡਾਕਟਰ ਹਰਨਾਮ ਸਿੰਘ 'ਤਾਲਿਬ', ਸਰਦਾਰ ਝੰਡਾ ਸਿੰਘ 'ਪਟੇਲ,' ਗਿ. ਹਰਨਾਮ ਸਿੰਘ 'ਕੌਮੀ', ਗਿਆਨੀ ਰਤਨ ਸਿੰਘ 'ਸ਼ਾਦ', ਗਿਆਨੀ ਅਮੋਲਿਕ ਸਿੰਘ 'ਅੰਮ੍ਰਿਤ', ਗਿਆਨੀ ਸੁਚਾ ਸਿੰਘ 'ਭਟੀ', ਗਿਆਨੀ ਅਮਰ ਸਿੰਘ 'ਅਮਰ', ਸਰਦਾਰ ਸਵਰਨ ਸਿੰਘ 'ਪ੍ਰਹਿਲਾਦ', ਗਿਆਨੀ ਵੀਰ ਸਿੰਘ ਭਟੀ (ਭਦਰੂ), ਸਰਦਾਰ ਖੇੜਾ ਸਿੰਘ 'ਜੰਗੀ', ਸਰਦਾਰ ਬੈਕੁੰਠ ਸਿੰਘ 'ਬੈਕੁੰਠ', ਪੰ. ਹਰਨਾਮ ਦਾਸ, ਸੁਵਾਮੀ ਵੀਰ ਸਿੰਘ ਭਟੀ, ਸ. ਕੇਸਰ ਸਿੰਘ 'ਕਾਲੀਆ. ਸ. ਬਲਵੰਤ ਸਿੰਘ ਲਾਂਡਾ, ਸਰਦਾਰ ਗੰਡਾ ਸਿੰਘ ਅਕਾਲੀ, ਭਾਈ ਗੁਰਦਿਤ ਸਿੰਘ, ਬਾਬੂ ਬਲਵੰਤ ਸਿੰਘ ਗਾਂਡੇ, ਸਰਦਾਰ ਸੰਤੋਖ ਸਿੰਘ ਨਿਰਪਖ, ਸਰਦਾਰ ਮੋਹਣ ਸਿੰਘ ਮੋਹਣ, ਸਰਦਾਰ ਕਰਤਾਰ ਸਿੰਘ ਕੰਵਲ, ਸਰਦਾਰ ਐਮ. ਐਸ. ਮੁੰਨਸ਼ੀ, ਸਰਦਾਰ ਮਹਿਲ ਸਿੰਘ ਲਾਹੌਰ, ਗਿ: ਸੰਤਾ ਸਿੰਘ ਸੇਵਕ, ਸਰਦਾਰ ਜਗਜੀਤ ਸਿੰਘ ਨਿਰਮਲ, ਸਰਦਾਰ ਅਜੀਤ ਸਿੰਘ ਕੁਮਾਰ, ਸਰਦਾਰ ਦਰਸ਼ਨ ਸਿੰਘ ਜੌਹਰ, ਸਰਦਾਰ ਮੋਹਕਮ ਸਿੰਘ ਆਲਿਮ, ਸ. ਅਮਰ ਸਿੰਘ ਕੌਮੀ, ਵੈਦ ਗੁਰਦਿਆਲ ਸਿੰਘ ਭਟੀ, ਸ. ਵੀਰ ਸਿੰਘ ਦਲੇਰ, ਸ. ਸ਼ਮਸ਼ੇਰ ਸਿੰਘ ਤਰਿਪਤ, ਸਰਦਾਰ ਪਿਆਰਾ ਸਿੰਘ ਪ੍ਰਵਾਨਾ, ਗਿ. ਸੰਤੋਖ ਸਿੰਘ, ਸ. ਸ਼ਿੰਗਾਰ ਸਿੰਘ ਰਸੀਲਾ, ਸਰਦਾਰ ਬਹਾਦਰ ਸ਼ਿੰਘ ਮਾਸਟਰ ਟੇਲਰ, ਸਰਦਾਰ ਇੰਦਰ ਸਿੰਘ ਲਾੜ, ਗਿਆਨੀ ਜੋਧ ਸਿੰਘ, ਸਰਦਾਰ ਹਾਕਮ ਸਿੰਘ ਨਿਹੰਗ ਸਿੰਘ, ਸਰਦਾਰ ਮਨਸਾ ਸਿੰਘ ਅੰਮ੍ਰਿਤਸਰ, ਸਰਦਾਰ ਸਾਧੂ ਸਿੰਘ ਦੁਕਾਨਦਾਰ, ਸਰਦਾਰ ਮਹਿਲ ਸਿੰਘ ਨਿਧੜਕ, ਸਰਦਾਰ ਮਹਿਲ ਸਿੰਘ ਸਾਥੀ, ਸਰਦਾਰ ਅਮਰ ਸਿੰਘ ਲਾਂਡਾ, ਸਰਦਾਰ ਮੇਹਰ ਸਿੰਘ ਪ੍ਰਦੇਸੀ, ਸਰਦਾਰ ਮੰਗਲ ਸਿੰਘ ਖੰਡਾ, ਸਰਦਾਰ ਜਸਵੰਤ ਸਿੰਘ ਕੁਹਾਟ, ਸਰਦਾਰ ਨਗੀਨਾ ਸਿੰਘ ਨਾਰੋਵਾਲ ।

ਸਰਬ ਹਿੰਦ ਭਾਟਰਾ ਯੂਨੀਅਨ ਦੀ ਕੀਤੀ ਕਰੜੀ ਕਿਰਤ ਦੀ ਇਤਹਾਸਿਕ ਸੇਵਾ

ਸਿਆਸੀ ਤੇ ਸਮਾਜੀ ਸੰਸਥਾਵਾਂ ਦੇ ਵਰਕਰਾਂ ਵਿਚ ਖਿਆਲਾਂ ਦਾ ਮਤ ਭੇਦ ਹੋ ਜਾਣਾ ਕੋਈ ਵਡ, ਗੱਲ ਨਹੀਂ । ਜਥੇਬੰਦੀ ਦੀ ਜਨਰਲ ਚੋਣ ਦਾ ਸਮਾਂ ਤੇ ਮੁੱਖ ਪ੍ਰਬੰਧਕਾਂ ਦੇ ਮੁਕਾਬਲੇ ਦੀ ਅਨ-ਸੁਖਾਵੀਂ ਸਥਿਤੀ ਮਤਭੇਦ ਦੀ ਉਪਜ ਦੇ ਮੁੱਖ ਸੋਮੇ ਮੰਨੇ ਜਾਂਦੇ ਹਨ ।

Digitized by Panjab Digital Library | www.panjabdigilib.org

ਕਈ ਵੇਰ ਵਰਕਰਾਂ ਵਿਚ ਅਜੇਹੀ ਗੁੰਝਲਦਾਰ ਸਥਿਤੀ ਪੈਦਾ ਹੋ ਜਾਂਦੀ ਹੈ, ਜੋ ਸੰਸਥਾ ਦੇ ਪ੍ਰੋਗਰਾਮ ਦਾ ਪਹੀਆ ਹੀ ਸਿਥਲ ਨਹੀਂ ਕਰਦੀ, ਸਗੋਂ ਸੰਸਥਾ ਦੇ ਮੁਖ ਆਦਰਸ਼ ਅਸੂਲ ਤੋਂ ਵੀ ਲਾਂਭੇ ਲੈ ਜਾਂਦੀ ਹੈ, ਜਨਰਲ ਇਲੈਕਸ਼ਨ ਸਮੇਂ ਗੇਟ ਤੇ ਵਰਕਰਾਂ ਵਿਚ ਚੜੋ-ਖਤੀ ਦਾ ਅਸਰ ਸਮਝੋ ਜਾਂ ਮੀਟਿੰਗ ਵਿਚ ਪਾਸ ਹੋਏ ਮਤੇ ਦੀ ਉਲੰਘਣਾਂ ਆਖ ਲਓ ਜਾਂ ਜਨਰਲ ਇਲੈਕਸ਼ਨ ਵਿਚ ਲਗਾਤਾਰ ਦੋ ਸਾਲ ਅਸਫਲ ਹੋਣ ਦਾ ਰੋਸ ਕਹਿ ਲਉ ਗਿਆਨੀ ਮੂਰਿੰਦ ਜੀ ਨੇ ਜੂਨੀਅਰ ਵਾਇਸ ਪ੍ਰੈਜ਼ੀਡੈਂਟ ਦੀ ਜਿੰਮੇਵਾਰੀ ਸਵੀਕਾਰ ਕਰਕੇ ਵੀ ਨਾ ਮਿਲਵਰਤਨ ਕਰ ਰਖੀ ਸੀ। ਆਪ ਹੀ ਨਹੀਂ ਸਗੋਂ ਲਾਇਲਪੁਰ ਦੇ ਪੁਰਾਣੇ ਦੇ ਸਾਥੀਆਂ ਨੂੰ ਨਾਲ ਰਲਾਕੇ ਡੈਡਲਾਕ ਪੈਦਾ ਕਰ ਦਿਤਾ ਹੋਇਆ ਸੀ।

ਭਰਾ-ਮਾਰੂ ਜੰਗ ਦਾ ਆਦਿ, ਸਮਾਜ ਦਾ ਅਮਨ ਭੰਗ

ਜਨਰਲ ਇਲੈਕਸ਼ਨ ਤੋਂ ਬਾਦ ਲਾਹੌਰ ਨਿਵਾਸੀ ਵਰਕ੍ਰਾਂ ਦੀ ਬਹੁ ਗਿਣਤੀ ਕਾਰ ਵਿਹਾਰ ਲਈ ਪ੍ਰਦੇਸ ਚਲੀ ਗਈ। ਜਨਰਲ ਕਮੇਟੀ ਲਾਹੌਰ ਦੇ ਸੁਧਾਰ, ਵਿਰੋਧੀ ਧੜੇ ਨੇ ਮੈਦਾਨ ਖਾਲੀ ਵੇਖ ਆਪਣੇ ਚਾਟੜਿਆਂ ਦੀਆਂ ਰਾਸਾਂ ਢਿਲੀਆਂ ਛਡ ਦਿਤੀਆਂ ਜਿਨ੍ਹਾਂ ਨੇ ਰਸਾਲੇ ਦੀਆਂ ਜਿਲਦਾਂ ਬਣਾਉਣ ਗਏ ਪ੍ਰਬੰਧਕਾਂ ਤੇ ਹਾਕੀਆਂ ਨਾਲ ਹਮਲਾ ਕਰ ਦਿਤਾ। ਯੂਨੀਅਨ ਦੇ ਵਰਕ੍ਰਾਂ ਨੇ ਕਾਨੂੰਨ ਦੀ ਓਟ ਲਈ। ਇਹ ਘਟਨਾ ਦੀ ਖਬਰ ਜਨਰਲ ਸੈਕਟਰੀ ਨੇ ਅਸਾਮ, ਡਿਬਰੂਗੜ੍ਹ ਪ੍ਰਧਾਨ ਤੇ ਸਮੂੰਹ ਵਰਕਰਾਂ ਨੂੰ ਦਿਤੀ। ਡਿਬਰੂਗੜ੍ਹ ਵਿਚ ਯੂਨੀਅਨ ਦੇ ਢੇਰ ਸਾਰੇ ਵਰਕਰ ਸਨ, ਜਿਨ੍ਹਾਂ ਵਰਤਮਾਨ ਸਥਿਤੀ ਨੂੰ ਮੁੱਖ ਰੱਖ ਮੀਟਿੰਗ ਕਰਕੇ ਪੀਸ ਮਿਸ਼ਨ ਲਈ ਪਟੇਲ ਜੀ ਨੂੰ ਦੇਸ਼ ਭੇਜਣ ਦਾ ਫੈਸਲਾ ਕੀਤਾ। ਲੇਖਕ ਆਪਣੇ ਸਾਥੀਆਂ ਸ੍: ਖੇੜਾ ਸਿੰਘ ਜੀ ਸਮੇਤ ਗੌਹਾਟੀ ਸੀ, ਪਟੇਲ ਜੀ ਤੇ ਸਾਗਰ ਜੀ ਸਮੂੰਹ ਸਾਥੀਆਂ ਦਾ ਫੈਸਲਾ ਲੈਕੇ ਗੌਹਾਟੀ ਆਏ ਜਿਥੋਂ ਸਰਬ ਸੰਮਤੀ ਨਾਲ ਪਟੇਲ ਜੀ ਨੂੰ ਦਾਸ ਤੇ ਸਾਗਰ ਜੀ ਨੇ ਆਸਾਮ ਦੀ ਹੱਦ ਪਾਰ ਕਰ ਦੇਸ਼ ਤੋਰਿਆ। ਵਿਰੋਧੀ ਧੜੇ ਨੇ ਪਟੇਲ ਜੀ ਤੇ ਕਾਲੀਆਂ ਜੀ ਤੇ ਚਾਕੂਆਂ ਨਾਲ ਹਮਲਾ ਕਰਵਾ ਦਿਤਾ। ਜਿਸ ਭਰਾ ਮਾਰੂ ਜੰਗ ਤੋਂ ਲਾਹੌਰ ਦੇ ਸਮੂੰਹ ਵਰਕਰ 1940 ਤੋਂ ਬਚਕੇ ਸ਼ਾਂਤਮਈ ਢੰਗ ਨਾਲ ਸੁਧਾਰਕ ਲਹਿਰ ਬੇਰੋਕ ਚਲਾ ਰਹੇ ਸਨ, ਉਹਨਾਂ ਦੀ ਗੈਰ ਹਾਜਰੀ ਤੋਂ ਮੌਕਾ ਤਾੜ ਸੁਆਰਥੀਆਂ ਨੇ ਲਾਭ ਉਠਾਕੇ ਸ਼ਾਂਤ ਮਈ ਸੁਧਾਰਕ ਲਹਿਰ ਦਾ ਮੂੰਹ ਭਰਾ ਮਾਰੂ ਜੰਗ ਵਲ ਮੋੜ ਲਿਆ। ਬੁਰਾ ਹੋਵੇ ਚੰਦਰੀ ਫੁਟ ਦਾ ਜਿਸਨੇ ਕੌਰਵ ਪਾਂਡਵਾਂ ਵਾਂਗ ਭਰਾ ਭਰਾ ਦਾ ਵਿਰੋਧੀ ਬਣਾ ਦਿਤਾ, ਬਦਲੇ ਦੀ ਅਗ ਭੜਕ ਉਠੀ, ਸੁਧਾਰਕ ਲਹਿਰ ਦਾ ਮੂੰਹ ਕੇਸਾਂ ਮੁਕੱਦਮਿਆਂ ਵਲ ਮੁੜ ਗਿਆ, ਜੋ ਸਮਾਂ ਤੇ ਸ਼ਮਾਇਆ ਕੌਮ ਸੇਵਾ ਸੁਧਾਰ ਵਲ ਖਰਚ ਹੋਣਾ ਸੀ, ਉਹ ਅਕਾਰਥ ਹੀ ਕੋਟਾਂ ਤੇ ਕਚਹਿਰੀਆਂ ਵਿਚ ਵਿਅਰਥ ਜਾਣ ਲਗ ਪਿਆ। ਭਰਾ ਮਾਰੂ ਜੰਗ ਨੇ ਸਾਰੇ ਕੌਮ ਦਾ ਅਮਨ ਭੰਗ ਕਰ ਦਿਤਾ।

ਲਾਇਲ ਪੁਰ ਦੇ ਮੈਂਬਰਾਂ ਸਮੇਤ ਮੂਰਿੰਦ ਜੀ ਦਾ ਡੈਡ ਲਾਕ ਖਤਮ ਕਰਨ ਲਈ ਲਾਇਲਪੁਰ ਵਿਚ ਮੀਟਿੰਗ

ਨੀਤੀਵਾਨਾ ਦੇ ਤਜਰਬੇ ਦਾ ਤੱਤ ਦਸਦਾ ਹੈ ਕਿ ਵਡੇ ਤੋਂ ਵਡੇ ਸਮੁੰਦਰੀ ਬੇੜੇ ਨੂੰ

Digitized by Panjab Digital Library | www.panjabdigilib.org

ਛੋਟੇ ਤੋਂ ਛੋਟਾ ਛੇਕ ਵੀ ਖਤਰੇ ਤੋਂ ਖਾਲੀ ਨਹੀਂ ਹੁੰਦਾ। ਖੂਹ 'ਚੋਂ ਉਖੜੀ ਇਕ ਇਟ ਵੀ ਸਾਰੇ ਖੂਹ ਨੂੰ ਘੇਰੀ ਪਾਉਣ ਦਾ ਕਾਰਨ ਬਣ ਜਾਂਦੀ ਹੈ ਯੂਨੀਅਨ ਦੇ ਹਾਈਕਮਾਂਡ ਦੇ ਮੈਂਬਰਾਂ ਨੂੰ ਸਮਾਜਿਕ ਸੰਗਰਾਮ ਵਿਚ ਰੁੱਝੇ, ਕੋਟਾਂ ਕਚਹਿਰੀਆਂ ਦੇ ਖਰਚੇ ਤੇ ਖੇਚਲ ਵਿਚ ਉਲਝੇ ਤੇ ਖਤਰੇ ਦੀ ਕੜਕਦੀ ਬਿਜਲੀ ਦਾ ਦਿਨ ਰਾਤ ਮੁਕਾਬਲਾ ਕਰਦਿਆਂ ਵੇਖ, ਲਾਇਲਪੁਰ ਦੇ ਪ੍ਰਗਣੇ ਦੇ ਸਮੂੰਹ ਮੈਂਬਰਾਂ ਸਮੇਤ ਗਿਆਨੀ ਜੀ ਨੇ ਨਾਮਿਲਵਰਤਨ ਡੈਡਲਾਕ ਨੂੰ ਹੋਰ ਮਜਬੂਤ ਕਰ ਲਿਆ। ਇਸ ਡੈਡਲਾਕ ਨੇ ਜਿਥੇ ਸਮੁਚਾ ਕੌਮ ਵਿਚ ਯੂਨੀਅਨ ਦੀ ਫੁਟ ਦੀ ਵਾਹਵਾ ਪ੍ਰਦਰਸ਼ਨੀ ਕੀਤੀ, ਉਥੇ ਏਕਤਾ ਤੇ ਸ਼ਕਤੀ ਨੂੰ ਢਾਹ ਲਾਕੇ ਸੁਧਾਰ ਵਿਰੋਧੀਆਂ ਨੂੰ ਹੋਰ ਵੀ ਹੁਲਾ ਸ਼ੇਰੀ ਦਿਤੀ।

ਇਸ ਅਸੁਲਝਵੀਂ ਸਥਿਤੀ ਨੂੰ ਮੁੱਖ ਰੱਖ, ਲਾਇਲਪੁਰ ਦੇ ਵਰਕਰਾਂ ਦੇ ਇਤਰਾਜ਼ਾਂ ਦੀ ਗੰਢ ਕਰਨ ਨਰਮ ਲਈ 28.4.46 ਨੂੰ ਯੂਨੀਅਨ ਦੀ ਲਾਇਲਪੁਰ ਵਿਚ ਜਨਰਲ ਇਕੱਤਰਤਾ ਬੁਲਾਈ ਗਈ। ਜਿਸ ਵਿਚ ਡੈਡਲਾਕ ਕਰਨ ਵਾਲੇ ਮੈਂਬਰਾਂ ਦੀ ਮੰਗ ਅਨੁਸਾਰ "ਹਾਈ ਕਮਾਨ" ਤੇ "ਸਕਿਉਰਟੀ ਕੌਂਸਲ" ਨੂੰ ਤੋੜਕੇ ਲਾਇਲਪੁਰ ਦੇ ਸਾਥੀਆਂ ਨੂੰ ਸ਼ਾਮਲ ਕਰਕੇ ਐਗਜ਼ੈਕਟਿਵ ਬਣਾਈ ਗਈ, ਤਾਂ ਕਿ ਇਤਰਾਜ਼ ਦੂਰ ਹੋ ਸਕਣ ਤੇ ਮਿਲਵਰਤਨ ਨਾਲ ਯੂਨੀਅਨ ਆਪਣੇ ਮਿਥੇ ਪ੍ਰੋਗਰਾਮ ਵਿਚ ਸਫਲ ਹੋਵੇ। ਇਸੇ ਇਕੱਤਰਤਾ ਵਿਚ ਪੈਦਾ ਹੋ ਚੁਕੇ ਸਮਾਜਿਕ ਸੰਗਰਾਮ ਨੂੰ ਨਜਿਠਣ ਲਈ ਤੇ ਵਧ ਰਹੀ ਆਰਥਿਕ ਔੜ ਨੂੰ ਰੋਕਣ ਲਈ 20 ਰੁਪੈ ਹਰ ਐਗਜ਼ੈਕਟਿਵ ਮੈਂਬਰ ਤੇ 10 ਰੁਪੈ ਹਰ ਜਨਰਲ ਮੈਂਬਰ ਤੇ ਲਾਏ ਗਏ। ਡੈਡਲਾਕ ਖਤਮ ਹੋਣ ਦੇ ਬਾਵਜੂਦ ਵੀ ਯੂਨੀਅਨ ਵਲੋਂ ਲਾਇਲਪੁਰ ਦੀ ਮੀਟਿੰਗ ਵਿਚ ਲੱਗਾ ਚੰਦਾ ਕੇਵਲ ਗਿਆਨੀ ਕਰਤਾਰ ਸਿੰਘ ਕੰਵਲ ਜੀ ਤੇ ਸ੍ਰੀਮਾਨ ਸ਼ਮਸ਼ੇਰ ਸਿੰਘ ਤਰਿਪਤ ਜੀ ਤੋਂ ਛੁਟ ਕਿਸੇ ਨੇ ਪਾਸ ਹੋਏ ਮਤੇ ਤੇ ਅਮਲ ਕਰਨ ਦੀ ਖੇਚਲ ਨਹੀਂ ਕੀਤੀ ਤੇ ਨਾ ਹੀ ਸਮਾਜਿਕ ਸੰਗਰਾਮ ਵਿਚ ਕਿਸੇ ਸਾਥੀ ਨੇ ਸਹਿਯੋਗ ਹੀ ਦਿਤਾ।

ਇਸ ਸਾਲ ਵਿਚ ਯੂਨੀਅਨ ਨੇ ਕੀਤੀ ਕੌਮ ਸੇਵਾ ਤੇ ਯੂਨੀਅਨ ਦੇ ਹਾਈ ਕਮਾਨ ਦੇ ਸਮੂੰਹ ਵਰਕਰਾਂ ਦੀ ਕੀਤੀ ਕਰੜੀ ਕਿਰਤ ਦੇ ਸੰਖੇਪ ਲਈ ਜਨਰਲ ਸਕਤ੍ਰ ਦੀ ਸਲਾਨਾ ਰੀਪੋਰਟ ਦਾ ਕੁਝ ਹਿੱਸਾ ਪਾਠਕਾਂ ਦੇ ਪੇਸ਼ ਹੈ। ਜੋ ਕਿ ਇਸ ਸਾਲ ਕੌਮ ਦੀ ਅਣਖ ਇੱਜ਼ਤ ਦੀ ਰਾਖੀ ਕਰਨ ਵਾਲੀ ਇਤਿਹਾਸਿਕ ਸੇਵਾ ਦਾ ਸਹੀ ਸੰ ਕੇਪ ਹੈ :—

ਇਤਿਹਾਸਕ ਸੇਵਾ ਦਾ ਸੰਖੇਪ ਚਿੱਤਰ

ਸਾਥੀਆਂ ਦੇ ਤੁਆਵਨ ਦੀ ਘਾਟ ਨੇ ਸਪ ਦੇ ਮੂੰਹ ਕਿਰਲੀ ਦੀ ਮਿਸਾਲ ਨੂੰ ਪ੍ਰਸਿਧ ਕਰ ਦਿਤਾ, ਪਰ ਅਸਾਂ ਹਿੰਮਤ ਨਹੀਂ ਛਡੀ ਇਸ ਰਾਹ ਤੇ ਮਾਰਚ ਕਰੀ ਜਾ ਰਹੇ ਹਾਂ ਸਿਪਾਹੀ ਦਾ ਕੰਮ ਹੁਕਮ ਮੰਨਣਾ ਹੈ ਸੰਗਤ ਦੇ ਹੁਕਮ ਨੂੰ ਪਾਲ ਰਹੇ ਹਾਂ।

Digitized by Panjab Digital Library | www.panjabdigilib.org

ਸਰਬ ਹਿੰਦ ਭਾਟਰਾ ਯੂਨੀਅਨ ਦੇ ਪ੍ਰਚਾਰ ਨੂੰ ਤੇਜ਼ ਕਰਨ ਲਈ ਯੂਨੀਅਨ ਨੇ ਗੜ੍ਹੀ ਜੰਮੂ ਲਾਇਲਪੁਰ ਵਿਚ ਬ੍ਰਾਂਚਾਂ ਖੋਲ੍ਹਣ ਦੀ ਆਗਿਆ ਦਿਤੀ ਤੇ ਪ੍ਰਚਾਰ ਨੂੰ ਹੋਰ ਤੇਜ਼ ਕੀਤਾ ।

ਗੁਰੂ ਪੰਥ ਦੇ ਹੁਕਮ ਨਾਲ ਪੰਥਕ ਡੇ ਬੜੀ ਸਜ ਧਜ ਨਾਲ ਕਨਾਲ ਪਾਰਕ ਦੇ ਗੁਰਦੁਵਾਰੇ ਮਨਾਇਆ, ਤੇ ਚੋਣਾਂ ਦੀ ਖੁਸ਼ੀ ਵਿਚ ਅਰਦਾਸੇ ਸੋਧੇ ਤੇ ਸਮੂੰਹ ਪੰਥਕ ਮੈਂਬਰਾਂ ਨੂੰ ਜੋ ਕਾਮਜਾਬ ਹੋਏ ਹਨ ਵਧਾਈਆਂ ਭੇਜੀਆਂ ਤੇ ਦਿਤੀਆਂ ਤੇ ਆਪਣੇ ਮਤਾਲਬਾਤ ਇਕ ਪੰਥਕ ਚਿਠੀ ਛਪਾ ਕੇ ਸਭ ਨੂੰ ਭੇਜੀ ਕਿ ਸਾਡੇ ਦੁਖ ਨੂੰ ਅਨਭਵ ਕਰਕੇ, ਇਸਦੇ ਇਲਾਜ ਲਈ ਸਾਡੀ ਸਪੋਰਟ ਕਰੋ । ਇਸ ਚਿਠੀ ਦੇ ਅਸਰ ਨੇ ਸਾਨੂੰ ਪੰਥ ਦੇ ਹੋਰ ਨੇੜੇ ਕਰ ਦਿਤਾ ਤੇ ਸਾਰੇ ਸਿਖ ਜਗਤ ਨੂੰ ਆਪਣੇ ਨਾਲ ਇੰਟਰਵੀਊ ਕਰਾ ਦਿਤਾ । ਤੇ ਜਨਰਲ ਮੋਹਨ ਸਿੰਘ ਦੀ ਫੌਰੀ ਰਿਹਾਈ ਦਾ ਮਤਾ ਪਾਸ ਕੀਤਾ ਤੇ ਜਦ ਉਹ ਰਿਹਾ ਹੋ ਕੇ ਆਏ, ਐਡੀਟਰ ਸਾਹਿਬ ਸੰਗਤ ਨੇ ਮੁਲਾਕਾਤ ਕਰਕੇ ਆਪਣਾ ਪਖ ਉਹਨਾਂ ਸਾਹਮਣੇ ਪੇਸ਼ ਕੀਤਾ ਤੇ ਜਨਰਲ ਸਾਹਿਬ ਨੇ ਪੂਰਨ ਹਮਦਰਦੀ ਪ੍ਰਗਟ ਕਰਕੇ ਬਰਾਦਰੀ ਦਾ ਸ਼ੁਕਰੀਆ ਅਦਾ ਕੀਤਾ ਕਿ ਇਹਨਾਂ ਲੋਕਾਂ ਵਿਚ ਵੀ ਮੇਰੇ ਲਈ ਪਿਆਰ ਹੈ । ਭਾਟਰਾ ਬਰਾਦਰੀ ਦੇ ਦੁਖੀ ਮਨੁਖਾਂ, ਜੋ ਗਰਿਹਸਤੀ ਜੀਵਨ ਵਿਚ ਬੜੇ ਤੰਗ ਤੇ ਘਰੋਗੀ ਔਕੜਾਂ ਕਰਕੇ ਬਿਨਾਂ ਸਰਬ ਹਿੰਦ ਦੀ ਸਹਾਇਤਾ ਦੇ ਮੁਥਾਜ ਤੇ ਬੇਹਬਲ ਸਨ, ਦਰਖਾਸਤਾਂ ਲੈਕੇ ਆਏ, ਇਨ੍ਹਾਂ ਦੀਆਂ ਗੁੰਝਲਾਂ ਨੂੰ ਦਰੁੱਸਤ ਕਰਨ ਲਈ ਸਬ ਕਮੇਟੀ ਮੁਕੱਰਰ ਕਰਕੇ ਇਨ੍ਹਾਂ ਨੂੰ ਇਨਸਾਫ ਦਿਤਾ ਤੇ ਲੋਕ ਭਲਾਈ ਦਾ ਡੰਕਾ ਵਜਾਇਆ, ਪੰਚਾਇਤੀ ਕੇਸਾਂ ਦੇ ਸਬੰਧ ਵਿਚ ਇਹ ਵੀ ਪਾਸ ਕੀਤਾ ਕਿ ਯੂਨੀਅਨ ਅਗੋਂ ਲੋਕਾਂ ਦੇ ਕੇਸਾਂ ਦੇ ਫੈਸਲਿਆਂ ਨੂੰ ਆਪਣੇ ਹਥ ਨਾ ਲਏ ਸਗੋਂ ਪਿੰਡਾਂ ਦੀਆਂ ਮੁਖੀ ਪੰਚਾਇਤਾਂ ਦੇ ਸਪੁਰਦ ਕਰ ਦੇਵੇ ।

ਲਾਹੌਰ ਦਫਤਰ ਹੋਣ ਕਰਕੇ ਗੁਰੂ ਖਾਲਸਾ ਨੂੰ ਲੋਕਲ ਗੁਰਦਵਾਰਾ ਡੇਹਰਾ ਸਾਹਿਬ ਕਮੇਟੀ ਵਲੋਂ ਹੋਲਾ ਮਹਲਾ ਜਲੂਸ ਵਿਚ ਜਥੇ ਸਮੇਤ ਸ਼ਾਮਲ ਹੋਣ ਦਾ ਸੱਦਾ ਪਤਰ ਪੁਜਾ, ਕਮੇਟੀ ਨੇ ਗਿ: ਸੰਤਾ ਸਿੰਘ ਜੀ ਸੇਵਕ ਦੀ ਜਥੇਦਾਰੀ ਹੇਠ ਜਥੇ ਨੂੰ ਭੇਜ ਕੇ ਸ਼ਮੂਲੀਅਤ ਕਰਕੇ ਭਾਟਰਾ ਕੌਮ ਨੂੰ ਸਿਖਾਂ ਦੇ ਮੋਢੇ ਨਾਲ ਮੋਢਾ ਜੋੜਨ ਦਾ ਸਬੂਤ ਦਿਤਾ ਤੇ ਧਰਮ ਪ੍ਰਚਾਰ ਨੂੰ ਸੁਰਜੀਤ ਰਖਣ ਲਈ ਸਦਾ ਵਾਂਗ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸ਼ਹੀਦੀ ਗੁਰਪੁਰਬ ਸਮੇਂ ਖਾਲਸਾ ਕੌਮ ਛਬੀਲ, ਧਾਰਮਕ ਦੀਵਾਨ, ਤੇ ਕੌਮ ਕਾਨਫਰੰਸ, ਸ਼ਾਨਦਾਰ ਪਰੋਗਰਾਮ ਦੇ ਮਾਤਿਹਤ ਸਜ ਧਜ ਨਾਲ ਨੇਪਰੇ ਚਾੜ੍ਹੀ ਤੇ ਇਸ ਵਡੇ ਸਮਾਗਮ ਵਿਚ ਸਮੂੰਹ ਹਾਲਾਤ ਕੌਮ ਦੀ ਦਰਿਸ਼ਟੀ ਗੋਚਰ ਕੀਤੇ ਤੇ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਬਖਸ਼ਿਆ ਗੁਰੂ ਲੰਗਰ ਅਤੁਟ ਵਰਤਾ ਫ੍ਰੀ ਦਵਾਈ ਖਾਨਾ ਖੋਲ੍ਹ ਕੇ ਗੁਰੂ ਦੀਆਂ ਸੰਗਤਾਂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਤੇ ਕਈ ਜ਼ਰੂਰੀ ਰੈਜ਼ੂਲੇਸ਼ਨ ਪਾਸ ਕਰਕੇ ਯੂਨੀਅਨ ਦੀ ਜਦੋਜਿਹਦ ਨੂੰ ਤੇਜ਼ ਕੀਤਾ ਤੇ ਫਿਰ ਸ਼ੇਰੇ ਪੰਜਾਬ ਮਹਰਾਜਾ ਰਣਜੀਤ ਸਿੰਘ ਜੀ ਦੀ ਸਾਲਾਨਾ ਬਰਸੀ ਸਮੇਂ ਸ਼ਹੀਦੀ ਛਬੀਲ ਲਗਾ ਕੇ ਤੇ ਬ੍ਰਾਦਰੀ ਦੇ ਨਾਮ ਨੂੰ ਪ੍ਰਕਾਸ਼ਿਆ ਤੇ ਸ੍ਰੀ ਮਾਨ ਪੰਥ ਦੇ ਪ੍ਰਸਿਧ ਲੀਡਰ ਜਥੇਦਾਰ ਉਧਮ ਸਿੰਘ ਜੀ

Digitized by Panjab Digital Library | www.panjabdigilib.org

ਨਾਗੋਕੇ ਦੇ ਸਾਹਮਣੇ ਛਬੀਲ ਦੇ ਪੰਡਾਲ ਵਿਚ ਆਪਣੀ ਵਿਥਿਆ ਦਰਸਾਈ ਤੇ ਮ੍ਰਤਾਲਬਾਤ ਰਖੇ, ਜਥੇਦਾਰ ਨੇ ਪੂਰਨ ਸਹੈਤਾ ਦੇਣ ਤੇ ਮਤਾਲਬਾਤ ਪ੍ਰਵਾਨ ਕਰਾਣ ਦਾ ਪ੍ਰਣ ਦਿਤਾ ।

ਜਿਥੇ ਸਰਬ ਹਿੰਦ ਭਾ: ਯੂਨੀਅਨ ਨੇ ਬਰਾਦਰੀ ਦਾ ਪਖ ਸ਼ੋ੍ਮਣੀ ਕਮੇਟੀ ਤੇ ਪੰਜਾਬ ਗਵਰਨਮਿੰਟ ਸਾਹਮਣੇ ਰਖਿਆ ਉਥੇ ਪੰਥ ਦੀ ਜਦ ਜੇਹਤੀ ਤੇ ਜਥੇਬੰਦੀ ਲਈ ਪੰਥਕ ਬੋਰਡ ਦੀ ਮੀਟਿੰਗ ਵਿਚ ਸ਼ਾਮਲ ਹੋ ਕੇ ਪ੍ਰਤੀਨਿਧਤਾ ਲੈ ਕੇ ਕੈਬੀਨਿਟ ਮਿਸ਼ਨ ਦੀਆਂ ਤਜਵੀਜ਼ਾਂ ਦੇ ਵਿਰੁਧ ਸਾਂਝੇ ਪੰਥਕ ਮੋਰਚੇ ਲਈ ਮਰ ਮਿਟਨ ਤੇ ਕੁਰਬਾਨੀ ਕਰਨ ਦੇ ਸਰਬ ਸੰਮਤੀ ਨਾਲ ਮਤੇ ਪਾਸ ਕੀਤੇ ਤੇ ਬ੍ਰਾਦਰੀ ਅੰਦਰ ਧਾਰਮਕ ਪਵਿਤਰਤਾ ਤੇ ਸਿਆਸੀ ਜਿਤ ਪ੍ਰਾਪਤ ਕਰਨ ਲਈ, ਕੁਰਬਾਨੀ ਦੇਣ ਲਈ ਤਿਆਰ ਕੀਤੀ ਬ੍ਰਾਦਰੀ ਦੇ ਸੁਧਾਰ ਖਾਤਰ ਏਨਾਂ ਕੁਝ ਕਰਦਿਆਂ ਹੋਇਆ, ਯੂਨੀਅਨ ਨੇ ਵਿਵਾਹਾਂ ਸ਼ਾਦੀਆਂ ਦੇ ਸਮੇਂ ਬਾਕੀ ਮੰਦ ਰਸਮਾਂ ਨੂੰ ਖਤਮ ਕੀਤਾ ਤੇ ਹੁਣ ਦੀਆਂ ਸ਼ਾਦੀਆਂ ਨੂੰ ਨਮੂਨੇ ਦੀਆਂ ਸ਼ਾਦੀਆਂ ਬਣਾ ਕੇ ਯੂਨੀਅਨ ਦਾ ਨਾਮ ਰੋਸ਼ਨ ਕੀਤਾ, ਬੜੀ ਖੁਸ਼ੀ ਦੀ ਗਲ ਹੈ ਕਿ ਹੁਣ ਤਾਂ ਸਾਡੇ ਵੀ ਖੁਦ ਬਖੁਦ ਸਾਡੇ ਨਕਸ਼ੇ ਕਦਮ ਤੇ ਚਲਕੇ ਬੁਰੀਆਂ ਤੇ ਪਿਛਾਂ ਖਿਚੂ ਰਸਮਾਂ ਨੂੰ ਸਦਾਂ ਲਈ ਤਿਆਗ ਦੇਣ ਦੀਆਂ ਮਸਾਲਾਂ ਕਾਇਮ ਕਰ ਰਹੇ ਹਨ ਇਹ ਕਿਰਤ ਸਪਸ਼ਟ ਕਰਨੀ ਹੈ ਕਿ ਯੂਨੀਅਨ ਨੇ ਇਸ ਸਾਲ ਵੀ ਆਪਣਾ ਨਾਮਨਾ ਖਟਨ ਦੀ ਹਰ ਪਹਿਲੂ ਤੋਂ ਕੋਸ਼ਸ਼ ਕੀਤੀ ਹੈ ਭਾਵੇਂ ਮੁਕਦਮਿਆਂ ਤੇ ਨਾਮਿਲਵਰਤਨ ਦੀ ਘਾਟ ਕਾਰਨ ਇਹ ਕੁਝ ਨਹੀਂ ਕਰ ਸਕੀ ਜੋ ਕੁਝ ਇਸ ਤੇ ਆਸ ਸੀ ਪ ਰ ਫਿਰ ਵੀ ਜੋ ਕੁਝ ਹੋ ਸਕਿਆ ਹੈ ਆਪ ਦੀ ਸੇਵਾ ਵਿਚ ਭੇਟ, ਤੁਛ ਸੇਵਾ ਵੀ ਜੇ ਕਬੂਲ ਹੋ ਜਾਂਏ ਤਾਂ ਵਡੇ ਭਾਗ ਸਮਝਾਂਗੇ ।

ਡਾ: ਹਰਨਾਮ ਸਿੰਘ ਜਨਰਲ ਸੈਕਰੇਟਰੀ
ਸਰਬ ਹਿੰਦ ਭਾਟਰਾ ਯੂਨੀਅਨ (ਰਜਿਸਟਰਡ)
ਸੰਗਤ ਪੁਰਾ, ਕਿਨਾਲ ਪਾਰਕ ਲਾਹੌਰ ।

ਉਪਰੋਕਤ ਰਿਪੋਰਟ ੨੯-੯-੪੬ ਨੂੰ ਅੰਮ੍ਰਿਤਸਰ ਦੀ ਜਨਰਲ ਮੀਟਿੰਗ ਵਿਚ ਪੜ੍ਹੀ । (ਐਡੀਟਰ)

ਸੰਗਤ ਲਾਹੌਰ (੯) ਜਨਵਰੀ ੧੯੪੭

"ਜਨਨੀ ਜਨੇ ਤੇ ਭਗਤ-ਜਨ ਕੈ ਦਾਤਾ ਕੈ ਸੂਰ"

ਇਹ ਸਭ ਪ੍ਰਤੀਤ ਕਰਦੇ ਹਨ ਕਿ ਇਸ ਘੋਰ ਸਮੇਂ ਜਦ ਕਿ ਮਨੁਖ ਆਪਣੇ ਆਪ ਨੂੰ ਬੜੀ ਮੁਸ਼ਕਲ ਨਾਲ ਸਪੋਰਟ ਕਰ ਸਕਦਾ ਹੈ ਤਾਂ ਕਿਸੇ ਕੰਮ ਲਈ ਮਾਇਕ ਸਹਾਇਤਾ ਦੇਣੀ ਬਹੁਤ ਕਠਨ ਭਾਸਦੀ ਹੈ ਪਰ ਫਿਰ ਵੀ ਸਰਬ ਹਿੰਦ ਭਾਟਰਾ ਯੂਨੀਅਨ(ਰਜਿਸਟਰਡ) ਦੇ ਕੌਮੀ ਜਿਉੜਿਆਂ ਨੇ ਜਦ ਕਿ ਉਹ ਆਸਾਮ ਵਲ ਆਪਣੇ ਟੂਰ ਤੇ ਗਏ ਹੋਏ ਸਨ । ੨੫-੧-੪੬ ਨੂੰ ਹੇਠ ਲਿਖੀ ਮਾਇਕ ਸਹਾਇਤਾ ਦੀ ਕੁਰਬਾਨੀ ਕੀਤੀ ।

Digitized by Panjab Digital Library | www.panjabdigilib.org

੨੫) ਸਰਦਾਰ ਘੋ ਨੂ ਸਿੰਘ ਜੰਮੂ, ੨੫) ਸਰਦਾਰ ਮੰਗਲ ਸਿੰਘ ਖੰਡਾ, ੨੫) ਸਰਦਾਰ ਨਥਾ ਸਿੰਘ ਗੋਜਰਾ, ੨੫) ਸਰਦਾਰ ਵਰਯਾਮ ਸਿੰਘ 'ਦਲੇਰ' ਗਲੋਟੀਆਂ, ੨੫) ਸਰਦਾਰ ਮੂਨਸ਼ੀ ਸਿੰਘ ਮੁਨਸ਼ੀ, ੨੫) ਸਰਦਾਰ ਮਹਿਲ ਸਿੰਘ ਲਾ ੍ਹੌਰ, ੨੫) ਸਰਦਾਰ ਚਾਨਣ ਸਿੰਘ ਲਾਹੌਰ, ੨੫) ਸਵਰਨ ਸਿੰਘ ਪ੍ਰਹਿਲਾਦ, ੧੦) ਸਰਦਾਰ ਮਹਿਲ ਸਿੰਘ ਸਾਥੀ, ੧੦) ਸਰਦਾਰ ਲਾਲ ਸਿੰਘ ਮੁਸਾਫਿਰ, ੧੦) ਸਰਦਾਰ ਹਰਨਾਮ ਸਿੰਘ ਸਤਿਨਾਮ, ੨੫) ਗਿਆਨੀ ਰਤਨ ਸਿੰਘ ਸ਼ਾਦ, ੨੫) ਸਰਦਾਰ ਖੇੜਾ ਸਿੰਘ ਜੰਗੀ, ੨੫) ਗਿਆਨੀ ਹਰਨਾਮ ਸਿੰਘ ਕੌਮੀ, ੨੫) ਗਿਆਨੀ ਸੁੰਦਰ ਸਿੰਘ ਸਾਗਰ, ੨੫) ਸਰਦਾਰ ਝੰਡਾ ਸਿੰਘ ਪਟੇਲ।

ਇਹ ਸਾਰੀ ਸਹਾਇਤਾ ਫਖਰੇ ਕੌਮ ਸਰਦਾਰ ਝੰਡਾ ਸਿੰਘ ਜੀ ਪਟੇਲ ਹਥ ਭੇਜੀ ਗਈ ਸੀ ਜਦ ਕਿ ਉਨ੍ਹਾਂ ਨੂੰ ਆਪਣਾ ਸਫਰ ਛਡ ਕੇ ਪੀਸ ਮਿਸ਼ਨ ਤੇ ਦੇਸ ਭੇਜਿਆ ਗਿਆ ਸੀ ਅਤੇ ਜੋ ਪਾਰਟੀ ਦੇ ਹੁਕਮ ਅਨੁਸਾਰ, ਕੌਮ ਲਈ ਸ਼ਾਨਤੀ ਦਾ ਪਰੋਗਰਾਮ ਲੈ ਕੇ ਆਏ ਸਨ। ਇਸ ਕੁਰਬਾਨੀ ਕਰਕੇ ਇਹਨਾਂ ਦੀ ਪੁਜ਼ੀਸ਼ਨ ਇਸ ਗੁਰਵਾਕ ਅਨੁਸਾਰ ਹੈ। ''ਨਾ ਕੋਈ ਹੋਇਆ ਨਾ ਕੋਈ ਹੋਇ''।

ਚੀਫ ਐਡੀਟਰ

ਜ਼ਰੂਰੀ ਵਾਕਫੀ

ਇਹ ਸਾਰੀ ਬਰਾਦਰੀ ਭਲੀ ਭਾਂਤ ਜਾਣਦੀ ਹੈ ਕਿ ੨੮.੪.੪੬ ਨੂੰ ਲਾਇਲਪੁਰ ਵਿਖੇ ਸਰਬ ਹਿੰਦ ਭਾਟਰਾ ਯੂਨੀਅਨ (ਰਜਿਸਟਰਡ) ਦਾ ਜਨਰਲ ਇਜਲਾਸ ਹੋਇਆ ਸੀ। ਇਸ ਵਿਚ ਦੋ ਤਿੰਨ ਗਲਾਂ ਖਾਸ ਹੋਈਆਂ ਸਨ ਜਿਨ੍ਹਾਂ ਨੂੰ, ਤੇ ਉਸ ਤੇ ਹੋਏ ਅਮਲ ਨੂੰ ਆਮ ਦੀ ਗਿਆਤ ਲਈ ਪ੍ਰਗਟ ਕਰ ਦੇਣਾ ਚਾਹੁੰਨਾ ਹਾਂ।

ਪਹਿਲਾ ੧. ਚੀਫ ਐਡੀਟਰ ਦਾ ਲੇਖ ਨਹੀਂ ਕਟਿਆ ਜਾਵੇਗਾ।

ਦੂਸਰੀ:— ਇਹ ਸਾਰੇ ਜਾਣਦੇ ਹਨ ਕਿ ਪਿਛਲੇ ਸਾਲ ਜਦ ਮੈਂ ਯੂਨੀਅਨ ਦੀ ਕਮਾਂਡ ਸਭਾਲੀ ਸੀ ਤਾਂ ਮੈਂ ਐਕਜ਼ੈਕਟਿਵ ਦੀ ਥਾਂ ਦੋ ਹਾਊਸ ਬਨਾਏ ਸਨ, ਹਾਈ ਕਮਾਂਡ ਤੇ ਸਕਿਉਰਟੀ ਕੌਂਸਲ। ਜਿਨ੍ਹਾਂ ਮੈਂਬਰਾਂ ਨੇ ਇਸ ਤੋਂ ਪਿਛੇ ਮੀਟਿੰਗਾਂ ਨਹੀਂ ਸਨ ਅਟੈਂਡ ਕੀਤੀਆਂ ਉਨ੍ਹਾਂ ਨੂੰ ਦੁਵਾਂ ਹਾਊਸਾਂ ਵਿਚ ਡੀਉਟੀਆਂ ਨਹੀਂ ਸਨ ਦਿਤੀਆਂ ਗਈਆਂ। ਇਸ ਤੇ ਲਾਇਲਪੁਰ ਡਵੀਜਨ ਦੇ ਵਰਕਰਾਂ ਨੇ ਪਰੋਟੈਸਟ ਕੀਤਾ ਸੀ। ਇਹ ਪਰੋਟੈਸਟ ਮਹਾਤਮਾ ਤਿਲਕ ਦੇ ਅਸੂਲ ਅਨੁਸਾਰ 'ਲੋਹਾ ਜਦ ਗਰਮ ਹੋਵੇ ਤਦੋਂ ਸਟ ਮਾਰੋ' ਸਾਡੀ ਮੁਸੀਬਤ ਤੇ ਹੋਰ ਜ਼ਖਮ ਸੀ। ਪਰੋਟੈਸਟ ਇਹ ਸੀ ਕਿ ਸਾਨੂੰ ਐਕਜ਼ੈਕਟਿਵ ਵਿਚੋਂ ਕਿਉਂ ਕਢ ਦਿਤਾ ਹੈ? ਉਨ੍ਹਾਂ ਦੇ ਪਰੋਟੈਸਟ ਅਨੁਸਾਰ ਹਾਈ ਕਮਾਂਡ ਤੇ ਸਕਿਉਰਟੀ ਕੌਂਸਲ ਨੂੰ ਤੋੜਕੇ, ਉਨ੍ਹਾਂ ਮੈਂਬਰਾਂ ਨੂੰ ਸ਼ਾਮਲ ਕਰਕੇ ਫਿਰ ਐਕਜ਼ੈਕਟਿਵ ਬਨਾਈ ਗਈ ਏਸੇ ਇਜਲਾਸ ਵਿਚ ਪਾਸ ਹੋਇਆ ਸੀ ਕਿ ਪੈਦਾ ਹੋ ਚੁਕੇ 'ਸੰਗਰਾਮ ਹਾਲਾਤ' ਨੂੰ ਨਜਿਠਣ ਲਈ ਹਰ ਐਕਜ਼ੈਕਟਿਵ ਦਾ ਮੈਂਬਰ ੨੦) ਰੁਪੈ ਅਤੇ ਜਨਰਲ ਮੈਂਬਰ ੧੦) ਸਹਾਇਤਾ ਦੇਵੇ। ਉਸ ਸਮੇਂ ਤੋਂ ਲੈਕੇ ਹੁਣ ਤਕ

Digitized by Panjab Digital Library | www.panjabdigilib.org

ਪਰੋਟੈਸਟ ਵਾਲੇ ਸਜਨਾਂ ਵਿਚੋਂ ਸਿਰਫ ਵੈਦ ਕਰਤਾਰ ਸਿੰਘ ਕੰਵਲ ਅਤੇ ਸਰਦਾਰ ਸ਼ਮਸ਼ੇਰ ਸਿੰਘ ਤਰਿਪਤ ਦੀ ਸਹਾਇਤਾ ਪੁਜੀ ਹੈ ।

ਜਿਨ੍ਹਾਂ ਮੈਂਬਰਾਂ ਨੇ ਇਸ ਕਾਜ਼ ਲਈ ਇਸ ਮਤੇ ਤੇ ਅਮਲ ਕੀਤਾ ਹੈ ਉਸ ਦੀ ਲਿਸਟ ਹੇਠ ਦਿਤੀ ਜਾਂਦੀ ਹੈ।

੨੦) ਗਿਆਨੀ ਸੁੰਦਰ ਸਿੰਘ 'ਸਾਗਰ'
੨੦) ਗਿਆਨੀ ਹਰਨਾਮ ਸਿੰਘ 'ਕੌਮੀ'
੨੦) ਗਿਆਨੀ ਰਤਨ ਸਿੰਘ 'ਸ਼ਾਦ'
੨੦) ਗਿਆਨੀ ਸੰਤਾ ਸਿੰਘ 'ਸੇਵਕ'
੨੦) ਸਰਦਾਰ ਕੇਸਰ ਸਿੰਘ ਕਾਲੀਆ
੨੦) ਸਰਦਾਰ ਝੰਡਾ ਸਿੰਘ 'ਪਟੇਲ'

ਸ਼ਕਤੀ ਸ਼ਾਲੀ ਸੰਸਥਾ ਦੀਆਂ ਸ਼ਾਖਾਂ (ਬ੍ਰਾਂਚਾਂ)

ਲੋਕ-ਸੇਵਾ ਸਮਾਜ-ਸੁਧਾਰ ਨੂੰ ਮੁੱਖ ਰੱਖ, ਕਰਮ ਖੇਤਰ ਵਿਚ ਨਿਤਰੀ ਸਿਆਸੀ ਜਾਂ ਸਮਾਜੀ ਸੰਸਥਾ ਦੀਆਂ ਸ਼ਾਖਾਂ ਜਿਥੇ ਸ਼ਕਤੀ ਸ਼ਾਲੀ ਸਫਲ ਸੰਸਥਾ ਹੋਣ ਦਾ ਪ੍ਰਤੱਖ ਪ੍ਰਮਾਣ ਹੁੰਦੀਆਂ ਹਨ, ਉਥੇ ਕੌਮ ਦੀ ਪ੍ਰਤੀਨਿਧ ਜਮਾਤ ਤੇ ਜੰਤਕ ਜਥੇਬੰਦੀ ਹੋਣ ਦਾ ਵੀ ਅਟੱਲ ਸਬੂਤ ਹੁੰਦੀਆਂ ਹਨ। ਚੰਗਾ ਭਾਟੜਾ ਨੌਜਵਾਨ ਸਭਾ U.K., ਇੰਟਰਨੈਸ਼ਨਲ ਭਾਟਰਾ ਯੂਨੀਅਨ ਤੇ ਇਸੇ ਸਭਾ ਦਾ ਨਿਖਰਵਾਂ ਸਰੂਪ ਸਰਬ ਹਿੰਦ ਭਾਟਰਾ ਯੂਨੀਅਨ ਦੀਆਂ ਸਮੇਂ ਸਮੇਂ ਸਿਰ ਖੋਲ੍ਹੀਆਂ ਗਈਆਂ ਸ਼ਾਖਾਂ (ਬ੍ਰਾਂਚਾਂ) ਦੀ ਜਾਣਕਾਰੀ ਇਉਂ ਹੈ : ਰਾਵੀ ਰੋਡ ਲਾਹੌਰ ਦੀ ਬ੍ਰਾਂਚ, ਗਲੋਟੀਆਂ ਦੀ ਬ੍ਰਾਂਚ ਤੇ ਨਾਰੋਵਾਲ ਦੀ ਬ੍ਰਾਂਚ ਚੰਗਾ ਭਾਟੜਾ ਨੌਜਵਾਨ ਸਭਾ ਸਮੇਂ ਖੋਲ੍ਹੀਆਂ ਗਈਆਂ। ਅੰਮ੍ਰਿਤਸਰ ਤੇ ਗੋਜਰਾ ਬ੍ਰਾਂਚ ਇੰਟਰ ਨੈਸ਼ਨਲ ਭਾਟੜਾ ਯੂਨੀਅਨ ਸਮੇਂ ਵਜੂਦ ਵਿਚ ਆਈਆਂ। ਬਾਕੀ ਦੀਆਂ ਜੰਮੂ ਗੜ੍ਹੀ ਕੁਹਾਟ ਤੇ ਲਾਇਲਪੁਰ ਦੀ ਬ੍ਰਾਂਚ ਸਰਬ ਹਿੰਦ ਭਾਟਰਾ ਯੂਨੀਅਨ ਸਮੇਂ ਬਣਾਈਆਂ ਗਈਆਂ। ਜਿਨ੍ਹਾਂ ਦਾ ਸੰਖੇਪ ਵੇਰਵਾ ਹੇਠ ਲਿਖੇ ਅਨੁਸਾਰ ਹੈ।

ਬ੍ਰਾਂਚ ਰਾਵੀ ਰੋਡ ਲਾਹੌਰ

15 ਅਗਸਤ, 1940 ਚੰਗਾ ਭਾਟੜਾ ਨੌਜਵਾਨ ਸਭਾ U. K. ਨੇ ਭਾਰਤ ਵਿਚ ਪਹਿਲੀ ਵਰ੍ਹੇ ਗੰਢ ਮਨਾਕੇ ਜਿਥੇ ਸਭਾ ਦਾ ਭਾਰਤ ਵਿਚ ਹੈਡ ਆਫਿਸ ਸੰਗਤ ਪੁਰਾ, ਕਨਾਲ ਪਾਰਕ, ਲਾਹੌਰ ਮੁਕਰਰ ਕੀਤਾ, ਉਥੇ ਸਭਾ ਦੇ ਆਦਿ ਪ੍ਰੋਗਰਾਮ ਦਾ ਸ੍ਰੀ ਗਨੇਸ਼ ਕਰਦਿਆਂ ਸਭਾ ਦੀ ਪਹਿਲੀ ਬ੍ਰਾਂਚ ਰਾਵੀ ਰੋਡ ਲਾਹੌਰ ਬਣਾਈ ਗਈ। ਜਿਸ ਦੀ ਚੋਣ ਦਾ ਵੇਰਵਾ ਇਉਂ ਹੈ—ਪ੍ਰਧਾਨ ਸ: ਖੇੜਾ ਸਿੰਘ ਜੰਗੀ, ਜਨਰਲ ਸੈਕਟਰੀ ਸ: ਮੋਹਕਮ ਸਿੰਘ ਆਲਿਮ, ਸਹਾਇਕ ਸੈਕਟਰੀ ਸ: ਢੁੰਡਾ ਸਿੰਘ ਜੀ ਕਰੰਟ ਤੇ ਖਜ਼ਾਨਚੀ ਸ: ਖੇੜਾ ਸਿੰਘ ਜੀ ਟਾਕ ਸਨ। ਅਤੇ ਸ: ਖਜਾਨ ਸਿੰਘ ਜੀ ਭਾਕੜ, ਸ: ਪ੍ਰਕਾਸ਼ ਸਿੰਘ ਜੀ ਪ੍ਰਕਾਸ਼,

Digitized by Panjab Digital Library | www.panjabdigilib.org

ਸ੍: ਸਵਰਨ ਸਿੰਘ ਜੀ ਨਿਧੜਕ, ਸ: ਮੋਹਕਮ ਸਿੰਘ ਜੀ ਰੌਦ, ਸ. ਲਾਭ ਸਿੰਘ ਜੀ ਲਾਂਡਾ, ਸ: ਬਾਬੂ ਸਿੰਘ ਜੀ ਆਦਿ ਸਤਗਰਮ ਵਰਕਰ ਤੇ ਮੈਂਬਰ ਸਨ।

ਬ੍ਰਾਂਚ ਗਲੋਟੀਆਂ :—

ਹਰੂਨਾ ਮਾਰੂ ਜਪਾਨੀ ਜਹਾਜ਼ ਵਿਚ ਸਮੂੰਹ ਸੰਗਤਾਂ ਵਲੋਂ ਲਾਈ ਗਈ ਸੇਵਾ ਤੇ ਉਲੀਕੇ ਪ੍ਰੋਗਰਾਮ ਅਨੁਸਾਰ ਚੰਗਾ ਭਾਟੜਾ ਨੌਜਵਾਨ ਸਭਾ U.K. ਨੇ 8 ਅਕਤੂਬਰ 1940 ਨੂੰ ਗਲੋਟੀਆਂ ਵਿਚ ਸਮੂੰਹ ਪਿੰਡਾਂ ਦੀ ਕਾਨਫਰੰਸ ਬੁਲਾਈ। ਸੰਗਤਾਂ ਦਾ ਕੌਮੀ ਪਿਆਰ ਤੇ ਉਤਸ਼ਾਹ ਵੇਖਕੇ ਲੰਡਨ ਸਭਾ ਦੀ ਦੂਸਤੀ ਬ੍ਰਾਂਚ ਗਲੋਟੀਆਂ ਵਿਚ ਖੋਲ੍ਹਣ ਦਾ ਸਰਬ ਸੰਮਤੀ ਨਾਲ ਫੈਸਲਾ ਹੋਇਆ। ਜਿਸ ਦੀ ਚੋਣ ਦਾ ਵੇਰਵਾ ਇਸ ਪ੍ਰਕਾਰ ਸੀ, ਪ੍ਰਧਾਨ ਸ: ਕੁਲਵੰਤ ਸਿੰਘ ਜੀ ਗੁਪਤਾ, ਮੀਤ ਪ੍ਰਧਾਨ ਸ: ਮੋਹਣ ਸਿੰਘ ਜੀ ਸੁਆਲੀ, ਜਨਰਲ ਸੈਕਟਰੀ ਸ: ਮਹਿਲ ਸਿੰਘ ਸਾਥੀ, ਸੈਕਟਰੀ ਗਿ: ਸੰਤੋਖ ਸਿੰਘ ਜੀ ਸ਼ਾਨ, ਖਜ਼ਾਨਚੀ ਸ: ਸ਼ਿੰਗਾਰ ਸਿੰਘ ਜੀ ਠੇਕੇਦਾਰ, ਸਹਾਇਕ ਖਜ਼ਾਨਚੀ ਗ੍ਰੰਥੀ ਮੰਗਲ ਸਿੰਘ ਜੀ ਮੁਸਾਫਰ, ਜਥੇਦਾਰ ਗਿਆਨੀ ਗਿਆਨ ਸਿੰਘ ਜੀ ਕੰਟਰੋਲ, ਸਹਾਇਕ ਸ: ਵਜ਼ੀਰ ਸਿੰਘ ਜੀ ਦਿਲਬਰ।

ਨਾਰੋਵਾਲ ਬ੍ਰਾਂਚ :—

ਚੰਗਾ ਭਾਟੜਾ ਨੌਜਵਾਨ ਸਭਾ ਨਾਰੋਵਾਲ ਦੀ ਬ੍ਰਾਂਚ ਪ੍ਰਧਾਨ ਸ. ਅਮਰਜੀਤ ਸਿੰਘ ਮਝੈਲ।

ਅੰਮ੍ਰਿਤਸਰ ਬ੍ਰਾਂਚ :—

ਪ੍ਰਧਾਨ ਸ: ਮਾਨ ਸਿੰਘ ਲੋਹੀਆ, ਜ: ਸਕੱਤਰ ਸ: ਸਾਧੂ ਸਿੰਘ ਜੀ ਬਜਾਜ
ਖਜ਼ਾਨਚੀ ਸ: ਬਾਕੁੰਠ ਸਿੰਘ ਹਮਦਰਦ।

ਗੋਜਰਾਂ ਬ੍ਰਾਂਚ :—

ਪ੍ਰਧਾਨ ਗਿਆਨੀ ਸੰਤੋਖ ਸਿੰਘ ਜੀ ਸੁਆਲੀ,
ਜਨਰਲ ਸੈਕਟਰੀ ਸ: ਨੱਥਾ ਸਿੰਘ ਜੀ ਦਿਗਪਾਲ।

ਜੰਮੂ ਬ੍ਰਾਂਚ :—

ਪ੍ਰਧਾਨ ਸ: ਘੋਲੂ ਸਿੰਘ ਜੀ ਰੌਦ,
ਜਨਰਲ ਸੈਕਟਰੀ ਸ: ਮੰਗਲ ਸਿੰਘ ਜੀ ਖੰਡਾ।

Digitized by Panjab Digital Library | www.panjabdigilib.org

ਗੜ੍ਹੀ ਬ੍ਰਾਂਚ :—

ਪ੍ਰਧਾਨ ਗਿਆਨੀ ਮੇਹਰ ਸਿੰਘ ਜੀ ਪ੍ਰਦੇਸੀ

ਸਰਗਰਮ ਵਰਕਰ :

ਸ. ਗੁਰਬਖਸ਼ ਸਿੰਘ ਜੀ ਆਜਿਜ਼
ਪੰਡਤ ਡੰਗਰ ਮਲ ਜੀ ਸ਼ਰਮਾ
ਸ. ਪ੍ਰੀਤਮ ਸਿੰਘ ਜੀ ਪ੍ਰੀਤ
ਸ. ਜੁਗਿੰਦਰ ਸਿੰਘ ਜੀ ਮਿਸਤਰੀ
ਸ. ਕਰਤਾਰ ਸਿੰਘ ਜੀ ਵੀਰ
ਸ. ਅਜੀਤ ਕੁਮਾਰ ਸਿੰਘ ਜੀ
ਸ. ਗੁਪਾਲ ਸਿੰਘ ਜੀ

ਕੁਹਾਟ ਬ੍ਰਾਂਚ :—

ਪ੍ਰਧਾਨ ਸ. ਜਗਤ ਸਿੰਘ ਜੀ
ਜਨਰਲ ਸੈਕਟਰੀ ਸ: ਜਸਵੰਤ ਸਿੰਘ ਜੀ

ਇਸ ਤੋਂ ਇਲਾਵਾ ਲਾਇਲਪੁਰ ਭੀ ਬ੍ਰਾਂਚ ਖੋਲ੍ਹੀ ਗਈ ਸੀ ।

———

Digitized by Panjab Digital Library | www.panjabdigilib.org

ਸਰਬ ਹਿੰਦ ਭਾਟਰਾ ਯੂਨੀਅਨ ਦੀ ਅੰਤਿਮ ਚੋਣ

ਯੂਨੀਅਨ ਦੇ ਮੁਖ ਪ੍ਰਬੰਧਕਾਂ ਤੇ ਜਨਰਲ ਸੈਕਟਰੀ ਨੇ ਆਪਣੇ ਫ਼ਰਜ਼ ਦੀ ਪਾਲਣਾਂ ਕਰਦਿਆਂ ਸਰਬ ਹਿੰਦ ਦੀ ਨਵੀਂ ਚੋਣ 29-9-46 ਦਾ ਦਿਨ ਮਿਥ ਸਮੂੰਹ ਪਿੰਡਾਂ ਦੇ ਪ੍ਰਤੀਨਿਧਾਂ, ਯੂਨੀਅਨ ਦੇ ਸਮੂੰਹ ਵਰਕਰਾਂ ਤੇ ਯੂਨੀਅਨ ਦੀਆਂ ਬ੍ਰਾਚਾਂ ਦੇ ਪ੍ਰਬੰਧਕਾਂ ਨੂੰ ਬਜ਼ਾਰ ਨੰਬਰ ੧ ਕੋਟ ਬਾਬਾ ਦੀਪ ਸਿੰਘ, ਅੰਮ੍ਰਿਤਸਰ ਭਾਟਰਾ ਸੰਗਤ ਦੇ ਗੁਰਦੁਆਰੇ ਵਿਚ, 29-9-46 ਨੂੰ ਨਵੀਂ ਚੋਣ ਦੇ ਇਜੰਡੇ ਸਮੇਤ ਸੱਦਾ-ਪਤ੍ਰ ਕੀਤਾ ਗਿਆ ਤੇ ਨਿਯਤ ਸਮੇਂ ਜਨਰਲ ਇਕੱਤਰਤਾ ਮਿਥੇ ਸਥਾਨ ਅੰਮ੍ਰਿਤਸਰ ਵਿਚ ਕੀਤੀ ਗਈ।

ਕੌਮੀ ਨੇਤਾਵਾਂ ਨੂੰ ਲੰਘ ਚੁਕੇ ਸਮੇਂ ਦੇ ਪੈਰ-ਚਿਤਰ ਵੇਖਣ ਤੇ ਵਿਚਾਰਨ ਲਈ ਭਰਪੂਰ ਪਰੇਰਨਾ

ਸਮਾਜ ਤੇ ਸੰਸਥਾ ਦੀ ਵਰਤਮਾਨ ਗੰਭੀਰ ਸਥਿਤੀ ਨੇ ਇਕੱਤਰ ਹੋਏ ਸਮੂੰਹ ਕੌਮੀ ਨੇਤਾਵਾਂ ਨੂੰ ਲੰਘ ਚੁਕੇ ਸਮੇਂ ਦੇ ਪੈਰ-ਚਿਤ ਪ੍ਰਖਨ ਲਈ ਪਰੇਰਿਆ। ਪੁਰਾਣੀਆਂ ਯਾਦਾਂ ਨਵੇਂ ਰੂਪ ਵਿਚ ਰੂਪ-ਮਾਨ ਹੋ ਆਈਆਂ। ਕਿਵੇਂ ? ਇਸੇ ਗੁਰਦੁਆਰੇ ਦੇ ਏਸੇ ਹਾਲ ਵਿਚ 'ਦੀ ਇੰਟਰ ਨੈਸ਼ਨਲ ਭਾਟਰਾ ਯੂਨੀਅਨ' ਦੇ ਮੁਖ ਪ੍ਰਬੰਧਕ ਪ੍ਰਧਾਨ ਗਿ: ਕੌਮੀ ਜੀ, ਜ: ਸਕਤ੍ਰ ਗਿ: ਸਾਗਤ ਜੀ, ਚੀਫ ਵਿਪ. ਸ੍ਰ: ਪਟੇਲ ਜੱ, ਸਕਤ੍ਰ ਡਾ: ਤਾਲਿਬ ਜੀ, ਹੈਡ ਖਜ਼ਾਨਚੀ ਲੇਖਕ ਸ਼ਾਦ ਤੇ ਅੰਮ੍ਰਿਤ ਜੀ ਤੇ ਸਮੂੰਹ ਵਰਕਰਾਂ ਦੀ ਕਰੜੀ ਕਿਰਤ ਤੇ ਤਿਆਗ ਦਾ ਚਿਤ੍ਰ ਸਾਵੇਂ ਆਇਆ, ਜਿਨ੍ਹਾਂ ਵਰਤਮਾਨ ਦੇ ਵਾਤਾਵਰਣ 'ਚੋਂ ਭਵਿਖਤ ਦੀ ਨੁਹਾਰ ਵੇਖ, ਕੌਮ 'ਚੋਂ ਫੁਟ ਖਤਮ ਕਰਨ ਲਈ ਸਿਖ ਭਾਟੜਾ ਜਨਰਲ ਕਮੇਟੀ, ਲਾਹੌਰ ਦੇ ਮੁਖ ਪ੍ਰਬੰਧਕ ਪ੍ਰਧਾਨ ਬਾਬੂ ਰਾਜਿੰਦਰ ਸਿੰਘ ਜੀ, ਜ: ਸਕਤ੍ਰ ਬਾਬੂ ਬਲਵੰਤ ਸਿੰਘ ਜੀ ਗਾਡ ਤੇ ਸ੍ਰੀਮਾਨ ਸ੍ਰ: ਭੀਲ ਸਿੰਘ ਜੀ ਨਾਲ ਵਿਚਾਰ ਸਾਂਝੇ ਕੀਤੇ ਤੇ ਅੰਮ੍ਰਿਤਸਰ ਦੀ ਜਨਰਲ ਮੀਟਿੰਗ ਵਿਚ 3-11-43 ਨੂੰ ਸ਼ਾਮਲ ਹੋਣ ਲਈ ਪ੍ਰੇਰਿਆ। ਜਿਸ ਦਾ ਸਿਟਾ ਦੋਹਾਂ ਸੰਸਥਾਵਾਂ ਦੀ ਸੁਲਾ ਹੋ ਗਈ ਪਰ ਲਾਹੌਰ ਦੀ ਮੀਟਿੰਗ ਵਿਚ ਭਰੋਸੇ ਦਾ ਵੋਟ ਗੁੰਮ ਹੋਣ ਨਾਲ ਏਕਾ ਅਗਾਂਹ ਨਾ ਤੁਰ ਸਕਿਆ। ਦੂਸਰਾ, ਕੌਮ ਦੀ ਮੰਗ ਅਨੁਸਾਰ ਇੰਟਰ ਨੈਸ਼ਨਲ ਭਾਟਰਾ ਯੂਨੀਅਨ ਦਾ ਨਾਂ ਸਰਬ ਹਿੰਦ ਭਾਟਰਾ ਯੂਨੀਅਨ ਰਖਿਆ ਗਿਆ ਤੇ ਯੂਨੀਅਨ ਨੂੰ ਪ੍ਰਤੀਨਿਧ ਜਮਾਤ ਬਣਾ, ਰਜਿਸਟਰਡ ਕਰਾਉਣ ਦਾ ਮਤਾ ਪਾਸ ਕੀਤਾ ਗਿਆ ਤੇ

Digitized by Panjab Digital Library | www.panjabdigilib.org

ਹਾਜ਼ਰੀ ਦੇ ਕਹਿਣ ਤੇ ਕਿ ਇੰਟਰਨੈਸ਼ਨਲ ਭਾਟਰਾ ਯੂਨੀਅਨ ਦੇ ਪ੍ਰਬੰਧਕ ਗਰਮੀਆਂ ਤਕ ਕੰਮ ਚਲਾਉਣ ਪਰ ਯੂਨੀਅਨ ਦੇ ਵਰਕਰਾਂ ਨੇ ਸਰਬ ਹਿੰਦ ਦਾ ਆਰਜ਼ੀ ਚੋਣ ਕਰਨ ਦਾ ਸੁਝਾ ਦਿਤਾ ਤੇ ਅਮਲ ਕਰਕੇ ਤਿਆਗ ਦੀ ਮਿਸਾਲ ਪੈਦਾ ਕਰ ਦਿਤੀ।

ਯੂਨੀਅਨ ਦੀ ਨਵੀਂ ਚੋਣ ਸਮੇ ਪਿੰਡਾਂ ਦੇ ਪ੍ਰਤੀਨਿਧ, ਪਿਛਲੀਆਂ ਚੋਣਾਂ ਤੋਂ ਪ੍ਰਭਾਵਤ ਹੋਏ ਗੰਭੀਰਤਾ ਨਾਲ ਸੋਚ ਰਹੇ ਸਨ। ਯੂਨੀਅਨ ਦੇ ਵਰਤਮਾਨ ਪ੍ਰਬੰਧਕਾਂ ਦੇ ਦਿਲ ਦਿਮਾਗ, ਬੀਤੇ ਤੇ ਆਉਣ ਵਾਲੇ ਸਮੇਂ ਦੀ ਸਮਾਜਿਕ ਦਿਸ਼ਾ ਵਿਚਾਰ ਰਹੇ ਸਨ। ਪ੍ਰਧਾਨਗੀ ਭਾਸ਼ਨ ਤੇ ਜਨਰਲ ਸਕਤ੍ਰ ਦੀ ਸਾਲਾਨਾ ਰਿਪੋਰਟ ਪੜ੍ਹੀ ਗਈ। ਹਾਜ਼ਰੀ ਨੇ ਜਿਥੇ ਯੂਨੀਅਨ ਦੇ ਵਰਕਰਾਂ ਦੀ ਸੂਝ ਸਿਆਣਪ ਕਰੜੀ ਕਿਰਤ ਦੀ ਢੇਰ ਪ੍ਰਸ਼ੰਸਾ ਕੀਤੀ, ਉਥੇ ਬੇ ਮੌਕਾ ਨਾ ਮਿਲਵਰਤਣ ਦੀ ਪੜਚੋਲ ਵੀ ਰੱਜਵੀਂ ਹੋਈ।

ਗਿਆਨੀ ਮ੍ਰਿੰਦ ਜੀ ਯੂਨੀਅਨ ਦੇ ਪ੍ਰਧਾਨ ਥਾਪੇ ਗਏ

ਚੋਣ ਅਰੰਭ ਹੋਈ ਪਰ ਪਹਿਲੀਆਂ ਚੋਣਾਂ ਵਾਂਗ ਇਸ ਸਾਲ ਚੋਣ ਦੰਗਲ ਗਰਮ ਨਹੀਂ ਸੀ। ਇਸ ਵੇਰ ਕਿਸੇ ਵੀ ਵਰਕਰ ਦਾ ਅਪੋਜ਼ੀਸ਼ਨ ਵਿਚ ਖਲੌਣ ਦਾ ਉੱਕਾ ਖਿਆਲ ਨਹੀਂ ਸੀ। ਜਿਸਦਾ ਵਡਾ ਕਾਰਨ ਇਹ ਸੀ ਕਿ 3 ਸਤੰਬਰ 1939 ਨੂੰ ਅਰੰਭ ਹੋਈ ਸੰਸਾਰ ਜੰਗ 8 ਮਈ 1945 ਨੂੰ ਸਮਾਪਤ ਹੋ ਚੁਕੀ ਸੀ। ਯੂਰਪ ਦੀ ਯਾਤਰਾ ਕਰਨ ਵਾਲੇ ਚੰਗਾ ਭਾਟੜਾ ਨੌਜਵਾਨ ਸਭਾ ਦੀ ਛਤਰ ਛਾਇਆ ਹੇਠ ਕੌਮ ਸੇਵਾ ਸੁਧਾਰ ਦਾ ਪ੍ਰਚਮ ਲੈਕੇ, ਅਗਸਤ, 1940 ਨੂੰ ਦੇਸ਼ ਆਏ, ਕੌਮੀ ਸੇਵਾ ਦੇ ਕਰਮ ਖੇਤਰ ਵਿਚ ਵਿਚਰਦਿਆਂ ਸਤੰਬਰ 1946 ਦਾ ਸਮਾ ਆ ਗਿਆ ਸੀ, ਅਤੇ ਮੁੜ ਯੂਰਪ ਨੂੰ ਜਾਣ ਵਾਲੇ ਕਾਰਵਿਹਾਰ ਲਈ ਯੋਗ ਸਮੇਂ ਦੀ ਉਡੀਕ ਕਰ ਰਹੇ ਸਨ।

ਸਰਬ ਹਿੰਦ ਭਾਟਰਾ ਯੂਨੀਅਨ ਦੇ ਅਗਲੇ ਸਾਲ ਲਈ ਪ੍ਰਧਾਨਗੀ ਪਦ ਲਈ ਇਕੋ ਨਾਮ ਗਿਆਨੀ ਮ੍ਰਿੰਦ ਜੀ ਦਾ ਪੇਸ਼ ਹੋਇਆ ਤੇ ਸਮਾਜਿਕ ਸਥਿਤੀ ਅਨੁਸਾਰ ਸਰਬ ਸੰਮਤੀ ਨਾਲ ਪ੍ਰਧਾਨ ਗਿਆਨੀ ਮ੍ਰਿੰਦ ਜੀ ਥਾਪੇ ਗਏ ਤੇ ਇਸਦੇ ਨਾਲ ਹੀ ਹੋਈ ਬੀਤੀ ਨੂੰ ਮੁਖ ਰਖ, ਨਵੇਂ ਬਣੇ ਪ੍ਰਧਾਨ ਜੀ ਨੂੰ ਆਪਣੀ ਸਾਰੀ ਕੈਬਨਿਟ ਆਪ ਚੁਣਨ ਦੇ ਪੂਰਨ ਅਧਿਕਾਰ ਦਿਤੇ ਗਏ। ਪ੍ਰਧਾਨਗੀ-ਪਦ ਦਾ ਸ੍ਰੀ ਗਨੇਸ਼ ਕਰਨ ਉਪਰੰਤ ਗਿਆਨੀ ਮ੍ਰਿੰਦ ਜੀ ਨੇ ਯੂਨੀਅਨ ਦੇ ਹਰ ਵਰਕਰ ਨੂੰ ਪਰੇਰਨਾ-ਪਤਰ ਪਾ ਕੇ ਇਸ ਸਾਲ ਕੈਬਨਿਟ ਵਿਚ ਸ਼ਾਮਲ ਹੋ ਕੇ ਸਹਿਯੋਗ ਦੇਣ ਦੀ ਮੰਗ ਕੀਤੀ। ਪਰ ਪਿਛਲੇ ਸਾਲ ਦੇ ਯੂਨੀਅਨ ਦੇ ਵਰਕਰਾਂ ਚੋਂ ਉੱਕਾ ਹੀ ਕਿਸੇ ਹੁੰਗਾਰਾ ਨਾ ਭਰਿਆ। ਲਾਇਲਪੁਰ ਦੇ ਡਵੀਜ਼ਨ ਵਲੋਂ ਗਿਆਨੀ ਵੀਰ ਸਿੰਘ ਜੀ ਭਦਰੂ ਨੂੰ ਗਿਆਨੀ ਮ੍ਰਿੰਦ ਜੀ ਨੇ ਐਕਟਿੰਗ ਜਨਰਲ ਸੈਕਟਰੀ ਲਈ ਰਜ਼ਾਮੰਦ ਕੀਤਾ। ਉਹ ਵੀ ਥੋੜੇ ਸਮੇਂ ਲਈ। ਇਉਂ 29-9-46 ਤੋਂ ਲੈ ਕੇ ਦੇਸ਼ ਦੀ ਵੰਡ, 15 ਅਗਸਤ 1947 ਤਕ ਪੂਰੇ 10 ਮਹੀਨੇ ਤੇ 16 ਦਿਨ ਨਾ ਨਵੀਂ ਕੈਬਨਿਟ ਹੀ ਮੁਕੰਮਲ ਹੋ ਸੱਕੀ ਤੇ ਨਾ ਕੋਈ ਪਰੋਗਰਾਮ ਹੀ ਅਗਾਂਹ ਤੁਰਿਆ।

Digitized by Panjab Digital Library | www.panjabdigilib.org

ਸਹਿਯੋਗ ਦੇਣ ਵਾਲਾ ਹੀ ਸਹਿਯੋਗ ਲੈਣ ਦਾ ਅਧਿਕਾਰੀ ਹੁੰਦਾ ਹੈ

ਇਤਰਾਜ਼ ਭਾਵੇਂ ਸਿਆਸੀ ਹੋਣ ਜਾਂ ਸਮਾਜੀ, ਜਮਾਤੀ ਹੋਣ ਜਾਂ ਜਾਤੀ, ਇਕੋ ਹੀ ਜੀਵਨ ਡੋਰ ਨਾਲ ਜੁੜੇ ਹੁੰਦੇ ਹਨ। ਇਤਰਾਜ਼ਾਂ ਦੀ ਅਕੁੱਠ ਯਾਦ ਦਿਲ ਦੀਮਾਗ ਵਿਚ ਕੰਡੇ ਵਾਂਗ ਰੜਕਦੀ ਰਹਿੰਦੀ ਹੈ। ਜਦ ਇਤਰਾਜ਼ ਜੜ੍ਹ ਫੜ ਜਾਣ ਫਿਰ ਥੋੜ੍ਹੀ ਕੀਤਿਆਂ ਆਤਮਾਵਾਂ ਦਾ ਮੇਲ ਹੋਣਾ ਅਸੰਭਵ ਨਹੀਂ ਤਾਂ ਅਤਿ ਕਠਨ ਜ਼ਰੂਰ ਹੋ ਜਾਂਦਾ ਹੈ। ਤੇ ਦਿਲਾਂ ਦੀ ਸਫਾਈ ਤੋਂ ਬਿਨਾਂ ਰਲਕੇ ਕੰਮ ਕਰਨ ਦਾ ਸੁਆਲ ਹੀ ਪੈਂਦਾ ਨਹੀਂ ਹੁੰਦਾ। ਇਤਰਾਜ਼ਾਂ ਨੂੰ ਕੱਢਣ ਦਾ ਤੌਰ ਤਰੀਕਾ ਤੇ ਰੰਗ ਢੰਗ ਆਪੋ ਆਪਣੀ ਸਮਝ ਤੇ ਵਿਚਾਰ ਮੁਤਾਬਕ ਵਖੋ ਵਖਰਾ ਹੁੰਦਾ ਹੈ। ਕੋਈ ਆਪਣੇ ਇਤਰਾਜ਼ ਨੂੰ ਬੋਲ ਬਾਣੀ ਨਾਲ ਉਸੇ ਵੇਲੇ ਕੱਢ ਲੈਂਦੇ ਹਨ, ਕੋਈ ਆਪਣੇ ਇਤਰਾਜ਼ਾਂ ਦੀ ਗੰਢ ਨੂੰ ਪੀਚ ਕੇ ਬੰਨ੍ਹ ਲੈਂਦੇ ਹਨ ਤੇ ਖਮੋਸ਼ੀ ਨਾਲ ਨਾਮਿਲਵਰਤਨ ਰਾਹੀਂ ਰੋਸ ਦਾ ਪ੍ਰਗਟਾਵਾ ਕਰਕੇ ਕਢਦੇ ਹਨ। ਕਈ ਜੀਵਨ ਕਾਰਜ ਨੂੰ ਕਿਰਕਰਾ ਕਰਨ ਵਾਲਾ ਪਾਰਟ ਪਲੇ ਕਰਕੇ ਭਾਜੀ ਲਾਹਕੇ ਹਿਸਾਬ ਸਾਵਾਂ ਕਰਦੇ ਹਨ। ਗਿਆਨੀ ਮ੍ਰਿਗਿੰਦ ਜੀ ਨੂੰ ਪਿਛਲੇ ਸਾਲ ਕੀਤਾ ਡੈਡਲਾਕ ਭਾਰੀ ਪਿਆ ਤੇ ਸਪਸ਼ਟ ਹੋ ਗਿਆ ਕਿ ਸਾਥੀਆਂ ਨੂੰ ਸਹਿਯੋਗ ਦੇਣ ਵਾਲਾ ਹੀ ਸਾਥੀਆਂ ਤੋਂ ਸਹਿਯੋਗ ਲੈਣ ਦਾ ਅਧਿਕਾਰੀ ਹੁੰਦਾ ਹੈ।

ਕੌਮ 'ਚੋਂ ਫੁਟ ਨੂੰ ਖਤਮ ਕਰਨ ਵਾਲੇ ਲਗਾਤਾਰ ਅਮਨ ਉਪਰਾਲੇ

ਸਰਬ ਹਿੰਦ ਭਾਟਰਾ ਯੂਨੀਅਨ ਤੇ ਸਿਖ ਭਾਟੜਾ ਜਨਰਲ ਕਮੇਟੀ ਲਾਹੌਰ ਦ ਖਿਆਲਾਂ ਦੀ ਕਤੜੀ ਟਕਰ ਲੜਾਈ ਝਗੜੇ ਦਾ ਰੂਪ ਧਾਰ, ਕੋਟਾਂ ਕਚਹਿਰੀਆਂ ਤਕ ਜਾ ਅਪੜੀ ਇਹ ਫੁਟ ਦਾ ਸੋਮਾ ਇਕ ਵੇਰ ਪਹਿਲਾਂ 1942 ਵਿਚ ਵੀ ਫੁਟਿਆ ਸੀ ਪਰ ਉਸ ਸਮੇਂ ਇੰਟਰ ਨੈਸ਼ਨਲ ਭਾਟਰਾ ਯੂਨੀਅਨ ਦੇ ਮੁਖ ਪ੍ਰਬੰਧਕਾਂ, ਕੌਮੀ ਜੀ ਸਾਗਰ ਜੀ, ਪਟੇਲ ਜੀ, ਤਾਲਿਬ ਜੀ, ਅੰਮ੍ਰਿਤ ਜੀ ਤੇ ਲੇਖਕ ਸ਼ਾਦ ਦੇ ਉਦਮ ਉਪਰਾਲੇ ਤੇ ਸਿਖ ਭਾਟੜਾ ਜਨਰਲ ਕਮੇਟੀ ਦੇ ਮੁਖੀ ਬਾਬੂ ਰਾਜਿੰਦਰ ਸਿੰਘ ਜੀ, ਬਾਬੂ ਬਲਵੰਤ ਸਿੰਘ ਜੀ ਗਾਡ ਤੇ ਸ੍ਰੀਮਾਨ ਸ. ਭੀਲ ਸਿੰਘ ਜੀ ਦੇ ਦਿਲੀ ਸਹਿਯੋਗ ਨਾਲ 3-4-43 ਨੂੰ ਅੰਮ੍ਰਿਤਸਰ ਵਿਚ ਸੁਲ੍ਹਾ ਹੋ ਗਈ ਸੀ। ਪਰ ਕਈ ਕਾਰਨਾਂ ਕਰਕੇ ਇਹ ਏਕਾ ਤੋੜ ਨਾ ਚੜ੍ਹ ਸਕਿਆ।

ਇਸ ਵੇਰ ਅਹਿੰਸਾ ਵੀ ਆਪਣਾ ਰਾਹ ਛਡ ਹਿੰਸਾ ਦੇ ਰਾਹ ਪੈ ਗਈ। ਮੈਦਾਨ ਭਖ ਗਿਆ। ਕੌਮ ਵਿਚ ਫੁਟ ਦੀ ਲਾਲ ਹਨੇਰੀ ਝੱਖੜ ਵਾਂਗ ਝੁਲਦੀ ਵੇਖ ਕੌਮ ਦੇ ਹਮਦਰਦ ਮੁਖੀ ਨੇਤਾਵਾਂ ਨੇ ਅਮਨ ਅਪੀਲਾਂ ਕੀਤੀਆਂ, ਪਿੰਡਾਂ ਦੇ ਦੀਵਾਨਾਂ, ਜਿਹਾ ਕਿ ਗਲੋਟੀਆਂ, ਡਸਕਾ ਕੋਟ, ਵਡਾ ਡਸਕਾ, ਧਾੜੀਵਾਲ, ਗੋਤਾ ਤੇ ਨਾਰੋਵਾਲ ਦੇ ਸਲਾਨਾ

Digitized by Panjab Digital Library | www.panjabdigilib.org

ਦੀਵਾਨਾਂ ਵਿਚ ਕਮੇਟੀਆਂ ਨੂੰ ਆਪੋ ਵਿਚ ਸੁਲ੍ਹਾ ਕਰ ਲੈਣ ਦੇ ਮਤੇ ਪਾਸ ਕੀਏ ਗਏ। ਕੌਮੀ ਨੇਤਾਵਾਂ ਦੀਆਂ ਬਾ-ਅਸਰ ਅਮਨ ਅਪੀਲਾਂ ਸਮੁੱਚਾ ਕੌਮ ਤੇ ਪਿੰਡਾ ਦੇ ਪ੍ਰਤੀਨਿਧਾਂ ਦੀ ਅਵਾਜ਼ ਤੇ ਗਿਆਨੀ ਮ੍ਰਿਗਿੰਦ ਜੀ ਦੇ ਉਦਮ ਨਾਲ 1945 ਨੂੰ ਡਸਕੇ ਵਿਚ ਭਾਟਰਾ ਸੰਗਤ ਦੀ ਪੰਚਾਇਤ ਲਗੀ। ਪਰ ਭੜਕਿਆ ਜਜ਼ਬਾ ਸ਼ਾਂਤ ਨਾ ਹੋਇਆ, ਸੁਲ੍ਹਾ ਸਮਾਗਮ ਸਫਲ ਨਾ ਹੋਇਆ। ਝਗੜੇ ਜਿਉਂ ਦੇ ਤਿਉਂ ਚਲਦੇ ਰਹੇ।

ਸਮਾਂ ਸਿਆਣਾ ਮਾਸਟਰ ਮੰਨਿਆ ਜਾਂਦਾ ਹੈ। ਸਮੇਂ ਨੇ ਸੋਹਜੀ ਦੇ ਦਿਤੀ ਕਿ ਲਹੂ ਲਹੂ ਨਾਲ ਧੋਤਾ ਨਹੀਂ ਜਾਂ ਸਕਦਾ। ਇੱਕ ਕੌਮ ਦੀ ਅਣਖ ਤੇ ਇਜ਼ਤ ਇੱਕ ਹੁੰਦੀ ਹੈ। ਮੇਹਣਾ ਤੇ ਗਾਲ ਕਦੇ ਵੰਡੇ ਨਹੀਂ ਜਾਂਦੇ। ਜਿਹੜੇ ਕਮੇਟੀਆਂ ਦੀ ਸੁਲ੍ਹਾ ਦੇ ਅਮਨ ਉਪਰਾਲੇ ਪਹਿਲਾਂ ਦੋ ਵੇਰ ਅਸਫਲ ਰਹੇ ਸਨ, ਇਸ ਵੇਰ ਸਮੇਂ ਦੀ ਸਿਖਿਆ ਤੇ ਸ੍. ਸੰਤ ਸਿੰਘ ਜੀ ਪ੍ਰਦੇਸੀ, ਬਾਬੂ ਰਾਜਿੰਦਰ ਸਿੰਘ ਜੀ ਤੇ ਸ੍: ਭੀਲ ਸਿੰਘ ਜੀ ਦੇ ਉਦਮ ਉਪਰਾਲੇ ਦਾ ਸਦਕਾ ਗੁਆਲ ਮੰਡੀ ਦੇ ਗੁਰਦੁਆਰੇ 7 ਜਨਵਰੀ, 1947 ਨੂੰ ਸਰਬ ਹਿੰਦ ਭਾਟਰਾ ਯੂਨੀਅਨ ਤੇ ਸਿਖ ਭਾਟੜਾ ਜਨਰਲ ਕਮੇਟੀ ਦੀ ਆਪੋ ਵਿਚ ਸੁਲਾ ਹੋ ਗਈ, ਬਾਇਜ਼ਤ ਸਮੌਝਤਾ ਹੋਇਆ, ਕੇਸ ਸਾਰੇ ਸਮਾਪਤ ਕੀਤੇ ਗਏ। ਦੋਹਾਂ ਕਮੇਟੀਆਂ ਵਿਚੋਂ ਪੰਜ ਪੰਜ ਮੈਂਬਰ ਲੈਕੇ 16 ਜਨਵਰੀ 1947 ਨੂੰ **ਦੀ ਭਾਟਰਾ ਕੁਲੇਸ਼ਨ ਬੋਰਡ**' ਕੇਵਲ ਗੁਮੀਆਂ ਤਕ ਆਰਜ਼ੀ ਤੌਰ ਤੇ ਬਣਿਆ। ਜਿਸ ਦੇ ਮੈਂਬਰ ਸ੍. ਸੰਤ ਸਿੰਘ ਜੀ ਪ੍ਰਦੇਸੀ, ਗਿ: ਮਖਣ ਸਿੰਘ ਜੀ, ਮ੍ਰਿਗਿੰਦ, ਡਾ. ਹਰਨਾਮ ਸਿੰਘ ਜੀ ਤਾਲਿਬ, ਗਿ: ਵੀਰ ਜੀ ਭੁਦਰੂ, ਗਿ: ਸੁੰਦਰ ਸਿੰਘ ਜੀ ਸਾਗਰ, ਬਾਬੂ ਰਾਜਿੰਦਰ ਸਿੰਘ ਜੀ, ਸ੍: ਭੀਲ ਸਿੰਘ ਜੀ, ਭਾਈ ਬੱਲਾ ਸਿੰਘ ਜੀ, ਗਿ: ਮੁਨਸ਼ਾ ਸਿੰਘ ਜੀ, ਸ੍. ਬੁਧ ਸਿੰਘ ਜੀ ਨਿਤਾਣਾਂ ਸਨ, ਅਤੇ ਬੋਰਡ ਦੇ ਸੈਕਟਰੀ ਸ੍. ਭੀਲ ਸਿੰਘ ਜੀ ਥਾਪੇ ਗਏ।

ਸੰਗਤ ਰਸਾਲਾ ਅੰਕ ਜਨਵਰੀ ਫਰਵਰੀ 1947 ਵਿਚ ਛਪੀ ਸੁਲਹ ਨਾਮਾ ਦੀ ਹੂ-ਬਹੂ ਕਾਪੀ ਪਾਠਕਾਂ ਦੀ ਭੇਟ ਹੈ :—

'ਸੰਗਤ ਲਾਹੌਰ (੩੫) ਜਨਵਰੀ ਫਰਵਰੀ ੧੯੪੭

ੴ ਸਤਿਗੁਰ ਪ੍ਰਸਾਦਿ ॥

ਅਜ ੬-੧-੪੭ ਨੂੰ ਅਸੀਂ ਹੇਠ ਲਿਖੇ, ਭਾਟਰਾ ਬਰਾਦਰੀ ਦੀ ਪ੍ਰਤੀਨਿਧ ਜਮਾਤ, ਸਰਬ ਹਿੰਦ ਭਾਟਰਾ ਯੂਨੀਅਨ (ਰਜਿਸਟਰਡ) ਦੇ, ਹਾਜ਼ਰ ਵਰਕਰ ਤੇ ਸਮੂਹ ਪ੍ਰਤੀਨਿਧ ਤੇ ਬਾਕੀ ਵਰਕਰਾਂ ਦੇ ਭਰੋਸੇ ਦੀ ਆਸ ਤੇ ਕੌਮ ਭਲਾਈ ਨੂੰ ਮੁਖ ਰਖਦੇ ਹੋਏ, ਸ੍ਰੀਮਾਨ ਸ. ਸੰਤ ਸਿੰਘ 'ਪ੍ਰਦੇਸੀ' ਨੂੰ ਚਲ ਰਹੇ ਕੇਸਾਂ ਸਬੰਧੀ ਪੂਰਨ ਅਧਿਕਾਰ ਦੇਂਦੇ ਹਾਂ ਕਿ ਉਹ ਦੋਨੋਂ ਪਾਰਟੀਆਂ ਦਾ ਬਾਇਜ਼ਤ ਸਮਝੌਤਾ ਕਰਾ ਦੇਣ ਜਿਸ ਨਾਲ ਕਿ ਕੌਮ ਦਾ ਭਵਿਖਤ ਵਧੇਰੇ ਸ਼ਾਨਦਾਰ ਬਣ ਸਕੇ। ਇਨ੍ਹਾਂ ਦਾ ਕੀਤਾ ਫੈਸਲਾ ਸਾਨੂੰ ਮਨਜ਼ੂਰ ਹੋਵੇਗਾ।

Digitized by Panjab Digital Library | www.panjabdigilib.org

ਗਿਆਨੀ ਸੁੰਦਰ ਸਿੰਘ 'ਸਾਗਰ' ਸਾਬਕ
ਪ੍ਰਧਾਨ ੬-੧-੪੭
ਖੇੜਾ ਸਿੰਘ, ਸਵਰਨ ਸਿੰਘ, ਸੁਚਾ ਸਿੰਘ ਭਟੀ,
ਗਿਆਨੀ ਵੀਰ ਸਿੰਘ ਭਟੀ ਜਨਰਲ ਸਕੱਤ੍ਰ
ਸਰਬ ਹਿੰਦ ਭਾਟਰਾ ਯੂਨੀਅਨ (ਰਜਿਸਟਰਡ)

ਗਿਆਨੀ ਮਖਨ ਸਿੰਘ 'ਮ੍ਰਿਗਿੰਦ' ਪ੍ਰਧਾਨ
ਝੰਡਾ ਸਿੰਘ 'ਪਟੇਲ'
ਡਾ: ਹਰਨਾਮ ਸਿੰਘ 'ਤਾਲਿਬ'
ਦਾ: ਕੇਸਰ ਸਿੰਘ,

ਸੁਲਹ ਨਾਮਾ

ੴ ਸਤਿਗੁਰ ਪ੍ਰਸਾਦਿ ।

ਮਿਤੀ ੭-੧-੪੭ ਦਿਨ ਮੰਗਲਵਾਰ ਗੁਰਦਵਾਰਾ ਗਵਾਲਮੰਡੀ (ਲਾਹੌਰ) ਵਿਖੇ ਸਰਬਤ ਸੰਗਤ ਜਿਨ੍ਹਾਂ ਵਿਚ ਹੇਠ ਲਿਖੇ ਮੈਂਬਰਾਨ ਹਾਜ਼ਰ ਸਨ :

ਸ. ਸੰਤ ਸਿੰਘ ਜੀ 'ਪ੍ਰਦੇਸੀ', ਸ. ਰਜਿੰਦਰ ਸਿੰਘ ਜੀ, ਸ. ਝੰਡਾ ਸਿੰਘ 'ਪਟੇਲ' ਗਿ. ਮਖਣ ਸਿੰਘ ਜੀ 'ਮ੍ਰਿਗਿੰਦ' ਸ. ਭੀਲ ਸਿੰਘ ਜੀ, ਸ. ਬੁਧ ਸਿੰਘ ਜੀ 'ਨਿਮਾਣਾ' ਗਿ. ਸੁੰਦਰ ਸਿੰਘ ਜੀ 'ਸਾਗਰ', ਸ. ਸਵਰਨ ਸਿੰਘ ਜੀ 'ਪ੍ਰਹਿਲਾਦ' ਸ. ਕੇਸਰ ਸਿੰਘ ਜੀ ਕਾਲੀਆ, ਭਾਈ ਬੱਲਾ ਸਿੰਘ ਰਾਗੀ,ਸ. ਮੇਲਾ ਸਿੰਘ ਜੀ,ਸ. ਬਚਿਤ੍ਰ ਸਿੰਘ ਜੀ,ਸ. ਬਹਾਦ੍ਰ ਸਿੰਘ ਜੀ, ਗਿ ਮਾਨੀ ਮਨਸ਼ਾ ਸਿੰਘ ਜੀ ਰਾਗੀ, ਸ. ਲਹਿਣਾ ਸਿੰਘ ਜੀ, ਸ: ਈਸ਼ਰ ਸਿੰਘ ਜੀ, ਸ: ਕਰਤਾਰ ਸਿੰਘ ਜੀ, ਸ: ਬਹਾਦਰ ਸਿੰਘ, ਸ:ਗਜਨ ਸਿੰਘ ਜੀ, ਸ: ਕੇਸਰ ਸਿੰਘ ਜੀ ਗੱਠਾ, ਸ: ਹਰਨਾਮ ਸਿੰਘ ਜੀ, ਸ: ਗੁਰਮੁਖ ਸਿੰਘ ਜੀ ਅਤੇ ਹੋਰ ਬਹੁਤ ਸਜਨ ਸੰਗਤ ਦੇ ਰੂਬਰੂ ਚਲ ਰਹੇ ਮੁਆਮਲਿਆਂ ਦੀ ਬਾਬਤ ਸੁਲਹ ਕਰਨ ਹਿਤ ਠੀਕ ਸ਼ਾਮ ਦੇ ਸਾਢੇ ਤਿੰਨ ਵਜੇ ਇਕਠੇ ਹੋਏ, ਅਤੇ ਹੇਠ ਲਿਖੀਆਂ ਸ਼ਰਤਾਂ ਤੇ ਆਪਸ ਵਿਚ ਸੁਲਹ ਦੀ ਕਾਰਵਾਈ ਹੋਈ ਜੋ ਸਭ ਨੇ ਪਰਵਾਨ ਕਰਕੇ ਹੇਠਾਂ ਦਸਖਤ ਕੀਤੇ :—

ਸ਼ਰਤਾਂ

੧. ਸਰਬਹਿੰਦ ਭਾਟੜਾ ਯੂਨੀਅਨ (ਰਜਿਸਟਰਡ) ਅਤੇ ਸਿਖ ਭਾਟੜਾ ਜਨਰਲ ਕਮੇਟੀ (ਰਜਿਸਟਰਡ) ਦੋਹਾਂ ਕਮੇਟੀਆਂ ਦੇ ਨਾਮ ਨੂੰ ਮਿਲਾਕੇ ਆਉਣ ਵਾਲੇ ਸਾਵਨ ਭਾਦਰੋਂ ਦੇ ਸਮਾਗਮਾਂ ਵਿਚ ਜਦਕਿ ਸਰਬਤ ਸੰਗਤ ਦਾ ਖੁਲਾਸਾ ਜੋੜਮੇਲਾ ਹੁੰਦਾ ਹੈ, ਉਕਤ ਕਮੇਟੀਆਂ ਅਤੇ ਦੀਗਰ ਕਮੇਟੀਆਂ ਅਗੇ ਬੇਨਤੀ ਕਰਕੇ ਇਕ ਕਮੇਟੀ ਜੋ ਬਹੁਸੰਮਤੀ ਨਾਲ ਸੰਗਤ ਫੈਸਲਾ ਕਰੇਗੀ ਨਾਮ ਨੀਯਤ ਕੀਤਾ ਜਾਏਗਾ ।

੨. ਉਪਰੋਕਤ ਦੋਵਾਂ ਕਮੇਟੀਆਂ ਵਿਚੋਂ ਕੋਈ ਨਾਮ ਨਹੀਂ ਨੀਯਤ ਕੀਤਾ ਜਾਏਗਾ ਸਿਖ ਭਾਟਰਾ ਜਨਰਲ ਕਮੇਟੀ ਅਤੇ ਸਰਬ ਹਿੰਦ ਭਾਟਰਾ ਯੂਨੀਅਨ ਦੋਵੇਂ ਕੰਮ ਕਰਣਗੀਆਂ ।

Digitized by Panjab Digital Library | www.panjabdigilib.org

ਦੋਵਾਂ ਕਮੇਟੀਆਂ ਦਾ ਤ੍ਰੀਨਿਧ ਬੋਰਡ ਬਣਾਕੇ ਕੰਮ ਕੀਤਾ ਜਾਵੇਗਾ।
ਸੰਗਤ ਰਸਾਲਾ ਅਤੇ ਸਿਖ ਭਾਟਰਾ ਜਨਰਲ ਕਮੇਟੀ ਸਕੂਲ, ਦੋਵਾਂ ਕਮੇਟੀਆਂ ਦਾ ਹੋਵੇਗਾ।

੩. ਦੋਵੇਂ ਕਮੇਟੀਆਂ ਆਰਜੀ ਤੌਰ ਤੇ ਦੋ ਚਾਰ ਦਿਨਾਂ ਤਕ ਨਾਮ ਚੁਣ ਲੈਣਗੀਆਂ।

੪. ਸ: ਝੰਡਾ ਸਿੰਘ ਜੀ 'ਪਟੇਲ' ਅਤੇ ਗਿਆਨੀ ਮਖਣ ਸਿੰਘ ਮ੍ਰਿਗਿੰਦ ਲਿਖ ਦੇਨਗੇ ਕਿ ਸੰਗਤ ਰਿਸਾਲਾ ਸਾਰੀ ਸੰਗਤ ਦਾ ਹੈ।

੫. ਰੋਟੀਆਂ ਦੇ ਮੁਆਮਲੇ ਬਾਬਤ ਕੋਈ ਦੋ ਰੋਟੀਆਂ ਕਰੇ, ਭਾਵੇਂ ਚਾਰ ਰੋਟੀਆਂ ਕਰੇ ਚਾਹੇ ਕੋਈ ਛੇ ਕਰੇ ਚਾਹੇ ਇਕ।

ਦਸਤਖਤ ਸੰਤ ਸਿੰਘ ਪ੍ਰਦੇਸੀ — ਦਸਖਤ ਰਜਿੰਦਰ ਸਿੰਘ

ਨੋਟ— ਇਸ ਲੇਖ ਦੇ ਲੇਖਕ ਸਰਦਾਰ ਮਨਸ਼ਾ ਸਿੰਘ ਜੀ ਰਾਗੀ ਹਨ।

ਦੀ 'ਭਾਟਰਾ ਕੋਲੀਸ਼ਨ ਬੋਰਡ'

੧੬.੧.੪੭ ਨੂੰ ਸਰਬ ਹਿੰਦ ਭਾਟਰਾ ਯੂਨੀਅਨ (ਰਜਿਸਟਰਡ) ਅਤੇ ਦੀ ਸਿਖ ਭਾਟੜਾ ਜਨਰਲ ਕਮੇਟੀ ਦੀ ਮੀਟਿੰਗ ਹੋਈ ਜਿਸ ਵਿਚ ਕੰਮ ਚਲਾਉਣ ਵਾਸਤੇ ਉਪਰੋਕਤ ਨਾਮ ਚੁਣਿਆ ਗਿਆ ਅਤੇ ਹੇਠ ਲਿਖੇ ਇਸਦੇ ਮੈਂਬਰ ਚੁਣੇ ਗਏ :—

ਗਿਆਨੀ ਮਖਨ ਸਿੰਘ ਮਿਰਗਿੰਦ	ਸਰਦਾਰ ਰਾਜਿੰਦਰ ਸਿੰਘ
ਸਰਦਾਰ ਸੰਤ ਸਿੰਘ ਪ੍ਰਦੇਸੀ	ਸਰਦਾਰ ਭੀਲ ਸਿੰਘ
ਡਾਕਟਰ ਹਰਨਾਮ ਸਿੰਘ ਤਾਲਿਬ	ਭਾਈ ਬਲਾ ਸਿੰਘ
ਗਿਆਨੀ ਵੀਰ ਸਿੰਘ ਭਟੀ	ਗਿਆਨੀ ਮੁਨਸ਼ਾ ਸਿੰਘ ਰਾਗੀ
ਗਿਆਨੀ ਸੁੰਦ੍ ਸਿੰਘ ਸਾਗਰ	ਸਰਦਾਰ ਬੁਧ ਸਿੰਘ ਨਿਮਾਣਾ

ਹਰ ਤਬਦੀਲੀ ਦੀ ਕੌਮ ਨੂੰ ਸੂਚਨਾ ਦੇਣੀ ਜਮਾਤ ਦੇ ਪ੍ਰਧਾਨ ਦੀ ਜ਼ਿੰਮੇਵਾਰੀ ਹੁੰਦੀ ਹੈ

ਕੌਮ ਦੀ ਉਚ ਪੱਧਰੀ ਜਮਾਤ ਕੌਮ ਦੇ ਦਿਲੀ ਵਿਚਾਰਾਂ ਦੀ ਵਿਆਖਿਆ ਕਾਰ ਮੰਨੀ ਜਾਂਦੀ ਹੈ। ਅਜੇਹੀ ਲੋਕ-ਰਾਇ ਨਾਲ ਸ਼ਿੰਗਾਰੀ ਪ੍ਰਤੀਨਿਧ ਜਮਾਤ ਦਾ ਆਦਿ ਤੇ ਅੰਤ ਸਮਾਜ ਦੀ ਸੰਮਤੀ, ਵਿਧਾਨਕ ਨਿਯਮ ਅਨੁਸਾਰ ਹੋਣਾ ਅਤ ਜ਼ਰੂਰੀ ਹੁੰਦਾ ਹੈ। ਸਮੁੱਚਾ ਭਾਟਰਾ ਸੰਗਤ ਦੀ ਪ੍ਰਤੀਨਿਧ ਜਮਾਤ ਸਰਬ ਹਿੰਦ ਭਾਟਰਾ ਯੂਨੀਅਨ ਰਜਿਸ-ਟਰਡ ਦਾ ਜਿਵੇਂ ਸਮੂਹ ਭਾਟਰਾ ਸੰਗਤ ਤੇ ਕੌਮ ਦੇ ਪ੍ਰਤੀਨਿਧਾਂ ਦੀ ਸੰਮਤੀ ਨਾਲ ਆਦਿ ਹੋਇਆ ਸੀ, ਤਿਵੇਂ ਸਭਾ ਦੀ ਸਮਾਪਤੀ ਦੀ ਵੀ ਕੌਮ ਨੂੰ ਸੂਚਨਾ ਦੇਣੀ ਅਤਿ ਜ਼ਰੂਰੀ ਸੀ। ਅਜੇਹਾ ਕਰਨ ਨਾਲ ਜਿਥੇ ਸਰਬ ਹਿੰਦ ਭਾਟਰਾ ਯੂਨੀਅਨ ਦੀ ਸਮਾਜ ਨੂੰ ਦਿਤੀ ਸਹੀ

Digitized by Panjab Digital Library | www.panjabdigilib.org

ਸੇਧ ਕੌਮੀ-ਅਕਾਸ਼ ਵਿਚ ਸਿਖਰ ਸੂਰਜ ਵਾਂਗ ਨਿਖਰਦੀ, ਉਥੇ ਯੂਨੀਅਨ ਵਿਧਾਨਕ ਨਿਯਮਾਂ ਤੇ ਤੁਰਨ ਦਾ ਫ਼ਖ਼ਰ ਕਰਦਿਆਂ ਅਮਰ ਜੀਵਨ ਮਾਣਦੀ ਤੇ ਜਮਾਤ ਦਾ ਪ੍ਰਧਾਨ ਆਪਣਾ ਪਾਲਕੇ ਸਮਾਜਿਕ ਸਫ਼ਲਤਾ ਦਾ ਜੱਸ ਖੱਟਦਾ ।

ਸੰਗਤ ਰਸਾਲਾ ਅਗਸਤ 1941 ਨੂੰ ਪ੍ਰਕਾਸ਼ਤ ਹੋਇਆ ਜਿਸ ਦੇ ਚੀਫ ਐਡੀਟਰ ਗਿ: ਮ੍ਰਿਗਿੰਦ ਜੀ ਤੇ ਜਾਇੰਟ ਐਡੀਟਰ ਗਿ: ਸਾਗਰ ਜੀ ਸਨ । ਚੀਫ ਐਡੀਟਰ ਤੋਂ ਬਿਨਾਂ ਸਮੇਂ ਸਮੇਂ ਐਡੀਟਰ ਬਦਲਦੇ ਰਹੇ, ਜਿਨ੍ਹਾਂ ਦਾ ਵੇਰਵਾ ਇਉਂ ਹੈ :— ਐਡੀਟਰ ਇਨ-ਚਾਰਜ ਡਾ: ਤਾਲਿਬ ਜੀ, ਐਡੀਟਰ ਗਿ: ਅੰਮ੍ਰਿਤ ਜੀ, ਐਡੀਟਰ ਗਿ: ਸੁੱਚਾ ਸਿੰਘ ਭੱਟੀ, ਸਹਾਇਕ ਐਡੀਟਰ ਗਿ: ਸੰਤਾ ਸਿੰਘ ਸੇਵਕ ਜੀ । ਅੰਤ ਦਸੰਬਰ 1946 ਤੇ ਜਨਵਰੀ ਫਰਵਰੀ 1947 ਦੇ ਅਖੀਰਲੇ ਦੋ ਪਰਚੇ ਗਿ: ਸਾਗਰ ਜੀ ਦੀ ਚੀਫ ਐਡੀਟਰੀ ਹੇਠ ਪ੍ਰਕਾਸ਼ਤ ਹੋਏ ਤੇ ਕੌਮ ਨੂੰ ਸੂਚਨਾ ਦੇਣ ਤੋਂ ਬਿਨਾਂ ਹੀ ਸੰਗਤ ਰਸਾਲਾ ਸਮਾਪਤ ਹੋ ਗਿਆ ।

ਜਮਾਤ ਦੇ ਅਸੂਲਾਂ ਦੀ ਰਾਖੀ ਕਰਨੀ ਪ੍ਰਧਾਨ ਦੀ ਜ਼ਿੰਮੇਵਾਰੀ ਹੁੰਦੀ ਹੈ । ਅਜ ਲੋਕ ਰਾਇ ਦੇ ਉਲਾਂਭੇ ਤੋਂ ਬਚਨ ਲਈ ਅਨੇਕਾਂ ਦਲੀਲਾਂ ਤੇ ਕਾਰਨ ਦਸੇ ਜਾ ਰਹੇ ਹਨ । ਪਰ ਕਾਰਨਾਂ ਦੇ ਉਹਲੇ ਲੁਕਿਆ ਨਹੀਂ ਜਾ ਸਕਦਾ, ਸਚਿਆਈ ਤੇ ਇਨਸਾਫ ਸਾਖੀ ਹੰਨ । 28 ਜਨਵਰੀ 1947 ਨਣਕਾਣਾ ਸਾਹਿਬ ਦੀ ਮੀਟਿੰਗ ਤੋਂ ਬਾਦ ਪ੍ਰਧਾਨ ਜੀ ਦੀ ਸਭਾ ਦੀ ਸਮਾਪਤੀ ਦੇ ਐਲਾਨ ਤੋਂ ਬਿਨਾਂ ਹੀ ਕੌਮ ਦੀ ਪ੍ਰਤੀਨਿਧ ਜਮਾਤ ਸਰਬ ਹਿੰਦ ਭਾਟਰਾ ਯੂਨੀਅਨ ਸਿਸਕ ਸਿਸਕ ਕੇ ਦਮ ਤੋੜ ਗਈ ।

ਸਰਬ ਹਿੰਦ ਭਾਟਰਾ ਯੂਨੀਅਨ ਦੇ ਹਿਸਾਬ ਦਾ ਚਾਰਜ ਪ੍ਰਧਾਨ ਨੂੰ ਦਿਤਾ ਗਿਆ

29-9-46 ਨੂੰ ਅੰਮ੍ਰਿਤਸਰ ਵਿਚ ਗਿਆਨੀ ਮ੍ਰਿਗਿੰਦ ਜੀ ਪ੍ਰਧਾਨ ਥਾਪੇ ਗਏ । ਦਾਸ ਨੇ ਹੈਡ ਕੈਸ਼ੀਅਰ ਦੇ ਨਾਤੇ ਯੂਨੀਅਨ ਦੇ ਸ਼ਾਬਕ ਪ੍ਰਧਾਨ ਸਾਗਰ ਜੀ ਦੇ ਸਹਿਯੋਗ ਨਾਲ ਹਿਸਾਬ ਸਾਫ ਮੁਕੰਮਲ ਕਰਕੇ ਯੂਨੀਅਨ ਦੇ ਸਾਬਕ ਜਨਰਲ ਸੈਕਟਰੀ ਡਾ. ਤਾਲਿਬ ਜੀ ਰਾਹੀਂ, ਨਵੇਂ ਬਣੇ ਪ੍ਰਧਾਨ ਗਿਆਨੀ ਮ੍ਰਿਗਿੰਦ ਜੀ ਨੂੰ ਹਿਸਾਬ ਦਾ ਸਾਰਾ ਚਾਰਜ 6 ਅਕਤੂਬਰ, 1946 ਨੂੰ ਦੇ ਦਿਤਾ ਸੀ । ਲੇਖਕ ਰਤਨ ਨਗਰ ਸ: ਡੋਗਰ ਸਿੰਘ ਜੀ ਦੇ ਗ੍ਰਹਿ 30-10-46 ਦੀ ਮੀਟਿੰਗ 'ਚੋਂ ਮਨਜ਼ੂਰੀ ਲੈ ਕੇ 6 ਦਸੰਬਰ 1941 ਨੂੰ, ਆਪਣੇ ਪ੍ਰੋਗਰਾਮ ਅਨੁਸਾਰ U.K. ਚਲਾ ਗਿਆ ।

Digitized by Panjab Digital Library | www.panjabdigilib.org

ਲੇਖਕ ਦੀਆਂ ਦੇਸ਼ ਪਿਆਰ ਤੇ ਸਾਹਿਤਕ ਕਵਿਤਾਵਾਂ
ਦਾ ਸੰਗ੍ਰਹਿ

ਵਿਲਕਦੇ ਅਰਮਾਨ

ਜਿਸ ਦਾ ਦੂਸਰਾ ਐਡੀਸ਼ਨ ਛੇਤੀ ਹੀ ਛਪ ਰਿਹਾ ਹੈ

ਇਸ ਵਿਚੋਂ ਇਕ ਕਵਿਤਾ ਦੀਆਂ ਕੁਝ ਲਾਈਨਾਂ ਦੀ ਝਲਕ ਪੇਸ਼ ਹੈ
ਜੋ ਕਿ ਸ: ਅਜੀਤ ਸਿੰਘ ਜੀ ਨੂੰ ਖਾਲਸਾ ਜਥਾ ਲੰਡਨ ਵਲੋਂ ਵਿਦਾਇਗੀ

ਸਮੇਂ ਲਿਖੀ ਸੀ।

ਸੁਣਕੇ ਤੁਹਾਡੀ ਵਾਰਤਾ, ਅਜ ਕੰਬ ਰਹੀ ਏ ਆਤਮਾ।
ਰਪਦੇਸ ਤੇ ਜੋ ਬੀਤ ਗਈ ਏ, ਜਾਣਦੈ ਪ੍ਰਮਾਤਮਾ।
*ਟੁੱਕ-ਟੱਲੀ ਦੇ ਲਈ, ਕੁਰਲਾਟ ਪੈਂਦਾ ਰਿਹਾ ਏ।
ਘਿਓ,ਦੁਧ, ਕਣਕ ਘਰ ਹੁੰਦਿਆਂ ਵੀ ਕਾਲ ਪੈਂਦਾ ਰਿਹਾ ਏ।
ਜੇਲ੍ਹਾਂ ਨੂੰ ਖੇਲਾਂ ਸਮਝ ਕੇ, ਘਾਲਾਂ ਅਨੇਕਾਂ ਘਾਲ ਕੇ।
ਤੂੰ ਦਸ ਦਿਤੈ ਆਸ਼ਕਾ, ਆਪਣੇ ਫਰਜ਼ ਨੂੰ ਪਾਲ ਕੇ।

---

*ਬਗਾਲ ਦਾ ਕਾਲ (1942) ਵੱਲ ਇਸ਼ਾਰਾ

Digitized by Panjab Digital Library | www.panjabdigilib.org

ਭਾਗ II

(ਸੁਤੰਤਰਤਾ ਤੋਂ ਬਾਦ)

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਇਸ ਚਿਤਰ ਦਾ ਵੇਰਵਾ ਪਿਛੇ ਦੇਖੋ



Digitized by Panjab Digital Library | www.panjabdigilib.org

ਬਰਗੇਡੀਅਰ ਜਨਰਲ ਸ: ਹਰਨਰੈਣ ਸਿੰਘ ਜੀ ਨੂੰ ਖਾਲਸਾ ਜਥਾ ਲੰਡਨ ਵਲੋਂ ਵਿਦਾਇਗੀ

ਜਿਸ ਦਾ ਆਦਿ 1908 ਲੰਡਨ ਦੇ ਪਟਨੀ ਇਲਾਕੇ ਵਿਚ ਹੋਇਆ। 1913 ਵਿਚ ਜਥੇ ਨੇ ਬਪਰ ਬੁਸ਼ ਲੰਡਨ ਵਿਚ 79 Shenclair Road London W. 14 ਦੀ ਬਿਲਡਿੰਗ ਲੀਜ਼ ਤੋਂ ਖਰੀਦ ਭੂਪਿੰਦਰਾ ਧਰਮਸ਼ਾਲਾ ਗੁਰਦੁਆਰਾ ਬਣਾਇਆ। ਖਾਲਸਾ ਜਥਾ ਲੰਡਨ ਨੇ ਨਾ ਕੇਵਲ U.K. ਸਗੋਂ ਸਾਰੇ ਯੂਰਪ ਵਿਚ ਖਾਲਸਾਹੀ ਨਿਸ਼ਾਨ ਲਹਿਰਾ ਧਰਮ ਪ੍ਰਚਾਰ ਦੀ ਮੋੜੀ ਗਡ ਦਿਤੀ ਤੇ ਸਮੂੰਹ ਸਿਖ ਸੰਗਤਾਂ ਦੀ ਸਿਆਸੀ ਤੇ ਸਮਾਜੀ ਖੇਤਰ ਵਿਚ ਉਦੋਂ ਤੋਂ ਲੈਕੇ ਹੁਣ ਤਕ ਰਹਿਨੁਮਾਈ ਕਰਦਾ ਆ ਰਿਹਾ ਹੈ। ਇਸੇ ਦੀਆਂ ਨੀਹਾਂ ਤੇ ਹੀ ਅਜ ਸੈਂਟਰਲ ਗੁਰਦੁਆਰਾ ਲੰਡਨ ਸੋਭ ਰਿਹਾ ਹੈ* ।

1951/52 ਵਿਚ ਲੇਖਕ ਨੂੰ ਜਥੇ ਦੀ ਪ੍ਰਧਾਨਗੀ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਇਸ ਸਮੇਂ ਹਰ ਹਫ਼ਤੇ ਦੀਵਾਨ ਦਾ ਆਰੰਭ ਤੇ ਸ: ਉਧਮ ਸਿੰਘ ਆਜ਼ਾਦ ਜੀ ਦੀ U. K. ਪਧਰ ਤੋਂ ਬਰਸੀ ਮਨਾਉਣ ਸ੍ਰੀਗਨੇਸ਼ ਕੀਤਾ ਗਿਆ ਜੋ ਅਜ ਤਕ ਸਾਰੇ ਯੂਕੇ ਵਿਚ ਦੀਵਾਨ ਤੇ ਬਰਸੀ ਮਨਾਏ ਜਾ ਰਹੇ ਹਨ। ਬ੍ਰਗੇਡੀਅਰ ਸ: ਹਰਨਰੈਣ ਸਿੰਘ ਖਾਲਸਾ ਜਥਾ ਦੇ ਸਰਗਰਮ ਵਰਕਰ ਤੇ ਸ਼ਰਧਾਲੂ ਗੁਰ ਸਿਖ ਹਨ, ਆਪ ਦੀ ਸੇਵਾ ਨੂੰ ਮੁਖ ਰਖ ਜਥੇ ਵਲੋਂ 13-8-52 ਆਪ ਨੂੰ ਵਦਾਇਗੀ ਪਾਰਟੀ ਦਿਤੀ ਗਈ। ਇਹ ਇਤਹਾਸਿਕ ਚਿਤਰ ਉਸ ਸਮੇਂ ਦੀ ਅਭੁਲ ਯਾਦਗਾਰ ਹੈ। ਇਸ ਚਿਤਰ ਵਿਚ ਬ੍ਰਗੇਡੀਅਰ ਸਾਹਿਬ ਤੇ ਆਪਦੀ ਧਰਮ ਪਤਨੀ ਸੰਗਤਾਂ ਤੇ ਪ੍ਰਬੰਧਕਾਂ ਦੇ ਦਰਮਿਆਨ ਬੈਠੇ ਹਨ ਆਪਦੇ ਪਾਸ ਖਾਲਸਾ ਜਥਾ ਦੇ ਪ੍ਰਧਾਨ ਗਿਆਨੀ ਸ਼ਾਦ ਜੀ ਬੈਠੇ ਹਨ ।

---

* ਖਾਲਸਾ ਜਥਾ ਲੰਡਨ ਦੀ ਵਧੇਰੇ ਜਾਣਕਾਰੀ ਲਈ, ਕੌਮੀ ਮਾਸਕ ਪਤਰ "ਸੰਗਤ ਸੰਦੇਸ਼" 1978 ਦੇ ਵਾਰਸ਼ਕ ਅੰਕ ਵਿਚ ਇਸੇ ਲੇਖਨੀ ਦੀ ਰਚਨਾ "U. K. ਵਿਚ ਭਾਟਰੇ ਸਿੰਘਾਂ ਦੀ ਉਤਸ਼ਾਹ ਭਰਪੂਰ ਧਾਰਮਕ ਸੇਵਾ" ਪੜ੍ਹੋ ।

Digitized by Panjab Digital Library | www.panjabdigilib.org

ਕੌਮ ਸੁਧਾਰ ਲਹਿਰ ਮੁੜ ਇੰਗਲੈਂਡ ਵਿਚ

21 ਜੂਨ, 1940 ਦੀ ਤਾਰੀਖ ਬਦਲਨ ਵਿਚ ਗਿਣਤੀ ਦੇ ਮਿੰਟ ਹੀ ਬਾਕੀ ਸਨ, ਜਦ ਲੀਵਰਪੂਲ ਸ਼ਹਿਰ ਵਿਚ ਜਰਮਨੀ ਬੰਬਾਂ ਦੀ ਬਰਖਾ ਨਾਲ ਭੜਕਦੇ ਭਾਂਬੜ ਅਕਾਸ਼ ਛੋਹ ਰਹੇ ਸਨ। ਲੀਵਰ ਪੂਲ ਦੀ ਬੰਦਰਗਾਹ 'ਚੋਂ ਜਹਾਜ਼ਾਂ ਦੇ ਕਾਫਲੇ ਨਾਲ ਹਰੂਨਾਮਾਰੂ (Haroona maroo) ਜਪਾਨੀ ਜਹਾਜ਼ ਤੁਰਿਆ, ਜਿਸ ਵਿਚ ਬਰਾਦਰੀ ਦੇ 34 ਮੈਂਬਰ ਸਨ। ਚੰਗਾ ਭਾਟੜਾ ਨੌਜਵਾਨ ਸਭਾ U. K. ਦੇ ਝੰਡੇ ਥਲੇ ਸੁਧਾਰ ਲਹਿਰ ਨੇ ਦੇਸ਼ ਨੂੰ ਚਾਲੇ ਪਾਏ ਤੇ ਲਿਸਬੌਰਨ, ਕਾਸਾ ਬਲਾਂਕਾ, ਟਾਨਜੀਰ, ਕੇਪਟੇਨ ਤੇ ਡਰਬਨ ਹੁੰਦੇ, ਕੌਮੀ ਪ੍ਰਚਾਰ ਕਰਦੇ, 8 ਅਗਸਤ 1940 ਨੂੰ ਦੇਸ਼ (ਬੰਬੇ) ਪੁਜੇ।

ਇਵੇਂ ਦੇਸ਼ ਤੋਂ 6 ਦਸੰਬਰ, 1946 ਨੂੰ ਸ੍ਰੀ ਪੂਜਯ ਪਿਤਾ ਸ: ਗਹਿਣਾ ਸਿੰਘ ਜੀ, ਗਿਆਨੀ ਹਰਨਾਮ ਸਿੰਘ ਜੀ ਕੌਮੀ, ਗਿਆਨੀ ਅਮੋਲਕ ਸਿੰਘ ਜੀ ਅੰਮ੍ਰਿਤ ਤੇ ਲੇਖਕ ਗਿਆਨੀ ਰਤਨ ਸਿੰਘ 'ਸ਼ਾਦ' ਕਰਾਂਚੀ ਤੋਂ Sea plane (ਸੀ ਪਲੇਨ) ਰਾਹੀਂ ਬੈਰੂਤ, ਬਸਰਾ, ਬਗਦਾਦ, ਕਾਇਰੋ ਹੋਕੇ 10 ਦਸੰਬਰ, 1946 ਦੀ ਤਰੀਖ ਬਦਲੀ ਨੂੰ ਕੇਵਲ ਪੰਦਰਾਂ ਮਿੰਟ ਹੋਏ ਸਨ, ਸੀ ਪਲੇਨ Pool (ਇੰਗਲੈਂਡ) ਆ ਪੁੱਜਾ। ਲੰਡਨ ਵਿਚ ਖਾਲਸਾ ਜਥਾ ਦੇ ਪ੍ਰਧਾਨ, ਕੌਮ ਪ੍ਰਸਤ ਸ੍ਰੀਮਾਨ ਸ: ਦੀਵਾਨ ਸਿੰਘ ਜੀ ਮਿਲੇ, ਜਿਨ੍ਹਾਂ ਬੜੇ ਨਿਘੇ ਪਿਆਰ ਨਾਲ ਜੀ ਆਇਆਂ ਆਖਿਆ। ਤੇ ਬਾਕੀ ਦੇ ਸਾਥੀਆਂ ਦੇ ਸਿਰ ਨਾਵੇਂ ਦਿਤੇ, ਇਉਂ ਪੀਟਰ ਬੁਰੋ ਪੁਜੇ। ਸ੍: ਕਰਤਾਰ ਸਿੰਘ ਜੀ ਗੁਪਤਾ ਦੇ ਸਹਿਯੋਗ ਨਾਲ ਗਿਡਨੀ ਹਿੱਲ ਸ. ਵਸਤੀ ਸਿੰਘ ਜੀ ਦਰਦ ਹੋਰਾਂ ਦੇ ਜਾ ਦਰਸ਼ਨ ਦਿਦਾਰੇ ਕੀਤੇ। ਮਾਰਚ ਵਿਚ ਸ. ਬੂਟਾ ਸਿੰਘ ਜੀ ਨਾਥ, ਸ: ਦਰਸ਼ਨ ਸਿੰਘ ਜੀ ਮਾਚਾ, ਸ: ਗੋਲਡ ਸਿੰਘ ਜੀ, ਸ: ਰਾਮ ਸਿੰਘ ਜੀ ਤੇ ਸ. ਲਾਲ ਸਿੰਘ ਜੀ ਦੀ ਪਿਆਰ ਛੋਹ ਪ੍ਰਸਨ ਉਪਰੰਤ ਵਿਸ ਬਿਚ ਸ: ਮੋਹਣ ਸਿੰਘ ਜੀ ਪਾਸ ਠਹਿਰੇ। ਇਉਂ ਸਮੂਹ ਸੰਪ੍ਰਦਿਕ ਨੇਤਾਵਾਂ ਦਾ ਰਜਵਾਂ ਪਿਆਰ ਮਾਣਦੇ ਤੇ ਦੇਸ਼ ਵਿਚ ਕੀਤੀ ਕੌਮ ਸੇਵਾ ਦੀ ਭਰਵੀਂ ਪ੍ਰਸੰਸਾ ਪ੍ਰਾਪਤ ਕਰਦਿਆਂ ਸ: ਦੀਵਾਨ ਸਿੰਘ ਤੇ ਸ: ਬੂਟਾ ਸਿੰਘ ਪਾਸ 136 Broud St. Ely Combs ਆਨ ਸੈਟਲ ਹੋਏ।

ਭਾਵੇਂ ਸੰਸਾਰ ਜੰਗ ਸਮਾਪਤ ਹੋ ਚੁਕੀ ਹੋਈ ਸੀ ਪਰ ਲੜਾਈ ਦਾ ਅਸਰ ਸਮੁੱਚਾ ਸੰਸਾਰ ਤੇ ਅਜੇ ਬੱਦਲਾਂ ਵਾਂਗ ਛਾਇਆ ਹੋਇਆ ਸੀ। ਸਮੁੰਦਰੀ ਜਹਾਜ਼ਾਂ ਦੀ ਆਵਾਜਾਈ ਜੇ ਉਕਾਬੰਦ ਨਹੀਂ ਸੀ ਪਰ ਟਿਕਟ ਮਿਲਣੀ ਅਤਿ ਮੁਸ਼ਕਿਲ ਸੀ। ਇੰਗਲੈਂਡ ਵਿਚ

Digitized by Panjab Digital Library | www.panjabdigilib.org

ਵਸਦੀ ਬਰਾਦਰੀ ਨੂੰ ਸਮੇਂ ਦੇ ਹਲਾਤ ਵੇਖ, ਇਹ ਆਸ ਨਹੀਂ ਸੀ ਕਿ ਦੇਸ਼ ਤੋਂ ਇਤਨੀ ਛੇਤੀ ਤੇ ਉਹ ਵੀ ਹਵਾਈ ਜਹਾਜ਼ ਰਾਹੀਂ ਕੋਈ U.K. ਪੁਜ ਸਕੇਗਾ। ਪਰ ਕੁਦਰਤ ਨੇ ਢੋ ਲਾ ਦਿਤਾ। ਜੋ 8 ਅਗਸਤ, 1940 ਨੂੰ ਕੌਮੀ ਲਹਿਰ ਦੇਸ਼ ਪੁਜੀ ਸੀ, 10 ਦਸੰਬਰ, 1946 ਨੂੰ ਦੋ ਦਿਨ ਤਿੰਨ ਮਹੀਨੇ ਤੇ ਛੇ ਸਾਲ ਬਾਦ ਸੁਧਾਰ ਲਹਿਰ ਮੁੜ ਇੰਗਲੈਂਡ ਵਿਚ ਆ ਗਈ।

ਉਘੇ ਇਨਕਲਾਬੀ ਆਗੂ ਸ: ਅਜੀਤ ਸਿੰਘ ਜੀ ਜ਼ਿਲਾ ਵਤਨੀ ਤੋਂ ਰਿਹਾ ਹੋ ਕੇ ਲੰਡਨ ਵਿਚ

ਸ਼ਹੀਦੇ ਆਜ਼ਮ ਸ: ਭਗਤ ਸਿੰਘ ਜੀ ਦੇ ਚਾਚਾ ਸਾਹਿਬ ਲਾਲਾ ਲਾਜਪਤ ਰਾਇ ਜੀ ਦੇ ਸੁਹਿਰਦ ਤੇ ਸੱਚੇ ਸਾਥੀ ਅਤੇ ਪੰਜਾਬ ਦੀ ਕ੍ਰਾਂਤਿਕ ਲਹਿਰ ਦੇ ਮੋਢੀ ਸ੍ਰੀਮਾਨ ਸ: ਅਜੀਤ ਸਿੰਘ ਜੀ ਦਾ 47 ਸਾਲ ਜ਼ਿਲਾ ਵਤਨੀ (ਦੇਸ਼ ਅਜ਼ਾਦੀ ਦੀ ਤਪੱਸਿਆ) ਕਰਨ ਉਪਰੰਤ, 10 ਜਨਵਰੀ 1947 ਨੂੰ ਲੰਡਨ ਪੁਜਣ ਦਾ ਪ੍ਰੋਗਰਾਮ ਇਸ਼ਤਿਹਾਰਾਂ ਰਾਹੀਂ ਪ੍ਰਕਾਸ਼ਤ ਹੋਇਆ। ਇਸ ਖੁਸ਼ਖਬਰੀ ਨੇ ਭਾਰਤੀਆਂ ਦੇ ਦਿਲਾਂ ਵਿਚ ਜਿਥੇ ਉਘੇ ਦੇਸ਼ ਭਗਤ ਦੀ ਦੇਸ਼ ਸੇਵਾ ਦੀ ਯਾਦ ਨੂੰ ਤਰੋ-ਤਾਜ਼ਾ ਕਰ ਦਿਤਾ, ਉਥੇ ਇਨਕਲਾਬੀ ਆਗੂ ਦੇ ਦਰਸ਼ਨਾਂ ਦੀ ਤਾਂਘ ਤੇ ਸੁਆਗਤ ਕਰਨ ਦਾ ਉਤਸ਼ਾਹ ਅੰਗੜਾਈਆਂ ਲੈਕੇ ਜਾਗ ਪਿਆ ਤੇ ਦੇਸ਼ ਭਗਤ ਦੀ ਜੀਵਨ ਘਟਨਾਵਾਂ ਦੀ ਫਿਲਮ ਦਿਲ ਦੀਮਾਗ ਦੀ ਸਕਰੀਨ ਤੇ ਫਿਰਨ ਲਗ ਪਈ।

ਜਿਵੇਂ ਸ੍ਰੀਮਾਨ ਸ: ਮੁਨਸ਼ਾ ਸਿੰਘ ਦੁਖੀ ਦੀ ਇਨਕਲਾਬੀ ਕਵਿਤਾ 'ਪਗੜੀ ਸੰਭਾਲ ਉਏ ਜੱਟਾ' ਨੇ ਦੇਸ਼ ਭਰ ਦੇ ਕਿਸਾਨਾਂ ਵਿਚ ਜਾਗਰਤੀ ਪੈਦਾ ਕਰ ਦਿਤੀ ਸੀ, ਤਿਵੇਂ ਅਠਾਰਵੀਂ ਸਦੀ ਦਾ ਅੰਤ ਤੇ ਉਨਵੀਂ ਸਦੀ ਦੇ ਆਦਿ ਵਿਚ ਸ੍ਰੀਮਾਨ ਲਾਲਾ ਲਾਜਪਤ ਰਾਇ ਜੀ ਤੇ ਸ੍ਰੀਮਾਨ ਸ: ਅਜੀਤ ਸਿੰਘ ਜੀ ਦੇ ਇਨਕਲਾਬੀ ਵਿਚਾਰਾਂ ਨੇ ਭਾਰਤ ਦੇਸ਼ ਦੇ ਨੌਜਵਾਨਾਂ ਦੇ ਦਿਲ-ਦਿਮਾਗ ਵਿਚ ਗੁਲਾਮੀ ਲਈ ਘਿਰਣਾ ਤੇ ਅਜ਼ਾਦੀ ਲਈ ਲਟਕ ਲਾ ਦਿਤੀ ਸੀ। ਇਸ ਦੇਸ਼ ਪਿਆਰ ਦੀ ਜਾਗ ਨੇ ਭਾਰਤ ਮਾਤਾ ਦੇ ਅਣਖੀ ਸਪੁਤਰ ਸ੍ਰੀਯੁਤ ਮਦਨ ਲਾਲ ਢੀਂਗਰਾ, ਕਰਾਂਤੀਕਾਰੀ ਨੌਜਵਾਨ ਮਾਸਟਰ ਅਮੀਰ ਚੰਦ, ਅਵਧ ਬਿਹਾਰੀ ਤੇ ਬਾਲ ਮੁਕੰਦ ਜੀ ਵਰਗੇ ਪੈਦਾ ਕੀਤੇ। ਗਦਰ ਪਾਰਟੀ ਨੂੰ ਜਨਮ ਦੇਣ ਵਾਲੇ ਹਰ ਦਿਆਲ ਜੀ, ਸ: ਕਰਤਾਰ ਸਿੰਘ ਜੀ ਸਰਾਭਾ ਤੇ ਸ: ਸੋਹਣ ਸਿੰਘ ਭਕਣਾ ਰਣ ਖੇਤਰ ਵਿਚ ਨਿਤਰੇ ਸੋਹਣ ਲਾਲ ਪੱਟੀ, ਸਃ ਭਗਤ ਸਿੰਘ ਸ਼ਹੀਦ, ਬੀ. ਕੇ. ਦਤ, ਰਾਜਗੁਰੂ, ਸੁਖਦੇਵ, ਚੰਦਰ ਸ਼ੇਖਰ ਅਜ਼ਾਦ ਤੇ ਊਧਮ ਸਿੰਘ (ਸੁਨਾਮ) 'ਅਜ਼ਾਦ' ਵਰਗੇ ਬੇਗਿਣਤ ਦੇਸ਼ ਭਗਤ ਦੇਸ਼ ਦੀ ਅਜ਼ਾਦੀ ਲਈ ਰਣ-ਖੇਤਰ ਵਿਚ ਸਿਰ ਤੇ ਕਫਨ ਬਨ੍ਹਕੇ ਨਿਤਰ ਆਏ।

ਜ਼ਿਲਾ ਵਤਨੀ ਦੇ ਆਦਿ ਅਤੇ ਕਿਰਤ ਤੇ ਇਕ ਝਾਤ

ਪੰਜਾਬ ਦੀ ਕ੍ਰਾਂਤਿਕ ਲਹਿਰ ਦੇ ਦੋ ਉਘੇ ਇਨਕਲਾਬੀ ਦੇਸ਼ ਭਗਤ ਲਾਲਾ ਲਾਜਪਤ

Digitized by Panjab Digital Library | www.panjabdigilib.org

ਸ: ਅਜੀਤ ਸਿੰਘ ਜੀ ਨੂੰ ਖਾਲਸਾ ਜਥਾ ਲੰਡਨ ਦੇ ਗੁਰਦੁਆਰੇ ਵਿਚ
20 ਫਰਵਰੀ 1947 ਨੂੰ ਦਿਤੀ ਵਦਾਇਗੀ ਸਮੇਂ ਖਿਚਿਆ ਗਿਆ

ਇਤਹਾਸਕ ਚਿਤਰ



ਕੁਰਸੀ ਤੇ ਬੈਠੇ ਹਨ ਸ: ਭਗਤ ਸਿੰਘ ਜੀ ਸ਼ਹੀਦ ਦੇ ਚਾਚਾ ਸਾਹਿਬ ਬਜ਼ੁਰਗ ਅਜੀਤ ਸਿੰਘ ਜੀ
ਖੜੋਤਿਆਂ 'ਚੋਂ ਖਬੇ ਤੋਂ ਸਜੇ ਦੂਸਰੇ ਨੰਬਰ ਤੇ ਗੁਰਦੁਆਰਾ ਲੰਡਨ ਦੇ ਪ੍ਰਧਾਨ
ਸ: ਦੀਵਾਨ ਸਿੰਘ ਜੀ ਭਾਟੜਾ, ਇਹਨਾਂ ਦੇ ਨਾਲ ਸ: ਮੇਹਰਬਾਨ ਸਿੰਘ ਜੀ ਧੂਫੀਆ
ਤੇ ਅਖੀਰ ਤੇ ਸ: ਰਾਮ ਸਿੰਘ ਜੀ ਹਨ ।

Digitized by Panjab Digital Library | www.panjabdigilib.org

ਗਿ: ਸੁਰਿੰਦਰ ਸਿੰਘ 'ਸੋਚ' ਸੰਗੀਤ ਵਿਸ਼ਾਰਦ B. (Mus.)

ਆਪ ਜਿਥੇ ਸੰਗੀਤ ਵਿਦਿਆ ਦੇ ਮਾਹਿਰ ਹਨ ਉਥੇ ਸੁਧਾਰਕ ਰੁਚੀਆਂ ਭੀ ਰਖਦੇ ਹਨ।
ਕੌਮੀ ਮਾਸਕ ਪੱਤ੍ਰ ਸੰਗਤ ਸੰਦੇਸ਼ (ਕਾਰਡਿਫ਼) ਦੇ ਜਿਥੇ ਆਪ ਪ੍ਰੈਸ ਇੰਚਾਰਜ ਸਨ,
ਉਥੇ ਕ੍ਰਾਂਤਿਕ ਲਹਿਰ ਦਾ ਇਤਿਹਾਸ ਛਪਵਾਉਣ ਵਿਚ ਆਪ ਦੀ ਕਿਰਤ
ਪ੍ਰਸੰਸਾ ਯੋਗ ਹੈ। ਫਰਵਰੀ 1980 ਤੋਂ ਅਪਰੈਲ 1981 ਤਕ
ਆਪ ਨੂੰ ਮਾਨਚੈਸਟਰ ਅਤੇ ਇੰਗਲੈਂਡ ਦੇ ਕਈ ਪ੍ਰਮੁਖ
ਸ਼ਹਿਰਾਂ ਵਿਚ ਸੰਗਤਾਂ ਦੇ ਦਰਸਨ ਕਰਨ ਦਾ
ਸੁਭਾਗ ਪ੍ਰਾਪਤ ਹੋਇਆ।

Digitized by Panjab Digital Library | www.panjabdigilib.org

ਰਾਇ ਤੇ ਸਃ ਅਜੀਤ ਸਿੰਘ ਦੇ ਨਾਂ ਤੋਂ ਸਾਮਰਾਜੀ ਗੋਰੀ ਸਰਕਾਰ ਤ੍ਰਹਿੰਦੀ ਸੀ। ਉਸਦੇ ਦਿਲ ਦੀ ਇੱਛਾ ਸੀ ਕਿ ਕਿਸੇ ਨਾ ਕਿਸੇ ਬਹਾਨੇ, ਉਪਰੋਕਤ ਇਨਕਲਾਬੀ ਨੇਤਾਵਾਂ ਨੂੰ ਜੰਤਾ ਤੋਂ ਦੂਰ ਕਰ ਦਿਤਾ ਜਾਏ। ਇਨ੍ਹਾਂ ਵਿਚਾਰਾਂ ਦੇ ਸਿੱਟੇ ਅਨੁਸਾਰ ਦੋਹਾਂ ਕ੍ਰਾਂਤਿਕ ਆਗੂਆਂ ਤੇ ਹਕੂਮਤ ਦਾ ਤਖਤਾ ਉਲਟਾਉਣ ਦੀਆਂ ਗੁਪਤ ਗੋਂਦਾਂ ਗੁੰਦਨ ਵਾਲੇ ਬਾਗੀਆਂ ਦਾ ਦੋਸ਼ ਲਾਕੇ 11 ਮਈ 1899 ਨੂੰ ਅਨਮਿਥੇ ਸਮੇਂ ਲਈ ਬਰਮਾ (ਮਾਂਡਲਾ) ਜੇਲ੍ਹ ਵਿਚ ਬੰਦ ਕਰ ਦਿਤਾ। ਅਜ਼ਾਦ-ਪੰਛੀ ਗੁਲਾਮੀ ਦੇ ਪਿੰਜਰੇ ਵਿਚ ਕਿਵੇਂ ਜੀਵਨ ਬਿਤਾ ਸਕਦਾ ਹੈ ? ਸਵਤੰਤਰ ਵਿਚਾਰਾਂ ਵਾਲੇ ਗੁਲਾਮੀ ਦੇ ਜੀਵਨ ਨੂੰ ਮੌਤ ਤੋਂ ਵੀ ਮਾੜਾ ਮੰਨਦੇ ਹਨ। ਅਜੇ ਮਸਾਂ ਛੇ ਮਹੀਨੇ ਹੀ ਬਰਮਾ ਦੀ ਸਭ ਤੋਂ ਕਰੜੀ ਮਾਂਡਲਾ ਜੇਲ੍ਹ ਵਿਚ ਹੋਏ ਸਨ ਤਾਂ ਸਾਮਰਾਜੀ ਸਰਕਾਰ ਨੂੰ ਠੁੱਠ ਵਿਖਾ, ਜੇਲ ਦੇ ਕਰਮਚਾਰੀਆਂ ਦੀਆਂ ਅੱਖਾਂ ਵਿਚ ਘੱਟਾ ਪਾ ਅਜ਼ਾਦ ਪੰਛੀ ਵਾਂਗ ਉਡਾਰੀ ਲਾ ਕੇ ਸਃ ਅਜੀਤ ਸਿੰਘ ਈਰਾਨ ਜਾ ਪਹੁੰਚੇ। ਈਰਾਨ ਵਿਚ ਦੇਸ਼ ਭਗਤ ਅੰਬਾ ਪ੍ਰਸਾਦ ਸੂਫੀ ਨਾਲ ਰਲਕੇ 'ਆਬੇ ਹਯਾਤ' ਨਾਂ ਦਾ ਅਖਬਾਰ ਪ੍ਰਕਾਸ਼ਤ ਕਰਕੇ ਦੇਸ਼ ਅਜ਼ਾਦੀ ਦਾ ਪ੍ਰਚਾਰ ਕੀਤਾ। ਇਉਂ ਈਰਾਨ, ਅਫਗਾਨ, ਤੁਰਕੀ-ਸਤਾਨ, ਜਰਮਨ, ਸਿੰਘਾਪੁਰ, ਹਾਂਗਕਾਂਗ ਤੇ ਜਪਾਨ ਆਦਿ ਅਨੇਕਾਂ ਦੇਸ਼ਾਂ ਵਿਚ ਰੇਡੀਓ *ਬ੍ਰਾਡਕਾਸਟ ਕਰਦੇ ਦੇਸ਼ ਅਜ਼ਾਦੀ ਦੇ ਹੱਕ ਵਿਚ ਪ੍ਰਚਾਰ ਕਰਦਿਆਂ ਉਮਰ ਭਰ ਦਾ ਬਨਵਾਸ 47 ਸਾਲ ਕੱਟਕੇ, ਉਨ੍ਹਾਂ ਦੇ ਦੇਸ਼ ਦੀ ਰਾਜਧਾਨੀ ਲੰਡਨ ਵਿੱਚ ਆ ਰਹੇ ਸਨ, ਜਿਨ੍ਹਾਂ ਦੇ ਹੁਕਮ ਨੇ ਜ਼ਿਲਾ ਵਤਨੀ ਦਾ ਜੀਵਨ ਜੀਉਣ ਲਈ ਮਜ਼ਬੂਰ ਕੀਤਾ ਸੀ। ਆਪ ਏਸ਼ੀਅਨ ਤੇ ਯੂਰਪੀਅਨ 14 ਜ਼ਬਾਨਾਂ ਬੋਲ ਸਕਦੇ ਸਨ।

ਆਪ ਜੀ ਦੀ ਰਿਹਾਇਸ਼ ਤੇ ਸੁਆਗਤ ਕਰਨ ਲਈ ਸੁਆਗਤ ਕਮੇਟੀ ਨਿਯੁਕਤ

ਬੇ-ਗਿਣਤ ਦੇਸ਼ ਭਗਤਾਂ ਤੇ ਇਨਕਲਾਬੀ ਨੌਜਵਾਨਾਂ ਦੀਆਂ ਕਰੜੀਆਂ ਘਾਲਾਂ ਦਾ ਸਦਕਾ ਇੰਗਲੈਂਡ ਦੀ ਲੇਬਰ ਪਾਰਟੀ ਦੀ ਐਟਲੀ (Atly) ਸਰਕਾਰ ਨੇ ਦੇਸ਼ ਨੂੰ ਦੋ ਟੁਕੜੇ ਭਾਰਤ ਤੇ ਪਾਕਿਸਤਾਨ ਵਿਚ ਕਰਕੇ 15 ਅਗਸਤ 1947 ਨੂੰ ਅਜ਼ਾਦੀ ਦੇਣ ਦਾ ਐਲਾਨ ਕਰ ਦਿਤਾ ਤੇ ਇਸ ਦੇ ਨਾਲ ਹੀ ਪ੍ਰਦੇਸ਼ਾਂ ਵਿਚ ਵਿਚਰਦੇ ਇਨਕਲਾਬੀ ਜਿਲਾ ਵਤਨੀਆਂ ਦੀਆਂ ਰਿਹਾਈਆਂ ਦਾ ਵੀ ਐਲਾਨ ਹੋ ਗਿਆ। ਇਸ ਐਲਾਨ ਦਾ ਸੱਦਕਾ ਦੇਸ਼ ਭਗਤ ਇਨਕਲਾਬੀ ਨੇਤਾ ਸ: ਅਜੀਤ ਸਿੰਘ ਜੀ ਨੇ ਦੇਸ਼ ਜਾਣ ਤੋਂ ਪਹਿਲਾਂ ਇੰਗਲੈਂਡ ਆਉਣ ਦਾ ਇਸ ਲਈ ਬਣਾਇਆ ਸੀ ਕਿ ਸਾਮਰਾਜੀ ਸਰਕਾਰ ਦੇ ਅਤਿਆਚਾਰਾਂ ਨੂੰ ਇਥੋਂ ਦੀ ਜੰਤਾ ਚੰਗੀ ਤਰ੍ਹਾਂ ਜਾਣ ਸਕੇ। ਬੜੀਆਂ ਉਡੀਕਾਂ ਬਾਦ ਸਮਾਂ ਨੇੜੇ ਆ ਗਿਆ। ਇੰਗਲੈਂਡ ਦੀਆਂ ਧਾਰਮਿਕ ਤੇ ਸਮਾਜਿਕ ਜਥੇਬੰਦੀਆਂ 'ਚੋਂ ਮੈਂਬਰ ਲੈਕੇ ਹੇਠ ਲਿਖੇ ਅਨੁਸਾਰ ਸੁਆਗਤ ਕਮੇਟੀ ਬਣਾਈ ਗਈ, ਜਿਸ ਨੇ ਜਿਥੇ ਆਪ ਦੀ ਰਿਹਾਇਸ਼ ਲਈ ਲੀਵਰਪੂਲ ਸਟਰੀਟ ਦੇ ਸਟੇਸ਼ਨ ਦੇ ਨਾਲ ਦੇ ਹੋਟਲ ਵਿਚ ਪ੍ਰਬੰਧ ਕੀਤਾ, ਉਥੇ ਮਿੱਥੇ

---

*ਸ. ਅਜੀਤ ਸਿੰਘ ਜੀ ਦੇ ਨਾਲ ਭਾਟੜਾ ਬਰਾਦਰੀ 'ਚੋਂ ਪ੍ਰੋ. ਵਰਿਆਮ ਸਿੰਘ ਜੀ ਤੌਤੀ ਭੀ ਦੇਸ਼ ਅਜ਼ਾਦੀ ਦੇ ਹੱਕ ਵਿਚ ਸਿੰਘਾਪੁਰ ਤੋਂ ਬਰਾਡਕਾਸਟ ਕਰਦੇ ਸਨ।

Digitized by Panjab Digital Library | www.panjabdigilib.org

ਸਮੇਂ ਅਨੇਕਾਂ ਭਾਰਤੀਆਂ ਸਮੇਤ ਲੀਵਰਪੂਲ ਸਟਰੀਟ ਦੇ ਸਟੇਸ਼ਨ ਤੇ ਆਪ ਦੇ ਨਿਘੇ ਸੁਆਗਤ ਲਈ ਹੱਥਾਂ ਵਿਚ ਸੇਹਰੇ ਲੈਕੇ, ਹੁਮ ਹੁਮਾਕੇ ਸਟੇਸ਼ਨ ਤੇ ਪੁਜੇ।

ਸੁਆਗਤ ਕਮੇਟੀ ਦੀ ਰੂਪ ਰੇਖਾ

ਇੰਡੀਆ ਲੀਗ ਵਲੋਂ ਸ੍ਰੀਯੁਤ ਕਰਿਸ਼ਨਾ ਮੈਨਨ ਜੀ, ਡਾਕਟਰ ਸੁਖਦੇਵਾ ਦੱਤਾ ਜੀ, ਤੇ ਪ੍ਰੋਫੈਸਰ ਜੀ. ਐਸ ਦਾਰਾ। ਇੰਡੀਅਨ ਵਰਕਰ ਐਸੋਸੀਏਸ਼ਨ ਵਲੋਂ ਮਿਸਟਰ ਅਕਬਰ ਖਾਨ, ਮਿਸਟਰ ਦੀਨ ਤੇ ਮਿਸਟਰ ਪਟੇਲ ਜੀ। ਖਾਲਸਾ ਜਥਾ ਗੁਰਦੁਆਰੇ ਦੇ ਪ੍ਰਧਾਨ, ਸ੍: ਦੀਵਾਨ ਸਿੰਘ ਜੀ ਭਾਟਰਾ ਜਨਰਲ ਸੈਕਟਰੀ, ਸ੍ਰ: ਸਰਵਨ ਸਿੰਘ ਚੱਕਲ, ਸ੍ਰ: ਰਾਮ ਸਿੰਘ ਤੇ ਲੇਖਕ ਗਿਆਨੀ ਰਤਨ ਸਿੰਘ ਸ਼ਾਦ ਸਹਾਇਕ ਸੈਕਟਰੀ। ਇਸ ਸੁਆਗਤ ਕਮੇਟੀ ਦੇ ਚੇਅਰਮੈਨ ਸ੍ਰੀ ਕਰਿਸ਼ਨਾ ਮੈਨਨ ਜੀ ਸਨ। ਇਸ ਕਮੇਟੀ ਨੇ ਹਰ ਭਾਰਤੀ ਪਾਸੋਂ 'ਢਾਲ' ਇਕੱਤਰ ਕਰਕੇ ਜਿਥੇ ਹੋਟਲ ਦੀ ਰਹਾਇਸ਼ ਦਾ ਪ੍ਰਬੰਧ ਕੀਤਾ ਉਥੇ 500 ਪੌਂਡ ਦੀ ਥੈਲੀ ਭੇਟ ਕਰਕੇ ਲੀਵਰਪੂਲ ਸਟਰੀਟ ਦੇ ਸਟੇਸ਼ਨ ਤੇ ਸੁਆਗਤ ਕਰਨ ਦਾ ਪ੍ਰਬੰਧ ਬਣਾਇਆ।

ਉੱਘੇ ਇਨਕਲਾਬੀ ਦੇਸ਼ ਭਗਤ ਦਾ ਜੈ ਹਿੰਦ ਦੇ ਨਾਹਰਿਆਂ ਨਾਲ ਨਿੱਘਾ ਸੁਆਗਤ

10 ਜਨਵਰੀ, 1947 ਸ਼ਾਮ ਦੇ ਸੱਤ ਵਜੇ ਸਟੇਸ਼ਨ ਤੇ ਬੇਗਿੱਣਤ ਭਾਰਤੀ ਜੰਤਾ ਹੱਥਾਂ ਵਿਚ ਤਿੰਨ ਰੰਗੀਆਂ ਝੰਡੀਆਂ ਤੇ ਫੁੱਲਾਂ ਦੇ ਹਾਰ ਲੈ ਕੇ ਆਪਣੇ ਮਹਿਬੂਬ ਨੇਤਾ ਦਾ ਸੁਆਗਤ ਕਰਨ ਲਈ ਉਡੀਕ ਕਰ ਰਹੀ ਸੀ, ਮਿਥੇ ਸਮੇਂ ਤੇ ਪ੍ਰੋਗਰਾਮ ਅਨੁਸਾਰ ਸ੍ਰ: ਅਜੀਤ ਸਿੰਘ ਜੀ, ਗੋਦੜੀ ਵਿਚ ਲਾਲ ਵਾਂਗ ਬੋਰੀ ਦੇ ਇਕ ਦਮ ਕੈਦੀਆਂ ਵਾਲੇ ਕਪੜੇ ਪਾਈ ਗਡੀ ਤੋਂ ਉਤਰੇ। ਪ੍ਰਬੰਧਕ ਕਮੇਟੀ ਨੇ ਗਲ ਵਿਚ ਸੇਹਰੇ ਪਾ ਕੇ ਜੀ ਆਇਆਂ ਆਖ, ਨਿੱਘਾ ਸੁਆਗਤ ਕੀਤਾ। ਬੋਰੀ ਦੇ ਕਪੜੇ ਵੇਖ ਜੰਤਾ ਦੀ ਹੈਰਾਨੀ ਤੇ ਜੋਸ਼ ਉਬਾਲੇ ਖਾਣ ਲਗ ਪਿਆ। ਪ੍ਰਬੰਧਕ ਕਮੇਟੀ ਨੇ ਸ਼ਰਮ ਨਾਲ ਸਿਰ ਨੀਵਾਂ ਕਰਕੇ ਕਪੜਿਆਂ ਬਾਬਤ ਪੁਛ ਕੀਤੀ ? ਕੀ ਆਪ ਨੂੰ ਹਕੂਮਤ ਨੇ ਹੋਰ ਕਪੜੇ ਨਹੀਂ ਦਿਤੇ ? "ਦੇਂਦੇ ਤਾਂ ਸਨ ਮੈਂ ਆਪ ਨਹੀਂ ਲਏ।" ਇਹ ਆਖਕੇ ਸ੍ਰ: ਅਜੀਤ ਸਿੰਘ ਜੀ ਨੇ ਉਤਰ ਦਿਤਾ ਕਿ ਜਿਸ ਪਹਿਰਾਵੇ ਵਿਚ ਮੈਂ ਉਮਰ ਦਾ ਬਹੁਤ ਸਾਰਾ ਹਿੱਸਾ ਗੁਜ਼ਾਰਿਆ ਹੈ, ਉਸੇ ਪਹਿਰਾਵੇ ਵਿਚ ਇਸ ਜ਼ਾਲਮ ਸਰਕਾਰ ਤੇ ਇਥੋਂ ਦੀ ਜੰਤਾ ਤੇ ਦੇਸ਼ ਵਾਸੀਆਂ ਦੇ ਸਾਹਮਣੇ ਆਉਣਾ ਹੀ ਯੋਗ ਸਮਝਿਆ ਹੈ।

ਇਸ ਤੋਂ ਬਾਦ ਸਟੇਸ਼ਨ ਤੇ ਖਲੋਕੇ ਆਪ ਜੀ ਨੇ ਇੰਗਲੈਂਡ ਦੀ ਸ੍ਰਕਾਰ ਦੀ ਨੀਤੀ, ਦੇਸ਼ ਭਗਤੀ ਦਾ ਇਨਾਮ 47 ਸਾਲ ਜਿਲਾ ਵਤਨੀ ਦਾ ਸੰਖੇਪ ਹਾਲ ਵਰਨਣ ਕੀਤਾ, ਜਿਸ ਨੂੰ ਸੁਣਕੇ ਜਿਥੇ ਅੰਗਰੇਜ਼ ਜੰਤਾ ਦੇ ਦਿਲਾਂ ਵਿਚ ਹਮਦਰਦੀ ਪੈਦਾ ਹੋਈ ਉਥੇ ਦੇਸ਼ਵਾਸੀਆਂ ਦੇ ਜਜ਼ਬੇ ਅੰਗੜਾਈਆਂ ਲੈ ਕੇ ਜਾਗ ਪਏ। ਇਸ ਦੇ ਨਾਲ ਹੀ ਸਾਮਰਾਜੀ ਸ੍ਰਕਾਰ ਦੀ

Digitized by Panjab Digital Library | www.panjabdigilib.org

ਕਰੜੀ ਨੀਤੀ ਤੇ ਬੇਇਨਸਾਫੀ ਉਭਰਕੇ ਸਾਵੇਂ ਆ ਗਈ। ਜਦ ਪ੍ਰਬੰਧਕਾਂ ਨੇ ਆਪ ਦੀ ਰਿਹਾਇਸ਼ ਲਈ ਹੋਟਲ ਵਿਚ ਪ੍ਰਬੰਧ ਦਾ ਜ਼ਿਕਰ ਕੀਤਾ ਤਾਂ ਆਪ ਨੇ ਉਤੂ ਦਿਤਾ ਕਿ ਕਿਸੇ ਭਾਰਤੀ ਦੇ ਘਰ ਵਿਚ ਮੇਰੇ ਲਈ ਕੋਈ ਥਾਂ ਨਹੀਂ, ਜਿਥੇ ਮੈਂ ਹਰ ਦੇਸ਼ ਵਾਸੀ ਨੂੰ ਵੀਰਾਂ ਵਾਂਗ ਮਿਲ ਸਕਾਂ ? ਇਸ ਲਈ ਸ੍ਰੀਮਾਨ ਗਰੇਵਾਲ ਦੀ ਹੱਟੀ ਵਿਚ ਆਪ ਦੀ ਰਿਹਾਇਸ਼ ਦਾ ਪ੍ਰਬੰਧ ਕੀਤਾ ਗਿਆ, ਜਿਥੇ ਹਰ ਦੇਸ਼ ਵਾਸੀ ਆਉਂਦਾ ਜਾਂਦਾ, ਆਪ ਦੇ ਦਰਸ਼ਨ ਦੀਦਾਰੇ ਤੇ ਵਿਚਾਰ ਵਟਾਂਦਰਾ ਕਰਦਾ। ਇਉਂ 10 ਜਨਵਰੀ ਤੋਂ 25 ਫਰਵਰੀ, 1947 ਤਕ ਆਪ ਲੰਡਨ ਟਿਕੇ ਰਹੇ। ਲੇਖਕ ਹਰ ਹਫਤੇ ਉਚੇਚਾ ਇਲੀ ਤੋਂ ਲੰਡਨ ਆਪ ਦੇ ਪਾਸ ਆਉਂਦਾ ਰਿਹਾ।

ਸੁਆਗਤ ਕਮੇਟੀ ਵਲੋਂ ਪਬਲਿਕ ਜਲਸਾ ਤੇ ਥੈਲੀ ਭੇਟ

ਸੁਆਗਤ ਕਮੇਟੀ ਦੇ ਉਲੀਕੇ ਹੋਏ ਪ੍ਰੋਗਰਾਮ ਮੁਤਾਬਿਕ 26 ਜਨਵਰੀ 1947 ਨੂੰ ਇੰਡੀਆ ਹਾਉਸ ਵਿਚ ਭਾਰਤੀ ਅਸੈਂਬਲੀ ਦੇ ਹਾਲ ਵਿਚ ਸਮੂੰਹ ਭਾਰਤੀਆਂ ਦਾ "ਰੀਪਬਲਿਕ ਡੇ" ਪਬਲਿਕ ਜਲਸਾ ਕੀਤਾ ਗਿਆ, ਜਿਸ ਵਿਚ ਸ੍ਰੀਮਾਨ ਸ: ਅਜੀਤ ਸਿੰਘ ਜੀ ਦੀ ਕੀਤੀ ਦੇਸ਼ ਸੇਵਾ ਦੀ ਭਰਵੀਂ ਪ੍ਰਸ਼ੰਸਾ ਦੇ ਨਾਲ ਸੁਆਗਤ ਕਮੇਟੀ ਦੇ ਚੇਅਰਮੈਨ ਸ੍ਰੀ ਕਰਿਸ਼ਨਾ ਮੈਨਿਨ ਜੀ ਨੇ ਕਮੇਟੀ ਵਲੋਂ 500 ਪੌਂਡ ਦੀ ਥੈਲੀ ਭੇਟ ਕਰਕੇ ਆਪਦਾ ਸਨਮਾਨ ਕੀਤਾ।

ਖਾਲਸਾ ਜੱਥਾ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸ: ਅਜੀਤ ਸਿੰਘ ਜੀ ਦਾ ਸੁਆਗਤ ਤੇ ਸਨਮਾਨ

ਗੁਰਦੁਆਰਾ ਪ੍ਰਬੰਧਕ ਕਮੇਟੀ, ਖਾਲਸਾ ਜਥਾ ਨੇ 20 ਫਰਵਰੀ 1947 ਨੂੰ ਸਿਖੀ ਅਸੂਲਾਂ ਅਨੁਸਾਰ ਸ੍ਰੀ ਅਖੰਡਪਾਠ ਰੱਖ ਕੇ ਆਪ ਦਾ ਸੁਆਗਤ ਕੀਤਾ। ਆਪ ਦੇ ਦੇਸ਼ ਪਿਆਰ ਦੀ ਭਰਵੀਂ ਪ੍ਰਸ਼ੰਸਾ ਕੀਤੀ ਗਈ। ਗੁਰਦੁਆਰੇ ਵਲੋਂ ਸਿਰੋਪਾਓ, ਸਨਮਾਨ-ਪੱਤ੍ਰ ਤੇ 200 ਪੌਂਡ ਦੀ ਥੈਲੀ ਗੁਰਦੁਆਰੇ ਦੇ ਪ੍ਰਧਾਨ ਸ੍ਰੀਮਾਨ ਸ: ਦੀਵਾਨ ਸਿੰਘ ਜੀ ਨੇ ਭੇਟ ਕਰਕੇ ਆਪਜੀ ਨੂੰ ਸਤਿਕਾਰ ਸਹਿਤ ਵਿਦਾ ਕੀਤਾ। 25 ਫਰਵਰੀ, 1947 ਨੂੰ ਆਪ ਦੇਸ਼ ਲਈ ਰਵਾਨਾ ਹੋ ਗਏ।

ਸ: ਅਜੀਤ ਸਿੰਘ ਜੀ ਦਾ ਅਕਾਲ ਚਲਾਣਾ

ਉਹ ਵਿਅਕਤੀ ਬੜੇ ਭਾਗਸ਼ਾਲੀ ਹੁੰਦੇ ਹਨ, ਜਿਨ੍ਹਾਂ ਨੂੰ ਆਪਣੇ ਜੀਵਨ ਆਸ ਦਾ ਸੁਪਨਾ ਸਾਕਾਰ ਰੂਪ ਵਿਚ ਵੇਖਣ ਦਾ ਸੁਭਾਗ ਮਿਲੇ। ਅਜੇਹੇ ਹੀ ਸੁਭਾਗ ਵਿਅਕਤੀਆਂ ਵਿਚੋਂ ਸਨ, ਸਾਡੇ ਸਤਿਕਾਰ ਯੋਗ, ਮਹਾਨ ਕੌਮੀ ਸੇਵਕ, ਉਘੇ ਦੇਸ਼ ਭਗਤ

Digitized by Panjab Digital Library | www.panjabdigilib.org

ਸ:: ਅਜੀਤ ਸਿੰਘ ਜੀ, ਜੋ ਆਪਣੇ ਜੀਵਨ ਮਨੋਰਥ ਦੇਸ਼ ਅਜਾਦੀ ਦੇ ਸੁਪਨੇ ਨੂੰ ਸਾਮਰਤੱਖ ਵੇਖ ਸਕੇ। ਜਿਸ ਲਈ ਸਾਰੀ ਜ਼ਿੰਦਗੀ ਆਪਨੇ ਕਰੜੀ ਘਾਲ ਘਾਲੀ, ਉਸ ਦੇਸ਼ ਅਜ਼ਾਦੀ ਵਾਲੇ ਦਿਨ ਹੀ 15. ਅਗਸਤ, 1947 ਨੂੰ ਆਪ ਨੇ ਜੀਵਨ ਮਨੋਰਥ ਦੀ ਸਫਲਤਾ ਦੀ ਖੁਸ਼ੀ ਵਿਚ ਆਪ ਦਾ ਦਿਲ *ਫੇਲ ਹੋ ਗਿਆ ਉੱਘੇ ਇਨਕਲਾਬੀ ਦੇਸ਼ ਭਗਤ ਦੇ ਅੰਤਿਮ ਸੁਆਸ ਵੀ ਦੇਸ਼ ਅਜ਼ਾਦੀ ਦੀ ਭੇਟ ਹੋਏ। ਦੇਹ ਦਾ ਸੰਸਕਾਰ ਪੂਰਨ ਸਤਿਕਾਰ ਨਾਲ, ਦੇਸ਼ ਵਿਚ ਹੋਇਆ।

ਸ਼ਹੀਦ

ਇਹ ਛਡਦਾ ਨਹੀਂ ਆਸਾਂ ਤਲਫਾਰਾਂ ਤੋਂ ਡਰਕੇ।
ਤਿਖੇ ਤੀਰ, ਤੋਪਾਂ ਦੀਆਂ ਮਾਰਾਂ ਤੋਂ ਡਰਕੇ।
ਇਹਦੇ ਸੀਨੇ ਵਿਚ ਉਹ ਫੁਲ ਵਰਗਾ ਦਿਲ ਏ,
ਜੋ ਛਡਦਾ ਨਹੀਂ ਮਹਿਕ ਖ਼ਾਰਾਂ ਤੋਂ ਡਰਕੇ।

---

* ਹਿੰਦੁਸਤਾਨ ਟਾਇਮ ਦੀ ਰਿਪੋਰਟ ਅਨੁਸਾਰ ਸ: ਅਜੀਤ ਸਿੰਘ ਜੀ ਦੀ 15 ਅਗਸਤ, 1947 ਨੂੰ ਅਜ਼ਾਦ ਭਾਰਤ ਵਿਚ ਪਹਿਲੀ ਮੌਤ ਹੈ।

Digitized by Panjab Digital Library | www.panjabdigilib.org

ਸ: ਵਸਤਾ ਸਿੰਘ ਦਰਦ ਜੀ ਨੂੰ ਪਿਆਰ ਸ਼ਰਧਾਂਜਲੀ

ਤੇ

U.K. ਦੀ ਸਮੂੰਹ ਭਾਟਰਾ ਸੰਗਤ ਦੀ ਜਥੇਬੰਦੀ ਦਾ ਲੰਡਨ ਵਿਚ ਪਹਿਲਾ ਉਪਰਾਲਾ

ਕਹਿੰਦੇ ਹਨ, ਅਨਹੋਣੀਆਂ ਦੁਖਾਂਤ ਘਟਨਾਵਾਂ ਏਕੇ ਨੂੰ ਜਨਮ ਦੇਂਦੀਆਂ ਹਨ। ਸਮਾਜਿਕ ਘਟਨਾਵਾਂ ਹਰ ਕੌਮ ਦਰਦੀ ਨੂੰ ਗੰਭੀਰ ਸੋਚਣੀ ਵਿਚ ਪਾਂਦੀਆਂ ਹਨ। ਮਾਰਚ 1952 ਵਿਚ ਕੌਮ ਅੰਦਰ ਅਤਿ ਦੁਖਾਂਤ, ਅਨਹੋਣੀ ਘਟਨਾ ਵਾਪਰੀ। ਨਿਰਦਈ ਮੌਤ ਕੌਮ ਦੇ ਅਣਥਕ ਸੇਵਕ ਸ: ਵਸਤਾ ਸਿੰਘ ਜੀ ਦਰਦ ਦੇ ਸਿਰ, ਹੋਣੀ ਬਿਜਲੀ ਬਣਕੇ ਟੁਟ ਪਈ। ਲੰਡਨ ਵਿਚ ਦਰਦ ਜੀ ਅਕਾਲ ਚਲਾਣਾ ਕਰ ਗਏ। ਇਸ ਦੁਖਾਂਤ ਭਰਪੂਰ ਘਟਨਾ ਨੇ ਕੌਮ ਦੇ ਦਿਲ ਦਿਮਾਗ ਤੇ ਵਧਾਨ ਵਰਗੀ ਸੱਟ ਮਾਰੀ। ਮੁਢਲੇ ਅਸੂਲ ਸਾਥੀ ਦਰਦ ਜੀ ਦੇ ਪਿਆਰ ਵਿਛੋੜੇ 'ਚ ਸਾਰੇ ਸਮਾਜ ਤੇ ਸਾਥੀਆਂ ਦਾ ਤਨ ਮਨ ਤੜਪ ਉਠਿਆ। U.K. ਤੇ ਭਾਰਤ ਦੇਸ਼ ਵਿਚ ਹਰ ਸਮਾਜਿਕ ਸੰਸਥਾ ਤੇ ਹਰ ਕੌਮ ਦਰਦੀ ਨੂੰ ਹੋਈ ਬੀਤੀ ਤੋਂ ਸਿਖਿਆ ਲੈ ਕੇ ਵਰਤਮਾਨ ਦੇ ਵਾਤਾਵਰਨ 'ਚੋਂ ਭਵਿਖਤ ਪ੍ਰੋਗਰਾਮ ਉਲੀਕਣ ਲਈ ਰਲ ਬੈਠਣ ਲਈ ਪ੍ਰੇਰਿਆ।

ਸਮੂੰਹ ਕੌਮੀ ਸੇਵਕਾਂ ਨੇ ਆਪਣੇ ਅਸੂਲ ਸਾਥੀ ਦਰਦ ਜੀ ਦੀ ਸਮਾਜਿਕ ਸੇਵਾ ਦਾ ਸਨਮਾਨ ਕਰਦਿਆਂ ਸ਼ਰਧਾਂਜਲੀ ਅਰਪਨ ਕਰਕੇ ਸ਼ੋਕ ਮਤਾ ਪਾਸ ਕਰਨ ਦਾ ਪ੍ਰੋਗਰਾਮ ਬਣਾਇਆ। ਉਸ ਸਮੇਂ ਲੰਡਨ ਵਰਗੇ ਦੀਪ ਸ਼ਹਿਰ ਵਿਚ ਸਿਖ ਸੰਗਤ ਲਈ ਰਲ ਬੈਠਣ ਦਾ ਇਕੋ ਇਕ ਸਮਾਜਿਕ ਸੈਂਟਰ 79 Shenclair Road London W-14 ਖ'ਲਸਾ ਜਥਾ ਭੂਪਿੰਦਰਾ ਗੁਰਦੁਆਰਾ ਸੀ ਤੇ ਲੇਖਕ ਉਸ ਸਮੇਂ ਧਰਮ ਦੀ ਸ਼ਰੋਮਣੀ ਸੰਸਥਾ ਖਾਲਸਾ ਜਥਾ ਦਾ ਨਿਰਮਾਨ ਸੇਵਕ (ਪ੍ਰਧਾਨ) ਸੀ ਇਸ ਲਈ ਸ਼ੋਕ ਸਭਾ ਦੇ ਪ੍ਰੋਗਰਾਮ ਦਾ ਭੂਪਿੰਦਰਾ ਗੁਰਦੁਆਰਾ ਦੇ ਹਾਲ ਵਿਚ ਹੀ ਪ੍ਰਬੰਧ ਕੀਤਾ ਗਿਆ।

ਸ਼ੋਕ ਸਮਾਰੋਹ ਵਿਚ ਅਨੇਕਾਂ ਸ਼ਹਿਰਾਂ ਦੇ ਢੇਰ ਸਾਰੇ ਕੌਮੀ ਨੇਤਾਵਾਂ ਨੇ ਭਾਗ ਲਿਆ ਜਿਨ੍ਹਾਂ 'ਚੋਂ ਅੱਗੇ ਲਿਖੇ ਨਾਮ ਖਾਸ ਵਰਨਣ ਯੋਗ ਹਨ :—ਸ: ਭੀਲ ਸਿੰਘ ਜੀ ਲਾਂਡਾ,

Digitized by Panjab Digital Library | www.panjabdigilib.org

ਸ੍: ਖਜਾਨ ਸਿੰਘ ਭਾਕੜ, ਸ੍: ਮੇਲਾ ਸਿੰਘ ਭਾਕੜ, ਸ੍: ਸੰਤ ਸਿੰਘ ਜੀ ਪ੍ਰਦੇਸੀ, ਗਿਆਨੀ ਹਰਨਾਮ ਸਿੰਘ ਜੀ ਕੌਮੀ, ਗਿਆਨੀ ਸੁੰਦਰ ਸਿੰਘ ਜੀ ਸਾਗਰ, ਸ੍: ਬੂਟਾ ਸਿੰਘ ਜੀ, ਗਿਆਨੀ ਅਮੋਲਕ ਸਿੰਘ ਜੀ ਅੰਮ੍ਰਿਤ, ਸ੍: ਖੇੜਾ ਸਿੰਘ ਜੀ ਜੰਗੀ, ਸ੍: ਮੋਹਕਮ ਸਿੰਘ ਜੀ ਆਲਿਮ, ਲੇਖਕ ਗਿਆਨੀ ਰਤਨ ਸਿੰਘ ਸ਼ਾਦ, ਸ੍: ਬੂਕਤ ਸਿੰਘ ਜੀ, ਸ੍: ਸਾਧੂ ਸਿੰਘ ਜੀ ਪੋਤੀਵਾਲ, ਸ੍: ਅਮਰਜੀਤ ਸਿੰਘ ਜੀ ਆਦਿ। ਸ਼ੋਕ ਸਮਾਰੋਹ ਦਾ ਅਰੰਭ ਦਰਦ ਜੀ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕਰਦਿਆਂ ਸ਼ੋਕ ਮਤਾ ਪਾਸ ਕੀਤਾ ਗਿਆ। ਆਪ ਦੀ ਸਮਾਜਿਕ ਸੇਵਾ ਦੀ ਭਰਵੀਂ ਪ੍ਰਸ਼ੰਸਾ ਤੇ ਬੇ-ਵਕਤ ਵਿਛੋੜੇ ਤੇ ਦਿਲੀ ਦੁੱਖ ਤੇ ਪ੍ਰਵਾਰ ਨਾਲ ਪੂਰਨ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ। ਵਾਰੋ-ਵਾਰੀ ਅਨੇਕਾ ਕੌਮੀ ਨੇਤਾਵਾਂ ਨੇ ਸਮਾਜਿਕ ਸਥਿਤੀ ਨੂੰ ਸਾਵੇਂ ਰੱਖ, ਹੋਈ ਬੀਤੀ ਤੋਂ ਸਿਖਿਆ ਲੈਂਦਿਆ ਕੌਮ ਦੇ ਭਵਿਖਤ ਲਈ ਜਥੇਬੰਦੀ ਦੀ ਲੋੜ ਨੂੰ ਅਨੁਭਵ ਕੀਤਾ ਅਤੇ ਦੇਸ਼ ਦੀਆਂ ਵੰਡ ਤੋਂ ਪਹਿਲਾਂ ਦੀਆਂ ਸੰਸਥਾਵਾਂ 'ਚੋਂ ਨੁਮਾਂਇੰਦੇ ਲੈ ਕੇ ਉਥੇ ਜਥੇ ਬੰਦੀ ਬਣਾਉਣ ਦਾ ਉਪਰਾਲਾ ਅਰੰਭ ਹੋਇਆ। ਸਰਬ ਹਿੰਦ ਭਾਟਰਾ ਯੂਨੀਅਨ ਵਲੋਂ ਪ੍ਰਦੇਸੀ ਜੀ, ਕੌਮੀ ਜੀ, ਸਾਗਰ ਜੀ ਤੇ ਲੇਖਕ ਸ਼ਾਦ ਜੀ। ਜਨਰਲ ਕਮੇਟੀ ਵਲੋਂ ਸ੍: ਖਜਾਨ ਸਿੰਘ ਜੀ, ਸ੍: ਭੀਲ ਸਿੰਘ ਜੀ, ਸ੍: ਬੂਕਤ ਸਿੰਘ ਜੀ ਲਾਹੌਰ ਤੇ ਨਿਧੜਕ ਕਮੇਟੀ ਵਲੋਂ ਸ: ਮੇਲਾ ਸਿੰਘ ਜੀ ਚੌਧਰੀ, ਸ੍: ਮੇਲਾ ਸਿੰਘ ਜੀ ਭਾਕੜ ਤੇ ਸ੍: ਵਜੀਰ ਸਿੰਘ ਜੀ ਧੁੰਦ ਲਏ ਗਏ।

ਆਸ ਕਿਰਣ ਹਨੇਰਿਆਂ ਵਿਚ ਮੁੜ ਗਵਾਚ ਗਈ

ਇਸ 10 ਮੈਂਬਰੀ ਬੋਰਡ ਦੀ ਜ਼ਿੰਮੇਵਾਰੀ ਲਾਈ ਗਈ ਕਿ U.K. ਦੇ ਕਿਸੇ ਕੇਂਦ੍ਰ ਵਿਚ ਸਮੁਚੀ ਕੌਮ ਦੀ ਕਾਨਫਰੰਸ ਕੀਤੀ ਜਾਏ, ਜਿਸ ਵਿਚ ਸਮੁਚਾ ਕੌਮ ਦੀ ਸਰਬ ਸ਼ਕਤੀ-ਸ਼ਾਲੀ ਜਥੇਬੰਦੀ ਬਣਾਈ ਜਾਏ ਜੋ ਉਪਰੋਕਤ ਤਿੰਨਾਂ ਕਮੇਟੀਆਂ ਪਾਸੋਂ ਹਿਸਾਬ ਵੀ ਲਏ ਤੇ ਰਾਜਸੀ, ਧਾਰਮਿਕ, ਆਰਥਿਕ ਕੌਮੀ ਸੇਵਾ ਕਰੇ। ਜਿਸ ਦੀਆਂ ਬ੍ਰਾਂਚਾਂ U.K. ਤੇ ਭਾਰਤ ਦੇ ਹਰ ਕੌਮੀ ਗੜ੍ਹ ਵਿਚ ਹੋਣ। ਇਉਂ ਦੇਸ਼ ਦੀ ਵੰਡ ਤੋਂ ਨਿਖੜੀ ਸਮਾਜ ਸੁਧਾਰ ਲਹਿਰ ਦਾ ਮੁੜ ਆਦਿ ਕੀਤਾ ਜਾਏ। ਇਸ ਬੋਰਡ ਦੇ ਕਨਵੀਨਰ (ਸੈਕਟਰੀ) ਭਾਟਰਾ ਕੁਲੇਸ਼ਨ ਬੋਰਡ ਦੇ ਸੈਕਟਰੀ ਸ੍ਰੀਮਾਨ ਸ੍ਰ: ਭੀਲ ਸਿੰਘ ਹੀ ਮਿਥੇ ਗਏ। ਤੇ ਚੁਣੇ ਗਏ ਸਮੂਹ ਸਾਥੀਆਂ ਦੀ ਸੰਮਤੀ ਨਾਲ ਅਮਲੀ ਇਕੱਤਰਤਾ ਕਰਾਉਣ ਦੀ ਜ਼ਿੰਮੇਵਾਰੀ ਵੀ ਸੈਕਟਰੀ ਦੀ ਲਾਈ ਗਈ, ਜੋ ਸਿਰੇ ਨਾ ਚੜ੍ਹ ਸਕੀ। ਦਾਸ ਖਾਲਸਾ ਜਥੇ ਦੇ ਸੇਵਕ (ਪ੍ਰਧਾਨ) ਦੇ ਨਾਤੇ ਗੁਰਦੁਆਰੇ ਵਿਚ ਹੋਏ ਸੋਕ ਸਮਾਚਾਰ ਦਾ ਇਨਚਾਰਜ ਸੀ। ਇਸ ਸੇਵਾ ਨੂੰ ਨਿਭਾਉਂਦਿਆਂ ਲੇਖਕ ਨੇ 17 ਜੁਲਾਈ 1952 ਨੂੰ ਸ੍: ਭੀਲ ਸਿੰਘ ਜੀ ਨੂੰ ਯਾਦ ਪਤਰ ਪਾ.ਕੇ ਹੋਣ ਵਾਲੀ ਕੌਮੀ ਕਾਨਫਰੰਸ ਦੀ ਸੰਖੇਪ ਜਾਣਕਾਰੀ ਲਈ ਤਾਂ ਆਪ ਜੀ ਨੇ ਅਨੇਕਾਂ ਕਠਿਨਾਈਆਂ ਦਾ ਜ਼ਿਕਰ ਕਰਦਿਆਂ ਅਸਮਰੱਥਾ ਪ੍ਰਗਟਾਈ।

Digitized by Panjab Digital Library | www.panjabdigilib.org

U.K. ਤੇ ਭਾਰਤ ਵਲੋਂ ਪੁਜੇ ਸਾਮਰਥਕ ਪੱਤ੍ਰ ਤੇ ਮੇਜਰਨਾਮਾ

ਜਿਸ ਜਿਸ ਕੌਮੀ ਗੜ੍ਹਾਂ ਵਿਚ ਇਹ ਦੁਖਾਂਤ ਖਬਰ ਤੇ ਉਜਲੇ ਭਵਿਖਤ ਦੀ ਸੁਨਹਿਰੀ ਕਿਰਨ ਜਥੇਬੰਦੀ ਬਣਨ ਦੀ ਆਸ ਭਰਪੂਰ ਲੱਅ ਦਿਸੀ ਤਾਂ ਅਨੇਕਾਂ ਸਮਾਜਿਕ ਸੰਜਥਾਵਾਂ, ਪਿੰਡਾਂ ਦੀ ਮਾਂ ਪੰਚਾਇਤਾਂ ਨੇ ਇਸ ਭਵਿਖਤ ਪ੍ਰੋਗਰਾਮ ਨਾਲ ਸਮਰਥਕ ਪਤਰ ਦਾਸ ਨੂੰ ਖਾਲਸਾ ਜਥਾ ਦੇ ਸੇਵਕ (ਪ੍ਰਧਾਨ) ਦੇ ਨਾਤੇ ਭੇਜੇ। ਗਲਾਸਗੋ ਤੋਂ ਸ੍ਰੀਮਾਨ ਬਾਬੂ ਜੀਵਨ ਸਿੰਘ ਜੀ ਪਾਲ ਨੇ ਸਮੁੱਚਾ ਗਲਾਸਗੋ ਦੀ ਸੰਗਤ ਵਲੋਂ ਪੂਰਨ ਸੰਮਤੀ ਪ੍ਰਗਟਾਈ। ਪਟਿਆਲਾ ਤੋਂ ਗਿਆਨੀ ਸੰਤਾ ਸਿੰਘ ਜੀ ਸੇਵਕ ਤੇ ਅੰਮ੍ਰਿਤਸਰ ਦੀ ਸਮੂਹ ਸੰਗਤ ਵਲੋਂ ਮੇਜਰਨਾਮੇ ਦੇ ਰੂਪ ਵਿਚ ਸੰਗਤਾਂ ਦੀ ਸੰਮਤੀ ਦਾ ਹੁਕਮ ਪੁਜਾ।

ਅਨੇਕਾਂ ਕਾਰਨਾਂ ਕਰਕੇ ਦਸ ਮੈਂਬਰੀ ਬੋਰਡ ਦਾ ਆਦਿ ਤੇ U.K. ਦੀ ਭਾਟੜਾ ਸੰਗਤ ਦੀ ਜਥੇਬੰਤੀ ਬਣਾਉਣ ਵਾਲਾ ਲੰਡਨ ਵਿਚ ਪਹਿਲਾ ਉਪਰਾਲਾ ਅਸਫਲ ਹੋਣ ਤੇ ਸਮੂੰਹ ਕੌਮ ਦਰਦੀਆਂ ਨੂੰ ਬੇਹਦ ਨਿਰਾਸਤਾ ਹੋਈ ਜਿਵੇਂ ਆਸ ਕਿਰਨ ਘਟਨਾ'ਚੋਂ ਉਪਜੀ ਸੀ, ਉਹ ਸਮੇਂ ਦੇ ਹਨੇਰਿਆਂ ਵਿਚ ਮੁੜ ਗਵਾਚ ਗਈ।

ਅੰਮ੍ਰਿਤਸਰ ਦੀ ਸੰਗਤ ਵਲੋਂ 31-5-52 ਨੂੰ ਪੁਜਿਆ ਮੇਜਰਨਾਮਾ ਹੇਠ ਛਾਪਿਆ ਜਾ ਰਿਹਾ।

(ਮੇਜਰ ਨਾਮਾ)

ੴ ਸਤਿਗੁਰ ਪ੍ਰਸਾਦਿ ॥

ਸੇਵਾ ਵਿਖੇ

ਸ੍ਰੀ ਮਾਨਜੋਗ ਪ੍ਰਧਾਨ ਸਾਹਿਬ ਜੀ,

ਸਤਿ ਸ੍ਰੀ ਅਕਾਲ।

ਬੇਨਤੀ ਹੈ ਕਿ ਅਸੀਂ ਆਪ ਜੀ ਨੂੰ ਇਕ ਰਜਿਸਟਰ ਲੈਟਰ ਭੇਜ ਰਹੇ ਹਾਂ। ਜਿਸ ਵਿਚ ਇਕ ਚਿੱਠੀ ਅੰਮ੍ਰਿਤਸਰ ਦੀ ਸੰਗਤ ਵਲੋਂ ਹੈ ਜੇਹੜੀ ਸੰਗਤ ਅੰਮ੍ਰਿਤਸਰ ਵਿਚ ਹਾਜ਼ਰ ਸੀ ਉਨਾਂ ਦੇ ਨਥੀ ਕੀਤੇ ਕਾਗਜ਼ਾਂ ਤੇ ਦਸਤਖਤ ਕਰਵਾਏ ਗਏ ਹਨ। ਸੰਗਤ ਗੁਰੂ ਰੂਪ ਹੈ। ਸਾਡੀ ਬਰਾਦਰੀ ਪੰਚੈਤੀ ਰੂਪ ਵਿਚ ਝਗੜਿਆਂ ਲੜਾਈਆਂ ਅਤੇ ਹੋਰ ਕਈ ਕੰਮਾਂ ਵਿਚ ਫੈਸਲੇ ਕਰਦੀ ਆਈ ਹੈ ਸੋ ਇਸ ਚੱਲ ਰਹੇ ਕੇਸ ਵਿਚ ਸਾਡੀ ਸੰਗਤ ਮਦਾਖਲਿਤ ਨਹੀਂ ਕਰ ਸਕਦੀ। ਸੋ ਇਸ ਵਾਪਰੀ ਘਟਨਾ ਦਾ ਆਉਣ ਵਾਲੇ ਸਮੇਂ ਤੇ ਬਹੁਤ ਭੈੜਾ ਅਸਰ ਪਵੇਗਾ ਤੁਸੀਂ ਸੰਗਤ ਦੇ ਲਿਖੇ ਅਨੁਸਾਰ ਲੰਡਨ ਨਿਵਾਸੀ ਕੱਠੇ ਹੋ ਕੇ ਸਾਡੀਆਂ ਲਿਖੀਆਂ ਬੇਨਤੀਆਂ ਤੇ ਵਿਚਾਰ ਕਰੋ।

Digitized by Panjab Digital Library | www.panjabdigilib.org

ਨੋਟ :-ਸਾਡੇ ਪਾਸੋਂ ਨੱਥੀ ਕੀਤੇ ਕਾਗਜ਼ਾਂ ਦੀ ਹਾਲਤ ਕੁਝ ਖਸਤਾ ਜਿਹੀ ਹੋ ਗਈ ਹੈ ਸੋ ਤੁਸੀਂ ਇਨ੍ਹਾਂ ਬਾਬਤ ਦਿਲ 'ਚ ਐਸਾ ਵਿਚਾਰ ਨਹੀਂ ਲਿਆਉਣਾ, ਗਲਤੀ ਖਿਮਾ ਕਰਨੀ।

ਆਪ ਦਾ ਦਾਸ

ਗੁਰਚਰਨ ਸਿੰਘ ਗਰੰਥੀ

ਗੁਰੂ ਪੰਥ ਦੇ ਦਾਸ :—

ਸੰਤੋਖ ਸਿੰਘ ਗਿਆਨੀ
ਸੰਤ ਅਤਰ ਸਿੰਘ
ਸੰਤ ਚੰਬਾ ਸਿੰਘ
ਇੰਦਰ ਸਿੰਘ ਭੈਂਸ ਪਿੰਡ ਸਰਾਜ
ਮਾਸਟਰ ਬਹਾਦਰ ਸਿੰਘ ਭਟੀ
ਭਗਵਾਨ ਸਿੰਘ ਹੁਸ਼ਿਆਰਪੁਰ
ਬਰਕਤ ਸਿੰਘ ਦਿਗਵਾ
ਡਾ: ਹਰਨਾਮ ਸਿੰਘ ਤਾਲਿਬ
ਕੇਹਰ ਸਿੰਘ ਪੋਤੀਵਾਲ
ਸ: ਗੁਰਬਚਨ ਸਿੰਘ ਟੇਲਰ ਮਾਸਟਰ
ਸ: ਅਰਜਨ ਸਿੰਘ ਟੇਲਰ ਮਾਸਟਰ
ਗਿ: ਮਹਿੰਦਰ ਸਿੰਘ ਪ੍ਰੇਮ ਸ਼ਰੀਫਪੁਰਾ
ਵੀਰ ਸਿੰਘ ਲਾਂਡਾ
ਵਰਿਆਮ ਸਿੰਘ ਗੁਜਰਾਂ
ਹੰਸ ਸਿੰਘ ਟਾਕ
ਪ੍ਰੀਤਮ ਸਿੰਘ ਪੋਤੀਵਾਲ
ਬਾਵਾ ਬਲਵੰਤ ਸਿੰਘ
ਖੇੜਾ ਸਿੰਘ ਟਾਕ
ਲੱਧਾ ਸਿੰਘ
ਅਰਜਨ ਸਿੰਘ ਲਾਂਡਾ ਕੰਸਟੇਬਲ

ਨਿਹਾਲ ਸਿੰਘ (ਪਿਆਰਾ ਰਾਮ)
ਭਾਈ ਦੀਵਾਨ ਸਿੰਘ
ਦਰਸ਼ਨ ਸਿੰਘ ਭਾਕੜ
ਗੋਬਿੰਦ ਸਿੰਘ ਪੋਤੀਵਾਲ
ਜੋਰਾਵਰ ਸਿੰਘ ਟਾਕ
ਸਾਬ ਸਿੰਘ ਚੌਹਾਨ ਸ਼ਰੀਫਪੁਰ
ਗਿਆਨ ਸਿੰਘ
ਕਰਤਾਰ ਸਿੰਘ ਕਿਰਤੀ
ਮੋਹਨ ਸਿੰਘ ਮਾਹਿਰ
ਪਰਕਾਸ਼ ਸਿੰਘ
ਦੇਵੀ ਸਿੰਘ
ਰੂੜ ਸਿੰਘ ਦਿਗਵਾ
ਅਜੀਤ ਸਿੰਘ ਵੈਦ ਸ਼ਰੀਫਪੁਰਾ
ਪੂਰਨ ਸਿੰਘ
ਗਿਆਨੀ ਗੁਰਚਰਨ ਸਿੰਘ ਗਰੰਥੀ
ਮੇਹਰ ਸਿੰਘ ਸ਼ਰੀਫਪੁਰਾ
ਤਾਰਾ ਸਿੰਘ ਸ਼ਰੀਫਪੁਰਾ
ਪਰੇਮ ਸਿੰਘ
ਪਿਆਰਾ ਸਿੰਘ ਪਿਆਸ
ਗੁਰਬਚਨ ਸਿੰਘ

Digitized by Panjab Digital Library | www.panjabdigilib.org

ਅਜੀਤ ਸਿੰਘ ਰਠੌੜ ਬਾਬਾ ਕੇਸਰ ਸਿੰਘ ਰਠੌੜ

ਗਿਆਨ ਸਿੰਘ ਰਾਗੀ ਨਰਿੰਜਨ ਸਿੰਘ

ਡਾ: ਮਦਨ ਗੋਪਾਲ ਸਿੰਘ ਗਿਆਨੀ ਕੁਲਵੰਤ ਸਿੰਘ

ਨੋਟ :—ਕੁਝ ਇਕ ਸੱਜਣਾਂ ਦੇ ਨਾਮ ਠੀਕ ਤਰ੍ਹਾਂ ਪੜ੍ਹੇ ਨਹੀਂ ਗਏ, ਇਸ ਕਾਰਨ ਉਹ ਏਥੇ ਛਾਪੇ ਨਹੀਂ ਜਾ ਸਕੇ।

(ਲੇਖਕ)

——

ਡਾਹ ਕੇ ਛਾਤੀ ਭਿੜਦੇ ਆਏ

ਆਦਮ ਹਵਾ ਦੇ ਪੁੱਤ ਪਲੇਠੇ, ਸੋਹਜ ਸਮਰੱਥਾ ਦੇ ਸੁਆਮੀ,
ਅਣਖੀ ਬੀਰ ਬਹਾਦਰ ਸੂਰੇ, ਸਚਿਆਈ ਤੋਂ ਚਿੜਦੇ ਆਏ।
ਆਦਿ ਕਾਲ ਤੋਂ ਫ਼ਰਜ਼ ਸਮਝਕੇ, ਧਰਮ ਸਮਾਜ ਦੇ ਰਣ ਖੇਤਰ 'ਚ,
ਜੋਰ ਜ਼ੁਲਮ ਅਨਿਆਏ ਦੇ ਨਾਲ, ਡਾਹਕੇ ਛਾਤੀ ਭਿੜਦੇ ਆਏ।

——

Digitized by Panjab Digital Library | www.panjabdigilib.org

ਮਾਨ ਜੋਗ ਸੂਹੀ ਜੀ ਨੂੰ ਪਿਆਰ ਸ਼ਰਧਾਂਜਲੀ

ਸਾਥੀਆਂ ਦੀ ਏਕਤਾ ਦਾ ਉਦਮ ਉਪਰਾਲਾ ਅਸਫਲ

ਵਿਛੋੜੇ ਵਿਚ ਪਿਆਰ ਤੇ ਪਛਤਾਵਾ ਵਧੇਰੇ ਪਲਰਦਾ ਹੈ, ਪੁਰਾਣੀਆਂ ਯਾਦਾਂ ਨਵਾਂ ਰੂਪ ਧਾਰ ਕੇ ਯਾਦ ਆਉਂਦੀਆਂ ਹਨ। ਗਏ ਤੇ ਗੁਜਰੇ ਦੀ ਕਦਰ ਤੇ ਕੀਮਤ ਦਾ ਪਤਾ ਮਗਰੋਂ ਲਗਦਾ ਹੈ, ਜਦ ਲੋੜਾਂ ਤੇ ਥੋੜਾਂ ਧਰਮ ਕੰਡੇ ਵਾਂਗ ਦਿਲ ਦੀਮਾਗ ਤੇ ਤੁਲਦੀਆਂ ਹਨ। ਘਟਨਾਵਾਂ ਲੰਘ ਚੁਕੇ ਸਮੇਂ ਤੇ ਪਛਤਾਵਾ ਅਤੇ ਆਉਣ ਵਾਲੇ ਸਮੇਂ ਨੂੰ ਤ੍ਰਿਖੇ-ਪੈਰੀਂ ਤੁਰਕੇ ਪਿਛਲੇ ਘਾਟੇ ਨੂੰ ਪੂਰਾ ਕਰਨ ਦੀ ਪ੍ਰੇਰਨਾ ਕਰਦੀਆਂ ਹਨ। ਸਮੇਂ ਦੇ ਪੈਰ-ਚਿਤਰ ਸੁਚੇਤ ਰਹਿਣ ਦੀ ਸੂਚਨਾ ਦੇਂਦੇ ਹਨ।

15 ਮੋਨਟੋਨ ਸਟਰੀਟ, ਮਾਨਚੈਸਟਰ ਦੇ ਗੁਰੂ ਨਾਨਕ ਨਿਰੰਕਾਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕ ਪ੍ਰਧਾਨ ਗੁਰਪੁਰਵਾਸੀ ਸ੍ਰੀਮਾਨ ਸ: ਮੁਨਸ਼ੀ ਸਿੰਘ ਜੀ ਸੂਹੀ 'ਘਲੈ ਆਵੈ ਨਾਨਕਾ ਸਦੇ ਉਠੀ ਜਾਏ' ਦੇ ਹੁਕਮ ਅਨੁਸਾਰ ਅਕਾਲ ਚਲਾਣਾ ਕਰ ਗਏ। ਇਸ ਬੇ-ਵਕਤ ਆਸ਼ਹਿ ਸਦਮੇ ਨੇ ਸਾਰੀ ਕੌਮ ਦੇ ਦਿਲ ਦਿਮਾਗ ਤੇ ਵਧਾਨ ਵਰਜ਼ੀ ਸੱਟ ਮਾਰੀ। ਆਪਣੇ ਅਸੂਲ ਸਾਥੀ ਨੂੰ ਅੰਤਮ ਸ਼ਰਧਾਂਜਲੀ ਭੇਟ ਕਰਨ, ਕੌਮੀ ਜੀ, ਮ੍ਰਿੰਦ ਜੀ, ਪਟੇਲ ਜੀ, ਸਾਗਰ ਜੀ, ਅੰਮ੍ਰਿਤ ਜੀ, ਪ੍ਰਦੇਸੀ ਜੀ, ਹਮਦਰਦ ਜੀ, ਜੰਗੀ ਜੀ, ਪ੍ਰਹਿਲਾਦ ਜੀ ਤੇ ਲੇਖਕ ਸ਼ਾਦ ਜੀ ਤੇ ਸਮੂੰਹ ਸਾਥੀਆਂ ਨੇ ਕਰਮਵਾਰ ਆਪ ਦੀ ਧਾਰਮਿਕ ਤੇ ਸਮਾਜਿਕ ਸੇਵਾ ਦੀ ਵਿਆਖਿਆ ਤੇ ਭਰਪੂਰ ਪ੍ਰਸ਼ੰਸਾ ਕਰਦਿਆਂ ਪਿਆਰ ਸ਼ਰਧਾਂਜਲੀ ਅਰਪਨ ਕਰਕੇ ਸ਼ੋਕ ਮਤਾ ਪਾਸ ਕੀਤਾ ਤੇ ਇਕ ਉਚੇਚਾ ਸ਼ੋਕ ਸਮਾਗਮ ਕਰਕੇ ਹੇਠ ਲਿਖਿਆ ਪ੍ਰੋਗਰਾਮ ਸਿਰੇ ਚਾੜ੍ਹਨ ਲਈ ਸੱਦਾ ਪੱਤਰ ਕਰਨ ਦੀ ਲੇਖਕ ਦੀ ਸੇਵਾ ਲਾਈ ਗਈ।

ਦਾਸ ਨੇ ਸਮੂੰਹ ਸਾਥੀਆਂ ਦੇ ਮਿਥੇ ਤਿੰਨ ਅਹਿਮ ਏਜੰਡੇ (ਓ) ਜੀਵਨ ਅੰਕ ਪ੍ਰਕਾਸ਼ਤ ਕੀਤਾ ਜਾਏ। (ਅ) ਸਾਥੀਆਂ 'ਚੋਂ ਫੁਟ ਤੇ ਭੁਲੇਖੇ ਦੂਰ ਕਰਕੇ ਕੌਮ ਸੁਧਾਰ ਲਹਿਰ ਮੁੜ ਚਲਾਈ ਜਾਏ। (ਏ) ਪ੍ਰਚਾਰ ਲਈ U. K. ਚੋਂ ਪਰਚਾ ਪ੍ਰਕਾਸ਼ਤ ਕੀਤਾ ਜਾਏ ਲਿਖਕੇ ਸਮੂੰਹ ਸਾਥੀਆਂ ਨੂੰ ਮਿਥੇ ਸਮੇਂ ਤੇ ਮਾਨਚੈਸਟਰ ਸਥਾਨ ਤੇ ਸੱਦਾ ਪੱਤਰ ਕੀਤਾ ਤੇ ਸਮੇਂ ਅਨੁਸਾਰ ਦਾਸ ਮੀਟਿੰਗ ਦੀ ਜ਼ਿੰਮੇਵਾਰੀ ਨਿਭਾਉਣ ਕਾਰਡੀਫ ਤੋਂ ਰਾਤ ਦੀ ਟਰੇਨ ਫੜਕੇ ਸਵੇਰੇ ਸਵੇਰ ਮਾਨਚੈਸਟਰ ਪੁਜਾ। ਪਰ ਅਫਸੋਸ ਕਿਸੇ ਇਕ ਸਜਣ ਨੇ

Digitized by Panjab Digital Library | www.panjabdigilib.org

ਬਾਹਰੋਂ ਆਉਣ ਦੀ ਖੇਚਲ ਨਹੀਂ ਸੀ ਕੀਤੀ ਤੇ ਕਈ ਸਾਥੀ ਮਾਨਚੈਟਰ ਵਿਚ ਹੁੰਦਿਆਂ ਵੀ ਨਹੀਂ ਸਨ ਪੁਜੇ । ਇਉਂ ਦਾਸ ਸਾਰਾ ਦਿਨ ਉਡੀਕ ਉਡੀਕ, ਖਰਚ ਤੇ ਖੇਚਲ ਕਰਕੇ ਨਿਰਾਸ਼ ਵਾਪਸ ਪਰਤਿਆ। ਇਉਂ ਸਾਥੀਆਂ ਦੀ ਏਕਤਾ ਦਾ ਉਦਮ ਉਪਰਾਲਾ ਅਸਫਲ ਰਿਹਾ ।

ਯਾਦਾਂ ਦੇ ਝਰੋਖੇ 'ਚੋਂ ਪਿਛੋਕੜ ਵੱਲ ਝਾਤ,
ਜੀਵਨ ਸਫਲਤਾ ਦੀ ਸਿਖਰ ਤੇ ਪ੍ਰੀਖਿਆ ਦਾ ਸਮਾਂ

ਕ੍ਰਾਂਤਿਕ ਲਹਿਰ ਦੇ ਇਤਿਹਾਸ ਦਾ ਲੇਖਕ, ਇਹ ਹਥਲਾ ਲੇਖ ਲਿਖਣ ਬੈਠਾ ਤਾਂ ਲੇਖਕ ਦੀ ਜੀਵਨ ਘੜੀ ਦੀਆਂ ਸੂਈਆਂ ਪਿਛਲੇ ਪੈਰੀਂ ਘੁੰਮ 1952 ਦੇ ਸਮੇਂ ਦੇ ਪੈਰ ਚਿਤਰਾਂ ਨਾਲ ਜਾ ਜੁੜੀਆਂ । ਦਿਲ ਦੀਮਾਗ ਦੀ ਸਕਰੀਨ ਤੇ ਹਡ ਬੀਤੀਆਂ ਯਾਦਾਂ ਦੀ ਫਿਲਮ ਫਿਰਨ ਲਗ ਪਈ । ਲੇਖਕ ਦਾ ਤਨ ਭਾਵੇਂ ਬ੍ਰਿਸਟਲ ਵਿਚ ਲੇਖ ਲਿਖ ਰਿਹੈ ਪਰ ਮਨ ਨਾਰਥ ਵੇਲਜ਼ ਦੇ ਸਮੁੰਦਰੀ ਕਿਨਾਰੇ ਤੇ ਘੁਗ ਵਸਦੇ ਛੋਟੇ ਜਹੇ ਸ਼ਹਿਰ Pen Men Mawar (ਪੈਨਮਨ ਮਾਵਰ) ਦੇ Eris Hotel (ਜਿਸਦਾ ਪਿਛਵਾੜਾ ਸਮੁੰਦਰੀ ਤਟ ਸੀ) ਵਿਚ ਯਾਦਾਂ ਦੇ ਝਰੋਖੇ ਵਿਚ ਬੈਠਾ ਸਮੁੰਦਰੀ ਲਹਿਰਾਂ ਦੇ ਉਤਰਾ ਚੜ੍ਹਾ ਵੇਖ ਰਿਹਾ ਹੈ । ਸੂਰਜ ਤੇ ਸਮੁੰਦਰ ਦਾ ਸੰਗਮ, ਸਮੁੰਦਰੀ ਲਹਿਰਾਂ ਦੀ ਸਟੇਜ਼ ਤੇ ਚੰਦਰਮਾਂ ਦੀਆਂ ਨੂਰੀ ਕਿਰਣਾਂ ਦਾ ਨਾਚ ਤਕ ਰਿਹਾ ਹੈ । ਇਹ ਸਾਗਰ ਤੇ ਨੂਰੀ ਕਿਰਨਾਂ ਦੀ ਪਿਆਰ-ਤਾਸ ਦਿਲ ਦੀਮਾਗ ਨੂੰ ਤਰੋ ਤਾਜ਼ਾ ਤੇ ਤਨ ਮਨ ਨੂੰ ਸ਼ਾਦ ਕਰ ਰਹੀ ਹੈ ।

ਜੀਵਨ ਦੀਆਂ ਅਹਿਮ ਜ਼ਿੰਮੇਵਾਰੀਆਂ ਸ਼ਾਂਤੀ, ਖੁਸ਼ੀ, ਪਿਆਰ ਦੇ ਪੈਰ ਉਖੇੜ ਦੇਂਦੀਆਂ ਹਨ । ਗਰੇਟ ਬ੍ਰਿਟੇਨ ਦੀਆਂ ਸਮੂਹ ਸਿੱਖ ਸੰਗਤਾਂ ਦੀ ਸਿਆਸੀ ਤੇ ਸਮਾਜੀ ਸ਼ਰੋਮਣੀ ਸੰਸਥਾ ਖਾਲਸਾ ਜਥਾ ਭੂਪਿੰਦਰਾ ਗੁਰਦੁਆਰਾ ਲੰਡਨ ਜੋ U.K. ਭਰ ਵਿਚ ਇਕੋ ਗੁਰਦੁਆਰਾ ਸੀ ਤੇ ਜਿਸ ਦੀਆਂ ਨੀਹਾਂ ਤੇ ਅਜ ਕਲ ਸੈਂਟਰਲ ਗੁਰਦੁਆਰਾ ਲੰਡਨ ਖੜੋਤਾ ਹੋਇਆ ਹੈ, ਦਾਸ ਉਸ ਸਿਖੀ ਕੇਂਦਰ ਦਾ 1951-52 ਵਿਚ ਪ੍ਰਮੁੱਖ ਸੇਵਕ (ਪ੍ਰਧਾਨ) ਸੀ । ਉਸ ਸਾਲ ਦੀ ਵਰਕਿੰਗ ਕਮੇਟੀ ਵਿਚ ਜਥੇ U.K. ਦੇ ਮੰਨੇ ਪ੍ਰਮੰਨੇ ਸਿਖ ਲੀਡਰ ਡਾ: ਦੀਵਾਨ ਸਿੰਘ ਜੀ, ਪ੍ਰੋ: G.S. ਦਾਰਾ, ਮੇਜਰ ਜਨਰਲ ਬ੍ਰਗੇਡੀਅਰ ਹਰਨਰੈਣ ਸਿੰਘ ਜੀ ਅਤੇ ਸ: ਪ੍ਰੀਤਮ ਸਿੰਘ ਵਰਤਮਾਨ Q.C. ਅਤੇ ਸ: ਰਤਨ ਸਿੰਘ, ਸ. ਅਵਤਾਰ ਸਿੰਘ ਅਨੰਦ ਆਦਿ ਉਚ ਡਿਗਰੀਆਂ ਵਾਲੇ ਡਾਕਟਰ, ਪ੍ਰੋਫੈਸਰ, ਬ੍ਰਿਸਟਰ ਤੇ ਧਨਾਡ ਵਪਾਰੀ ਸਨ, ਉਥੇ ਨਿਰਧਨ ਤੇ ਨਿਮਾਨੇ ਦਾਸ ਪਾਸ ਗਿਆਨੀ ਦੀ ਸੰਨਦ ਤੇ ਲੋਕ ਸੇਵਾ ਦੇ ਤੁਛ ਤਜ਼ਰਬੇ ਤੋਂ ਛੁਟ ਕੇਵਲ ਸਤਿਨਾਮ ਦਾ ਨਾਂ ਹੀ ਸੀ । ਉੱਚ ਵਿਦਵਾਨਾਂ ਦੀ ਕੈਬਨਿਟ ਨੂੰ ਵਿਧਾਨ ਅਨੁਸਾਰ ਚਲਾਉਣਾ ਜੇ ਅਸੰਭਵ ਨਹੀਂ ਸੀ ਤਾਂ ਅਤਿ ਕਠਿਨ ਜ਼ਰੂਰ ਸੀ । ਇਹ ਅਹਿਮ ਜ਼ਿੰਮੇਵਾਰੀ ਦਾਸ ਤੇ ਸੀ । ਇਹ ਸਮਾ ਜਿਥੇ ਸਫਲਤਾ ਦੀ ਸਿਖਰ ਸੀ, ਉਥੇ ਸੋਹਜ ਤੇ ਸਮਰਥਾ ਦੀ ਪ੍ਰਖ ਦਾ ਵੀ ਸਮਾਂ ਸੀ ।

Digitized by Panjab Digital Library | www.panjabdigilib.org

ਅਹਿਮ ਜ਼ਿੰਮੇਵਾਰੀਆਂ ਤੋਂ ਦੋ ਹਫ਼ਤਿਆਂ ਦੀ ਛੁਟੀ ਲੈ ਦਿਲ ਦੀਮਾਗ ਦਾ ਥਕੇਵਾਂ ਲਾਹੁਣ ਆਪਣੇ ਪਰਮ ਮਿਤਰ B. M. Singh ਸੂਫੀ ਜੀ, ਸ: ਚਾਨਨ ਸਿੰਘ, ਤਾਰਾ ਸਿੰਘ ਪਾਸ ਮੈਂ ਤੇ ਮੇਰਾ ਵਡਾ ਲੜਕਾ ਸ: ਬਹਾਦਰ ਸਿੰਘ ਵੀਰ ਪੈਨ ਮੈਨ ਮਾਵਰ ਪੁਜੇ। ਸਾਥੀਆਂ ਦਾ ਨਿਘਾ ਪਿਆਰ, ਸਮੁੰਦਰੀ ਲਹਿਰਾਂ ਦੀ ਸ਼ਾਂਤ ਮਈ ਠੰਡਕ ਤੇ ਰਮਣੀਕ ਨਜ਼ਾਰਿਆਂ ਨੇ ਤਨ ਮਨ ਸ਼ਾਦ ਕਰ ਦਿਤਾ। ਲੇਖਕ ਨੇ ਦੋ ਹਫ਼ਤਿਆਂ ਦੀ ਥਾਂ ਪੂਰੇ ਦੋ ਸਾਲ ਉਥੇ ਗੁਜ਼ਾਰੇ। ਕ੍ਰਾਂਤਿਕ ਲਹਿਰਾ ਦਾ ਇਤਿਹਾਸ, ਅਮਰ ਤੇ ਅਟੱਲ ਸਖਸ਼ੀਅਤਾਂ ਤੇ ਸ਼ਾਦ ਢੋਏ ਤਿੰਨੇ ਪੁਸਤਕਾਂ ਦਾ ਆਦਿ ਆਰੰਭ ਇਸ ਅਦਭੁਤ ਨਜ਼ਾਰਿਆਂ ਭਰੇ ਸ਼ਹਿਰ ਦੀ ਦੇਣ ਹੈ।

——

ਪਾਪ ਹੈ

ਕਿਸੇ ਦੀ ਆਤਮਾ ਨੂੰ ਠੇਸ ਲਾਉਣਾ ਪਾਪ ਹੈ।
ਕਿਸੇ ਦੇ ਦਿਲ ਤੇ ਨਸ਼ਤਰ ਚਲਾਉਣਾ ਪਾਪ ਹੈ।
ਸੰਸਾਰ ਭਰ ਦੇ ਧਰਮ ਸ਼ਾਸਤਰ ਸੱਚ ਸਭੋ ਆਖਦੇ,
ਸਚਾਈ ਦੀ ਹਾਮੀ ਨੂੰ ਭਰਨਾ ਧਰਮ ਹੈ,
ਕਿਸੇ ਦੇ ਪਾਪ ਤੇ ਪੜਦਾ ਵੀ ਪਾਉਣਾ ਪਾਪ ਹੈ।

——

Digitized by Panjab Digital Library | www.panjabdigilib.org

ਪਿਛੋਕੜ ਤੇ ਪੜਚੋਲ

ਸੁਧਾਰ ਵਾਦੀ ਬੋਰਡ U.K. ਦੇ ਨਿਕਾਸ ਤੇ ਵਿਕਾਸ ਦਾ ਸੰਖੇਪ ਵਰਨਣ ਕਰਨ ਤੋਂ ਪਹਿਲਾਂ ਲੇਖਕ ਅਦੋਂਕੀ ਸਮਾਜਿਕ ਸਥਿਤੀ ਤੇ ਵਰਕਰਾਂ ਦੀ ਸ਼ਾਂਤ ਜੰਗ ਦਾ ਜ਼ਿਕਰ ਇਸ ਲਈ ਕਰਨਾ ਜ਼ਰੂਰੀ ਸਮਝਦਾ ਹੈ ਕਿਉਂਕਿ ? ਪਿਛੋਕੜ ਦੀ ਜਾਣਕਾਰੀ ਤੋਂ ਬਿਨਾਂ ਪਾਠਕ ਜਿਥੇ ਸਰਬ ਹਿੰਦ ਭਾਟਰਾ ਯੂਨੀਅਨ ਦੀ ਅੰਤਿਮ ਝਾਕੀ ਨਾ ਵੇਖ ਸਕਣ ਤੋਂ ਨਿਰਾਸ਼ ਹੋਣਗੇ, ਉਥੇ ਸੁਧਾਰਵਾਦੀ ਬੋਰਡ ਦੀ ਸਮਾਜਿਕ ਸੇਵਾ ਦਾ ਗਿਆਨ ਵੀ ਅਧੂਰਾ ਰਹੇਗਾ। ਲੋਕ ਸੇਵਾ ਸੁਧਾਰ ਲਹਿਰ ਦੀਆਂ ਨਵੀਨ ਲੀਹਾਂ ਪਾਉਣ ਵਾਲੀ ਜੰਤਕ ਜਥੇਬੰਦੀ ਦਾ ਆਦਿ ਆਰੰਭ ਜਿਵੇਂ ਲੋਕ ਰਾਇ ਤੇ ਸਮਾਜਿਕ ਸੰਮਤੀ ਨਾਲ ਹੁੰਦਾ ਹੈ, ਤਿਵੇਂ ਹਰ ਭਵਿਖਤ ਪ੍ਰੋਗਰਾਮ ਤੇ ਸਮਾਪਤੀ, ਵਿਧਾਨ ਅਨੁਸਾਰ ਕੌਮ ਦੀ ਰਾਏ ਨਾਲ ਹੋਣੀ ਜ਼ਰੂਰੀ ਹੁੰਦੀ ਹੈ। ਇਸ ਤੋਂ ਬਿਨਾ ਜੰਤਕ ਜਥੇਬੰਦੀ ਦੇ ਪ੍ਰਬੰਧਕਾਂ ਦਾ ਫਰਜ਼ ਪੂਰਾ ਨਹੀਂ ਹੁੰਦਾ।

ਸਭਾ ਦੇ ਆਲ੍ਹਾ ਵਰਕਰਾਂ ਵਿਚ ਸ਼ਾਂਤ ਜੰਗ

ਕੌਮ ਸੇਵਾ ਸੁਧਾਰ ਦੇ ਇਕ ਆਦਰਸ਼, ਇਕ ਉਦੇਸ਼ ਦਾ ਪ੍ਰਣ ਕਰਨ ਵਾਲੇ ਕੌਮੀ ਸੇਵਕਾਂ ਵਿਚ ਫੁਟ ਪੈ ਗਈ। ਇਹ ਫੁਟ ਯੂਨੀਅਨ ਦੇ ਆਲ੍ਹਾ ਵਰਕਰਾਂ ਵਿਚ ਸ਼ਾਂਤ ਜੰਗ ਦਾ ਰੂਪ ਧਾਰਨ ਕਰ ਗਈ। ਇਸ ਫੁੱਟ ਦਾ ਬੀਜ ਦਿਆਲ ਸਿੰਘ ਲਾਇਬ੍ਰੇਰੀ ਹਾਲ ਲਾਹੌਰ 1945 ਦੀ ਸਲਾਨਾਂ ਚੋਣ ਸਮੇਂ ਸਾਥੀਆਂ ਵਿਚ ਚੜੋ-ਖਤੀ ਨਾਲ ਬੀਜਿਆ ਗਿਆ ਜੋ ਪਲ ਪਲ ਪਲਰਦਾ 1947 ਤਕ ਪਕੇਰੀ ਜੜ੍ਹ ਫੜ ਗਿਆ। ਜੋ 1947 ਤੋਂ ਲੈ ਕੇ 1967 ਤਕ ਪੂਰੇ ਵੀਹ ਸਾਲ ਭਾਰਤ ਤੇ ਯੂ.ਕੇ. ਵਿਚ ਵਿਚਰਦੇ ਵਰਕਰਾਂ ਵਿਚ ਸ਼ਾਂਤ ਜੰਗ ਦੇ ਰੂਪ ਵਿਚ ਨਿਰੰਤਰ ਚਲਦਾ ਰਿਹਾ। ਇੱਕ ਸਭਾ ਦੇ ਵਰਕਰ ਆਪੋ ਵਿਚ ਪਾਟੇ ਰਹੇ। ਨਾ ਵਿਚਾਰਾਂ ਵਿਚ ਮਿਲਵਰਤਨ, ਨਾਂ ਅਮਲਾਂ ਵਿਚ ਸਾਂਝ, ਨਾ ਇਕ ਅਵਾਜ, ਨਾ ਇਕ ਸਟੇਜ, ਨਾ ਕੋਈ ਸਾਂਝਾ ਉਸਾਰੂ ਪ੍ਰੋਗਰਾਮ ਹੀ ਬਣ ਸਕਿਆ। ਵਰਕਰਾਂ ਦੀ ਸ਼ਾਂਤ ਜੰਗ ਨੇ ਕੌਮੀ ਪ੍ਰਚਾਰ, ਸੇਵਾ ਸੁਧਾਰ ਲਹਿਰ ਨੂੰ ਬੰਨ੍ਹ ਮਾਰ ਦਿਤਾ।

ਸੁਧਾਰਕਾਂ ਦੀ ਸ਼ਾਂਤ ਜੰਗ ਦਾ ਸਿੱਟਾ

ਵਰਕਰਾਂ ਦੀ ਖਿਚੋਤਾਣ ਤੇ ਪ੍ਰਚਾਰ ਦੀ ਘਾਟ ਕਾਰਨ ਕੌਮ ਦੀ ਕੇਸਰ ਕਿਆਰੀ ਵਿਚ ਅੰਤਾਂ ਦੀ ਅੌੜ ਆ ਗਈ। ਵਿਰੋਧੀ ਵਿਚਾਰਾਂ ਵਾਲਿਆਂ ਦਾ ਸਭਾ ਤੇ ਸਾਥੀਆਂ ਦੇ

Digitized by Panjab Digital Library | www.panjabdigilib.org

ਉਲਟ ਪ੍ਰਚਾਰ ਜੋਰ ਫੜ ਗਿਆ। ਸਰਬ ਹਿੰਦ ਭਾਟਰਾ ਯੂਨੀਅਨ ਦੀ ਸਮਾਜਿਕ ਸੇਵਾਵਾਂ ਦਾ ਸ਼ਾਨਦਾਰ ਰੀਕਾਰਡ ਹੌਲੀ ਹੌਲੀ ਅਖੋਂ ਉਹਲੇ ਹੋ ਗਿਆ। ਸਭਾ ਦੀਆਂ ਬੇਅੰਤ ਖੂਬੀਆਂ ਉਲਟ ਪ੍ਰਚਾਰ ਦਾ ਸਦਕਾ ਕੌਮ ਨੂੰ ਖ਼ਾਮੀਆਂ ਦਿਸਣ ਲਗ ਪਈਆਂ। ਉਹ ਸਭਾ ਜੋ ਸਮੁਚਾ ਕੌਮ ਦੀ ਪ੍ਰਤੀਨਿਧ ਜਮਾਤ ਤੇ ਕੌਮ ਦੀ ਸ਼ਕਤੀਸ਼ਾਲੀ ਕੌਮੀ ਸਤਕਾਰ ਵਰਗਾ ਸਨਮਾਨ ਰਖਦੀ ਸੀ ਜਿਸਦੇ ਹੈਡ ਆਫਿਸ ਕੌਮੀ ਸੈਂਟਰ ਸੰਗਤ ਪੁਰਾ, ਕਨਾਲ ਪਾਰਕ, ਲਾਹੌਰ ਤੋਂ ਜਦ ਕੋਈ ਐਲਾਨ, ਕੋਈ ਭਵਿੱਖਤ ਪ੍ਰੋਗਰਾਮ ਪ੍ਰਕਾਸ਼ਤ ਹੁੰਦਾ, ਸਮੁਚਾ ਕੌਮ ਉਸ ਪ੍ਰੋਗਰਾਮ ਨੂੰ ਬੜੀ ਵਿਸ਼ੇਸ਼ਤਾ ਨਾਲ ਵਾਚਦੀ ਤੇ ਵਿਚਾਰਦੀ। ਪਿੰਡਾਂ ਦੀਆਂ ਪੰਚਾਇਤਾਂ ਤੇ ਸਭਾ ਦੇ ਪ੍ਰਤੀਨਿਧਾਂ ਵਿਚ ਅਮਲ ਤੇ ਵਿਚਾਰ ਦੀਆਂ ਵਿਚਾਰਾਂ ਦਾ ਆਦਿ ਆਰੰਭ ਹੋ ਜਾਂਦਾ। ਗੱਲ ਕੀ ? ਕੌਮ ਨੇ ਸਰਬ ਹਿੰਦ ਭਾਟਰਾ ਯੂਨੀਅਨ ਨੂੰ ਕੌਮੀ ਸਰਕਾਰ ਵਾਂਗ ਸਨਮਾਨ ਬਖਸ਼ਕੇ ਨਿਵਾਜਿਆ ਤੇ ਦਿਲਾਂ ਦੇ ਤਖਤ ਤੇ ਬਿਠਾਇਆ। ਸੰਗਤ ਰਸਾਲੇ ਨੂੰ ਸਮੁਚਾ ਕੌਮ ਦੀ ਅਵਾਜ਼ ਸਮਝਕੇ ਸਤਿਕਾਰਿਆ।

ਆਸ ਕਿਰਣ ਨਿਰਾਸਤਾ ਦੇ ਗਗਨਾਂ 'ਚ ਅਲੋਪ

ਯੂਨੀਅਨ ਦੇ ਆਲ੍ਹਾ ਵਰਕਰਾਂ ਦੀ ਆਪੋ ਵਿਚ ਫੁੱਟ ਦੇ ਕਾਰਨ, ਕੌਮੀ ਸਰਕਾਰ ਵਰਗਾ ਕੌਮ ਵਿਚ ਸਨਮਾਨ ਰਖਣ ਵਾਲੀ ਸਭਾ ਦੇ ਸਤਿਕਾਰ ਦੀ ਸ਼ਾਖ ਇਥੋਂ ਤਕ ਕੁਮਲਾ ਗਈ ਕਿ ਸਮਾਜਿਕ ਸਟੇਜ ਤੇ ਸਭਾ ਦਾ ਨਾਂ ਲੈਣਾ ਤੇ ਸੁਣਨਾ ਵੀ ਅਨਸੁਖਾਵਾਂ ਤੇ ਭਾਰੂ ਭਾਸਨ ਲਗ ਪਿਆ। ਇਸ ਵਿਕੋਲਿਤਰੀ ਦਸ਼ਾ ਨੂੰ ਵੇਖ ਹਰ ਕੌਮੀ ਵਰਕਰ, ਸਾਥੀਆਂ ਦੀ ਸ਼ਾਂਤ ਜੰਗ ਛਿੜਨ ਦਾ ਦਿਲੋਂ ਪਛਤਾਵਾ ਤਾਂ ਜ਼ਰੂਰ ਕਰ ਰਿਹਾ ਸੀ ਤੇ ਚਾਹੁੰਦਾ ਵੀ ਸੀ ਕਿ ਇਸ ਫੁੱਟ ਨੂੰ ਖਤਮ ਕਰ, ਪਹਿਲੀ ਤਰ੍ਹਾਂ ਦੇਸ਼ ਵਰਗੀ ਸੁਧਾਰ ਲਹਿਰ ਚਲਾਈ ਜਾਏ। ਪਰ ਜਿਤਨਾ ਇਹ ਸੋਚਨਾ ਸੌਖਾ ਸੀ ਇਸ ਤੇ ਅਮਲ ਕਰਨਾ ਉਤਨਾ ਹੀ ਕਠਿਨ ਸੀ। ਕੌਮੀ ਵਰਕਰਾਂ ਵਿਚ ਇਕ ਟੇਬਲ ਤੇ ਬੈਠਕੇ ਵਿਚਾਰਨ ਦੀ ਵੀ ਸਾਂਝ ਖਤਮ ਹੋ ਚੁਕੀ ਸੀ। ਇਸ ਵਿਕੋਲਿਤਰੀ ਦਿਸ਼ਾ ਨੂੰ ਵੇਖ ਕੋਈ ਸਾਥੀ ਵੀ ਸਾਥੀਆਂ ਦੀ ਫੁੱਟ ਨੂੰ ਮਿਟਾਉਣ ਲਈ ਕਰਮ ਖੇਤਰ ਵਿਚ ਨਿਤਰਨ ਦੀ ਪਹਿਲ ਕਰਨ ਤੋਂ ਝਿਜਕਦਾ ਸੀ।

ਇਉਂ ਸਮਾਂ ਆਪਣੀ ਤੋਰੇ ਤੁਰਦਾ ਗਿਆ, ਕੌਮੀ ਵਰਕਰ ਬਿਨ ਮੰਜ਼ਿਲ ਦੇ ਪਾਂਧੀ ਵਾਂਗ ਬਿਨਾ ਪ੍ਰੋਗਰਾਮ ਸਮਾਜ ਵਿਚ ਵਿਚਰਦੇ ਰਹੇ ਤੇ ਸਾਥੀ ਸਾਥੀਆਂ ਦੇ ਸਹਾਇਕ ਬਣਨ ਦੀ ਥਾਂ ਇਕ ਦੂਜੇ ਦੇ ਖਿਆਲਾਂ ਦੀ ਵਿਰੋਧਤਾ ਕਰਨ ਵਿਚ ਸਰਗਰਮ ਰਹੇ। ਜਿਉਂ ਜਿਉਂ ਸਮਾਂ ਵਧੇਰੇ ਹੁੰਦਾ ਜਾ ਰਿਹਾ ਸੀ ਤਿਉਂ ਤਿਉਂ ਮਿਲ ਬੈਠਣ ਦੀ ਆਸ ਦੀਆਂ ਕਿਰਣਾਂ ਨਿਰਾਸਤਾ ਦੇ ਗਗਨਾਂ ਵਿਚ ਅਲੋਪ ਹੁੰਦੀਆਂ ਜਾ ਰਹੀਆਂ ਸਨ।

ਯੂਨੀਅਨ ਤੇ ਵਰਕਰਾਂ ਵਿਚ ਫੁੱਟ ਦੇ ਮੁਖ ਕਾਰਨ

ਹੇਠ ਲਿਖੇ ਕਾਰਨ ਹਨ ਜੋ ਸਾਥੀਆਂ ਵਿਚ ਫੁੱਟ ਦਾ ਬੀਜ ਬੀਜਕੇ ਸ਼ਾਂਤ ਜੰਗ ਦਾ ਧਾਰਨ ਕਰਕੇ, ਕੌਮ ਸੇਵਾ ਸੁਧਾਰ ਲਹਿਰ ਅਗੇ ਕੋਹ ਹਿਮਾਲਾ ਵਾਂਗ ਸਾਬਤ ਹੋਏ।

Digitized by Panjab Digital Library | www.panjabdigilib.org

ਜਿਨ੍ਹਾਂ ਇਕ ਸਭਾ ਦੇ ਆਲ੍ਹਾ ਵਰਕਰਾਂ ਨੂੰ ਖੇਰੂੰ ਖੇਰੂੰ ਕਰ ਦਿਤਾ। ਜਿਨ੍ਹਾਂ ਸਦਕਾ, ਕੌਮੀ ਸੁਧਾਰ ਲਹਿਰ ਦੇ ਇਕ ਇਕ ਕਰਕੇ ਸਾਰੇ ਸੋਮੇ ਸੁੱਕ ਗਏ।

(ਓ) 1945 ਦੀ ਸਲਾਨਾ ਚੋਣ ਸਮੇਂ ਦਿਆਲ ਸਿੰਘ ਲਾਇਬਰੇਰੀ ਹਾਲ ਵਿਚ ਗੇਟ ਅਗੇ ਗਿਃ ਮ੍ਰਿਗਿੰਦ ਜੀ, ਸ: ਬਾਕੁੰਠ ਜੀ ਤੇ ਗਿ: ਅੰਮ੍ਰਿਤ ਜੀ ਵਿਚ ਵਾਦ ਵਿਵਾਦ।

(ਅ) ਇਲੈਕਸ਼ਨ ਵਿਚ ਡਟਵਾਂ ਮੁਕਾਬਲਾ ਤੇ ਵੋਟਿੰਗ ਵਿਚ ਪੂਰਨ ਅਸਫਲਤਾ।

(ਏ) ਲਾਇਲਪੁਰ ਦੇ ਵਰਕਰਾਂ ਸਮੇਤ ਗਿਆਨੀ ਮ੍ਰਿਗਿੰਦ ਜੀ ਦਾ ਮੁਕੰਮਲ ਡੈਡਲਾਕ, ਤੇ ਸਭਾ 'ਚ ਧੜੇਬੰਦੀ।

(ਸ) ਆਰਥਿਕ ਉਲਝਣਾਂ ਦੇ ਸੁਲਝਾ ਨੂੰ ਮੁਖ ਰਖ ਕੇਸਾਂ ਵਿਚ ਨਾ ਉਲਝੇ ਸਾਥੀਆਂ ਨੂੰ ਸ:ਃ ਡੋਗਰ ਸਿੰਘ ਦੇ ਘਹ ਮੀਟਿੰਗ ਵਿਚ ਛੁਟੀ ਦਿਤੀ ਗਈ ਉਸਦੇ ਉਲਟ ਪ੍ਰਦੇਸ ਗਏ ਸਾਥੀਆਂ ਉਲਟ ਸੂਚਨਾ ਪ੍ਰਕਾਸ਼ਤ ਕਰਕੇ ਪਾਸ ਹੋਏ ਮਤੇ ਦੀ ਉਲੰਘਣਾ ਕਰਕੇ ਸਾਥੀਆਂ 'ਚ ਫੁਟ ਪਾ ਦਿਤੀ ਗਈ।

ਉਪਰੋਕਤ ਕਾਰਨ ਹਨ ਯੂਨੀਅਨ ਦੇ ਵਰਕਰਾਂ ਵਿਚ ਫੁਟ ਪੈਣ ਦੇ। ਇਹਨਾਂ ਤੋਂ ਛੁਟ ਹੋਰ ਲਿਖੇ ਕੁਝ ਕਾਰਨ (ਫੁਟ ਦੇ ਸੋਮੇ ਹਨ) ਜੋ ਕੌਮ ਵਿਚ ਸਭਾ ਦਾ ਸਨਮਾਨ ਘਟਾ, ਵਿਕਾਰ ਨੂੰ ਕਰੜੀ ਸਟ ਲਾ, ਸ਼ਕਤੀ ਨੂੰ ਖੇਰੂੰ ਖੇਰੂੰ ਕਰਨ ਦਾਂ ਕਾਰਨ ਬਣੇ।

1. ਸਰਬ ਹਿੰਦ ਭਾਟਰਾ ਯੂਨੀਅਨ ਵਿਚ ਸੁਆਰਥੀ ਸਾਥੀਆਂ ਦਾ ਆ ਕੇ ਰਲ ਜਾਣਾ।

2. ਸੁਧਾਰ ਲਹਿਰ ਦਾ ਰੁਖ ਲੜਾਈ ਝਗੜੇ ਮੁਕੱਦਮਿਆਂ ਆਦਿ ਦਾ ਆਰੰਭ।

3. 1946 ਦੀ ਸਲਾਨਾ ਚੋਣ ਵਿਚ ਪ੍ਰਧਾਨ ਚੁਣੇ ਜਾਣ ਤੇ ਬਾਕੀ ਵੀ ਚੋਣ ਦੇ ਪ੍ਰਧਾਨ ਜੀ ਨੂੰ ਹਕ ਮਿਲਣ, ਉਪਰੰਤ ਚੋਣ ਦਾ ਨਾ ਚੁਣਿਆ ਜਾਣਾ।

4. ਪ੍ਰਤੀਨਿਧ ਜਮਾਤ ਸਰਬ ਹਿੰਦ ਭਾਟਰਾ ਯੂਨੀਅਨ ਦਾ ਕੌਮ ਨੂੰ ਸੂਚਿਤ ਕਰਨ ਤੋਂ ਬਿਨਾ ਹੀ ਸਭਾ ਦਾ ਸਮਾਪਤ ਹੋ ਜਾਣਾ।

5. ਸਮੁਚਾ ਸੰਗਤ ਦੀ ਸਾਂਝੀ ਅਵਾਜ਼ ਸੰਗਤ ਰਸਾਲਾ ਸਮਾਜ ਨੂੰ ਸੂਚਨਾ ਦਿਤੇ ਬਗੈਰ ਹੀ ਬੰਦ ਹੋ ਜਾਣਾ।

ਇਹ ਉਪਰੋਕਤ ਕੁਝ ਕੁ ਕਾਰਨ ਸਨ, ਜਿਨ੍ਹਾਂ ਇਕ ਸਭਾ ਦੇ ਸਾਥੀਆਂ ਦੀ ਸਾਂਝ ਨੂੰ ਖੇਰੂੰ ਖੇਰੂੰ ਕਰਕੇ ਸ਼ਾਂਤ ਜੰਗ ਦਾ ਆਦਿ ਆਰੰਭ ਕੀਤਾ ਸੀ ਤੇ ਯੂਨੀਅਨ ਦੀ ਕੀਤੀ ਕਰੜੀ ਕਿਰਤ ਕੁਰਬਾਨੀ ਕਿਰਕਰੀ ਕਰ, ਕੌਮ ਵਿਚ ਸਭਾ ਦੇ ਵਕਾਰ ਨੂੰ ਕਰੜੀ ਸਟ ਮਾਰੀ ਸੀ।

Digitized by Panjab Digital Library | www.panjabdigilib.org

ਮਾਨਚੈਸਟਰ ਵਿਚ ਧਰਮ ਪ੍ਰਚਾਰ ਦੀ ਮੋੜ੍ਹੀ ਗੱਡ ਦਿਤੀ

ਇੰਗਲੈਂਡ ਦੀ ਰਾਜਧਾਨੀ ਭਾਵੇਂ ਲੰਡਨ ਹੈ ਪਰ ਭੂਗੋਲਿਕ ਦਰਿਸ਼ਟੀਕੋਣ ਤੇ ਵਪਾਰਕ ਮਾਨ ਮਹੱਤਤਾ ਦਾ ਸਦਕਾ ਮਾਨਚੈਸਟਰ ਜਿਥੇ ਮੈਨਿਆ ਪ੍ਰਮੈਨਿਆਂ ਸੈਂਟਰਲ ਸ਼ਹਿਰ ਹੈ, ਉਥੇ ਸੰਗਤ ਭਾਟੜਾ ਸੰਪ੍ਰਦਾ ਦਾ ਆਦਿ ਮੁਖੀ ਗੜ੍ਹ ਹੋਣ ਤੇ ਮਾਨਚੈਸਟਰ ਨੂੰ ਨਾਜ਼ ਹੈ। ਦੇਸ਼ ਅਜਾਦੀ 1947, ਅਗਸਤ 15 ਦੀ ਵੰਡ ਸਮੇਂ ਭਾਟੜਾ ਸੰਗਤ ਆਜ਼ਾਦੀ ਦੇ ਹਵਨ ਕੁੰਡ ਵਿਚ ਘਰ ਬਾਰ ਜਾਇਦਾਦਾਂ ਦੀ ਅਹੂਤੀ ਪਾਕੇ ਘਰੋਂ ਬੇਘਰ ਹੀ ਨਾ ਹੋਈ ਸਗੋਂ ਵਤਨੋਂ ਬੇਵਤਨ ਵੀ ਹੋ ਗਈ । ਬੇਗਿਣਤ ਸੰਗਤਾਂ ਨੇ U.K. ਵਲ ਮੁਹਾਰਾਂ ਮੋੜੀਆਂ, ਜਿਨ੍ਹਾਂ 'ਚੋਂ ਢੇਰ ਸਾਰੀ ਗਿਣਤੀ ਮਾਨਚੈਸਟਰ ਸੈਟਲ ਹੋ ਗਈ। ਇਉਂ ਮਾਨਚੈਸਟਰ ਕੌਮਾਂਤਰੀ ਗੜ੍ਹ ਬਣ ਗਿਆ।

ਧਾਰਮਿਕ ਤੇ ਸਮਾਜਿਕ ਇਸ਼ਕ ਵਿਚ ਰਤੇ ਸ੍ਰੀਮਾਨ ਸ: ਭੀਲ ਸਿੰਘ ਜੀ ਨੇ ਆਪਣੇ ਘਰ ਗੁਰੂ ਗਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ, ਖਾਲਸਈ ਨਿਸ਼ਾਨ ਲਹਿਰਾ, ਧਰਮ ਪ੍ਰਚਾਰ ਦੀ ਮੋੜ੍ਹੀ ਗਡ ਦਿਤੀ। ਨਾ ਕੇਵਲ ਮਾਨਚੈਸਟਰ ਹੀ ਸਗੋਂ ਪ੍ਰਗਣੇ ਦੀਆਂ ਸੰਗਤਾਂ ਜੁੜਨੀਆਂ ਤੇ ਗੁਰਪੁਰਬ ਮਨਾਣੇ ਅਰੰਭ ਹੋ ਗਏ। ਧਰਮ ਪ੍ਰਚਾਰ ਨਾਲ ਸਮਾਜਿਕ ਏਕਤਾ ਉਨਤੀ ਦੀਆਂ ਵਿਚਾਰਾਂ ਵਿਚਾਰਨ ਦਾ ਆਦਿ ਆਰੰਭ ਹੋ ਗਿਆ।

ਮਾਨਚੈਂਸਟਰ ਵਿਚ ਪਹਿਲਾ ਗੁਰਦੁਆਰਾ

ਧਰਮ ਤੇ ਸਮਾਜ ਦੀਆਂ ਵਿਚਾਰਾਂ ਵਿਚਾਰਦਿਆਂ 1953-54 ਚੜ੍ਹ ਆਇਆ। ਸੰਗਤਾਂ ਦੀ ਦਿਨ-ਬ-ਦਿਨ ਰੌਣਕ ਵਧਦੀ ਵੇਖ ਗੁਰਦੁਆਰੇ ਦੀ ਥੁੜ ਨੂੰ ਅਨੁਭਵ ਕੀਤਾ ਜਾਣ ਲਗ ਪਿਆ। ਗੁਰਦੁਆਰਾ ਬਣਾਉਣ ਦਾ ਸੰਗਤਾਂ ਨੇ ਗੁਰਮਤਾ ਪਾਸ ਕਰਕੇ ਹਰ ਸ਼ਹਿ0 ਦੀਆਂ ਸੰਗਤਾਂ ਪਾਸੋਂ ਮਾਇਆ ਇਕੱਤਰ ਕਰਨ ਲਈ ਹੇਠ ਲਿਖੇ ਸਜਣ ਜਿਹਾ ਕਿ ਸ:ਃ ਖਜਾਨ ਸਿੰਘ ਜੀ ਭਾਕੜ, ਸ: ਸੰਤ ਸਿੰਘ ਜੀ ਪ੍ਰਦੇਸੀ, ਸ: ਮੇਲਾ ਸਿੰਘ ਜੀ ਭਾਕੜ ਤੇ ਸ: ਭੀਲ ਸਿੰਘ ਜੀ ਲਾਂਡਾ ਨੂੰ ਉਗਰਾਹੀ ਕਰਨ ਲਈ ਚੁਣ ਲਿਆ ਜਿਨ੍ਹਾਂ ਹਰ ਸ਼ਹਿਰ ਜਾ ਕੇ ਮਾਇਆ ਇਕੱਤਰ ਕਰਨੀ ਸ਼ੁਰੂ ਕਰ ਦਿਤੀ ਦਾਸ ਉਸ ਸਮੇਂ ਲੰਡਨ ਵਿਚਰਹਿੰਦਾ ਸੀ। ਲੰਡਨ ਦੀਆਂ ਸੰਗਤਾਂ ਦੀ ਉਗਰਾਹੀ ਕਰਨ ਵਿਚ ਦਾਸ ਨੇ ਬੋਰਡ ਦਾ ਸਾਥ ਦੇ ਕੇ ਤੇ ਸੇਵਾ ਕਰਕੇ ਆਪਣੇ ਫਰਜ਼ ਦੀ ਪਾਲਣਾ ਕੀਤੀ।

ਇਉਂ U.K. ਵਿਚ ਵਸਦੀ ਸਮੂਹ ਭਾਟਰਾ ਸੰਗਤ ਦੀ ਸਹਾਇਤਾ, ਸਹਿਯੋਗ ਤੇ ਸੰਮਤੀ ਨਾਲ 1954 ਵਿਚ ਨਾਨਕ ਨਿਰੰਕਾਰੀ ਗੁਰਦੁਆਰਾ 15 Monton St. Moss Side Manchester-14 (ਮਾਨਚੈਸਟਰ) ਵਿਚ ਪਹਿਲਾ ਗੁਰਦੁਆਰਾ ਬਣਿਆ। ਇਸ ਗੁਰਦੁਆਰੇ ਨੂੰ ਸਮੁਚਾ ਭਾਟਰਾ ਸੰਗਤ ਦਾ ਪਹਿਲਾ ਤੇ ਸਰਬ ਸਾਂਝਾ ਗੁਰਦੁਆਰਾ ਹੋਣ ਦਾ ਮਾਣ ਹੈ।

Digitized by Panjab Digital Library | www.panjabdigilib.org

ਇਕ ਤੋਂ ਤਿੰਨ ਗੁਰਦੁਆਰੇ ਬਣ ਗਏ

1960 ਵਿਚ ਨੌਜਵਾਨਾਂ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣੀ। ਨਵੇਂ ਤੇ ਪੁਰਾਣੇ ਖਿਆਲਾਂ ਦਾ ਅਨਜੋੜ ਪੈ ਗਿਆ। ਨੌਜਵਾਨਾਂ ਦੀ ਤਰਿਖੀ ਤੋਰ, ਸੋਹਜ, ਸਮਰੱਥਾ, ਬਜ਼ੁਰਗ ਨੀਤੀਵਾਨਾਂ ਦੀ ਹਮਦਰਦੀ ਨਾ ਖੱਟ ਸਕੀ। ਨਿਯਮ ਦੀ ਉਲੰਘਣਾ ਦੇ ਕਾਰਨ ਫੁਟ ਪੈ ਗਈ। ਇਸ ਫੁਟ ਦਾ ਮਾਨਚੈਸਟਰ ਦੀ ਏਕਤਾ ਤੇ ਢੇਰ ਮਾਰੂ ਅਸਰ ਪਿਆ ਇਕ ਗੁਰਦੁਆਰੇ ਤੋਂ ਤਿੰਨ ਗੁਰਦੁਆਰੇ।

(ੳ) ਨਾਨਕ ਨਿਰੰਕਾਰੀ ਗੁਰਦੁਆਰਾ 15-Monton St. Moss Side Manchester-14.

(ਅ) ਸਿਖ ਟੈਂਮਪਲ ਮਿਸ਼ਨ ਸੈਂਟਰ 35 (Rosa) Mound St. Manchester-15.

(ੲ) ਦਸਮੇਸ਼ ਸਿਖ ਟੈਮਪਲ 103 Hali well Lane Cheatham Hill, Manchester-8 ਬਣ ਗਏ, ਤੇ ਆਪੋ ਆਪਣੇ ਪ੍ਰੋਗਰਾਮ ਅਨੁਸਾਰ ਚਲਦੇ ਰਹੇ।

ਸਿਖ ਭਾਟੜਾ ਕਮੇਟੀ ਆਫ ਮਾਨਚੈਸਟਰ

ਕਾਦਰ ਦੀ ਕੁਦਰਤ ਬੜੀ ਬੇਅੰਤ, ਉਸ ਦੇ ਰਾਹ ਨਿਆਰੇ। ਜਿਥੇ ਫੁਟ ਤੇ ਨੀਤੀ ਨੇ ਇਕ ਗੁਰਦੁਆਰੇ ਤੋਂ ਤਿੰਨ ਗੁਰਦੁਆਰੇ ਬਣਾ ਦਿਤੇ ਸਨ ਉਥੇ ਤਿੰਨਾ ਗੁਰਦੁਆਰਿਆਂ ਦੀ ਧਾਰਮਕ ਪ੍ਰੋਗਰਾਮਾਂ ਲਈ ਇਕ ਕਮੇਟੀ ਬਣ ਗਈ। ਸੰਗਤਾਂ ਨੇ ਸਿਖੀ ਸਿਦਕ, ਧਰਮ ਪ੍ਰਚਾਰ ਨੂੰ ਮੁਖ ਰੱਖ ਤਿੰਨਾਂ ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ 'ਚੋਂ ਹੇਠ ਲਿਖੇ ਮੈਂਬਰ ਲੈ ਕੇ 'ਸਿਖ ਭਾਟੜਾ ਕਮੇਟੀ ਆਫ ਮਾਨਚੈਸਟਰ' ਬਣਾ ਦਿਤੀ। ਇਸ ਕਮੇਟੀ ਨੇ ਧਰਮ ਤੇ ਸਮਾਜ ਦੀਆਂ ਅਨੇਕਾਂ ਨਵੀਆਂ ਲੀਹਾਂ ਪਾਈਆਂ। ਜਿਥੇ ਸਿਖ ਭਾਟੜਾ ਕਮੇਟੀ ਨੇ 21 ਮਈ 1967 ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਤਿੰਨ ਸੌ ਸਾਲਾ ਪ੍ਰਕਾਸ਼ ਉਤਸਵ U. K. ਪੱਧਰ ਤੇ ਮਨਾਇਆ ਉਥੇ 24 ਮਈ, 1970 ਨੂੰ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਪੰਜ ਸੌ ਸਾਲਾ ਪੁਰਬ ਮਨਾ, ਲੋਕ-ਜੱਸ ਪ੍ਰਾਪਤ ਕੀਤਾ। ਇਸ ਦੇ ਨਾਲ ਹੀ 18,19 ਅਕਤੂਬਰ 1970 ਨੂੰ U.K. ਦੀ ਸਮੂੰਹ ਭਾਟਰਾ ਸੰਗਤ ਦੀ ਕਾਨਫਰੰਸ ਕਰਾਕੇ ਸਮਾਜਿਕ ਸੇਵਾ ਦਾ ਸਤਿਕਾਰ ਖਟਿਆ। ਕਮੇਟੀ ਮੈਂਬਰਾਂ ਦੇ ਸ਼ੁਭ ਨਾਮ :—

ਸ. ਮੰਗਲ ਸਿੰਘ ਪੌਤੀਵਾਲ, ਸ. ਕਲਿਆਣ ਸਿੰਘ ਜੀ ਦਿਗਵਾ, ਸ. ਫੌਜਾ ਸਿੰਘ ਰੰਗੀਲਾ, ਸ. ਮੇਹਰ ਸਿੰਘ ਜੀ ਰਾਣੌਰ, ਸ. ਗੁਪਾਲ ਸਿੰਘ ਜੀ ਭਾਕੜ, ਸ. ਹਰਭਜਨ ਸਿੰਘ ਜੀ ਭਾਂਕੜ, ਭਾ: ਮੇਹਰ ਸਿੰਘ ਜੀ ਪ੍ਰਦੇਸੀ, ਸ. ਮੇਵਾ ਸਿੰਘ ਜੀ ਸਾਥੀ, ਸ. ਸ਼ਿੰਗਾਰ

Digitized by Panjab Digital Library | www.panjabdigilib.org

ਸਿੰਘ ਜੀ ਸੰਗੀ, ਸ. ਗੁਰਬਖਸ਼ ਸਿੰਘ ਜੀ ਆਜਿਜ਼, ਸ. ਪ੍ਰੀਤਮ ਸਿੰਘ ਜੀ ਰਸੀਲਾ, ਸ. ਮੇਲਾ ਸਿੰਘ ਜੀ ਪੋਤੀਵਾਲ, ਸ. ਰਤਨ ਪਾਲ ਸਿੰਘ ਜੀ ਲਾਂਡਾ, ਸ. ਤੀਰਥ ਸਿੰਘ ਜੀ ਰਾਠੌਰ, ਸ. ਦਿਆਲ ਸਿੰਘ ਜੀ ਭਾਕਤ, ਸ. ਲਾਹੌਰੀ ਸਿੰਘ ਜੀ ਕਲਾਨੌਰੀਆ, ਸ. ਦਲੀਪ ਸਿੰਘ ਜੀ ਦਿਗਵਾ, ਸ. ਕੁਲਦੀਪ ਸਿੰਘ ਜੀ ਦੀਪਕ, ਸ. ਲਾਹੌਰੀ ਸਿੰਘ ਜੀ ਬੇੜਾ, ਸ. ਕੁੰਦਨ ਸਿੰਘ ਜੀ ਪੋਤੀਵਾਲ, ਸ. ਰਣਜੀਤ ਸਿੰਘ ਜੀ ਸ. ਚਰਨਜੀਤ ਸਿੰਘ ਜੀ, ਸ. ਚਮਨ ਸਿੰਘ ਜੀ ਮਾਹੀ, ਸ. ਕੁਲਦੀਪ ਸਿੰਘ ਜੀ ਵੰਡਰਫੁਲ, ਸ. ਸੇਵਾ ਸਿੰਘ ਜੀ ਹਿੰਮਤ, ਗਿ: ਸੁੰਦਰ ਸਿੰਘ ਜੀ ਸਾਗਰ ।

ਸ਼ਾਂਤ ਜੰਗ ਨੂੰ ਸਮਾਪਤ ਕਰਨ ਵਾਲੀ ਪਹਿਲੀ ਪੜਾ

21 ਮਈ, 1967 ਦਾ ਸਾਲ, ਮਹੀਨਾ ਤੇ ਦਿਨ ਜਿਥੇ ਸਿਖ ਭਾਟੜਾ ਕਮੇਟੀ ਦੇ ਉਦਮ ਉਪਰਾਲੇ, ਧਾਰਮਕ ਪੱਖੋਂ ਢੇਰ ਮਹਾਨਤਾ ਰਖਦਾ ਹੈ, ਉਥੇ ਪੁਰਾਣੇ ਕੌਮੀ ਸੇਵਕਾਂ ਦੀ ਸ਼ਾਂਤ ਜੰਗ ਨੂੰ ਖਤਮ ਕਰਨ ਤੇ ਵਿਚਾਰਾਂ ਦੀ ਪਹਿਲੀ ਪੜਾ ਹੋਣ ਕਰਕੇ ਵੀ ਇਸ ਦੀ ਢੇਰ ਵਿਸ਼ੇਸ਼ਤਾ ਹੈ ।

21.5.67 ਨੂੰ ਸਿਖ ਭਾਟੜਾ ਕਮੇਟੀ ਆਫ ਮਾਨਚੈਸਟਰ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 300 ਸਾਲਾ ਪੁਰਬ U. K. ਪੱਧਤ ਤੇ ਮਨਾਇਆ । ਜਿਸ ਤੇ ਸਿੱਖ ਸੰਗਤਾਂ ਤੋਂ ਛੁਟ ਢੇਰ ਸਾਰੇ ਕੌਮੀ ਸੇਵਕ, ਪ੍ਰਚਾਰਕਾਂ ਤੇ ਦਰਸ਼ਕਾਂ ਦੇ ਰੂਪ ਵਿਚ ਇਸ ਇਕੱਠ ਤੇ ਪੁਜੇ । ਗੁਰਪੁਰਬ ਦਾ ਪ੍ਰੋਗਰਾਮ ਹਰ ਪੱਖੋਂ ਸਫਲ ਸਮਾਪਤ ਹੋਇਆ । ਸਮਾਪਤੀ ਤੋਂ ਬਾਦ ਉਸੇ ਹਾਲ ਵਿਚ ਪੁਰਾਣੇ ਕੌਮੀ ਸੇਵਕ ਜਿਹਾ ਕਿ ਸ੍ਰੀਮਾਨ ਪਟੇਲ ਜੀ, ਸ੍ਰੀਮਾਨ ਕੌਮੀ ਜੀ, ਸ੍ਰੀਮਾਨ ਮ੍ਰਗਿੰਦ ਜੀ, ਸ੍ਰੀਮਾਨ ਸਾਗਰ ਜੀ, ਸ੍ਰੀਮਾਨ ਪ੍ਰਹਿਲਾਦ ਜੀ, ਸ੍ਰੀਮਾਨ ਜੰਗੀ ਜੀ, ਸ੍ਰੀਮਾਨ ਤਰਿਪਤ ਜੀ, ਸ੍ਰੀਮਾਨ ਮਝੈਲ ਜੀ, ਸ੍ਰੀਮਾਨ ਸ਼ਾਨ ਜੀ ਅਤੇ ਲੇਖਕ ਸ਼ਾਦ ਇਕੱਤਰ ਹੋਏ । ਸਮਾਜਿਕ ਸਥਿਤੀ ਨੂੰ ਵਿਚਾਰਿਆ 20 ਸਾਲ ਤੋਂ ਚਲ ਰਹੀ ਸ਼ਾਂਤ ਜੰਗ ਨੂੰ ਖਤਮ ਕਰਨ ਲਈ ਸੋਚਿਆ । ਕੌਮੀ ਸੇਵਕਾਂ ਦੇ ਪਾੜ ਨੂੰ ਸਮਾਜਿਕ ਏਕਤਾ ਉਨਤੀ ਅੱਗੇ ਕੌਹ ਹਿਮਾਲਾ ਜੇਡੀ ਰੁਕਾਵਟ ਖਿਆਲ ਕੀਤਾ ਗਿਆ । ਟੇਬਲ ਟਾਕ ਨਾਲ ਇਸ ਫੁਟ ਨੂੰ ਖਤਮ ਕਰਨ ਲਈ ਫੈਸਲਾ ਕਰਦਿਆਂ, ਸਮੂੰਹ ਸਾਥੀਆਂ ਨੇ ਸਰਬ ਸੰਮਤੀ ਨਾਲ ਇਸ ਸ਼ਾਂਤ ਜੰਗ ਨੂੰ ਖਤਮ ਕਰਨ ਲਈ ਲੇਖਕ ਨੂੰ ਕਨਵੀਨਰੀ ਸੇਵਾ ਸੌਂਪਦਿਆਂ, ਸਚਿਆਈ ਰਹਿਤ ਸੂਚਨਾ ਦਾ ਅਮਲੀ ਖੰਡਨ ਕਰ ਦਿਤਾ ।

ਮਾਨਚੈਸਟਰ ਦੀ ਇਕੱਤਰਤਾ ਵਿਚ ਸਮੂੰਹ ਸਾਥੀਆਂ ਦੀ ਸਰਬ ਸੰਮਤੀ ਨਾਲ ਸੌਂਪੀ ਕਨਵੀਨਰੀ ਸੇਵਾ ਦਾ ਸ੍ਰੀ ਗਨੇਸ਼ ਕਰਦਿਆਂ 21.5.67 ਤੋਂ ਲੈ ਕੇ 17.9.67 ਤਕ ਸਮੂੰਹ ਸਾਥੀਆਂ ਨੂੰ ਬਿਨੇ ਪਤ੍ਰ ਪਾਏ, ਯਾਦ ਪੱਤਰ ਭੇਜੇ, ਟੇਬਲ ਟਾਟ ਕਰਨ ਲਈ ਟੈਲੀ-ਫੋਨਾਂ ਉਤੇ ਪ੍ਰੇਰਨਾਵਾਂ ਕੀਤੀਆਂ । ਦੂਸਰਿਆਂ ਦੇ ਇਤਰਾਜ਼ ਸੁਣੇ, ਆਪਣੇ ਇਤਰਾਜ਼ਾਂ ਦੀਆਂ ਗੰਢਾਂ ਨਰਮ ਕੀਤੀਆਂ । ਅਗੇ ਲਿਖਿਆ ਇਕ ਪੱਤਰ ਉਦਾਹਰਣ ਲਈ ਦਿਤਾ ਜਾ ਰਿਹਾ ਹੈ :—

Digitized by Panjab Digital Library | www.panjabdigilib.org

ਸ੍ਰੀਮਤੀ ਵਿਜੇ ਲਕਸ਼ਮੀ ਪੰਡਿਤ ਕਾਰਡੀਫ ਵਿਚ

ਭਾਰਤੀ ਰਾਜਦੂਤ ਸ੍ਰੀਮਤੀ ਵਿਜੇ ਲਕਸ਼ਮੀ ਜੀ 1954 ਵਿਚ ਕਾਰਡੀਫ ਯੂਨੀਵਰਸਟੀ ਦੇ ਖਾਸ ਸਮਾਗਮ ਤੇ ਆਏ, ਜਿਨ੍ਹਾਂ ਕਾਰਡੀਫ ਯੂਨੀਵਰਸਿਟੀ ਵਿਚ ਉਚ ਵਿਦਿਆ ਲੈਣ ਵਾਲੇ ਭਾਰਤੀ ਵਿਦਿਆਰਥੀਆਂ ਨਾਲ ਬੈਠਕੇ ਵਿਚਾਰ ਵਟਾਂਦਰਾ ਕੀਤਾ ਇਸ ਗੱਲਬਾਤ ਵਿਚ ਸ: ਪ੍ਰੀਤਮ ਸਿੰਘ ਜੀ ਤੇ ਸ: ਹਰਿੰਦਰਪਾਲ ਸਿੰਘ ਜੀ "ਸਾਕੀ" (ਸਪੁਤਰ ਗਿਆਨੀ ਰਤਨ ਸਿੰਘ ਜੀ ਸ਼ਾਦ) ਹਿੱਸਾ ਲੈ ਰਹੇ ਹਨ ।

Digitized by Panjab Digital Library | www.panjabdigilib.org

ਭਾਰਤੀ ਰਾਜਦੂਤ ਕਾਰਡੀਫ ਵਿਚ
High Commissioner for India.

Mr. T.N. KAUL 1959 ਭਾਰਤ ਸਵਤੰਤਰਤਾ ਦਿਵਸ ਸਮੇਂ ਭਾਰਤੀ ਕਰਮਚਾਰੀਆਂ ਸਮੇਤ ਕਾਰਡੀਫ ਆਏ ਇਸ ਚਿਤ੍ਰ ਵਿਚ ਭਾਰਤੀ ਮੁਖੀ ਵਰਕਰ ਤੇ ਭਾਟਰਾ ਸਿੰਘ ਸਭਾ ਗੁਰਦੁਆਰਾ ਦੇ ਪ੍ਰਧਾਨ ਗਿਆਨੀ ਰਤਨ ਸਿੰਘ ਜੀ ''ਸ਼ਾਦ'' ਆਪ ਨਾਲ ਖੜੇ ਹਨ, ਗਿਆਨੀ ਸੰਤੋਖ ਸਿੰਘ ਜੀ ਸ਼ਾਨ, ਸ: ਜਸਵੰਤ ਸਿੰਘ ਜੀ ਜੱਸ ਤੇ ਸ: ਬਹਾਦਰ ਸਿੰਘ ਜੀ ਵੀਰ ਉਪਰ ਖੜੇ ਹਨ।

Digitized by Panjab Digital Library | www.panjabdigilib.org

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ

ਕੌਮ ਦਰਦੀਆਂ ਅਗੇ ਅਪੀਲ

ਕੌਮ ਦੀ ਜੀਵਨ ਉਸਾਰੀ ਲਈ ਸੰਗਰਾਮ ਕਰਨਾ ਹਰ ਸੰਸਥਾ ਤੇ ਮਖੀ ਆਗੂਆਂ ਦੀ ਜਿੰਮੇਵਾਰੀ ਹੈ।

ਕੌਮ ਦਰਦੀਓ !

ਇਹ ਅਗਾਂਹ ਵਧੂ ਜ਼ਮਾਨਾ ਹੈ, ਸਮੇਂ ਨਾਲ ਬਦਲਣਾ ਸਫਲਤਾ ਦਾ ਸੂਚਕ ਹੁੰਦਾ ਹੈ ਅਜ ਦਾ ਜੁਗ ਆਰਥਿਕ ਉਨਤੀ ਲਈ ਉੱਦਮ ਕਰਨ ਲਈ ਵੰਗਾਰਦਾ ਹੈ, ਸੰਗਠਨ ਲਈ ਸੰਦੇਸ਼ ਦੇਂਦਾ ਹੈ, ਅਗਾਂਹ ਵਧਨ ਲਈ ਉਤਸ਼ਾਹ ਬਖਸ਼ਦਾ ਹੈ, ਜੀਵਨ ਉਸਾਰੀ ਕਰਨ ਲਈ ਹਰ ਸੰਗਰਾਮ ਕਰਨ ਦੀ ਪ੍ਰੇਰਨਾ ਦੇਂਦਾ ਹੈ।

ਵਰਤਮਾਨ 'ਚੋਂ ਭਵਿਖਤ ਦੀ ਨੁਹਾਰ ਵੇਖ ਸਕਣ ਦੀ ਸੋਹਜ ਸਮਰਥਾ ਰਖਣ ਵਾਲੇ ਮਹਾਨ ਆਗੂਓ ! ਆਪਣੇ ਜੀਵਨ ਤਜ਼ਰਬੇ ਦੀ ਦੂਰਬੀਨ ਲਾਕੇ ਸੰਸਾਰਕ ਸਥਿਤੀ ਨੂੰ ਵੇਖੋ ! ਕਿਵੇਂ ਗੁਵਾਂਢੀ ਕੌਮਾਂ ਅਗਾਂਹ ਵਧ ਰਹੀਆਂ ਹਨ, ਆਪਣੀ ਜੀਵਨ ਉਸਾਰੀ ਕਰਨ ਵਿਚ ਦਿਨ ਰਾਤ ਜੁਟੀਆਂ ਹੋਈਆਂ ਹਨ, ਇਸ ਅਗਾਂਹ ਵਧੂ ਜ਼ਮਾਨੇ ਵਿਚ ਵੀ ਅਸਾਡਾ ਸਮਾਜਿਕ ਰੱਥ ਪਿਤਾ ਪੁਰਖੀ ਦੀਆਂ ਪਗਡੰਡੀਆਂ ਤੇ ਰਸਮਾਂ ਰੀਵਾਜਾਂ ਦੀ ਦਲ ਦਲ ਵਿਚ ਫਾਥਾ ਡਕੋ ਡੋਲੇ ਖਾ ਰਿਹਾ ਹੈ। ਕੌਮ ਦੇ ਵਿਚਾਰਾਂ ਵਿਚ ਪ੍ਰੀਵਰਤਨ ਲਿਆ ਸਮਾਜ ਨੂੰ ਸਫਲਤਾ ਦੀ ਸੇਧੇ ਤੁਰਨ ਲਈ ਉਤਸ਼ਾਹਿਤ ਕਰਨਾ ਹਰ ਸਭਾ ਸੁਸਾਇਟੀ ਤੇ ਮੁਖੀ ਆਗੂਆਂ ਦੀ ਜ਼ਿੰਮੇਵਾਰੀ ਹੈ।

ਜਥੇਬੰਦੀ ਤੇ ਇਤਿਹਾਸ ਲਈ U.K. ਦੇ ਕਿਸੇ ਕੇਂਦਰ ਵਿਚ ਕਾਨਫਰੰਸ ਦਾ ਉਦਮ ਉਪਰਾਲਾ ਕਰਨਾ ਹਰ ਕੌਮੀ ਜੀਉੜੇ ਦਾ ਫਰਜ਼ ਹੈ

ਕੌਮ ਦੀ ਕਾਨਫਰੰਸ, ਕੌਮ ਦੇ ਭਵਿਖਤ ਪ੍ਰੋਗਰਾਮ ਵਿਚ ਇਨਕਲਾਬੀ ਤਬਦੀਲੀ ਲਿਆ ਦੇਵੇਗੀ, ਏਕਤਾ ਉਨਤੀ ਤੇ ਜਥੇਬੰਦੀ ਦਾ ਬੁਨਿਆਦੀ ਪੱਥਰ ਧਰੇਗੀ, ਇਤਿਹਾਸ ਜੋ ਸਮਾਜ ਦੀ ਸਭ ਤੋਂ ਵਡੀ ਪਹਿਲੀ ਲੋੜ ਹੈ, ਉਸ ਦੀ ਭੂਮਿਕਾ ਹੀ ਨਹੀਂ ਕਰੇਗੀ, ਸਗੋਂ ਇਤਿਹਾਸ ਦੀ ਜਨਮ ਦਾਤਾ ਬਣੇਗੀ। ਬੇ-ਲੋੜੀਆਂ ਤੇ ਵਾਧੂ ਰਸਮਾਂ ਨੂੰ ਅਗਾੜੀ ਪਛਾੜੀ ਪਾਕੇ ਸਾਰੀ ਕੌਮ ਨੂੰ ਇਕ ਮਰਯਾਦਾ ਵਿਚ ਤੁਰਨ ਲਈ ਪ੍ਰੇਰੇਗੀ, ਜੀਵਨ ਉਸਾਰੀ ਤੇ ਉਤਸ਼ਾਹ ਵਿਚ ਢੇਰ ਵਾਧਾ ਕਰੇਗੀ। ਸੰਖੇਪ ਤੌਰ ਤੇ ਕਾਨਫਰੰਸ ਸਮੁੱਚਾ ਭਾਰਤ ਤੇ U.K. ਦੀ ਬਰਾਦਰੀ ਦੀ ਇਕ ਅਵਾਜ਼, ਇਕ ਸਟੇਜ, ਇਕ ਪਰੋਗਰਾਮ ਬਣਾਵੇਗੀ। ਜਿਸ ਨਾਲ ਕੌਮ ਦਾ ਵਰਤਮਾਨ ਸੁਨਹਿਰੀ ਤੇ ਭਵਿਖਤ ਉਜਲਾ ਬਣੇਗਾ। ਗੁਵਾਂਢੀ ਕੌਮਾਂ ਵਿਚ ਕੌਮ ਦਾ ਸਨਮਾਨ ਵਧੇਗਾ। ਕਾਨਫਰੰਸ ਕਰਾਉਣ ਦਾ ਉਦਮ ਉਪਰਾਲਾ ਕਰਨ

Digitized by Panjab Digital Library | www.panjabdigilib.org

ਵਾਲੇ ਕੌਮ ਦੇ ਉਜਲੇ ਭਵਿਖਤ ਦੇ ਉਸਰਈਏ ਮੰਨੇ ਜਾਣਗੇ, ਸਮਾਜ ਦਾ ਸੁਨਿਹਰੀ ਭਵਿੱਖ ਚਿਤਰਨ ਵਾਲੇ ਮੁਖ ਪਾਤਰ ਹੋਣਗੇ। ਇਤਿਹਾਸ ਉਹਨਾਂ ਦੀ ਕਿਰਤ ਨੂੰ ਸਦਾ ਸੁਨਿਹਰੀ ਅੱਖਰਾਂ ਵਿਚ ਮਾਨ ਨਾਲ ਉਜਾਗਰ ਕਰਦਾ ਰਹੇਗਾ। ਕੌਮ ਉਹਨਾਂ ਦੀ ਕਿਰਤ ਤੇ ਕਿਰਤੱਗ ਹੋਵੇਗੀ।

ਸੋ ਕੌਮ ਦੇ ਮੁਖੀ ਆਗੂਓ ! ਕੌਮ ਦੀ ਕਿਸਮਤ, ਕਰਮ ਖੇਤਰ ਵਿਚ ਨਿਤਰਨ ਲਈ ਵੰਗਾਰ ਰਹੀ ਹੈ, ਧਾਰਮਿਕ ਸਭਾ ਸੁਸਾਇਟੀਆਂ ਨੂੰ ਪੁਕਾਰ ਕੇ ਕਹਿ ਰਹੀ ਹੈ ਕਿ ਜਿਥੇ ਆਪ ਆਪਣਾ ਕੀਮਤੀ ਸਮਾਂ ਤੇ ਸਰਮਾਇਆ ਖਰਚ ਕਰਕੇ ਹਰ ਗੁਰਪੁਰਬ, ਸਮੇਂ ਸਿਰ ਮਨਾਕੇ ਪਿਆਰ ਸ਼ਰਧਾਂਜਲੀ ਭੇਟ ਕਰਕੇ ਲੋਕ ਸੁਖੀ ਪ੍ਰਲੋਕ ਸੁਹੇਲੇ ਹੋਣ ਦਾ ਮਾਣ ਪ੍ਰਾਪਤ ਕਰਦੇ ਹੋ, ਉਥੇ ਕੌਮ ਦੀ ਏਕਤਾ ਉਨਤੀ ਤੇ ਇਤਿਹਾਸ ਲਈ ਕਿਸੇ ਕੇਂਦਰੀ ਗੜ੍ਹ ਵਿਚ ਕੌਮਾਂਤਰੀ ਪਧਰ ਤੇ ਕੌਮੀ ਕਾਨਫਰੰਸ ਕਰਾਕੇ ਸਮਾਜਿਕ ਸੇਵਾ ਦਾ ਸੇਹਰਾ ਖਟੋ। ਇਹ ਸਭ ਤੋਂ ਵਡੀ ਕੌਮ ਦੀ ਸੇਵਾ ਹੈ। ਪਹਿਲ ਕਰਨ ਤੋਂ ਝਿਜਕੋ ਨਾਂ, ਸਫਲਤਾ ਤੁਹਾਡਾ ਸੁਆਗਤ ਕਰੇਗੀ।

ਇਸ ਜੁਗ ਵਿਚ ਜਿਸ ਕੌਮ ਦਾ
ਇਤਿਹਾਸ ਅਧੂਰਾ।
'ਸ਼ਾਦ' ਅਪੂਰਨ ਉੱਨਤੀ
ਜਗਜੀਵਨ ਊਰਾ ।

ਆਸ ਹੈ ਆਪਣੀ ਸ਼ੁਭ ਵਿਚਾਰ ਸਮੇਤ ਸਿਆਣਾ ਸੁਝਾਓ ਦੇ ਕੇ ਕੌਮ ਦੀ ਜੀਵਨ ਉਸਾਰੀ ਵਿਚ ਆਪਣਾ ਪੂਰਨ ਹਿਸਾ ਪਾਉਣ ਦਾ ਪਰਉਪਕਾਰ ਕਰਕੇ ਸਮਾਜਿਕ ਸੇਵਾ ਦਾ ਮਾਨ ਪ੍ਰਾਪਤ ਕਰੋਗੇ। ਬੜੀਆ ਆਸਾਂ ਨਾਲ ਉਤਰ ਦੀ ਉਡੀਕ ਵਿਚ,

ਸੰਗਤਾਂ ਦਾ ਚਰਨ ਸੇਵਕ
ਗਿ: ਰਤਨ ਸਿੰਘ 'ਸ਼ਾਦ'
24-9-68

— —

Digitized by Panjab Digital Library | www.panjabdigilib.org

ਸਮੂੰਹ ਕੌਮੀ ਸੇਵਕਾਂ ਦੀ 17-9-67 ਨੂੰ ਬ੍ਰਿਸਟਲ ਵਿਚ ਹੋਈ ਇਕੱਤਰਤਾ ਸਮੇਂ ਕਨਵੀਨਰ ਵਲੋਂ ਭਰਪੂਰ ਪ੍ਰੇਰਨਾ

ਸਭ ਤੋਂ ਪਹਿਲਾਂ ਸਿੱਖ ਧਰਮ ਦੀ ਚੜ੍ਹਦੀ ਕਲਾ ਤੇ ਕੌਮ ਦੀ ਏਕਤਾ ਉੱਨਤੀ ਲਈ ਅਰਦਾਸਾ ਸੋਧ, ਉਪਰੰਤ ਇਕ ਕੌਮ ਦਰਦੀ ਨੌਜਵਾਨ ਸਾਥੀ ਦੀ ਮੀਟਿੰਗ ਵਾਲੇ ਦਿਨ ਪੁਜੀ ਪ੍ਰੇਰਨਾ ਭਰਪੂਰ ਪਤਰਕਾ ਪੜ੍ਹੀ, ਜੋ ਪਾਠਕਾਂ ਦੀ ਦਰਿਸ਼ਟੀ ਗੋਚਰ ਵੀ ਕੀਤੀ ਜਾਂਦੀ ਹੈ :-

ੴ ਵਾਹਿਗੁਰੂ ਜੀ ਕੀ ਫਤਹਿ ।

15-9-67

ਥਿਰੁ ਘਰ ਬਹਿਸੋ ਹਰਿ ਜਨੁ ਪਿਆਰੇ ।
ਸਤਿਗੁਰ ਤੁਮਰੇ ਕਾਜ ਸਵਾਰੇ ॥

ਭਾਟਿ ਪ੍ਰਵਾਨਿਓ,

ਚਿਰਾਂ ਦੀਆਂ ਆਸਾਂ ਸਨ ਕਿ ਆਪਣੀ ਪਿਆਰੀ ਕੌਮ ਦੀ ਵਾਗ ਡੋਰ ਸੰਭਾਲਣ ਵਾਲਾ ਕੋਈ ਨਿਤਰੇ ਅਤੇ ਵਿਗੜੀ ਬਨਾਵੇ। ਅਜ ਆਸਾਂ ਪੂਰੀਆਂ ਹੁੰਦੀਆਂ ਨਜ਼ਰ ਆ ਰਹੀਆਂ ਹਨ, ਮੇਰੀ ਕੌਮ ਦੇ ਹਮਦਰਦ ਆਗੂ ਅਜ ਇਕੱਠੇ ਬਹਿਕੇ ਸਾਡਾ ਭਵਿੱਖ ਉਲੀਕਨ ਲਗੇ ਹਨ।

ਮੇਰੀ ਸਮਝ ਅਨੁਸਾਰ ਕੌਮ ਨੂੰ ਸੁਧਾਰਨ ਲਈ ਅਤੇ ਕੌਮ ਦਾ ਵਿਸਰਿਆ ਸੱਚਾ ਉਕਰਨ ਲਈ ਕੁਰਬਾਨੀ (ਸ਼ਹੀਦੀ) ਦੀ ਲੋੜ ਨਹੀਂ ਸਗੋਂ ਕਿਸੇ ਲਿਖਾਰੀ ਨੇ ਠੀਕ ਹੀ ਲਿਖਿਆ ਹੈ, ਭੁਖ ਮੌਤ ਨਾਲੋਂ ਜ਼ਿਆਦਾ ਦੁਖਦਾਈ ਹੁੰਦੀ ਹੈ। ਸਾਨੂੰ ਜ਼ਿੰਦਗੀ ਕੁਰਬਾਨ ਕਰਨ ਥਾਂ ਆਪਣੀ ਰੋਟੀ ਅਤੇ ਅਮੀਰੀ ਦੀ ਸ਼ਹੀਦੀ ਦੇਣ ਨਾਲ ਸਾ'ਡਾ ਚਿਤਰ ਉਕਰਿਆ ਜਾ ਸਕਦਾ ਹੈ ਅਤੇ ਫੇਰ ਇਸ ਚਿੱਤਰ ਨੂੰ ਅਸਲੀਅਤ ਵਿਚ ਲਿਆਉਣ ਲਈ ਸ਼ਾਇਦ ਸ਼ਹੀਦੀ ਦੀ ਲੋੜ ਪਵੇ, ਪਰ ਪਹਿਲਾਂ ਅਸੀਂ ਚਿਤਰ ਉਕਰਨਾ ਹੈ। ਇਸ ਨੂੰ ਉਕਰਨ

Digitized by Panjab Digital Library | www.panjabdigilib.org

ਲਈ ਇਕ ਚੋਟੀ ਦੇ ਆਰਟਿਸਟ (ਚਿਤਰਕਾਰ) ਅਤੇ ਬਹੁਤ ਸਾਰੇ ਆਲ੍ਹਾ ਸਹਾਇਕਾਂ ਦੀ ਲੋੜ ਹੈ। ਆਰਟਿਸਟ ਤੋਂ ਭਾਵ ਲੀਡਰ ਹੈ। ਇਸ ਚਿਤਰਕਾਰ ਨੂੰ ਲੱਭਣ ਲਈ ਸ਼ਾਇਦ ਸਭ ਤੋਂ ਚੰਗਾ ਢੰਗ ਇਕ ਵਡਾ ਬਰਾਦਰੀ ਦਾ ਇਕੱਠ ਹੋਵੇ (ਜਿਸ ਤਰ੍ਹਾਂ ਕਿ ਮਹਾਰਾਜਾ ਰਣਜੀਤ ਸਿੰਘ ਕਰਿਆ ਕਰਦਾ ਸੀ)। ਇਸੇ ਇਕੱਠ ਵਿਚ ਵੱਧ ਤੋਂ ਵੱਧ ਗੁਣਕਾਰ ਸਦੇ ਜਾਣ ਜੋ ਛਾਤੀ ਤੇ ਹਥ ਮਾਰਕੇ ਕਹਿੰਦੇ ਹਨ ਅਸੀਂ ਕੌਮ ਸੁਧਾਰ ਕਢਾਂਗੇ, ਆਪਾ ਗੁਵਾ ਦਿਆਂਗੇ, ਤੇ ਫੇਰ ਵੇਖਿਆ ਜਾਵੇ ਕਿ ਆਮ ਜਨਤਾ ਦੀ ਨਜ਼ਰ ਕਿਸ ਤੇ ਹੈ, ਕਿਸ ਨੂੰ ਜ਼ਿਆਦਾ ਸਪੋਰਟ ਮਿਲਦੀ ਹੈ ਤੇ ਫੇਰ ਉਸਨੂੰ ਲੋਭ, ਕਰੋਧ, ਹੰਕਾਰ ਰਹਿਤ ਆਪਾ ਵਾਰਨ ਵਾਲੇ, ਸਮੇਂ ਦਾ ਕਦਰ ਦਾਨ, ਰਬੀ ਕਲਾਕਾਰ ਜਿਸ ਵਿਚ ਸਚਮੁਚ ਕੌਮੀ ਪਿਆਰ ਠਾਠਾਂ ਮਾਰਦਾ ਹੋਵੇ ਅਤੇ ਬਹੁਕਲਾ ਭਰਪੂਰ ਲੀਡਰ ਮੰਨ ਲਈਏ ਤਾਂ ਜੋ ਸਾਡਾ ਯੁਗ ਪਲਟ ਜਾਏ।

ਬੇਨਤੀ ਹੈ ਕਿ ਮੇਰੇ ਵਰਗੇ ਹਜ਼ਾਰਾਂ ਅੱਜ ਦੇ ਇਕੱਠ ਦਾ ਨਤੀਜਾ ਦਿਲ ਤੇ ਹੱਥ ਰਖਕੇ ਉਡੀਕ ਰਹੇ ਹਨ। ਆਪਸ ਵਿਚ ਪਿਆਰ, ਮਿਲਵਰਤਣ, ਇਕ ਦੂਜੇ ਦੀ ਦਲੀਲ ਨੂੰ ਸੁਣਨਾ, ਵੀਚਾਰਨਾ ਤੇ ਫੇਰ ਫੈਸਲਾ ਦੇਣਾ, ਸੈਲਫਿਸ਼ਨੈਸ ਨੂੰ ਦੂਰ ਨਵੇਕਲੇ ਭੇਜਕੇ, ਇਹ ਸੋਚਨਾ ਕਿ ਇਹ ਬੈਠੇ ਸਜਨ ਭਾਟ ਕੌਮ ਦੇ ਸ਼ਰੀਰ ਦੇ ਦੀਮਾਗ ਹਨ। ਜਿਸ ਤਰ੍ਹਾਂ ਇਨਸਾਨ ਦਾ ਦੀਮਾਗ ਆਪ ਣੇ ਸ਼ਰੀਰ ਦੇ ਸੁਖ ਲਈ ਸੋਚਦਾ ਹੈ ਇਸੇ ਤਰ੍ਹਾਂ ਸਾਰੇ ਦੀਮਾਗ ਆਪਣੇ ਸ਼ਰੀਰ ਭਾਟੜਾ ਬਰਾਦਰੀ (ਸੰਗਤ) ਦੀ ਭਲਿਆਈ ਨੂੰ ਸੋਚਨਾ ਹੈ।

Every body Cannot be a leader, but who can succeed only if Every body can help and fallow the leader.

ਉਪਰੋਕਤ ਅੰਗਰੇਜ਼ੀ ਮੁਹਾਵਰੇ ਤੇ ਜਰਾ ਧਿਆਨ ਦੇਣਾ ਅਤੇ ਆਖਰੀ ਬੇਨਤੀ ਹੈ ਮੀਟਿੰਗ ਸ਼ੁਰੂ ਹੋਣ ਤੇ ਗੁਰੂ ਮਹਾਰਾਜ ਦੇ ਚਰਨਾਂ ਵਿਚ ਅਰਦਾਸ ਕਰਨੀ ਨਾ ਭੁਲਣਾਂ।

ਮੈਂ ਹਾਂ
ਭਾਟੜਾ ਸੰਗਤ ਦਾ ਕੂਕਰ
(S. S.)

ਸੁਧਾਰ ਵਾਦੀ ਬੋਰਡ ਤੇ ਕਾਨਫਰੰਸ ਦਾ ਆਦਿ

17-9-67

ਪ੍ਰੇਮ ਸਤਿਕਾਰ ਜੋਗ ਸਾਥੀਓ !

ਆਪ ਜੀ ਨੇ ਜਦ ਮਾਨਚੈਸਟਰ 21.5.67 ਦੀ ਰਾਤ ਨੂੰ ਜੋ ਸਰਬ ਹਿੰਦ ਭਾਟਰਾ ਯੂਨੀਅਨ ਦੇ ਸਿਰ ਕੱਢ ਵਰਕਰਾਂ ਦੀ ਮੀਟਿੰਗ ਕਰਨ ਦੀ ਬਾਬਤ ਸਮੂੰਹ ਸਾਥੀਆਂ ਨੂੰ ਪਤਰਕਾਵਾਂ ਲਿਖਕੇ ਰਾਏ ਪ੍ਰਾਪਤ ਕਰਨ ਤੇ ਮੀਟਿੰਗ ਦਾ ਪਰਬੰਧ ਕਰਨ ਲਈ ਦਾਸ ਦੀ ਜ਼ਿੰਮੇਵਾਰੀ ਲਾਈ ਸੀ, ਉਸ ਸਮੂੰਹ ਸਾਥੀਆਂ ਦੀ ਸੌਂਪੀ ਸੇਵਾ ਨੂੰ ਮੁੱਖ ਰੱਖ, ਸਮੁੱਚਾ

Digitized by Panjab Digital Library | www.panjabdigilib.org

ਕੌਮ ਸੇਵਾ ਸੁਧਾਰ ਦੀ ਭੂਮਿਕਾ ਦੇ ਰਚਨਹਾਰ

ਸੁਧਾਰਵਾਦੀ ਬੋਰਡ U, K. ਦੇ ਕੌਮੀ ਨੇਤਾਵਾਂ ਦਾ ਇਤਿਹਾਸਿਕ ਯਾਦਗਾਰੀ ਚਿਤਰ

ਖਬੇ ਤੋਂ ਸਜੇ ਪਿਛਲੀ ਲਾਈਨ :—

ਸ: ਸਵਰਨ ਸਿੰਘ ਜੀ "ਪ੍ਰਿਲਾਦ", ਸ: ਖੇੜਾ ਸਿੰਘ ਜੀ "ਜੰਗੀ", ਸ: ਝੰਡਾ ਸਿੰਘ ਜੀ "ਪਟੇਲ" ਗਿ ਆਨੀ ਸੁੰਦਰ ਸਿੰਘ ਜੀ "ਸਾਗਰ", ਸ: ਕੁਲਵੰਤ ਸਿੰਘ ਜੀ "ਗੁਪਤਾ" ।

ਪਹਿਲੀ ਲਾਈਨ :—

ਗਿਆਨੀ ਅਮਰ ਸਿੰਘ ਜੀ "ਅਮਰ" ਗਿਆਨੀ ਹਰਨਾਮ ਸਿੰਘ ਜੀ "ਕੌਮੀ" ਸ: ਅਮਰ ਜੀਤ ਸਿੰਘ ਜੀ "ਮਝੈਲ" ਤੇ ਗਿਆਨੀ ਰਤਨ ਸਿੰਘ "ਸ਼ਾਦ" ਕਨਵੀਨਰ ਸੁਧਾਰਵਾਦੀ ਬੋਰਡ U.K. ।

ਇਸ ਚਿਤ੍ਰ ਤੋਂ ਇਲਾਵਾ ਹੇਠ ਲਿਖੇ ਸਾਥੀ ਸੁਧਾਰਵਾਦੀ ਬੋਰਡ U.K. ਦੇ ਮੁਖੀ ਵਰਕਰ ਹਨ । ਗਿ: ਅਮੋਲਕ ਸਿੰਘ ਜੀ "ਅੰਮ੍ਰਿਤ", ਗਿ: ਮਖਣ ਸਿੰਘ ਜੀ "ਮ੍ਰਿਗਿੰਦ", ਸ: ਬਾਕੁੰਠ ਸਿੰਘ ਜੀ "ਹਮਦਰਦ" ਤੇ ਗਿ: ਸ਼ਮਸ਼ੇਰ ਸਿੰਘ ਜੀ "ਤਰਿਪਤ" । ਵਧੇਰੇ ਜਾਣਕਾਰੀ ਲਈ ਲੇਖਕ ਦਾ ਸੰਪਾਦਕੀ ਲੇਖ ਪੁਰਾਣੇ ਸਮਾਜਕ ਸੇਵਾਦਾਰਾਂ ਦਾ ਸੰਗਠਨ ਸੰਗਤ ਸਮਾਚਾਰ ਜਨਵਰੀ 1971 ਪੜ੍ਹੋ ।

Digitized by Panjab Digital Library | www.panjabdigilib.org

ਬ੍ਰਮਿੰਘਮ ਦੇ ਸੰਪ੍ਰਦਿਕ ਨੇਤਾਵਾਂ ਦਾ ਯਾਦਗਾਰੀ ਚਿਤਰ

ਆਪ ਹਨ ਧਰਮ ਤੇ ਸਮਾਜ ਦੇ ਅਨਥਕ ਕੌਮੀ ਸੇਵਾ ਸੰਪ੍ਰਦਿਕ ਨੇਤਾ, ਜਿਨ੍ਹਾਂ U. K. ਦੇ ਦਿਲ, ਮਿਡਲੈਂਡ ਦੇ ਕੇਂਦਰ, ਬ੍ਰਮਿੰਘਮ ਵਿਖੇ 1958 ਵਿਚ ਗੁਰਦੁਆਰਾ ਸਥਾਪਤ ਕਰਕੇ ਜਿਥੇ ਖਾਲਸਾਹੀ ਨਿਸ਼ਾਨ ਲਹਿਰਾਕੇ ਧਰਮ ਪ੍ਰਚਾਰ ਦੀ ਮੋੜ੍ਹੀ ਗਡੀ ਓਥੇ ਸਮਾਜਿਕ ਏਕਤਾ ਜਥੇਬੰਦੀ ਵਿਚ ਪ੍ਰਸੰਸਾ ਯੋਗ ਹਿਸਾ ਪਾ ਰਹੇ ਹਨ।

ਪਿਛਲੀ ਕਤਾਰ ਵਿਚ ਖਬਿਓ ਸਜੇ :—

ਸ: ਮਖਣ ਸਿੰਘ ਜੀ "ਗਾਫਾ"——————————————ਸ: ਜੁਗਿੰਦਰ ਸਿੰਘ ਜੀ ਗੋਲਾ, ਸ: ਬਨਾਰਸੀ ਸਿੰਘ ਜੀ "ਲਾਂਡਾ", ਸ: ਲਾਲ ਸਿੰਘ ਜੀ ਭਾਕੜ, ਸ: ਨਰਿੰਜਨ ਸਿੰਘ ਜੀ, ਸ: ਬਹਾਦਰ ਸਿੰਘ ਜੀ ਲਾਂਡਾ, ਸ: ਦਰਸ਼ਨ ਸਿੰਘ ਜੀ ਚੌਧਰੀ, ਸ: ਸਵਰਨ ਸਿੰਘ ਜੀ ਲੋਈਆ, ਸ: ਟਹਿਲ ਸਿੰਘ ਜੀ ਸੁਆਲੀ, ਸ: ਦਰਸ਼ਨ ਸਿੰਘ ਜੀ "ਰਾਮਾ", ਸ: ਬਲਵੰਤ ਸਿੰਘ ਜੀ ਸੁਆਲੀ ਤੇ ਸ: ਕੁਲਵੰਤ ਸਿੰਘ ਜੀ "ਗੁਪਤਾ"।

ਵਿਚਲੀ ਕਤਾਰ ਵਿਚ ਖਬਿਓਂ ਸਜੇ :—

ਸ: ਵਰਿਆਮ ਸਿੰਘ ਜੀ "ਭਗਤ", ਬਜ਼ੁਰਗ ਵੀਰ ਸਿੰਘ ਜੀ ਸੁਆਲੀ, ਸ: ਬਨਾਰਸੀ ਸਿੰਘ ਜੀ "ਚਾਰਲੀ", ਸ: ਹਰਬੰਸ ਸਿੰਘ ਜੀ ਦਿਗਵਾ, ਸ: ਮੁਖਤਿਆਰ ਸਿੰਘ ਜੀ ਭਾਕੜ, ਸ: ਰਾਏ ਮਹਿੰਦਰ ਸਿੰਘ ਜੀ ਲਾਂਡਾ, ਸ: ਪਿਆਰਾ ਸਿੰਘ ਜੀ ਰਾਠੌਰ ਤੇ ਸ: ਭਗਵਾਨ ਸਿੰਘ ਜੀ ਦਿਲਪਾਲ।

ਫਰੰਟ ਵਿਚ ਬੈਠੇ ਖਬਿਓਂ ਸਜੇ :—

ਸ: ਗੋਦੀ ਸਿੰਘ ਜੀ ਸੁਆਲੀ, ਬਚਿਆਂ ਤੋਂ ਬਾਦ, ਸ: ਬਾਬੂ ਸਿੰਘ ਜੀ ਦਿਗਪਾਲ ਤੇ ਸ: ਮਾਨ ਸਿੰਘ ਜੀ "ਸੇਵਕ"।*

---

* ਇਹ ਯਾਦਗਾਰੀ ਇਤਹਾਸਿਕ ਚਿਤਰ ਦੀ ਪ੍ਰਾਪਤੀ ਸ: ਮਾਨ ਸਿੰਘ ਜੀ "ਸੇਵਕ" ਪਾਸੋਂ ਹੋਈ—ਧੰਨਵਾਦ।

Digitized by Panjab Digital Library | www.panjabdigilib.org

ਸ੍ਰੀਮਤੀ ਵਿਜੇ ਲਕਸ਼ਮੀ ਮਾਨਚੈਸਟਰ ਦੇ ਕੌਮੀ ਨੇਤਾਵਾਂ ਨਾਲ

ਇੰਗਲੈਂਡ ਵਿਚ ਸੰਗਤ ਭਾਟੜਾ ਸੰਪ੍ਰਦਾ ਦਾ ਸਭ ਤੋਂ ਪਹਿਲਾ ਤੇ ਸਰਬ-ਸਾਝਾ ਗੁਰਦੁਆਰਾ, ''ਨਾਨਕ ਨਿਰੰਕਾਰੀ ਗੁਰਦੁਆਰਾ'' ਮਾਨਚੈਸਟਰ 1954 ਨੂੰ ਬਣਿਆ ਜਿਸਦੀ ਹਾਜ਼ਰੀ ਭਰਨ ਭਾਰਤੀ ਰਾਜਦੂਤ ਵਿਜੇ ਲਕਸ਼ਮੀ ਜੀ ਅਨੇਕਾਂ ਭਾਰਤੀ ਕਰਮਚਾਰੀਆਂ ਸਮੇਤ ਪੁਜੇ। ਇਸ ਚਿਤਰ ਵਿਚ ਅਨੇਕਾਂ ਕੌਮੀ ਨੇਤਾਵਾਂ ਨਾਲ ਲਾਰਡਮੇਅਰ ਆਫ ਮਾਨਚੈਸਟਰ ਤੇ ਭਾਰਤੀ ਰਾਜ ਦੂਤ ਵਿਜੇ ਲਕਸ਼ਮੀ ਜੀ ਦਰਮਿਆਨ ਖੜੇ ਹਨ।

ਖਬਿਓਂ ਸਜੇ—ਮਾਨਚੈਸਟਰ ਵਿਚ ਧਰਮ ਪ੍ਰਚਾਰ ਦੀ ਮੋੜੀ ਗਡਨ ਵਾਲੇ ਸ: ਕੀਲ ਸਿੰਘ ਜੀ ''ਲੰਡਾ'', ਨਾਨਕ ਨਿਰੰਕਾਰੀ ਗੁਰਦੁਆਰਾ ਮਾਨਚੈਸਟਰ ਦੇ ਪ੍ਰਧਾਨ ਸ: ਖਜਾਨ ਸਿੰਘ ਜੀ ਭਾਕੜ, ਸਮਾਜ ਵਿਚ ਨਵੀਨ ਲੀਹਾਂ ਪਾਉਣ ਵਾਲੇ ਨਿਰਮਾਤਾ ਗਿਆਨੀ ਸੁੰਦਰ ਸਿੰਘ ਜੀ ''ਸਾਗਰ'', ਅਗਾਂਹ ਵਧੂ ਵਿਚਾਰਾਂ ਦੇ ਸੁਆਮੀ ਸ: ਬਹਾਦਰ ਸਿੰਘ ਜੀ ''ਰਤਨ'' ਤੇ ਸਮਾਜਕ ਇਨਕਲਾਬ ਦਾ ਸੁਆਗਤ ਕਰਨ ਵਾਲੇ ਸ੍ਰ: ਦਲੀਪ ਸਿੰਘ ਜੀ ਦਿਗਵਾ ਖੜੇ ਹਨ।

Digitized by Panjab Digital Library | www.panjabdigilib.org

ਕਾਰਡੀਫ ਗੁਰਦੁਆਰਾ ਦੇ ਮੁਢਲੇ ਕੌਮੀ ਸੇਵਕਾਂ ਦਾ ਯਾਦਗਾਰੀ ਚਿਤਰ

ਵੇਲਜ਼ ਦੇ ਪ੍ਰਮੁਖ ਕੇਂਦਰ ਕਾਰਡੀਫ ਵਿਚ 1955 ਨੂੰ ਸੰਗਤ ਭਾਟੜਾ ਸੰਪ੍ਰਦਾ ਦਾ ਦੂਸਰਾ ਤੇ ਸ੍ਰਬਸਾਂਝਾ ਗੁਰਦੁਆਰਾ "ਦਸਮੇਸ਼ ਸਿੰਘ ਸਭਾ ਭਾਟਰਾ ਗੁਰਦੁਆਰਾ" ਬਣਿਆ, ਆਂਢੀਆਂ ਗੁਆਂਢੀਆਂ ਨੇ ਅਨੇਕਾਂ ਰੀਪੋਰਟਾਂ ਕੀਤੀਆਂ ਇਸ ਸਥਿਤੀ ਨੂੰ ਮੁਖ ਰਖ ਕੇ ਪ੍ਰਬੰਧਕ ਕਮੇਟੀ ਨੇ ਲਾਰਡਮੇਅਰ ਕਾਰਡੀਫ, ਜਾਰਜ ਥਾਮਸ M.P. ਤੇ ਪੁਲਸ ਚੀਫ ਨੂੰ ਗੁਰਦੁਆਰੇ ਵਿਚ ਸਦਿਆ, ਇਹ ਉਸ ਸਮੇਂ ਦਾ ਯਾਦਗਾਰੀ ਚਿਤਰ ਹੈ ।



ਖਬਿਓਂ ਸਜੇ:—ਸ: ਸਰਦਾਰ ਸਿੰਘ ਜੀ ਰਸੀਲਾ ਟਰਸਟੀ, ਸ: ਜੀਤ ਸਿੰਘ ਜੀ "ਕੰਵਲ" ਮੈਂਬਰ, ਸ: ਵਲੈਤੀ ਸਿੰਘ ਜੀ ਰਫੀਕ ਜ: ਸਕਤ੍ਰ, ਸ: ਕਰਨੈਲ ਸਿੰਘ ਜੀ ਮੈਂਬਰ, ਸ: ਚਰਨ ਸਿੰਘ ਜੀ, ਸ੍: ਝੰਡਾ ਸਿੰਘ ਜੀ ਪਟੇਲ ਟਰਸਟੀ,ਗਿਆਨੀ ਰਤਨ ਸਿੰਘ ਜੀ "ਸ਼ਾਦ" ਐਡਵਾਇਜਰ ਤੇ ਟਰਸਟੀ, ਸ੍: ਪ੍ਰਤਾਪ ਸਿੰਘ ਜੀ ਮੀਤ ਪ੍ਰਧਾਨ ਤੇ ਟਰਸਟੀ, ਗਿਆਨੀ ਹਰਨਾਮ ਸਿੰਘੀ ਜੀ 'ਕੌਮੀ' ਪ੍ਰਧਾਨ ਤੇ ਟਰਸਟੀ, ਗ੍ਰੰਥੀ ਮੰਗਲ ਸਿੰਘ ਜੀ "ਦਰਦੀ", ਸ੍: ਮੇਹਰ ਸਿੰਘ ਜੀ ਲਾਂਡਾ ਖਜਾਨਚੀ ਤੇ ਟਰਸਟੀ, ਸ: ਭਗਤ ਸਿੰਘ ਜੀ "ਸੀਤਲ" ਟਰਸਟੀ, ਸ੍: ਮੋਹਕਮ ਸਿੰਘ ਜੀ "ਆਲਿਮ" ਮੈਂਬਰ ।

Digitized by Panjab Digital Library | www.panjabdigilib.org

ਸਾਥੀਆਂ ਦੀਆਂ ਪੱਤਰਕਾਵਾਂ ਰਾਹੀਂ ਵਿਚਾਰਾਂ ਇਕੱਤਰ ਕਰਨ ਦਾ ਆਪਣੀ ਸੋਹਜ ਸਮਰੱਥਾ ਅਨੁਸਾਰ ਜਤਨ ਕੀਤਾ ਗਿਆ ਹੈ।

ਇਹ ਮੈਂ ਹੀ ਸਮਝਦਾ ਹਾਂ ਕਿ ਇਸ ਇਕੱਤਰਤਾ ਕਰਨ ਦੀ ਬਾਬਤ ਕਿਨ੍ਹਾਂ ਕਿਨ੍ਹਾਂ ਦਰਿਆਂ ਵਿਚੋਂ ਵਿਚਰਨਾ ਪਿਆ। ਅਨੇਕਾਂ ਸਾਥੀਆਂ ਨੂੰ ਇਕ ਨਹੀਂ ਤਿੰਨ ਤਿੰਨ ਚਾਰ ਚਾਰ ਪਤਰਕਾਵਾਂ ਪਾਕੇ, ਟੈਲੀਫੋਨ ਤੇ ਪ੍ਰੇਰਨਾਵਾਂ ਕਰਕੇ ਮਨਜ਼ੂਰੀ ਲਈ ਗਈ। ਚਾਰ ਮਹੀਨਿਆਂ ਦੇ ਕਰੀਬ ਲੰਮੇ ਅਰਸੇ ਤੋਂ ਬਾਦ ਅਜ ਉਹ ਭਾਗਾਂ ਭਰਿਆ ਦਿਨ ਆਇਆ ਹੈ।

ਮੈਨੂੰ ਯਾਦ ਹੈ ਕਿ ਅੱਜ ਦੀ ਮੀਟਿੰਗ ਤੋਂ ਪਹਿਲਾਂ ਵੀ ਇਕ ਦੋ ਵਾਰ ਮੀਟਿੰਗਾਂ ਹੋਈਆਂ ਹਨ, ਪਰ ਅੱਜ ਦੀ ਮੀਟਿੰਗ ਸੱਦਾ-ਪੱਤਰਾਂ ਰਾਹੀਂ ਹੋਈ ਪਹਿਲੀ ਮੀਟਿੰਗ ਕਹੀ ਜਾ ਸਕਦੀ ਹੈ।

ਇਸ ਤੋਂ ਪਹਿਲਾਂ ਇਕ ਵੇਰ ਜਦ ਅਸਾਡੇ ਮੁਢਲੇ ਸ੍ਰੀਮਾਨ ਸੂਫੀ ਸਾਹਿਬ ਜੀ ਦੇ ਅੰਤਮ ਸਮੇਂ ਇਕੱਤਰ ਹੋਏ ਸਾਥੀਆਂ ਨੇ, ਸਰਬ ਹਿੰਦ ਭਾਟਰਾ ਯੂਨੀਅਨ ਦੀ ਮੀਟਿੰਗ ਕਰਨ ਲਈ ਮੇਰੀ ਜ਼ਿੰਮੇਵਾਰੀ ਲਾਈ ਸੀ, ਜਿਸ ਨੂੰ ਨਿਭਾਉਂਦਿਆ 26.7.64 ਨੂੰ ਮਾਨਚੈਸਟਰ ਵਿਚ ਨਿਰੋਲ 9 ਸਾਥੀਆਂ ਦੀ ਇਕੱਤਰਤਾ ਕਰਨ ਲਈ ਸੱਦਾ-ਪਤਰ ਕੀਤਾ ਗਿਆ ਸੀ, ਜਿਸ ਦਾ ਇਜੰਡਾ ਸੀ :

1. ਵਿਛੜ ਚੁਕੇ ਸਾਥੀਆਂ ਦੀ ਯਾਦ ਤੇ ਵਿਚਾਰ
2. ਯੂਨੀਅਨ ਦਾ ਹਿਸਾਬ ਤੇ ਦੁਬਾਰਾ ਵਿਚਾਰ
3. ਸੁਸਾਇਟੀ ਦੇ ਭਵਿਖਤ ਤੇ ਵਿਚਾਰ
4. ਫੁਟਕਲ ਵਿਚਾਰਾਂ ਸਨ।

ਉਪਰੋਕਤ ਮੀਟਿੰਗ ਲਈ ਸਾਥੀਆਂ ਦੀ ਸੌਂਪੀ ਸੇਵਾ ਨੂੰ ਨਿਭਾਉਣ ਵਾਸਤੇ ਮੈਂ ਬ੍ਰਿਸਟਲ ਤੋਂ ਰਾਤ ਦੇ ਬਾਰਾਂ ਦੀ ਟਰੇਨ ਫੜ ਪਰਭਾਤ ਨੂੰ ਮਾਨਚੈਸਟਰ ਪੁਜਾ, ਪਰ ਮੈਨੂੰ ਬੜੇ ਦੁਖ ਭਰੇ ਦਿਲ ਨਾਲ ਕਹਿਣਾ ਪੈਂਦਾ ਹੈ ਕਿ ਬਾਹਰੋਂ ਕਿਸੇ ਇਕ ਸਾਥੀ ਨੇ ਵੀ ਮੀਟਿੰਗ ਵਿਚ ਆਉਣ ਦੀ ਖੇਚਲ ਨਹੀਂ ਸੀ ਕੀਤੀ। ਕਈ ਇਕ ਸਾਥੀ ਲੋਕਲ ਹੁੰਦਿਆਂ ਵੀ ਨਹੀਂ ਸਨ ਪੁਜੇ। ਮੈਂ ਸਾਰਾ ਦਿਨ ਉਡੀਕ ਉਡੀਕ, ਖੇਚਲ ਤੇ ਖਰਚ ਕਰਕੇ ਨਿਰਾਸ਼ ਹੋ ਕੇ ਘਰ ਪਰਤਿਆ ਸਾਂ। ਇਸੇ ਵਾਸਤੇ ਮੈਂ ਦੁਬਾਰਾ ਜ਼ਿੰਮੇਵਾਰੀ ਲੈਣ ਲੱਗਿਆਂ ਕਤਰਾਉਂਦਾ ਸਾਂ, ਪਰ ਸਾਥੀਆਂ ਦੇ ਮਜਬੂਰ ਕਰਨ ਤੇ ਇਸ ਹੁਕਮ ਦੀ ਪਾਲਣਾ ਕਰਨੀ ਪਈ।

ਜਿਸ ਨੂੰ ਆਪਣਾ ਫਰਜ਼ ਸਮਝਕੇ ਨਿਭਾਇਆ ਹੈ, ਹੋ ਸਕਦਾ ਹੈ ਕਿ ਕੋਈ ਊਣਤਾਈ ਰਹਿ ਗਈ ਹੋਵੇ, ਜਿਸ ਦੀ ਮੈਂ ਖਿਮਾਂ ਮੰਗਦਾ ਹੋਇਆ ਕੁਝ ਕੁ ਬਿਨੇ ਕਰਨਾ ਲੋੜਦਾ ਹਾਂ।

Digitized by Panjab Digital Library | www.panjabdigilib.org

ਸਾਥੀਓ ! ਅੱਜ ਦੀ ਸਮਾਜਿਕ ਸਥਿਤੀ ਮੰਗ ਕਰਦੀ ਹੈ ਕਿ ਆਪੋ ਵਿਚ ਦੀ ਖਿਚੋ ਤਾਣ ਨੂੰ ਖਤਮ ਕਰੋ । ਇੱਕ ਦੂਏ ਦੇ ਉਲਟ ਜਜ਼ਬੇ ਦੇ ਕੰਡੇ ਨੂੰ ਪਿਆਰ ਮਿਲ ਵਰਤਣ ਤੇ ਸਿਆਣਪ ਨਾਲ ਕਢਕੇ, ਖਿਮਾਂ ਦੇ ਬੁਰਸ਼ ਨਾਲ ਕੋਝੇ ਧੱਬੇ ਮੇਟਕੇ, ਸਾਂਝ ਦਾ ਪਹਿਲੇ ਵਰਗਾ ਖੇੜਾ ਲਿਆਉ ਤੇ ਸਮਾਜ ਸੁਧਾਰ ਦੇ ਕੀਤੇ ਪ੍ਰਣ ਦੀ ਪਾਲਣਾ ਕਰੋ ।

ਮੈਨੂੰ ਇਹ ਵਿਚਾਰ ਕੇ ਆਖਦਿਆਂ ਖੁਸ਼ੀ ਮਹਿਸੂਸ ਹੁੰਦੀ ਹੈ ਕਿ ਤੁਸੀਂ ਸਮਾਜ ਸੁਧਾਰ ਦੀ ਭੂਮਿਕਾ ਹੋ । ਤੁਸਾਂ ਦੁੱਖ ਭੁੱਖ ਝੱਲਕੇ ਆਪਣਾ ਕੌਮੀ ਪਿਆਰ ਦਾ ਇਸ਼ਕ ਨਿਭਾਇਆ ਹੋਇਆ ਹੈ । ਤੁਹਾਨੂੰ ਮਾਣ ਹੈ ਕਿ ਤੁਸਾਂ ਆਪਣੀ ਕਿਰਤ ਕੁਰਬਾਨੀ ਕਰਕੇ ਸਰਮਾਏਦਾਰੀ ਤੇ ਡਿਕਟੇਟਰਸ਼ਿਪ ਦੇ ਵਾਯੂ ਮੰਡਲ ਨੂੰ ਬਦਲ ਦਿਤਾ, ਪਿੰਡਾਂ ਸ਼ਹਿਰਾਂ ਦੇ ਵਿਤਕਰੇ ਸਦਾ ਲਈ ਖਤਮ ਕਰ, ਸਰਬ ਸਾਂਝਾ ਭਾਟਰਾ ਸੰਗਤ ਦਾ ਸਟੇਜ ਕਾਇਮ ਕਰ ਸੋਸ਼ਲਿਜਮ ਲਿਆਂਦਾ । ਅੱਜ ਬਰਾਦਰੀ ਸੁਧਾਰ ਦੀ ਲਗਨ ਤੁਹਾਡੇ ਉੱਦਮ ਤੇ ਕੌਮੀ ਪਿਆਰ ਦੀ ਦਿਣੀ ਹੈ । ਤਹਿਸੀਲ ਡਸਕਾ ਵਿਚ ਹੋਈ ਸਮੂਹ ਭਾਟਰਾ ਕੌਮ ਦੀ ਕਾਨਫਰੰਸ ਤੁਹਾਡੀ ਸਮਾਜਿਕ ਸੇਵਾ, ਦ੍ਰਿੜਤਾ ਤੇ ਕੁਰਬਾਨੀ ਦੀ ਅਮਰ ਯਾਦ ਹੈ ।

ਹਰ ਸਾਥੀ ਦੀ ਕੀਤੀ ਕੁਰਬਾਨੀ ਇਕ ਅਦੁੱਤੀ ਕੁਰਬਾਨੀ ਹੈ, ਜਿਸ ਨੂੰ ਇਤਿਹਾਸ ਆਪਣੇ ਸੀਨੇ ਨਾਲ ਸਦਾ ਲਈ ਪੂਰਨ ਸਤਿਕਾਰ ਸਾਹਿਤ ਸਾਂਭੀ ਰੱਖੇਗਾ ਤੇ ਸਮਾਜ ਸੁਧਾਰ ਦੇ ਪਾਂਧੀਆਂ ਨੂੰ ਪ੍ਰਭਾਤੀ ਤਾਰੇ ਦੀ ਲੋਅ ਵਾਂਗ ਸਹੀ ਅਰਥ ਦਰਸਾਇਆ ਕਰੇਗਾ । ਇਸੇ ਕਿਰਤ ਦਾ ਸਦਕਾ ਕੌਮ ਅੰਦਰ ਤੁਹਾਡੀ ਅਵਾਜ਼ ਨੂੰ ਬੜੇ ਆਦਰ ਨਾਲ ਸੁਣਿਆ ਵਿਚਾਰਿਆ ਤੇ ਦਿਲਾਂ ਤੇ ਬਿਠਾਇਆ ਜਾਂਦਾ ਹੈ । ਅੱਜ ਵੀ ਸਮੁੱਚਾ ਸਮਾਜ ਤੁਹਾਡੀ ਸਾਂਝ ਦੀਆਂ ਬਿੜਕਾਂ ਲੈ ਰਿਹਾ ਹੈ ।

ਜਦ ਮੇਰੇ ਸਾਵੇਂ ਡਿਬੜੂ ਗੜ੍ਹ ਤੇ ਗੋਹਾਟੀ ਦੇ ਨਜ਼ਾਰੇ ਨਜ਼ਰਾਂ ਅਗੇ ਆਉਂਦੇ ਚਨ ਤੇ ਸੀਨੇ ਅੰਦਰ ਸੁਲਗਦੀ ਅੱਗ ਇਕ ਭਾਂਬੜ ਬਣ ਜਾਂਦੀ ਹੈ । ਜਿਵੇਂ ਕਿ ਕੌਮ ਦੀ ਅਣਖ ਦੀ ਰਾਖੀ ਲਈ ਮੌਤ ਨੂੰ ਲੱਕ ਨਾਲ ਬੰਨ੍ਹਕੇ ਰਿਜਕ ਨੂੰ ਧੱਕਾ ਦੇ ਦੇਸ਼ ਵਾਪਸ ਪ੍ਰਤਨ ਵਾਲੇ ਸ੍ਰੀ ਮਾਨ ਪਟੇਲ ਸਾਹਿਬ ਨੂੰ ਪ੍ਰਵਾਨੇ ਵਾਂਗ ਪ੍ਰਖਿਆ ਜਿਸ 'ਚੋਂ ਪਟੇਲ ਜੀ ਪਾਸ ਹੋਏ ਸਨ ।

ਕੀ ਉਹ ਸਾਨੂੰ ਕਦੇ ਭੁੱਲ ਸਕਦੀਆਂ ਹਨ, ਜੋ ਗੁਜਰਾਂ ਵਾਲਾ ਤੇ ਗੱਖੜ ਦੇ ਸਟੇਸ਼ਨ ਤੇ ਅਧੀ ਪੱਗ ਥਲੇ ਤੇ ਅੱਧੀ ਪੱਗ ਉਤੇ ਲੈ ਕੇ ਉਸਲਵੱਟੇ ਲੈਂਦਿਆਂ ਰਾਤਾਂ ਗੁਜਾਰਦੇ ਹੁੰਦੇ ਸਾਂ । ਤੇ ਆਪਣੇ ਘਰ ਦੇ ਅਰਾਮ ਤੇ ਘਰ ਦੇ ਜੀਆਂ ਦੀ ਪ੍ਰਵਾਹ ਨਾ ਕਰਦੇ ਹੋਏ ਮੌਤ ਦੀ ਧਾਰ ਤੇ ਤੁਰਨ ਵਾਲੇ ਪਾਂਧੀ ਬਣੇ ਰਹਿੰਦੇ ਸਾਂ ।

ਇਹ ਦੁਖ ਭਰੀ ਘਟਨਾ ਦਿਲਾਂ ਨੂੰ ਕੰਬਾਂ ਦੇਂਦੀ ਹੈ ਕਿ ਕਿਵੇਂ ਸਮਾਜਿਕ ਇਸ਼ਕ ਨਿਭਾਉਂਦਿਆਂ ਮ੍ਰਗਿੰਦ ਜੀ ਆਪਣੀ ਪਹਿਲੀ ਧਰਮ ਪਤਨੀ ਦੇ ਅੰਤਮ ਦਰਸ਼ਨ ਤੇ ਸੰਸਕਾਰ ਵੀ ਹਥੀਂ ਨਹੀਂ ਸਨ ਕਰ ਸਕੇ। ਕੀ ਇਹ ਕੌਮ ਲਈ ਕੀਤੀ ਕੁਰਬਾਨੀ ਕਦੇ ਜਾਇਆ ਜਾ ਸਕਦੀ ਹੈ ?

Digitized by Panjab Digital Library | www.panjabdigilib.org

ਸਤਿਕਾਰ ਯੋਗ ਸਾਥੀਓ ! ਆਪਣੇ ਦਿਲ ਦੀਮਾਗ ਦੇ ਕੰਨ ਲਾਕੇ ਆਪਣੇ ਸਦੀਵੀ ਵਿਛੜ ਚੁਕੇ ਸਾਥੀਆਂ ਦੀਆਂ ਆਤਮਾਵਾਂ ਦੀਆਂ ਆਵਾਜ਼ਾਂ ਸੁਣੋ, ਜੋ ਇਕ ਪ੍ਰੇਰਨਾ ਭਰੀ ਵੰਗਾਰ ਬਣਕੇ ਆਖ ਰਹੀਆਂ ਹਨ, ਸਾਥੀਓ ! ਜੋ ਅਸਾਂ ਤੇ ਤੁਸਾਂ ਕੌਮ ਦੇ ਇਕ ਝੰਡੇ ਥੱਲੇ ਇਕੱਤਰ ਹੋਕੇ ਸਮਾਜ ਸੁਧਾਰ ਦੇ ਪ੍ਰਣ ਕੀਤੇ ਸਨ, ਪਲਾਨ ਬਣਾਏ ਸਨ, ਉਹ ਪਕੇ ਕਰਕੇ ਆਪਣਾ ਤੇ ਸਾਡਾ ਸੁਪਨਾ ਸਾਕਾਰ ਕਰੋ । ਭਾਵੇਂ ਕਾਦਰ ਨੇ ਸਾਨੂੰ ਹੋਰ ਸੇਵਾ ਕਰਨ ਦਾ ਸਮਾਂ ਨਹੀਂ ਦਿਤਾ । ਪਰ ਸਾਡੀਆਂ ਆਤਮਾਵਾਂ ਤੁਹਾਡੀ ਸਮਾਜਿਕ ਸੇਵਾ ਦਾ ਇਸ਼ਕ ਵੇਖਕੇ ਸ਼ਾਦ ਹੋਣਗੀਆਂ । ਸਾਡੀਆਂ ਸਭ ਇਛਾਵਾਂ ਤੁਹਾਡੇ ਨਾਲ ਹਨ । ਕੁਰਬਾਨੀ ਕਰੋ, ਕੱਢ ਦਿਓ ਆਪਣੇ ਦਿਲਾਂ 'ਚੋਂ ਵਿਤਕਰੇ, ਖੋਲ੍ਹ ਦਿਓ ਆਪਣੇ ਮਨਾਂ ਅੰਦਰ ਪਈਆਂ ਗੰਢਾਂ ਨੂੰ, ਖਤਮ ਕਰ ਦਿਓ ਆਪਣੇ ਆਪਣੇ ਇਤਰਾਜ਼ । ਕੌਣ ਸੱਚਾ ਕੌਣ ਝੂਠਾ ਯਾਦ ਕਰਨ ਦੀ ਥਾਂ ਯਾਦ ਕਰੋ ਕੌਮ ਲਈ ਕੀਤੇ ਪ੍ਰਣ ਤੇ ਆਪਣੇ ਫਰਜ਼, ਵਾਸਤਾ ਜੇ ਕੌਮ ਦਾ ਯਾਦ ਕਰੋ ! ਜਥੇਦਾਰ ਗੁਰਦਿੱਤ ਸਿੰਘ ਜੀ ਦੇ ਡਸਕਾ ਕਾਨਫਰੰਸ ਤੇ ਝੰਡਾ ਲਹਿਰਾਉਣ ਸਮੇਂ ਪ੍ਰਗਟ ਕੀਤੇ ਵਿਚਾਰ, ਜੋ ਭਾਟਰਾ ਕੌਮ ਦੀ ਅਣਖ ਨੂੰ ਉਭਾਰਦੇ ਤੇ ਕਾਰ ਰੁਜ਼ਗਾਰ ਬਦਲਣ ਵਿਚ ਸਿਆਣਾ ਸੁਝਾਓ ਦੇ ਦੇ ਸਨ ।

ਸ੍ਰੀਮਾਨ ਬਾਬੂ ਜੀਵਨ ਸਿੰਘ ਜੀ ਪਾਲ ਜੀ ਦੇ ਇਹ ਵਿਚਾਰ ਆਪਣੇ ਦਿਲ ਵਿਚ ਦੁਹਰਾਓ, ਕਿ ਕੌਮ ਲਈ ਮਰਨਾ ਮੈਂ ਆਪਣੇ ਫ਼ਖਰ ਵਿਚ ਸ਼ਾਮਲ ਸਮਝਦਾ ਹਾਂ ।

ਸ੍ਰੀਮਾਨ ਵਰਿਆਮ ਸਿੰਘ ਜੀ ਪਾਲ, ਸਤਿਕਾਰ ਯੋਗ ਸੰਤ ਸਿੰਘ ਜੀ ਪਾਲ ਤੇ ਸ: ਵਸਤਾ ਸਿੰਘ ਜੀ ਦਰਦ ਦਾ ਕੌਮ ਨੂੰ ਜੀਵਨ ਅਰਪਣ ਕਰਨ ਵਾਲਾ ਪ੍ਰਣ ਅੱਜ ਮੇਰੇ ਕੰਨਾਂ ਵਿੱਚ ਗੂੰਜ ਰਿਹਾ ਹੈ ।

ਸਾਡੇ ਮੁਢਲੇ ਸਾਥੀ ਸ੍ਰੀਮਾਨ ਸੂਫੀ ਜੀ ਤੇ ਸ੍ਰੀਮਾਨ ਕ੍ਰਾਂਤੀਕਾਰ ਆਲਮ ਜੀ ਦੀ ਆਤਮਾਂ ਸਾਨੂੰ ਵੰਗਾਰ ਵੰਗਾਰ ਕੇ ਆਖ ਰਹੀ ਹੈ ਕਿ ਸਾਥੀਓ ਸਮਾਜ ਸੁਧਾਰ ਲਈ ਇਕ ਅਵਾਜ਼ ਹੋ ਕੇ ਇੱਕ ਸਟੇਜ ਕਾਇਮ ਕਰੋ ।

ਇਤਿਹਾਸ ਜੋ ਕੌਮਾਂ ਦੀ ਜਿੰਦ ਜਾਨ ਹੁੰਦਾ ਹੈ, ਉਹ ਅਜ ਸਮਾਜ ਦੇ ਜੀਵਨ ਦੀ ਪਹਿਲੀ ਲੋੜ ਅਨੁਭਵ ਕੀਤਾ ਜਾ ਰਿਹਾ । ਇਤਿਹਾਸ ਹੀ ਅਸਾਡੀ ਕੌਮ ਦੀ ਉੱਨਤੀ ਦਾ ਬੁਨਿਆਦੀ ਪੱਥਰ ਹੈ ।

ਸਾਡੇ ਕੌਮੀ ਇਤਿਹਾਸ ਨੂੰ ਜੋ ਭਾਈ ਕਾਨ੍ਹ ਸਿੰਘ ਜੀ ਨੇ ਕਲੰਕਿਤ ਕਰਨ ਦਾ ਕੋਝਾ ਜਤਨ ਕੀਤਾ ਹੋਇਆ ਹੈ । ਉਸਨੂੰ ਮਿਟਾ ਕੇ ਆਪਣੇ ਇਤਿਹਾਸ ਨੂੰ ਪਾਕ ਪਵਿਤਰ ਬਣਾ-ਉਣ ਦਾ ਸਾਂਝਾ ਭੁਰਵਾਂ ਜਤਨ ਕਰੋ । ਅਗਰ ਸਾਡਾ ਇਤਿਹਾਸ ਕਲੰਕਿਤ ਜਾਂ ਅਧੂਰਾ ਰਿਹਾ ਤਾਂ ਸਾਡੀ ਸਮਾਜਿਕ ਉੱਨਤੀ ਅਪੂਰਨ ਮੰਨੀ ਜਾਏਗੀ । ਇਸ ਲਈ ਸਾਡਾ ਸਾਰਿਆਂ ਦਾ ਮੁੱਖ ਫਰਜ਼ ਹੈ ਕਿ ਇਤਿਹਾਸ ਲਈ ਹਰ ਕੁਰਬਾਨੀ ਕਰੋ ।

ਢੇਰ ਸਮੇਂ ਤੋਂ ਸਾਡੀ ਸਮਾਜਿਕ ਸਟੇਜ ਪਹਿਲਾਂ ਵਰਗੀ ਰੌਣਕ ਵਿਚ ਨਹੀਂ ਆ ਸਕੀ । ਸੋ U. K. ਤੇ ਦੇਸ਼ ਲਈ ਇਕ ਸਰਬ-ਸਾਂਝੀ ਸੰਸਥਾ ਬਨਾਉਣ ਲਈ ਪ੍ਰਚਾਰ ਉੱਦਮ ਤੇ ਅਮਲ ਕਰਨ ਦਾ ਯਤਨ ਅਰੰਭੋ ।

Digitized by Panjab Digital Library | www.panjabdigilib.org

ਭਾਟਰਾ ਕੌਮ ਦੀ ਕਾਨਫਰੰਸ ਦੀ ਅਤ ਫੌਰੀ ਲੋੜ ਭਾਸ ਰਹੀ ਹੈ, ਇਸ ਨੂੰ ਕਿਸੇ ਬਰਾਦਰੀ ਦੇ ਮੁੱਖ ਕੇਂਦਰ, ਗੜ੍ਹ ਵਿਚ ਕਰਾਉਣ ਦਾ ਉਪਰਾਲਾ ਕਰੋ। ਭਾਵੇਂ ਕਈ ਸਾਥੀ ਕਈ ਕਾਰਨਾਂ ਕਰਕੇ ਇਸ ਇਕੱਤਰਤਾ ਵਿਚ ਨਹੀਂ ਆਏ, ਪਰ ਸਾਡੀ ਤੇ ਉਹਨਾਂ ਸਾਥੀਆਂ ਦੀ ਆਤਮਾ ਮਿਲਣ ਲਈ ਵਿਲਕਦੀ ਤੇ ਗੂੰਜ ਗੂੰਜ ਕੇ ਆਖ ਰਹੀ ਹੈ ਕਿ ਸਮਾਜ ਸੁਧਾਰ ਦੇ ਖਿਡਾਰੀਆਂ ਦੀ ਟੀਮ ਨੂੰ ਇਕ ਰੂਪ, ਇਕ ਥਾਂ ਇਕੱਠਿਆ ਹੋਣਾ ਤੇ ਇਕ ਹੋਕੇ ਕੌਮ-ਸੇਵਾ ਕਰਨ ਦਾ ਪਲਾਣ ਬਨਾਉਣਾ ਅਮਨ ਅਜ਼ਾਦੀ ਤੇ ਸਫਲਤਾ ਦਾ ਸੂਚਕ ਹੈ। ਏਕਤਾ ਲਈ ਹਰ ਕੁਰਬਾਨੀ ਕਰਨੀ ਚਾਹੀਦੀ ਹੈ, ਤਾਂ ਹੀ ਅਸੀਂ ਆਪਣੇ ਕੌਮੀ ਇਸ਼ਕ ਫਰਜ਼ ਨੂੰ ਨਿਭਾਉਣ ਵਿਚ ਸਫਲ ਹੋ ਸਕਾਂਗੇ।

ਅਖੀਰ ਮੇਰੀ ਪ੍ਰਾਰਥਨਾ ਹੈ ਕਿ ਅਜ ਦੀ ਇਕੱਤਰਤਾ, ਅਜ ਦੀ ਮਿਲਣੀ ਸਾਡੇ ਦਿਲਾਂ ਦੀ ਮਿਲਣੀ ਦੇ ਰੂਪ ਵਿਚ ਬਦਲੇ ਤੇ ਸਾਰੇ ਸਾਥੀ ਇਕ ਝੰਡੇ ਥੱਲੇ ਇਕੱਠੇ ਹੋ ਕੇ ਪਹਿਲੇ ਵਾਂਗ ਸਮਾਜ ਸੁਧਾਰ ਦੀ ਸਟੇਜ ਕਾਇਮ ਕਰ ਸਕੀਏ।

Digitized by Panjab Digital Library | www.panjabdigilib.org

ਭਾਰਤ ਦੇ ਵਿਦਿਅਕ ਵਜ਼ੀਰ ਬ੍ਰਿਸਟਲ ਵਿਚ

ਭਾਰਤ ਦੇ ਵਿਦਿਅਕ ਵਜ਼ੀਰ (Education Minister of India) ਬਖਸ਼ੀ ਨੂਰਲ ਮੁਹੰਮਦ ਭਾਰਤ ਸਰਕਾਰ ਵਲੋਂ ਬ੍ਰਿਸਟਲ ਯੂਨੀਵਰਸਟੀ ਨੂੰ ਪ੍ਰਾਚੀਨ ਭਾਰਤੀ ਸਭਿਆਚਾਰਕ, ਤੇ ਖੋਜ ਭਰਪੂਰ ਨਵੀਨ ਸਾਹਿਤ ਦੀਆਂ ਬੇਗਿਣਤ ਪੁਸਤਕਾਂ ਪ੍ਰਦਾਨ ਕਰਨ ਆਏ, ਇਹ ਇਤਹਾਸਿਕ ਚਿਤ੍ਰ ਉਸ ਸਮੇਂ ਦੀ ਅਭੁਲ ਯਾਦਗਾਰ ਹੈ ਇਸ ਚਿਤ੍ਰ ਵਿਚ ਜਿਥੇ ਬ੍ਰਿਸਟਲ ਯੂਨੀਵਰਸਟੀ ਦੇ ਅਨੇਕਾਂ ਕਰਮਚਾਰੀ ਚਾਂਸਲਰ ਤੇ ਪਰੋਫੈਸਰ ਵਿਦਿਅਕ ਵਜ਼ੀਰ ਦੇ ਚੁਗਿਰਦੇ ਖੜੇ ਹਨ ਉਥੇ ਅਨੇਕਾਂ ਭਾਰਤੀ ਜਿਨ੍ਹਾਂ ਵਿਚ ਸ: ਹਰਭਜਨ ਸਿੰਘ ਲਖਨਪਾਲ, ਸ: ਕਰਨੈਲ ਸਿੰਘ ਜੀ "ਪ੍ਰਦੇਸੀ" ਤੇ ਲੇਖਕ ਗਿਆਨੀ ਰਤਨ ਸਿੰਘ ਸ਼ਾਦ ਵਿਦਿਅਕ ਵਜ਼ੀਰ ਬਖ਼ਸ਼ੀ ਨਰੂਲ ਮੁਹੰਮਦ ਦੇ ਨਾਲ ਖੜੋਤੇ ਹਨ।

Digitized by Panjab Digital Library | www.panjabdigilib.org

ਬ੍ਰਿਸਟਲ ਦੇ ਇਕ ਜਲਸੇ ਵਿਚ ਲੇਖਕ ਅਤੇ ਡਿਪਟੀ ਕਮਿਸ਼ਨਰ ਦੇ ਭਾਸ਼ਨ

ਭਾਰਤੀ ਨੇਤਾ ਦੇ ਨਾਤੇ ਗਿਆਨੀ ਰਤਨ ਸਿੰਘ ਜੀ "ਸ਼ਾਦ" ਬ੍ਰਿਸਟਲ ਇੰਡੀਅਨ ਐਸੋਸੀਏਸ਼ਨ ਦੇ ਜਲਸੇ ਵਿਚ ਭਾਸ਼ਨ ਦੇ ਰਹੇ ਹਨ ਸਟੇਜ ਤੇ ਬ੍ਰਿਸਟਲ ਦੀ ਲੇਡੀ ਲਾਰਡਮੇਅਰ ਤੇ ਡਿਪਟੀ ਹਾਈ ਕਮਿਸ਼ਨਰ ਸ੍ਰੀ ਨਟਵਰ ਸਿੰਘ ਜੀ ਬੈਠੇ ਹਨ ।

ਡਿਪਟੀ ਹਾਈ ਕਮਿਸ਼ਨਰ ਸ੍ਰੀ ਨਟਵਰ ਸਿੰਘ ਬ੍ਰਿਸਟਲ ਵਿਚ ਭਾਰਤੀ ਜੰਤਾ ਨੂੰ ਸੰਬੋਧਨ ਕਰ ਰਹੇ ਹਨ ਸਟੇਜ ਤੇ ਬ੍ਰਿਸਟਲ ਦੀ ਲੇਡੀ ਲਾਰਡਮੇਅਰ ਤੇ ਗਿਆਨੀ ਸ਼ਾਦ ਜੀ ਪ੍ਰਧਾਨ ਇੰਡੀਅਨ ਐਸੋਸੀਏਸ਼ਨ ਬੈਠੇ ਹਨ ।

Digitized by Panjab Digital Library | www.panjabdigilib.org

ਭਾਗ III

(ਸਮਾਜਿਕ ਸਿਖਰ ਦਾ ਸਮਾ)

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਸੁਧਾਰਵਾਦੀ ਬੋਰਡ U.K. ਦੇ ਕੌਮੀ ਕਾਨਫਰੰਸ ਲਈ ਕੀਤੇ ਉਪਰਾਲੇ

ਪੂਰੇ ਵੀਹ ਸਾਲਾਂ ਬਾਦ ਪੁਰਾਣੇ ਕੌਮੀ ਸੇਵਕਾਂ ਦੀ ਇਕੱਤ੍ਰਤਾ 27-9-1967 ਨੂੰ 5, Nicholas Road Bristol-5 ਵਿਚ ਹੋਈ। ਇਹ ਸੱਦਾ-ਪਤ੍ਰ ਰਾਹੀਂ ਹੋਈ ਪਹਿਲੀ ਇਕੱਤ੍ਰਤਾ ਸੀ ਜਿਸ ਵਿਚ ਹੇਠ ਲਿਖੇ ਸਾਥੀਆਂ ਨੇ ਭਾਗ ਲਿਆ :-

ਗਿਆਨੀ ਹਰਨਾਮ ਸਿੰਘ ਜੀ ਕੌਮੀ ਕਾਰਡੀਫ, ਸ: ਖੇੜਾ ਸਿੰਘ ਜੀ ਜੰਗੀ ਕਾਰਡੀਫ, ਗਿਆਨੀ ਸੁੰਦਰ ਸਿੰਘ ਜੀ ਸਾਗਰ ਮਾਨਚੈਸਟਰ, ਸ: ਸਵਰਨ ਸਿੰਘ ਜੀ ਪ੍ਰਹਿਲਾਦ ਮਾਨਚੈਸਟਰ, ਗਿਆਨੀਅਮੋਲਕ ਸਿੰਘ ਜੀ ਅੰਮ੍ਰਿਤ ਪੀਟਰਬ੍ਰੋ, ਸ: ਕੁਲਵੰਤ ਸਿੰਘ ਜੀ ਗੁਪਤਾ, ਬਰਮਿੰਘਮ, ਸ: ਅਮਰਜੀਤ ਸਿੰਘ ਜੀ ਮਝੈਲ ਬਰਮਿੰਘਮ, ਸ: ਝੰਡਾ ਸਿੰਘ ਜੀ ਪਟੇਲ ਬ੍ਰਿਸਟਲ, ਗਿ. ਅਮਰ ਸਿੰਘ ਜੀ ਅਮਰ ਬ੍ਰਿਸਟਲ, ਲੇਖਕ ਗਿਆਨੀ ਰਤਨ ਸਿੰਘ ਜੀ ਸ਼ਾਦ ਕਨਵੀਨਰ, ਬ੍ਰਿਸਟਲ।

ਇਸ ਇਕਤਰਤਾ ਵਿਚ ਸ਼ਾਮਲ ਹੋਏ ਸਮੂੰਹ ਵਰਕਰਾਂ ਨੇ ਪਿਛਲੇ ਸਾਰੇ ਇਤਰਾਜ਼ਾਂ ਤੇ ਗਲਤ ਲਿਖਤਾਂ ਨੂੰ ਰੱਦੀ ਦੀ ਟੋਕਰੀ ਵਿਚ ਸੁਟਦਿਆਂ, ਅੱਗੋਂ ਸਾਂਝਾ ਉਸਾਰੂ ਪ੍ਰੋਗਰਾਮ ਘੜਨ ਦਾ ਸਰਬ ਸੰਮਤੀ ਨਾਲ ਮਤਾ ਪਾਸ ਕੀਤਾ।

1. ਸੁਧਾਰ ਵਾਦੀ ਬੋਰਡ U. K. ਬਣਾਇਆ ਗਿਆ।

2. ਸੰਗਤ ਭਾਟਰਾ ਕਾਨਫਰੰਸ ਦਾ ਇਸ਼ਤਿਹਾਰ ਕੱਢਣ ਦਾ ਮਤਾ ਪ ਸ ਹੋਇਆ। ਬੋਰਡ ਤੇ ਕਾਨਫਰੰਸ ਦੀ ਸਫਲਤਾ ਲਈ ਸਮੂੰਹ ਸਾਥੀਆਂ ਨੇ ਲੇਖਕ ਨੂੰ ਪੱਕੇ ਤੌਰ ਤੇ ਦੂਸਰੀ ਵੇਰ, ਕਨਵੀਨਰੀ ਸੇਵਾ ਸੌਂਪੀ ਤੇ ਬਾਕੀ ਦੇ ਸਾਥੀਆਂ ਨੂੰ ਨਾਲ ਮਿਲਾਉਣ ਦੀ ਪਰੇਰਨਾ ਕਰਨ ਦੀ ਉਚੇਚੀ ਜਿੰਮੇਵਾਰੀ ਲੇਖਕ ਤੇ ਲਾਈ ਗਈ।

ਉੱਦਮ ਤੇ ਉਤਸ਼ਾਹ

ਸੌ ਕਾਮਾ ਤੇ ਇਕ ਆਰੀ ਲੋਕ ਅਖਾਣ ਏਕਤਾ ਉੱਨਤੀ ਦਾ ਮੂਲ ਮੰਤਰ ਤੇ ਸਫਲਤਾ ਦਾ ਸੂਚਕ ਮੰਨਿਆ ਜਾਂਦਾ ਹੈ। ਸਿਖ ਭਾਟੜਾ ਕਮੇਟੀ ਆਫ ਮਾਨਚੈਸਟਰ ਨੇ

Digitized by Panjab Digital Library | www.panjabdigilib.org

ਜਿਵੇਂ 21 ਮਈ 1967 ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ 300 ਸਾਲਾ ਪੁਰਬ ਮਨਾਇਆ ਸੀ, ਉਸੇ ਸ਼ਰਧਾ, ਪਿਆਰ ਤੇ ਉਤਸ਼ਾਹ ਨਾਲ 24 ਮਈ 1970 ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ 500 ਸਾਲਾ ਜਨਮ ਦਿਨ U K. ਪਧਰ ਤੇ ਮਨਾਇਆ। ਲੇਖਕ ਨੂੰ ਪ੍ਰਚਾਰਕ ਦੇ ਰੂਪ ਵਿਚ ਸ਼ਰਧਾਂਜ਼ਲੀ ਭੇਟ ਕਰਨ ਲਈ ਪ੍ਰਬੰਧਕਾਂ ਵਲੋਂ ਹੁਕਮਨਾਮਾ ਪੁਜਾ ਜਿਸ ਦੇ ਉਤਰ ਵਿਚ ਦਾਸ ਨੇ ਸੰਗਤਾਂ ਦੀ ਹਾਜ਼ਰੀ ਭਰਨ ਲਈ ਬਿਨੇ ਪੱਤਰ ਭੇਜਿਆ। ਉਸ ਬਿਨੇ ਪੱਤਰ ਵਿਚ ਲੇਖਕ ਨੇ ਸੁਧਾਰਵਾਦੀ ਬੋਰਡ ਦੇ ਕਨਵੀਨਰ ਦੇ ਨਾਤੇ ਕੌਮੀ ਕਾਨਫਰੰਸ ਕਰਾਉਣ ਦੀ ਪ੍ਰਬੰਧਕਾਂ ਨੂੰ ਇਕ ਜ਼ਰੂਰੀ ਬਿਨੇ ਦੇ ਸਿਰਲੇਖ ਹੇਠ ਭਰਪੂਰ ਪਰੇਰਨਾ ਕੀਤੀ। ਜਿਸ ਦਾ ਉਤਰ ਬੜਾ ਆਸ ਭਰਪੂਰ ਪੁਜਾ। ਜੋ ਪਾਠਕਾਂ ਦੀ ਭੇਟਾ ਕੀਤਾ ਗਿਆ ਹੈ।

ਦਾਸ ਨੇ ਮਾਨਚੈਸਟਰ ਪੁਰਬ ਸਮੇਂ ਕੌਮੀ ਕਾਨਫਰੰਸ ਕਰਾਕੇ ਕੌਮੀ ਜੱਸ ਪ੍ਰਾਪਤ ਕਰਨ ਲਈ ਖੁਦ ਜਾ ਕੇ ਬਿਨੇ ਕੀਤੀ ਜਿਸ ਦਾ ਸਿਟਾ ਹਾਲ ਦੇ ਪਰੋਗਰਾਮ ਤੋਂ ਬਾਦ 15 ਮੋਨਟੋਨ ਸਟਰੀਟ ਗੁਰੂ ਨਾਨਕ ਨਿਰੰਕਾਰੀ ਗੁਰਦੁਆਰੇ 'ਚ ਸਥਾਨਕ ਤੇ ਬਾਹਰੋਂ ਆਈਆਂ ਸੰਗਤਾਂ ਦੀ ਇਕੱਤਰਤਾ ਹੋਈ, ਜਿਸ ਵਿਚ ਦਾਸ ਨੇ ਕੌਮੀ ਕਾਨਫ਼ਰੰਸ ਬਾਰੇ ਵਿਚਾਰ ਪ੍ਰਗਟਾਏ। ਜਿਸ ਦੇ ਅਸਰ ਸਦਕਾ ਸਿਖ ਭਾਟੜਾ ਕਮੇਟੀ ਨੇ ਕੌਮੀ ਕਾਨਫਰੰਸ ਕਰਾਉਣ ਤੇ ਬਾਹਰੋਂ ਆਈਆਂ ਸੰਗਤਾਂ ਨੇ ਪੂਰਨ ਸਹਿਯੋਗ ਦੇਣ ਦੀ ਸੰਮਤੀ ਪ੍ਰਗਟਾਈ।

ਸੁਧਾਰ ਵਾਦੀ ਬੋਰਡ ਦੀ ਸੇਵਾ ਦਾ ਸੰਖੇਪ ਵਰਨਣ

ਸੁਧਾਰਵਾਦੀ ਬੋਰਡ ਦੇ ਆਦਿ ਅਰੰਭ ਸਮੇਂ ਸਮੂੰਹ ਸਾਥੀਆਂ ਦੀ ਸੌਂਪੀ ਕਨਵੀਨਰੀ ਸੇਵਾ ਦਾ ਸ੍ਰੀ ਗਨੇਸ਼ ਕਰਦਿਆਂ ਜੋ ਤੁਛ ਸੇਵਾ ਲੇਖਕ ਪਾਸੋਂ ਹੋ ਸਕੀ ਜਿਸ ਦਾ ਸਖੇਪ ਵਰਨਣ ਭਾਰਤ ਤੇ U. K. ਦੀਆਂ ਕੌਮੀ ਸੰਸਥਾਵਾਂ, ਧਾਰਮਿਕ ਕਮੇਟੀਆਂ ਵਲੋਂ ਕਾਨ-ਫਰੰਸ ਦੇ ਸਹਿਯੋਗ ਤੇ ਸੰਮਤੀ ਲਈ ਪੁਜੇ ਉਤਸ਼ਾਹੀ ਪੱਤਰ ਪਾਠਕਾਂ ਦੀ ਸੇਵਾ ਵਿਚ ਹਾਜ਼ਰ ਹਨ :-

Digitized by Panjab Digital Library | www.panjabdigilib.org

ਭਾਰਤ ਦਸ਼ ਤੇ ਯੂ.ਕੇ. ਦੀਆਂ ਕੌਮੀ ਸਭਾਵਾਂ ਵਲੋਂ ਕੌਮੀ ਕਾਨਫਰੰਸ ਲਈ ਪੁਜੇ ਉਤਸ਼ਾਹੀ ਪੱਤਰ

ੴ ਸਤਿਗੁਰ ਪ੍ਰਸਾਦਿ ।

ਸ੍ਰੱਬਤ ਭਾਟੜਾ ਬ੍ਰਾਦਰੀ ਗੁਰਦੁਆਰਾ ਪੰਚਾਇਤ

ਇਸਲਾਮ ਗੰਜ, ਸੰਗਤਪੁਰਾ, ਲੁਧਿਆਣਾ ।

Sarbat Bhatra Bradari Gurd. Panchyat

Islam Ganj, Sangat Pura, Ludhiana

Ref. No..... *Dated 10.11.1967*

ਵਾਹਿਗੁਰੂ ਜੀ ਕੀ ਫ਼ਤਿਹ ।

ਸੇਵਾ ਵਿਖੇ,

ਪ੍ਰਮ ਸਤਿਕਾਰ ਯੋਗ ਗੁਰੂ ਰੂਪ ਸਾਧ ਸੰਗਤ ਜੀਓ,

ਅਤੇ ਕੌਮ ਦੇ ਰਹਿਨੁਮਾਈ ਕੌਮੀ ਲੀਡਰ ਸਹਿਬਾਨ ਜੀਓ

ਗੁਰੂ ਪਿਆਰ ਫਤੇ ਬੜੇ ਪਿਆਰ ਸਹਿਤ ਪ੍ਰਵਾਨ ਕਰਨੀ ਜੀ

ਸ੍ਰੀਮਾਨ ਕੌਮ ਦੇ ਆਗੂ ਸਜਨੋ, ਆਪ ਜੀ ਵਲੋਂ ਕੌਮੀ ਪਿਆਰ ਨਾਲ ਤਲਕ ਰਖਦੇ ਸੁੰਦਰ ਲਿਖਾਈ ਨਾਲ ਲਿਖੇ ਇਸ਼ਤਿਹਾਰ ਪਹੁੰਚੇ, ਪੜ੍ਹਕੇ ਸ੍ਰੱਬਤ ਸੰਗਤਾਂ ਨੇ ਖੁਸ਼ੀ ਮਹਿਸੂਸ ਕੀਤੀ ।

1. ਆਪ ਜੀ ਦੇ ਕੌਮੀ ਪਿਆਰ ਦਾ ਅਤੇ ਸਮੁੱਚੀ ਭਾਟੜਾ ਕੌਮ ਨੂੰ ਇਕ ਪਲੇਟ ਫਾਰਮ ਤੇ ਲਿਆਉਣ ਦਾ ਅਤੇ ਕੌਮ ਦਾ ਇਤਿਹਾਸ ਦੁਨੀਆਂ ਦੇ ਸਾਹਮਣੇ ਰੱਖਣ ਦਾ ਅਤੇ ਕੌਮੀ ਕਾਨਫਰੰਸ ਕਰਕੇ ਕੌਮ ਦੀ ਸਮੁੱਚੀ ਵਾਗਡੋਰ ਲਾਇਕ ਅਤੇ ਸੂਝਵਾਨ ਆਗੂ ਸੱਜਨ ਦੇ ਹੱਥ ਫੜਾ ਕੇ ਕੌਮੀ ਨੇਤਾ ਬਣਾਉਣ ਦੇ ਉਪਰਾਲੇ ਦਾ ਸ੍ਰੱਬਤ ਸੰਗਤ ਭਾਟੜਾ ਬਰਾਦਰੀ ਮਹੱਲਾ ਇਸਲਾਮ ਗੰਜ ਵਲੋਂ ਸਮੁੱਚੇ ਤੌਰ ਤੇ ਮਤਾ ਪਾਸ ਕਰਕੇ ਧੰਨਵਾਦ ਕੀਤਾ ਜਾਂਦਾ ਹੈ ਜੀ ।

2. ਆਪ ਜੀ ਦੇ ਇਸ਼ਤਿਹਾਰ ਮੁਤਾਬਕ ਪ੍ਰੋਗਰਾਮ ਦੀ ਸ਼ਲਾਘਾ ਕੀਤੀ ਜਾਂਦੀ ਹੈ ਅਤੇ ਸਾਡੇ ਵਲੋਂ ਹਰ ਤ ਹ੍ਹਾਂ ਸੀ ਸੰਮਤੀ ਪ੍ਰਗਟ ਕੀਤੀ ਜਾਂਦੀ ਹੈ ।

3 ਵਿਚਾਰ :--ਸਾਡੀ ਇਥੋਂ ਦੀ ਸੰਗਤ ਦੇ ਵਿਚਾਰ ਮੁਤਾਬਕ ਸਾਰੀ **ਦੁਨੀਆਂ ਦੀ ਭਾਟੜਾ ਕੌਮ** ਨੂੰ ਦੋ ਜੋਨਾਂ ਵਿਚ ਤਕਸੀਮ ਕਰ ਦੇਣਾ ਚਾਹੀਦਾ ਹੈ 1. ਬਰਤਾਨੀਆਂ

Digitized by Panjab Digital Library | www.panjabdigilib.org

2. ਹਿੰਦੂਸਤਾਨ ਅਤੇ ਜਿਸ ਤਰਾਂ ਨਾਲ ਜਿਥੇ ਵੀ ਭਾਟੜਾ ਕੌਮ ਦੇ ਮੈਂਬਰ ਰਹਿੰਦੇ ਹਨ ਉਥੇ ਉਹਨਾਂ ਨੇ ਆਪਣੀ ਪੰਚਾਇਤ ਆਪਣਾ ਗੁਰ: ਸਾਹਿਬ ਬਣਾਇਆ ਹੁੰਦਾ ਹੈ ਇਸ ਤਰੀਕੇ ਨਾਲ ਇਹਨਾਂ ਜੋਨਾ ਦੀਆਂ ਸਾਰੀਆਂ ਭਾਟੜਾ ਕੌਮ ਦੀਆਂ ਸਭਾ ਸੁਸਾਇਟੀਆਂ ਪੰਚਾਇਤ ਨੂੰ ਇਕ ਕਾਨਫਰੰਸ ਦੇ ਰੂਪ ਵਿਚ ਇਕੱਠਾ ਕਰਨਾ ਚਾਹੀਦਾ ਹੈ ਅਤੇ ਉਸ ਕਾਨਫਰੰਸ ਅੰਦਰ ਕੌਮ ਦੀ ਕੈਬਨਿਟ ਬਣਾਉਣੀ ਚਾਹੀਦੀ ਹੈ ਅਤੇ ਉਸ ਕੈਬਨਿਟ ਤੇ ਭਰੋਸਾ ਰਖਣ ਦਾ ਮਤਾ ਪਾਸ ਕਰਨਾ ਚਾਹੀਦਾ ਹੈ ਅਤੇ ਜੋ ਕੌਮ ਦੇ ਔਹਦੇਦਾਰ ਮੈਂਬਰ ਚੁਣੇ ਜਾਣ, ਉਹਨਾਂ ਨੂੰ ਕੌਮ ਦੇ ਸਿਤਾਰੇ ਸਮਝਣਾ ਚਾਹੀਦਾ ਹੈ ਅਤੇ ਉਹਨਾਂ ਦੇ ਕੌਮ ਭਲਾਈ ਨਾਲ ਰਖਣ ਵਾਲੇ ਹਰ ਕੰਮ ਨਾਲ ਸਹਿਮਤ ਹੋਣਾ ਚਾਹੀਦਾ ਹੈ। ਉਹਨਾਂ ਨੂੰ ਪੂਰਾ ਹੱਕ ਹੋਣਾ ਚਾਹੀਦਾ ਹੈ ਕਿ ਉਹ ਭਾਟੜਾ ਕੌਮ ਦੇ ਆਗੂ ਹੋਣ ਦੇ ਨਾਤੇ ਬਾਹਰਲੀਆਂ ਕੌਮਾਂ ਨਾਲ ਸਬੰਧ ਰਖਣ ਅਤੇ ਆਪਣੀ ਸਰਕਾਰ ਨੂੰ ਆਪਣੀ ਕੌਮ ਦਾ ਪੂਰਾ ਪਖ ਉਹਨਾਂ ਸਾਹਮਣੇ ਰਖ ਕੇ ਅਤੇ ਕੌਮ ਨੂੰ ਹਰ ਸਹੂਲਤ ਪਹੁੰਚਾਉਣ ਲਈ ਹਰ ਕੰਮ ਦੇ ਅਗੇ ਡਟ ਜਾਣ। ਆਪਣੀ ਕੌਮ ਦੇ ਇਤਫਾਕ ਦੀ ਮਦਦ ਨਾਲ ਆਪਣੇ ਮੁਲਕ ਦੀ ਸਰਕਾਰ ਨੂੰ ਅਤੇ ਉਥੇ ਰਹਿਨ ਵਾਲੀਆਂ ਹੋਰਾਂ ਕੌਮਾਂ ਨੂੰ ਅਤੇ ਉਥੋਂ ਦੇ ਲੋਕਾਂ ਨੂੰ ਇਹ ਵਿਖਾ ਦੇਣਾ ਕਿ ਭਾਟੜਾ ਕੌਮ ਵੀ ਇਕ ਜਿਉਂਦੀ ਜਾਗਦੀ ਕੌਮ ਹੈ ਅਤੇ ਇਹਨਾਂ ਨੂੰ ਵੀ ਇਕ ਅਜ਼ਾਦ ਮੁਲਕ ਵਿਚ ਰਹਿਣ ਦੀ ਹੈਸੀਅਤ ਨਾਲ ਆਪਣੇ ਹੱਕ ਹਾਸਲ ਕਰਨ ਦਾ ਹੱਕ ਹੈ। ਇਹ ਸਾਰੀਆਂ ਗਲਾਂ ਤਦ ਹੀ ਹੋ ਸਕਦੀਆਂ ਹਨ ਜੇ ਕੌਮ ਦੇ ਸਮੁੱਚੇ ਆਗੂ ਬਣਾਏ ਜਾਣ।

ਜੋ ਪੜ੍ਹੇ ਲਿਖੇ ਅਤੇ ਸੂਝਵਾਨ ਬੰਦੇ ਹੋਣ, ਉਹਨਾਂ ਤੇ ਭਰੋਸਾ ਕੀਤਾ ਜਾਂਦਾ ਹੈ, ਉਨ੍ਹਾਂ ਵਿਚੋਂ ਇਕ ਇੱਕਲੇ ਦੀ ਅਵਾਜ਼ ਨੂੰ ਸਾਰੀ ਭਾਟੜਾ ਕੌਮ ਦੀ ਅਵਾਜ਼ ਸਮਝਿਆ ਜਾਵੇ। ਇਸ ਤਰ੍ਹਾਂ ਨਾਲ ਹੀ ਦੂਸਰੇ ਜ਼ੋਨ ਹਿੰਦੁਸਤਾਨ ਵਿਚ ਕੀਤਾ ਜਾਵੇ ਤਾਂ ਸਾਡੇ ਵਿਚਾਰ ਅਧੀਨ ਹੈ ਕਿ ਭਾਟੜਾ ਕੌਮ ਨੂੰ ਕੋਈ ਵੀ ਆਦਮੀ ਅਤੇ ਕੋਈ ਵੀ ਬਰਾਦਰੀ ਧੱਬਾ ਨਹੀਂ ਲਗਾ ਸਕਦੀ ਅਤੇ ਭਾਟੜਾ ਕੌਮ ਨੂੰ ਤਰੱਕੀ ਦੇ ਰਾਹ ਵਲ ਜਾਂਦਿਆਂ ਕੋਈ ਤਾਕਤ ਨਹੀਂ ਰੋਕ ਸਕਦੀ।

4. ਆਪ ਪਹਿਲਾਂ ਇਹ ਕਾਨਫਰੰਸ ਬਰਤਾਨੀਆਂ ਅੰਦਰ ਕਰੋ ਅਤੇ ਜੋ ਆਪ ਦੀ ਜਗਾ ਤੈਹ ਕਰਨ ਬਾਰੇ ਵਿਚਾਰ ਹੈ ਇਹ ਉਥੋਂ ਦੀ ਸਮੁੱਚੀ ਬਰਾਦਰੀ ਨਾਲ ਸਲਾਹ ਕਰਕੇ ਕੀਤੀ ਜਾਵੇ ਬਾਦ ਵਿਚ ਗੁਰੂ ਮਾਹਰਾਜ ਕਰੇ ਅਸੀਂ ਹਿੰਦੁਸਤਾਨ ਵਿਚ ਇਸ ਤਰ੍ਹਾਂ ਕਰਕੇ ਕੌਮ ਨੂੰ ਅਗੇ ਲੈ ਜਾਣ ਵਾਸਤੇ ਕੋਸ਼ਸ਼ ਕਰਾਂਗੇ।

ਬਿਸ਼ਨ ਸਿੰਘ ਗਰੰਥੀ,
ਵਸਾਖਾ ਸਿੰਘ,
ਜੋਧ ਸਿੰਘ ਸਰਪੰਚ,
ਜੀਤ ਸਿੰਘ ਖਜ਼ਾਨਚੀ,
ਲੱਖਾ ਸਿੰਘ

ਆਪਜੀ ਦੇ ਸ਼ੁਭ ਚਿੰਤਕ
ਪ੍ਰਧਾਨ—ਮੁਖਤਿਆਰ ਸਿੰਘ ਪੁਤਰ
ਸ. ਵਰਿਆਮ ਸਿੰਘ ਭਗਤ
ਮਾਲਕ ਭਗਤ ਫਲੋਰ ਮਿਲਜ਼ ਲੁਧਿਆਣਾ

Digitized by Panjab Digital Library | www.panjabdigilib.org

ਫੋਨ : 48041

ੴ

ਭਾਟਰਾ ਯੂਨੀਅਨ ਅੰਮ੍ਰਿਤਸਰ

BHATRA UNION AMRITSAR

Organisation for the social welfare &
uplift of the Bhatra Sangat

ਹੈੱਡ ਆਫਿਸ ਃ
606 ਰਾਣੀ ਬਜ਼ਾਰ, ਸ਼ਰੀਫਪੁਰਾ,
ਅੰਮ੍ਰਿਤਸਰ

ਮਿਤੀ 12-10-1967

ਸੇਵਾ ਵਿਖੇ,

ਸ੍ਰੀ ਮਾਨ ਉਪਮਾ ਯੋਗ, ਕੌਮ ਨਾਲ ਪਿਆਰ ਕਰਨ ਵਾਲੇ, ਗਿ: ਰਤਨ ਸਿੰਘ 'ਸ਼ਾਦ' ਜੀ, ਤੇ ਸੰਗਤ ਭਾਟਰਾ ਕਾਨਫਰੰਸ ਕਰਨ ਵਾਲੇ ਕੌਮੀ ਨੇਤਾ ਜੀਓ, ਸਭ ਤੋਂ ਪਹਿਲਾਂ ਗੁਰੂ ਪਿਆਰ ਫਤਿਹ ਬੁਲਾਈ ਸਵੀਕਾਰ ਹੋਵੇ ਜੀ।

ਪਿਆਰੇ ਗਿਆਨੀ ਰਤਨ ਸਿੰਘ 'ਸ਼ਾਦ' ਜੀ, ਪ੍ਰੇਮ ਪੂਰਬਕ ਜਵਾਬ ਦੇਣਾ, ਆਪ ਪਿਛਲੇ 20-21 ਸਾਲਾਂ ਤੋਂ ਸਰਬ ਹਿੰਦ ਭਾਟਰਾ ਯੂਨੀਅਨ ਦੇ ਮੁਖੀ ਹੋ, ਸਭਾ ਦੇ ਮੈਂਬਰ ਚਲੇ ਆ ਰਹੇ ਹੋ। ਹੇਠ ਲਿਖੀਆਂ ਗੱਲਾਂ ਦਾ ਉਤਰ ਮੰਗਦੇ ਹਾਂ। ੧. ਅਸੀਂ ਪੁਛਦੇ ਹਾਂ ਕਿ ਸਰਬ ਹਿੰਦ ਭਾਟਰਾ ਯੂਨੀਅਨ ਕੀ ਆਪ ਨੇ ਸਮਾਪਤ ਕੀਤੀ ਹੈ, ਜਾਂ ਆਪਨੀ ਤੌਰੇ ਤੁਰਦੀ ਜਾ ਰਹੀ ਹੈ। ੨, ਕੀ ਇਸ ਸੰਗਤ ਭਾਟਰਾ ਕਾਨਫਰੰਸ 17-9-67 ਨੂੰ ਸਾਰੇ ਸਜਨ ਸਰਬ ਹਿੰਦ ਦੇ ਨਹੀਂ ਸਦੇ ਗਏ ਇਹ ਕੀ ਰਾਜ਼ ਹੈ, ਕੇਵਲ 10 ਸਜਨਾਂ ਦੇ ਨਾਮ ਹਨ। ਪ੍ਰਮ ਕ੍ਰਿਪਾਲੂ ਜੀਓ, ਅਸੀਂ ਕੌਮ ਦੇ ਸਾਰੇ ਆਸ਼ਕ ਹਾਂ, ਭਰੋਸੇ ਯੋਗ ਉਤਰ ਦੇਕੇ ਕ੍ਰਿਤਾਰਥ ਕਰੋਗੇ।

ਅਸੀਂ ਗੁਰੂ ਸੰਗਤ ਦੇ ਦਾਸ :-

ਗਿਆਨ ਸਿੰਘ ਰਾਗੀ
ਪ੍ਰਧਾਨ ਭਾਟੜਾ ਯੂਨੀਅਨ, ਅੰਮ੍ਰਿਤਸਰ

ਪਿਆਰਾ ਸਿੰਘ ਮੌਜੀ
ਜਃ ਸੈਕਟਰੀ

ਦਃ ਮੈਹਲ ਸਿੰਘ ਨਿਧੜਕ
ਸੀਨੀਅਰ ਪ੍ਰਧਾਨ

ਕਿਸਨ ਸਿੰਘ-ਲੌਈਆ

Digitized by Panjab Digital Library | www.panjabdigilib.org

ਭਾਟਰਾ ਯੂਨੀਅਨ ਅੰਮ੍ਰਿਤਸਰ ਵਲੋਂ

ਇੰਗਲੈਂਡ ਦੇ ਸੁਧਾਰਵਾਦੀ ਕੌਮੀ ਨੇਤਾਵਾਂ ਦਾ

ਹਾਰਦਿਕ ਧੰਨਵਾਦ

ਕੌਮ ਦੀ ਸ਼ਾਨ ਉਤੋਂ ਕੁਰਬਾਨ ਹੋ ਜਾਣ ਵਾਲੇ ਕੌਮੀ ਪਵਾਨਿਓ ! ਭਾਟਰਾ ਸੰਗਤ ਦਾ ਕੌਮੀ ਨਿਸ਼ਾਨ ਸਦਾ ਉਚਾ ਰਖਣ ਹਿਤ ਜੋ ਕੁਰਬਾਨੀਆਂ ਤੁਸਾਂ ਸੁਧਾਰ ਵਾਦੀ ਕੌਮੀ ਨੇਤਾਵਾ ਨੇ ਕੀਤੀਆਂ ਹਨ ਸਾਡੀ ਨਿਮਾਨੀ ਜੀਭ ਉਹਨਾਂ ਦਾ ਗੁਣ ਗਾਇਣ ਕਰਨ ਤੋਂ ਅਸਮਰਥ ਹੈ। ਧੰਨ ਹਨ ਇਹ ਕੌਮੀ ਸੂਰਬੀਰ ਜਿਨ੍ਹਾਂ ਆਪਣਾ ਲਹੂ ਭੇਟ ਕਰਕੇ ਕੌਮ ਸੇਵਾ ਦਾ ਪ੍ਰਣ ਲਿਆ ਸੀ ਤੇ ਅਜ ਤਕ ਆਪਣੇ ਬਚਨ ਨੂੰ ਪੂਰਾ ਕਰਨ ਲਈ ਕੌਮ ਉਤੋਂ ਕੁਰਬਾਨ ਹੋ ਜਾਣ ਵਿਚ ਹੀ ਕੌਮੀ ਸ਼ਾਨ ਸਮਝ ਰਖੀ ਹੈ। ਸਮਾਜ ਸੁਧਾਰ ਦੇ ਕੌਮੀ ਮੈਦਾਨ ਵਿਚ ਉਤਰਨ ਤੋਂ ਬਾਦ ਭਾਟਰਾ ਯੂਨੀਅਨ ਅੰਮ੍ਰਿਤਸਰ ਨੇ ਜੋ ਮਹਾਨ ਕਰੜੀਆਂ ਘਾਲਾਂ ਮਹਾਨ ਕੋਸ਼ ਵਿਚ ਆਏ ਭਾਟੜਾ ਸ਼ਬਦ ਦੇ ਗਲਤ ਅਰਥਾਂ ਬਾਰੇ ਹੋ ਰਹੇ ਅੰਦੋਲਨ ਵਿਚ ਘਾਲੀਆਂ ਹਨ, ਉਹ ਇਤਿਹਾਸ ਦਾ ਇਕ ਸ਼ਾਨਦਾਰ ਹਿਸਾ ਹਨ। ਇਸ ਅੰਦੋਲਨ ਵਿਚ ਸਰਗਰਮ ਹਿਸਾ ਲੈਣ ਲਈ ਤੇ ਬਾਕੀ ਸੋਸ਼ਲ ਸੁਧਾਰ ਲਈ ਜੋ ਉਤਸ਼ਾਹ ਭਰਪੂਰ ਪ੍ਰਸੰਸਾ ਸਾਡੀ ਸੁਧਰ ਵਾਦੀ ਕੌਮੀ ਨੇਤਾਵਾਂ ਨੇ ਕੀਤੀ ਹੈ ਉਸ ਲਈ ਅਸੀਂ ਇਹਨਾਂ ਦੇ ਰਿਣੀ ਹਾਂ ਇਹ ਆਕ੍ਰਿਤ ਘਣਤਾ ਹੋਵੇਗੀ ਜੇ ਕਰ ਅਸੀਂ ਆਪਣੇ ਮਹਾਨ ਕੌਮੀ ਜਰਨੈਲ, ਸ: ਪਟੇਲ ਜੀ, ਸੰਗਤ ਕੇਸਰੀ ਸਿੰਘ ਸਾਹਿਬ ਗਿ: 'ਸਾਗਰ' ਜੀ, ਕੌਮ ਦੇ ਮਾਇਆ ਨਾਜ਼ ਫਿਲਾਸਫਰ ਗਿ: ਕੌਮੀ ਜੀ, ਕੌਮ ਦੇ ਜਜ਼ਬਾਤਾਂ ਨੂੰ ਉਭਾਰਨ ਵਾਲੇ ਗਿ: 'ਸ਼ਾਦ' ਜੀ, ਕੌਮੀ ਬੁਲਬੁਲ ਗਿ: ਅੰਮ੍ਰਿਤ ਜੀ, ਕੌਮ ਦੇ ਨੌਜਵਾਨ ਸੋਸ਼ਲ ਨੇਤਾ ਸ: 'ਪ੍ਰਹਿਲਾਦ' ਜੀ, ਕੌਮ ਦੇ ਸੁਚੇ ਰਤਨ ਗਿ: ਅਮਰ ਸਿੰਘ ਜੀ, ਕੌਮ ਦੇ ਚਮਕਦੇ ਸਿਤਾਰੇ ਸ: ਕੁਲਵੰਤ ਸਿੰਘ 'ਗੁਪਤਾ' ਜੀ, ਫਖਰੇ ਕੌਮ ਸ: ਅਮਰਜੀਤ ਸਿੰਘ 'ਮਝੈਲ' ਜੀ ਅਤੇ ਕੌਮੀ ਰਣਖੇਤਰ ਦੇ ਅਜਮੂਦਾ ਨਾਇਕ ਸ: ਖੇੜਾ ਸਿੰਘ ਜੰਗੀ ਜੀ ਦਾ ਹਾਰਦਿਕ ਧੰਨਵਾਦ ਨਾ ਕਰੀਏ। ਭਾਟਰਾ ਯੂਨੀਅਨ ਅੰਮ੍ਰਿਤਸਰ ਨੂੰ ਪ੍ਰਸੰਸਾ ਪੱਤਰ ਭੇਜ ਕੇ ਸਾਡੇ ਹੌਸਲੇ ਵਧਾਏ ਹਨ ਅਤੇ ਸਾਡੇ ਜਜ਼ਬਿਆਂ ਅੰਦਰ ਕੁਝ ਕਰਕੇ ਵਖਾਣ ਦਾ ਟੀਕਾ ਕੀਤਾ ਹੈ। ਅਸੀਂ ਸਮੂਹ ਸੁਧਾਰਵਾਦੀ ਕੌਮੀ ਨੇਤਾਵਾਂ ਦੀ ਸੇਵਾ ਵਿਚ ਪ੍ਰਾਰਥਨਾ ਕਰਦੇ ਹਾਂ ਕਿ ਸੰਗਤ ਇੰਗਲੈਂਡ ਨੂੰ ਕਾਨਫਰੰਸ ਕਰਕੇ ਇਕ ਪਲੇਟਫਾਰਮ ਤੇ ਇਕਠੇ ਕਰਕੇ ਕੌਮੀ ਇਤਿਹਾਸ ਲਈ ਹੰਬਲਾ ਮਾਰੋ, ਅਸੀਂ ਵਲੈਤ ਦੀ ਭਾਟੜਾ ਸੰਗਤ ਦੇ ਹਰ ਹੁਕਮ ਦੀ ਪਾਲਨਾ ਕਰਕੇ ਆਪਣਾ ਫਰਜ਼ ਨਿਭਾਵਾਂਗੇ।

ਅਸੀਂ ਹਾਂ ਆਪ ਜੀ ਦੇ ਚਰਨ ਧੂੜ

ਗਿ: ਗਿਆਨ ਸਿੰਘ 'ਰਾਗੀ' ਡਾ: ਪਿਆਰਾ ਸਿੰਘ 'ਮੌਜੀ'

ਪ੍ਰਧਾਨ ਭਾਟਰਾ ਯੂਨੀਅਨ ਅੰਮ੍ਰਿਤਸਰ ਜਨਰਲ ਸਕੱਤਰ

Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ

29-5-69

ਪਿਆਰੇ ਹਮਦਰਦ ਸ਼ਾਦ ਜੀਓ, ਤਥਾ ਸਭਾ ਸਾਥੀ ! ਸਾਡੇ ਵਲੋਂ ਗੁਰਪਿਆਰ ਫਤਹਿ, ਆਪ ਜੀ ਦਾ ਖ਼ਤ ਮਿਲਿਆ, ਹਾਲ ਤੋਂ ਜਾਣੂ ਹੋਏ ਹਾਂ। ਖ਼ਤ ਲੇਟ ਤਾਂ ਹੋਇਆ ਹੈ ਕਿਉਂਕਿ ਸੰਗਤ ਨੂੰ ਸੱਦ ਕੇ ਮੀਟਿੰਗ ਕੀਤੀ ਸੀ ਤੇ ਪ੍ਰਤੀਨਿਧ ਚੁਣੇ ਸਨ। ਸੋ ਸਾਡੇ ਵਲੋਂ ਦੋ ਪ੍ਰਤੀਨਿਧ ਆਉਣਗੇ, ਸ: ਮੁਕੰਦਾ ਸਿੰਘ ਅਤੇ ਇਕ ਮੈਨੂੰ ਚੁਣਿਆ ਹੈ। ਸੋ ਆਪ ਜੀ ਨੇ ਟਿਕਾਨੇ ਦਾ ਹਾਲ ਨਹੀਂ ਲਿਖਿਆ। ਕਿਰਪਾ ਕਰਕੇ ਵੇਰਵੇ ਨਾਲ ਲਿਖਨਾ। ਬਾਕੀ ਵਿਚਾਰ ਮਿਲਣ ਤੇ। ਦੁਬਾਰਾ ਫਤਹਿ, ਕੋਈ ਗਲਤੀ ਹੋਵੇ ਤਾਂ ਮਾਫ।

ਆਪ ਜੀ ਦਾ,
ਅਮਰਜੀਤ ਸਿੰਘ ਮਝੈਲ

ੴ
ਗੁਰੂ ਨਾਨਕ ਗੁਰਦੁਆਰਾ

30-6-69
Edinbrough-6

ਪਵਿਤਰ ਸੇਵਾ ਵਿਖੇ,

ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤਹਿ, ਸ੍ਰੀ ਮਾਨ ਗਿਆਨੀ ਰਤਨ ਸਿੰਘ ਸ਼ਾਦ ਜੀਓ, ਆਪ ਜੀ ਦੀ ਭੇਜੀ ਪਤਰਕਾ 6-5-69 ਦੀ ਮਿਲੀ, ਪੜ੍ਹਕੇ ਹਾਲ ਤੋਂ ਜਾਣੂ ਹੋਏ ਹਾਂ।

ਆਪ ਜੀ ਨੇ ਲਿਖਿਆ ਹੈ ਕਿ, ਪ੍ਰਤੀਨਿਧ ਜਨਰਲ ਇਕੱਠ ਕੀਤਾ ਜਾਵੇ ? ਸੋ ਐਡਨਬਰਾ ਅਤੇ ਆਬਾਡੀਨ ਨਿਵਾਸੀ ਇਸ ਗੱਲ ਬਾਤ ਨਾਲ ਸਾਥ ਦੇਣ ਦੀ ਕੋਸ਼ਿਸ਼ ਕਰਾਂਗੇ। ਜਿਸ ਵਕਤ ਜਨਰਲ ਇਕੱਠ ਹੋਵੇਗਾ, ਸਾਡੇ ਵਿਚੋਂ ਦੋ ਮੈਂਬਰ ਜ਼ਰੂਰ ਪਹੁੰਚਣਗੇ।

ਦ: ਪ੍ਰਧਾਨ ਹਰਨਾਮ ਸਿੰਘ ਭਾਈ ਦ: ਮੁਲਖ ਸਿੰਘ ਦਿਗਵਾ ਜਨਰਲ ਸੈਕਟਰੀ

ੴ ਸਤਿਨਾਮ ਜੀ ਸਹਾਏ ॥

Southampton
19-5-69

ਸੇਵਾ ਵਿਖੇ ਸ੍ਰੀਮਾਨ, ਮਾਨਯੋਗ ਗਿਆਨੀ ਰਤਨ ਸਿੰਘ ਜੀਓ, ਆਪ ਜੀ ਨੂੰ ਗੁਰ-ਪਿਆਰ ਫਤ੍ਹੇ ਪ੍ਰਵਾਨ ਹੋਵੇ। ਸਰਬਤ ਸੰਗਤ ਸਾਊਥਹੈਂਪਟਨ ਵਲੋਂ ਦਰਜੇ ਬਦਰਜੇ

Digitized by Panjab Digital Library | www.panjabdigilib.org

ਬੇਨਤੀ ਹੈ ਕਿ ਆਪ ਜੀ ਦਾ ਭੇਜਿਆ ਹੋਇਆ ਹੁਕਮ ਨਾਮਾ 6-5-69 ਦਾ ਅੱਜ ਹੀ ਮਿਲਿਆ ਅਤੇ ਉਤਰ ਲਿਖ ਰਹੇ ਹਾਂ ਜੀ। ਆਪ ਜੀ ਨੇ ਜੋ ਕੁਝ ਭੀ ਲਿਖਿਆ ਹੈ ਸੋ ਠੀਕ ਹੈ। ਸਰਬਤ ਸੰਗਤ ਸਾਊਥਹੈਂਪਟਨ ਦੀ ਰਾਇ ਹੈ ਕਿ ਆਪ ਜੋ ਭੀ ਕਰੋਗੇ ਜਾਂ ਸੰਗਤ ਭਾਟੜਾ ਬਰਾਦਰੀ ਜੋ ਕੁਝ ਭੀ ਕਰੇਗੀ ਅਸੀਂ ਸਹਿਮਤ ਹਾਂ। ਯਾਨੀ ਸਾਥ ਹਾਂ ਜੀ ਅਤੇ ਸਾਥ ਦੇਂਦੇ ਰਹਾਂਗੇ ਜੀ। ਅਰਜ਼ ਹੈ ਕਿ ਕਿਰਪਾ ਕਰਕੇ ਲਿਖਨਾ ਕਿ ਏਹ ਇਕੱਠ ਕਿਥੇ ਤੇ ਕਦੋਂ ਹੋਵੇਗਾ। ਤਰੀਕ ਵਗੈਰਾ ਲਿਖਣੀ ਤਾਂ ਕਿ ਅਸੀਂ ਆਪ ਨੂੰ ਦੱਸ ਸਕੀਏ ਕਿ ਸਾਡੇ ਵਲੋਂ ਕੌਣ ਕੌਣ ਸਜਣ ਹਾਜ਼ਰ ਹੋਣਗੇ। ਗਲਤੀ ਵਲੋਂ ਖਿਮਾਂ ਦਾ ਜਾਚਕ।

ਆਪ ਦੇ ਦਰਸ਼ਨ ਦਾ ਅਭਿਲਾਖੀ
ਅਮਰ ਸਿੰਘ ਰਾਠੌਰ, ਜ: ਸੈਕਟਰੀ

ੴ ਸਤਿਗੁਰ ਪ੍ਰਸਾਦਿ।

ਸੇਵਾ ਵਿਖੇ,

ਸ੍ਰੀ ਮਾਨ ਗਿਆਨੀ ਰਤਨ ਸਿੰਘ ਜੀ ਸ਼ਾਦ! ਸ੍ਰੀਮਾਨ ਜੀ, ਸ੍ਰੀ ਵਾਹਿਗੁਰੂ ਜੀ ਦੀ ਫਤਹਿ ਪ੍ਰਵਾਨ ਹੋਵੇ।

ਆਪ ਦੀ ਕਮੇਟੀ ਵਲੋਂ ਛਪਿਆ ਇਸ਼ਤਿਹਾਰ ਪੁਜਾ, ਸਭ ਸੰਗਤਾਂ ਵਿਚ ਵੰਡ ਦਿਤਾ ਗਿਆ। ਬਰਮਿੰਘਮ ਦੀ ਸੰਗਤ ਨੂੰ ਇਹ ਜਾਣ ਕੇਂ ਬੜੀ ਖੁਸ਼ੀ ਹੋਈ ਹੈ ਕਿ ਆਪ ਇਹ ਉੱਦਮ ਕਰ ਰਹੇ ਹੋ। ਜਿਥੇ ਵੀ ਆਪ ਕਾਨਫਰੰਸ ਕਰੋਗੇ ਅਸੀਂ ਆਪਣੇ ਨੁਮਾਇੰਦੇ ਭੇਜਾਂਗੇ। ਸੰਗਤ ਬਰਮਿੰਘਮ ਆਪ ਦੀ ਬਹੁਤ ਧੰਨਵਾਦੀ ਹੈ, ਜੋ ਆਪ ਇਹ ਉਦਮ ਕਰ ਰਹੇ ਹੋ। ਵਾਹਿਗੁਰੂ ਆਪ ਨੂੰ ਕਾਮਯਾਬ ਕਰੇ।

ਤਰੀਕ 1.10.67

ਆਪ ਦੇ ਸ਼ੁਭਚਿੰਤਕ

ਵਰਿਆਮ ਸਿੰਘ ਪ੍ਰਧਾਨ,

ਪਿਆਰਾ ਸਿੰਘ ਮੀਤ ਸੈਕਟਰੀ
ਸਿਖ ਟੈਂਪਲ ਭਾਟਰਾ ਸਿੰਘ ਸਭਾ ਬਰਮਿੰਘਮ।

ੴ 9.11.67

ਸਤਿਕਾਰ ਯੋਗ ਗੁਰੂ ਰੂਪ ਸੰਗਤ ਜੀਓ, ਸ੍ਰੀ ਵਾਹਿਗੁਰੂ ਜੀ ਕੀ ਫਤਹਿ।

ਬੇਨਤੀ ਹੈ, ਆਪ ਜੀ ਵਲੋਂ ਸੰਗਤ ਭਾਟਰਾ ਕਾਨਫਰੰਸ ਦੇ ਭੇਜੇ ਹੋਏ ਇਸ਼ਤਿਹਾਰ ਪੁਜ ਗਏ ਹਨ। ਭਾਟਰਾ ਨਿਰਮਾਨ ਜਥਾ ਲੀਡਸ ਅਤੇ ਬਰੈਡ ਫੋਰਡ ਵਲੋਂ ਆਪ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਗਈ ਹੈ। ਭਾਟਰਾ ਨਿਰਮਾਨ ਜਥਾ ਲੀਡਸ ਅਤੇ ਬਰੈਡ ਫੋਰਡ ਦੀ ਸਰਬ ਸੰਮਤੀ ਇੱਛਾ ਪ੍ਰਗਟ ਕਰਦੀ ਹੈ ਕਿ ਯੂ. ਕੇ. ਦੀ ਸਮੁੱਚਾ ਭਾਟਰਾ ਬਰਾਦਰੀ ਦੀ ਕਾਨਫਰੰਸ ਜ਼ਰੂਰ ਹੋਣੀ ਚਾਹੀਦੀ ਹੈ। ਭਾਟਰਾ ਨਿਰਮਾਨ ਜਥਾ ਲੀਡਸ ਅਤੇ ਬਰੈਡ ਫੋਰਡ ਇਸ ਅਗਾਂਹ ਵਧੂ ਕਦਮ ਨਾਲ ਸਹਿਮਤ ਹੋਵੇਗਾ।

Digitized by Panjab Digital Library | www.panjabdigilib.org

ਕਾਨਫਰੰਸ ਕਿਥੇ ਹੋਣੀ ਚਾਹੀਦੀ ਹੈ? ਇਸ ਦੇ ਉੱਤਰ ਲਈ ਸਾਡੇ ਜਥੇ ਦੀ ਰਾਏ ਅਨੁਸਾਰ ਦੋ ਜਗ੍ਹਾ ਹੀ ਯੋਗ ਹਨ, ਮਾਨਚੈਸਟਰ ਜਾਂ ਬਰਮਿੰਘਮ।

ਸੰਗਤ ਦੇ ਦਾਸ,
ਪ੍ਰਧਾਨ ਜਗੀਰ ਸਿੰਘ, ਜਨਰਲ ਸਕਤਰ ਸਰਦਾਰ ਸਿੰਘ

ੴ ਸਤਿਗੁਰ ਪ੍ਰਸਾਦਿ।

ਸੇਵਾ ਵਿਖੇ, 2.6.69

ਪਰਮ ਸਤਿਕਾਰ ਯੋਗ ਸ਼ਾਧ ਸੰਗਤ ਜੀਓ ਅਤੇ ਗਿਆਨੀ ਰਤਨ ਸਿੰਘ ਸ਼ਾਦ ਜੀ, ਵਾਹਿਗੁਰੂ ਜੀ ਕਾ ਖਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫਤਹਿ, ਬਿਨੇ ਹੈ ਕਿ ਆਪ ਦੀ ਭੇਜੀ ਪੱਤਰਕਾ ਪੁਜੀ, ਹਾਲ ਤੋਂ ਜਾਣੂ ਹੋਏ। ਜੋ ਆਮ ਸੰਗਤ ਦਾ ਇਕੱਠ ਕਰ ਰਹੇ ਹੋ, ਇਹ ਬਹੁਤ ਅਛੀ ਤੇ ਸਾਧ ਸੰਗਤ ਦੀ ਉੱਨਤੀ ਦੀ ਗੱਲ ਹੈ। ਆਪ ਦੇ ਇਸ ਉੱਚ ਖਿਆਲਾਂ ਦੀ ਦਾਦ ਦਿੰਦੇ ਹਾਂ। ਜਿਸ ਵਕਤ ਜਾਂ ਜਿਸ ਜਗ੍ਹਾ ਆਪ ਲਿਖੋਗੇ, ਸਾਡੇ ਗੁਰਦਵਾਰੇ ਵਲੋਂ ਭੀ ਦੋ ਮੈਂਬਰ ਆਪ ਪਾਸ ਪੁਜ ਜਾਣਗੇ। ਦਾਸ

ਜਨਰਲ ਸਕੱਤਰ ਜਸਵੰਤ ਸਿੰਘ ਰਾਠੌੜ

ੴ ਸਤਿਗੁਰ ਪ੍ਰਸਾਦਿ ॥

SIKH TEMPLE

SHRI DASMAIS SINGH SABHA

(British Isles)

82 NINIAN PARK ROAD
CARDIFF,
South Wales

Date 14-10-67

ਪਵਿੱਤਰ ਸੇਵਾ ਵਿਖੇ, ਸ੍ਰੀ ਮਾਨ ਗਿ: ਰਤਨ ਸਿੰਘ 'ਸ਼ਾਦ' ਜੀਓ,

ਸ੍ਰੀ ਵਾਹਿਗੁਰੂ ਜੀ ਕਾ ਖਾਲਸਾ, ਸ੍ਰੀ ਵਾਹਿਗੁਰੂਜੀ ਕੀ ਫਤਹਿ।

ਸ੍ਰੀ ਮਾਨ ਜੀ ਆਪ ਜੀ ਦੇ ਹਸਤ ਕਮਲਾਂ ਦੁਵਾਰਾ ਭੇਜੇ, ਸੰਗਤ ਭਾਟਰਾ ਕਾਨਫਰੰਸ ਨਾਮੇ ਇਸ਼ਤਿਹਾਰ ਮਿਲੇ, ਜਿਨ੍ਹਾਂ ਦੇ ਹਿੰਟ ਇਹ ਸਨ :—

(1) ਯੂ.ਕੇ. ਦੀ ਸਮੁੱਚਾ ਭਾਟਰਾ ਸੰਗਤ ਦੀ ਕਾਨਫਰੰਸ ਹੋਣੀ ਚਾਹੀਦੀ ਹੈ।
(2) ਹੁਣ ਇਹ ਕਾਨਫਰੰਸ ਕਿਥੇ ਹੋਣੀ ਚਾਹੀਦੀ ਹੈ ?

Digitized by Panjab Digital Library | www.panjabdigilib.org

ਸੋ ਗਿ: ਜੀ ਸ੍ਰੀ ਦਸਮੇਸ਼ ਸਿੰਘ ਸਭਾ ਗੁ: ਕਾਰਡੀਫ ਸਾਉਥ ਵੇਲਜ਼ ਆਪ ਜੀ ਦੇ ਸ਼ੁਭ ਇਸ਼ਤਿਹਾਰ ਰਾਹੀਂ ਸ਼ਲਾਘਾ ਯੋਗ ਕਦਮ ਚੁਕੇ ਦੀ ਅਤਿਅੰਤ ਪ੍ਰਸ਼ੰਸਾ ਕਰਦੀ ਹੈ, ਜੋ ਕੌਮ ਦੇ ਭਵਿੱਖਤ ਦੇ ਉਸਾਰੂ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਦੇ ਆਹਰ ਅੰਦਰ ਹੈ। ਅਸੀਂ ਗੁਰਦੁਵਾਰਾ ਕਾਰਡੀਫ ਸ੍ਰੀ ਦਸਮੇਸ਼ ਸਿੰਘ ਸਭਾ ਵਲੋਂ ਜ਼ਰੂਰ ਆਪ ਜੀ ਨੂੰ ਸਹਾਇਕ ਪ੍ਰਤੀਨਿਧ ਭੇਜਾਂਗੇ। ਜਿਥੇ ਭੀ ਆਪ ਸੰਗਤ ਭਾਟਰਾ ਕਾਨਫਰੰਸ ਕਰੋ, ਅਸੀਂ ਹਰ ਕਦਮ ਆਪ ਜੀ ਦੇ ਨਾਲ ਹਾਂ। ਕਿਉਂ ? ਇਹ ਸਾਡਾ ਕੌਮੀ ਸਵਾਲ ਹੈ।

ਗੁਰਸਿੱਖ ਦੇ ਇਹ ਦੋ ਅਹਿਮ ਮਸਲੇ ਹਨ, ਗੁਰ-ਸਿੱਖੀ ਅਤੇ ਕੌਮੀ। ਸੋ ਅਸੀਂ ਹਰ ਤਰ੍ਹਾਂ ਆਪ ਜੀ ਦੇ ਨਾਲ ਹਾਂ। ਸਗੋਂ ਆਪ ਜੀ ਨੂੰ ਇਸ ਸ਼ਲਾਘਾ ਯੋਗ ਕਦਮ ਚੁਕੇ ਦੀ ਮੁਬਾਰਕਬਾਦ ਪੇਸ਼ ਕਰਦੇ ਹੋਏ ਅਰਦਾਸ ਕਰਦੇ ਹਾਂ।

ਵਾਹਿਗੁਰੂ ਆਪ ਜੀ ਨੂੰ ਕਾਮਯਾਬੀ ਦੇ ਰਾਹ ਚਲਦਿਆਂ ਉਦਮ ਬਖਸ਼ੇ।

ਦਾਸ

ਜਨਰਲ ਸੈਕਟਰੀ ਬਲਬੀਰ ਸਿੰਘ ਸ਼ੋਕੀ

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥

ਸ੍ਰੀ ਗੁਰੂ ਨਾਨਕਸਰ ਗੁਰਦੁਆਰਾ
138, Sultan Road, Portsmouth

ਤਰੀਕ 31-5-1969

ਸ੍ਰੀ ਮਾਨ ਗਿ: ਰਤਨ ਸਿੰਘ ਸ਼ਾਦ ਜੀਓ ਅਤੇ ਸਰਬਤ ਸੰਗਤ !

ਸਤਿ ਸ੍ਰੀ ਅਕਾਲ !

ਪਵਿਤਰ ਸੇਵਾ ਵਿਖੇ

ਬੇਨਤੀ ਹੈ ਕਿ ਆਪ ਜੀ ਦੀ 6-5-69 ਦੀ ਲਿਖੀ ਪਿਆਰ ਪਤਰਿਕਾ ਮਿਲੀ, ਜਿਸਨੂੰ ਪੜ੍ਹਕੇ ਦਿਲ ਅਤਿ ਖੁਸ਼ ਹੋਇਆ ਅਤੇ ਜਿਸ ਉਪਰ ਸੰਗਤ ਪੋਰਟਸਮੌਥ ਨੇ ਬੜੀ ਗੰਭੀਰਤਾ ਨਾਲ ਵਿਚਾਰ ਕੀਤੀ। ਸੰਗਤ ਪੋਰਟਸਮੌਥ ਉਹਨਾ ਨੌਜੁਆਨਾਂ ਅਤੇ ਕੌਮ ਦਰਦੀਆਂ ਦਾ ਬਹੁਤ ਧੰਨਵਾਦ ਕਰਦੀ ਹੈ, ਜੋ ਸਰਬਤ ਸੰਗਤ ਦੇ ਭਵਿੱਖ ਬਾਰੇ ਸੋਚਦੇ ਹਨ। ਸੰਗਤ ਪੋਰਟਸਮੌਥ ਦਾ ਇਹ ਫੈਸਲਾ ਹੈ ਕਿ ਅਸੀਂ ਹਮੇਸ਼ਾਂ ਉਹਨਾਂ ਕੌਮੀ ਪ੍ਰਵਾਨਿਆਂ ਦਾ ਸਾਥ ਦਿੰਦੇ ਰਹਾਂਗੇ ਜੋ ਸ੍ਰਬਤ ਸੰਗਤ ਦੀ ਭਲਾਈ ਕਰਨਾ ਲੋਚਦੇ ਹਨ ਅਤੇ ਸੰਗਤ ਪੋਰਟਸਮੌਥ ਹਰ ਵਕਤ ਆਪਣੇ ਦੋ ਮੈਂਬਰ ਭੇਜਣ ਨੂੰ ਤਿਆਰ ਹੈ, ਜਿਥੇ ਵੀ ਕੌਮ ਸੇਵਕਾਂ ਦਾ ਇਕਠ ਹੋਵੇਗਾ। ਭੁੱਲ ਖਿਮਾ ਕਰਨਾ।

ਆਪ ਜੀ ਦਾ ਦਾਸ

ਮੁਨਸ਼ਾ ਸਿੰਘ ਰਾਠੌੜ ਜਨਰਲ ਸੈਕਟਰੀ

Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ ।

GOD WAS TRUE BEFORE ALL AGES BEGAN, HE IS TRUE EVEN NOW AND SHALL BE FOR EVER MORE

Sewak Jatha
Of
The Sikh Temple

Tel.
Mos
4153

15 Monton Street,
Moss Side
Manchester, 14
Date : 4.6.69

ਸ੍ਰੀਮਾਨ ਸਰਬ ਉਪਮਾਯੋਗ, ਗਿ: ਰਤਨ ਸਿੰਘ ਜੀ ਸ਼ਾਦ !

ਗੁਰ ਫਤਹਿ ਪ੍ਰਵਾਨ ਕਰਨੀ ।

ਨਵੇਦਨ ਹੈ ਕਿ ਆਪ ਜੀ ਦੀ ਸ਼ੁਭ ਪੱਤਰਕਾ ਮਿਲੀ, ਪੜ੍ਹਨ ਤੇ ਹਾਲਾਤ ਤੋਂ ਵਾਕਫਕਾਰ ਹੋਏ । ਗਿਆਨੀ ਸਾਹਿਬ ਜੀ ਬੇਨਤੀ ਹੈ ਕਿ ਆਪ ਜੀ ਦੇ ਸੁੱਚੇ ਅਤੇ ਸ਼ੁਭ ਖਿਆਲਾਂ ਨੂੰ ਮਦੇ-ਨਜ਼ਰ ਰਖਦੇ ਹੋਏ ਕਮੇਟੀ ਨੇ ਵਿਚਾਰ ਕਰਨਾ ਸਵੀਕਾਰ ਕਰ ਲਿਆ ਹੈ, ਜੋ ਚੰਦ ਦਿਨਾਂ ਦੇ ਅੰਦਰ ਅੰਦਰ ਭੇਜ ਦਿਤਾ ਜਾਵੇਗਾ । ਅਗਰ ਕੋਈ ਨਵੀਂ ਤਾਜ਼ੀ ਖ਼ਬਰ ਹੋਈ ਤਾਂ ਉਹ ਭੀ ਅਰਸਾਲ ਖਿਦਮਤ ਕਰ ਦਿੱਤੀ ਜਾਵੇਗੀ ।

ਆਪ ਜੀ ਦਾ ਸੂਬਤ ਸੰਗਤ ਦਾ ਦਾਸ
ਰਤਨਪਾਲ ਸਿੰਘ ਲਾਂਡਾ
ਜਨਰਲ ਸਕੱਤਰ

ੴ ਸਤਿਗੁਰ ਪ੍ਰਸਾਦਿ ।

ਦਸਮੇਸ਼ ਸਿੱਖ ਟੈਂਮਪਲ
Dasmesh Sikh Temple
Cheetham Hill

103 Halliwell Lane. Manchester 8

Date : 21.9.1968

ਸਤਿਕਾਰਯੋਗ ਗਿਆਨੀ ਰਤਨ ਸਿੰਘ ਤੇ ਸਰਬੱਤ ਸੰਗਤ ਜੀਉ !

ਸਤਿ ਸ੍ਰੀ ਅਕਾਲ !

ਬੇਨਤੀ ਹੈ ਕਿ ਆਪ ਜੀ ਦੀ ਭੇਜੀ ਹੋਈ ਪੱਤਰਕਾ ਪੁੱਜੀ । ਆਪ ਬਹੁਤ ਹੀ ਸ਼ੁਭ ਕੰਮ ਕਰਨ ਦਾ ਉਪਰਾਲਾ ਕਰ ਰਹੇ ਹੋ । ਅਸੀਂ ਆਪ ਜੀ ਦੇ ਨਾਲ ਹਾਂ । ਜਿਥੇ ਆਪ ਕੋਈ ਜਗ੍ਹਾ ਮੁਕੱਰਰ ਕਰੋਗੇ ਉਥੇ ਪੁੱਜਕੇ ਆਪ ਜੀ ਨਾਲ ਸਾਥ ਦੇਵਾਂਗੇ ।

Digitized by Panjab Digital Library | www.panjabdigilib.org

ਅਸੀਂ ਤਾਂ ਮੈਂਬਰ ਹੀ ਬਹੁਤ ਥੋੜੇ ਜਿਹੇ ਹਾਂ। ਸੋ ਅਸੀਂ ਤੁਹਾਨੂੰ ਕਿਹੜੀ ਜਗ੍ਹਾ ਕਾਨਫਰੰਸ ਲਈ ਲਿਖੀਏ। ਜਿਥੇ ਬਹੁਤ ਗਿਣਤੀ ਜਗ੍ਹਾ ਮੁਕੱਰਰ ਕਰੇਗੀ ਅਸੀਂ ਉਥੇ ਪੁੱਜ ਜਾਵਾਂਗੇ।

ਦੁਬਾਰਾ ਫਤਹਿ।

ਆਪ ਜੀ ਦਾ
ਰਨਜੀਤ ਸਿੰਘ ਬਚਨ
ਜਨਰਲ ਸੈਕਟਰੀ

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥

ਸਿੱਖ (ਭਾਟੜਾ) ਕਮੇਟੀ ਔਫ ਮਾਨਚੈਸਟਰ

Sikh (Bhatra) Committee of Manchester

35, Rosamond Street West, Manchester-15

Our Ref..... Your Ref..... Date 15.4.1970

ਪਵਿੱਤਰ ਸੇਵਾ ਵਿਖੇ ਕੌਮ ਦੇ ਆਗੂ ਲੀਡਰ

ਸ. ਸਾਹਿਬ, ਗਿ. ਰਤਨ ਸਿੰਘ ਜੀ ਸ਼ਾਦ !

ਸ੍ਰੀ ਵਾਹਿਗੁਰੂ ਜੀ ਕਾ ਖਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫਤਹਿ।

ਸਨਿਮਰ ਬਿਨੇ ਹੈ ਕਿ ਤੁਸਾਂ ਵਲੋਂ ਭੇਜਿਆ ਪੱਤਰ, ਤਰੀਖ 27.3.70 ਮਿਲ ਗਿਆ ਹੈ।

ਤੁਹਾਡੇ ਪਿਆਰ ਦਾ ਜਿੰਨਾ ਵੀ ਧੰਨਵਾਦ ਆਖੀਏ ਥੋੜਾ ਹੈ।

ਸਿੱਖ (ਭਾਟੜਾ) ਕਮੇਟੀ ਔਫ ਮਾਨਚੈਸਟਰ ਨੇ ਇਸ ਸੁਭਾਗ ਸਮੇਂ ਤੇ ਪਹੁੰਚਣ ਤੇ ਖੁਸ਼ੀ ਕੀਤੀ ਹੈ ਅਤੇ ਸ਼ੁਭ ਨਾਮ ਆਪ ਜ਼ੀ ਦਾ ਨੋਟ ਕੀਤਾ ਗਿਆ ਹੈ।

"ਇਕ ਜ਼ਰੂਰੀ ਬੇਠਤੀ ਤੇ ਵੀ ਵਿਚਾਰ ਹੋਈ ਹੈ।"

ਜਿਸ ਨੂੰ ਪੂਰਨ ਭਰੋਸਾ ਹੈ ਕਿ ਨਜਿਠਿਆ ਜਾਵੇਗਾ।

ਆਪ ਜੀ ਦੇ ਦਾਸਨ ਦਾਸ
ਸਿੱਖ (ਭਾਟੜਾ) ਕਮੇਟੀ ਔਫ ਮਾਨਚੈਸਟਰ।

ਉਕਤ ਸਭਾ ਵਲੋਂ ਭੇਜਿਆ ਦੂਜਾ ਪੱਤਰ :—

ਅਜ 25.5.70 ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਸਾਲਾ ਪਰਕਾਸ਼ ਉਤਸਵ ਤੇ ਆਈਆਂ ਸੰਗਤਾਂ ਤੇ ਮਾਨਚੈਸਟਰ ਦੀ ਸੰਗਤ ਦੇ ਖਿਆਲਾਂ ਦਾ ਵਟਾਂਦਰਾ ਸ੍ਰੀ ਗੁਰੂ ਨਾਨਕ ਨਿਰੰਕਾਰੀ ਗੁਰਦਵਾਰਾ ਮਾਨਚੈਸਟਰ ਅੰਦਰ ਹੋਇਆ।

Digitized by Panjab Digital Library | www.panjabdigilib.org

ਵਿਚਾਰ ਹੋਈ ਕਿ ਜੇਕਰ ਸਿਖ (ਭਾਟੜਾ) ਕਮੇਟੀ ਆਫ ਮਾਨਚੈਸਟਰ, ਜਿਥੇ ਉਸ ਨੇ ਗੁਰੂ ਮਹਾਰਾਜ ਦਾ ਪੰਜ ਸੌ ਸਾਲਾ ਪਰਕਾਸ਼ ਉਤਸਵ ਮਨਾਕੇ ਜੱਸ ਖੱਟਿਆ ਹੈ ਉਥੇ (ਜੇਕਰ ਉਹ ਇਸ ਮੁਲਕ ਵਿਚ, ਗੁਰਦਵਾਰਿਆਂ ਦੇ ਪ੍ਰਤੀਨਿਧਾਂ, ਪੰਚਾਇਤਾਂ ਤੇ ਕੌਮ ਦੇ ਸੇਵਾਦਾਰਾਂ ਦਾ ਇਕੱਠ ਸੱਦਕੇ ਪਰਉਪਕਾਰ ਕਰਨ। ਸਿਖ (ਭਾਟੜਾ) ਕਮੇਟੀ ਆਫ ਮਾਨਚੈਸਟਰ ਨੇ ਸੰਗਤ ਦੀ ਇਹ ਪ੍ਰੇਰਨਾ ਪਰਵਾਨ ਕਰ ਲਈ। ਬਾਹਰਲੀਆਂ ਸੰਗਤਾਂ ਨੇ ਭਰੋਸਾ ਦਿਵਾਇਆ ਕਿ ਉਹ ਉਸ ਇਕੱਠ ਨੂੰ ਸਫਲ ਕਰਨ ਦੀ ਸਿਰ-ਤੋੜ ਕੋਸ਼ਿਸ਼ ਕਰਨਗੇ।

ਗਿ. ਮੱਖਣ ਸਿੰਘ ਮ੍ਰਿਗਿੰਦ
ਦਿਆਲ ਸਿੰਘ ਭਾਕੜ
ਗਿ. ਹਰਨਾਮ ਸਿੰਘ ਕੌਮੀ
ਸ਼ਿੰਗਾਰ ਸਿੰਘ ਸੰਗੀ
ਗੁਰਬਖਸ਼ ਸਿੰਘ
ਰਤਨ ਸਿੰਘ ਰਾਠੌਰ ਲੰਡਨ
ਐਲ ਸਿੰਘ
ਹਰੀ ਸਿੰਘ ਪੋਤੀਵਾਲ
ਪ੍ਰੀਤਮ ਸਿੰਘ ਰਸੀਲਾ
ਮੇਵਾ ਸਿੰਘ ਸਾਥੀ
ਪਿਆਰਾ ਸਿੰਘ ਮਹਿਤਾਬ
ਸਾਬਕ ਪ੍ਰਧਾਨ ਮੈਂਗਾ ਸਿੰਘ ਲੰਡਨ
ਗਿ. ਰਤਨ ਸਿੰਘ ਸ਼ਾਦ
ਵਰਿਆਮ ਸਿੰਘ ਲੋਈਆ
ਮੱਖਣ ਸਿੰਘ ਦਿਗਵਾ
ਗਿ: ਸੁੰਦਰ ਸਿੰਘ ਸਾਗਰ ਮਾਨਚੈਸਟਰ
ਮੰਗਲ ਸਿੰਘ ਪੋਤੀਵਾਲ
ਸਵਰਨ ਸਿੰਘ ਭਗਤ ਪ੍ਰਹਿਲਾਦ
25.5.70
ਲਾਹੌਰੀ ਸਿੰਘ

ਸ਼ਮਸ਼ੇਰ ਸਿੰਘ
ਸਾਬਕ ਪ੍ਰਧਾਨ ਪੂਰਨ ਸਿੰਘ ਰੌਦ ਲੰਡਨ
ਹਾਕਮ ਸਿੰਘ ਦਿਗਪਾਲ
ਗੋਪਾਲ ਸਿੰਘ ਭਾਕੜ
ਸਰਦਾਰ ਸਿੰਘ ਕੋਵਲ
ਮੇਲਾ ਸਿੰਘ ਪੋਤੀਵਾਲ
ਕੁਲਦੀਪ ਸਿੰਘ ਦੀਪਕ (ਰੌਦ)
25.5.70
ਗੱਜਨ ਸਿੰਘ ਸੇਵਕ
ਰਤਨ ਪਾਲ ਸਿੰਘ ਲਾਂਡਾ
ਮੁਖਤਿਆਰ ਸਿੰਘ ਰੌਦ
ਚਮਨ ਸਿੰਘ ਮਾਹੀ ਭਾਕੜ
ਜੋਗਿੰਦਰ ਸਿੰਘ ਮਾਨ
ਸਵਰਨ ਸਿੰਘ
ਬੈਕੁੰਠ ਸਿੰਘ ਹਮਦਰਦ
ਭਾਈ ਮੇਹਰ ਸਿੰਘ ਪ੍ਰਦੇਸੀ
25.5.70
ਕਲਿਆਣ ਸਿੰਘ ਦਿਗਵਾ
ਫੌਜਾ ਸਿੰਘ ਰੌਦ

Digitized by Panjab Digital Library | www.panjabdigilib.org

ਕੌਮੀ ਕਾਨਫਰੰਸ ਤੇ ਸੰਗਤ ਭਾਟਰਾ ਸੰਪ੍ਰਦਾ U.K. ਦਾ ਸੰਖੇਪ

ਮਾਨਚੈਸਟਰ ਵਿਚ 17.9.67 ਨੂੰ ਹੋਈ ਕੌਮੀ ਕਾਨਫਰੰਸ ਤੇ "ਸੰਗਤ ਭਾਟਰਾ ਸੰ ਪ੍ਰਦਾ U.K." ਜਮਾਤ ਬਣਨ ਦੇ ਅਦ੍ਭੁਤੀ ਨਜ਼ਾਰੇ, ਤੇ ਸਹੀ ਜਾਣਕਾਰੀ ਲਈ ਲੇਖਕ ਉਸ ਸਮੇਂ ਦਾ ਸੰਪਾਦਕੀ ਲੇਖ ਪਾਠਕਾਂ ਦੀ ਦਰਿਸ਼ਟੀ ਗੋਚਰ ਕਰਨਾ ਯੋਗ ਸਮਝ੍ਦਾ ਹੈ :—

ੴ ਸਤਿਗੁਰ ਪ੍ਰਸਾਦਿ ॥

ਮਾਸਿਕ ਪੱਤਰ

ਸੰਗਤ ਸਮਾਚਾਰ

ਅੰਮ੍ਰਿਤਸਰ

ਚੀਫ ਐਡੀਟਰ

ਡਾ: ਹਰਨਾਮ ਸਿੰਘ 'ਤਾਲਿਬ' ਗਿਆਨੀ

ਐਡੀਟਰ

ਗਿ: ਰਤਨ ਸਿੰਘ "ਸ਼ਾਦ"

ਚੰਦਾ

ਦੇਸ ¢)

ਇਕ ਪ੍ਰਚਾ 50 ਪੈਸੇ

ਪ੍ਰਦੇਸ : ਬਾਈ ਸੀ ਇਕ ਪੌਂਡ

ਬਾਈ ਏਅਰ ਦੋ ਪੌਂਡ

ਜਿਲਦ 29 | ਦਸੰਬਰ 1970 | ਨੰਬਰ 12

ਐਡੀਟੋਰੀਅਲ ਲੇਖ :—

ਮਾਨਚੈਸਟਰ ਵਿਚ ਯੂ. ਕੇ. ਦੇ ਸੰਮੂਹ ਭਾਟਰੇ ਸਿੰਘਾਂ ਦਾ ਸਿਖਰ ਸੰਮੇਲਨ

ਸੰਗਤ ਭਾਟਰਾ ਸੰਪ੍ਰਦਾ ਯੂ.ਕੇ. ਦਾ ਨਿਰਮਾਨ

ਯੂ.ਕੇ. ਸੁਧਾਰ ਵਾਦੀਆਂ ਵਲੋਂ 17.9.67 ਨੂੰ ਪ੍ਰਕਾਸ਼ੇ ਗਏ **ਸੰਗਤ ਭਾਟਰਾ ਕਾਨਫਰੰਸ** ਲਈ ਇਸ਼ਤਿਹਾਰ ਦੇ ਆਦਰਸ਼ ਨੂੰ ਸਿੱਖ ਭਾਟੜਾ ਕਮੇਟੀ ਆਫ ਮਾਨਚੈਸ-ਟਰ ਨੇ ਸੰਪੂਰਨ ਕਰਕੇ ਸਮਾਜ ਸੁਧਾਰ ਦੀ ਮੋੜ੍ਹੀ ਗੱਡ ਦਿਤੀ ।

Digitized by Panjab Digital Library | www.panjabdigilib.org

ਸੰਗਤ ਭਾਟਰਾ ਸੰਪਰਦਾ ਦੇ ਜੀਵਨ ਕਲੰਡਰ ਵਿਚ 18 ਤੇ 19 ਅਕਤੂਬਰ 1970 ਦੇ ਦਿਨ ਬੜੀ ਮਹਾਨਤਾ ਵਾਲੇ ਪਾਵਨ ਪਵਿਤਰ ਹਨ। ਭਾਟਰਾ ਕੌਮ ਦੀ ਏਕਤਾ ਉਨਤੀ ਦੇ ਅਕਾਸ਼ ਵਿਚ ਚੰਦ ਸੂਰਜ ਵਾਂਗ ਇਹ ਦਿਨ ਰੌਸ਼ਨ ਤੇ ਅਮਰ ਰਹਿਣਗੇ। ਕਿਉਂਕਿ ਯੂ. ਕੇ. ਦੀ ਸਮੁਚਾ ਭਾਟਰਾ ਸੰਗਤ ਨੂੰ ਇਕ ਸਟੇਜ ਤੇ ਇਕ ਝੰਡੇ ਥਲੇ ਇਕੱਤਰ ਹੋਣ ਦਾ ਮਾਣ ਹੈ। ਗਰੇਟ ਬ੍ਰਿਟੇਨ ਦੇ ਸਮੂਹ ਸ਼ਹਿਰਾਂ ਦੇ ਪ੍ਰਤੀਨਿਧਾਂ ਦੀ ਕਾਨਫਰੰਸ ਵਿਚ '**ਸੰਗਤ ਭਾਟਰਾ ਸੰਪਰਦਾ ਯੂ.ਕੇ.**' ਦਾ ਨਿਰਮਾਣ ਕਰਨ ਦਾ ਫਖਰ ਹੈ। ਇਹ ਭਾਟਰੇ ਸਿੰਘਾਂ ਦੀ ਜੀਵਨ ਹਕਾਂ ਦੀ ਪ੍ਰਾਪਤੀ, ਰਾਜਸੀ, ਧਾਰਮਿਕ, ਸਮਾਜਿਕ ਤੇ ਵਿਦਿਅਕ ਉਨਤੀ ਲਈ ਸਿਖਰ ਸੰਮੇਲਨ, ਕੌਮ ਦੀ ਚੜ੍ਹਦੀ ਕਲਾ ਦਾ ਸੰਕੇਤ ਹੈ। ਇਹ ਕਨਵੈਨਸ਼ਨ ਸਮਾਜਿਕ ਇਤਿਹਾਸ ਦੀ ਭੂਮਿਕਾ ਮੰਨੀ ਜਾਵੇਗੀ। ਭਾਈਚਾਰਕ ਬਣਤਰ ਲਈ ਸੁਘੜ ਸੁਚੱਜਾ ਸ਼ੁਝਾਓ ਦੇਵੇਗੀ। ਇਹ ਕੌਮ ਦੀ ਜੀਵਨ ਉਸਾਰੀ ਦਾ ਬੁਨਿਆਦੀ ਪਥਰ ਹੈ। ਇਹ ਸਮਾਜਿਕ ਸੰਗਠਨ ਸਿਖ ਭਾਟੜਾ ਕਮੇਟੀ ਆਫ ਮਾਨਚੈਸਟਰ (ਜੋ ਤਿੰਨਾਂ ਗੁਰਦੁਆਰਿਆਂ ਦੀ ਰਲਵੀਂ ਕਮੇਟੀ ਹੈ) ਦੀ ਕਿਰਤ ਹੈ। ਜਿਨ੍ਹਾਂ ਸੁਧਾਰ ਵਾਦੀਆਂ ਵਲੋਂ 17.9.67 ਨੂੰ ਪ੍ਰਕਾਸ਼ਿਤ ਕੀਤੇ ਇਸ਼ਤਿਹਾਰਾਂ ਰਾਹੀਂ ਆਪਣੀ ਰਾਏ ਪ੍ਰਗਟ ਕੀਤੀ ਸੀ ਕਿ ਯੂ. ਕੇ. ਦੀ ਸਮੁੱਚਾ ਭਾਟਰਾ ਸੰਗਤ ਦੀ ਕਾਨਫਰੰਸ ਹੋਣੀ ਚਾਹੀਦੀ ਹੈ। ਇਸ ਆਦਰਸ਼ ਨੂੰ ਸਿਖ ਭਾਟੜਾ ਕਮੇਟੀ ਆਫ਼ ਮਾਨਚੈਸਟਰ ਨੇ ਸੰਪੂਰਨ ਕਰਕੇ ਸਮਾਜ ਸੁਧਾਰ ਦੀ ਮੋੜ੍ਹੀ ਗਡ ਦਿਤੀ ਹੈ। ਸਮਾਜ ਦੇ ਉਜਲੇ ਭਵਿਖਤ ਦੇ ਸੁੰਦਰ ਚਿਤਰ ਪਲ ਪਲ ਉਜਾਗਰ ਹੋ ਰਹੇ ਹਨ।

ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ 500ਸਾਲਾ ਜਨਮ ਉਤਸਵ ਸਿਖ ਭਾਟੜਾ ਕਮੇਟੀ ਮਾਨਚੈਸਟਰ ਨੇ ਉਚ ਪੱਧਰ ਤੇ ਸਭ ਤੋਂ ਵਡੇ ਹਾਲ ਵਿਚ ਮਨਾਇਆ ਜਿਸ ਤੇ ਢੇਰ ਸਾਰੀਆਂ ਸੰਗਤਾਂ ਦੂਰੋਂ ਦੂਰੋਂ ਪੁਜੀਆਂ, ਇਸੇ ਰਾਤ ਨਾਨਕ ਨਿਰੰਕਾਰੀ ਗੁਰਦੁਆਰੇ ਵਿਚ ਸਥਾਨਕ ਪ੍ਰਬੰਧਕਾਂ ਤੇ ਬਾਹਰੋਂ ਆਈਆਂ ਸੰਗਤਾਂ ਦੀ ਖੁਲੀ ਵਿਚਾਰ ਤੇ ਦੂਸਰੇ ਦਿਨ ਉਚੇਚੀ ਮੀਟਿੰਗ ਹੋਈ। ਜਿਸ ਵਿਚ ਉਪਰੋਕਤ ਕਮੇਟੀ ਨੇ ਸਮੂਹ ਸੰਗਤਾਂ ਦੀ ਪਰੇਰਨਾ ਪ੍ਰਵਾਨ ਕਰਦਿਆਂ ਕੌਮ ਦੀ ਕਾਨਫਰੰਸ ਕਰਾਉਣ ਦੀ ਜ਼ਿੰਮੇਵਾਰੀ ਲੈ ਲਈ ਤੇ ਬਾਹਰੋਂ ਆਈਆਂ ਸੰਗਤਾਂ ਨੇ ਪੂਰਨ ਸਹਿਯੋਗ ਦੇਣ ਦਾ ਧਰਵਾਸ ਦੁਆਇਆ। ਇਸ ਕੌਮੀ ਇਕੱਤਰਤਾ ਲਈ ਜੋ ਜੋ ਘਾਲਣਾ ਘਾਲੀਆਂ ਗਈਆਂ ਇਹਨਾਂ ਨੂੰ ਉਹੀ ਜਾਣ ਸਕਦੇ ਹਨ, ਲੇਖਕ ਨੂੰ ਇਕ ਅੱਧ ਮੀਟਿੰਗ ਵਿਚ ਸ਼ਾਮਲ ਹੋਣ ਦਾ ਸੁਭਾਗ ਮਿਲਿਆ ਹੈ। ਜਿਸ ਤੋਂ ਸਪਸ਼ਟ ਹੈ ਕਿ ਸਮਾਜਿਕ ਏਕੜਾ ਜਥੇ ਬੰਦੀ ਲਈ ਸਿਖ ਭਾਟੜਾ ਕਮੇਟੀ ਆਫ ਮਾਨਚੈਸਟ੍ ਦੀ ਕੀਤੀ ਕਰੜੀ ਕਿਰਤ ਕੁਰਬਾਨੀ ਕੋਹ ਹਿਮਾਲਾ ਦੀ ਸਭ ਤੋਂ ਔਖੀ ਚੋਟੀ ਚੜ੍ਹਨ ਦੇ ਬਰਾਬਰ ਹੈ।

ਯੂ.ਕੇ. ਦੇ ਸੰਮੂਹ ਪ੍ਰਤੀਨਿਧ ਭਾਟਰਾ ਕਨਵੈਨਸ਼ਨ ਦਾ ਪਿਛੋਕੜ

ਕੌਮ ਦੇ ਵਿਲਕਦੇ ਅਰਮਾਨਾਂ ਦੇ ਤਰਜਮਾਨ ਕੌਮੀ ਮਾਸਕ ਪੱਤਰ ਸੰਗਤ ਸਮਾਚਾਰ ਦੀ ਸੰਪਾਂਦਕੀ ਸੇਵਾ ਤਾਂ ਅਗੇ ਹੀ ਨਿਭਾ ਰਿਹਾ ਸਾਂ, ਤੇ ਸੰਪਾਦਕ ਦੇ ਫਰਜ਼ ਔਖੀ ਤੇ ਤਿਲਕਣੀ ਪਗਡੰਡੀ ਵਾਂਗ ਮੰਨੇ ਜਾਂਦੇ ਹਨ। ਦੇਸ, ਕੌਮ, ਧਰਮ, ਪ੍ਰਚਾਰ, ਸਮਾਜਿਕ ਸੇਵਾ,

Digitized by Panjab Digital Library | www.panjabdigilib.org

ਸੰਪਾਦਕ ਦੇ ਮਾਰਗ ਬਿੱਦੂ ਹੁੰਦੇ ਹਨ। ਕੌਮ ਦੇ ਹਰ ਪਖ ਤੇ ਰੋਸ਼ਨੀ ਪਾਉਣੀ ਜਨਤਾ ਦੇ ਹਰ ਜੀਵਨ ਮੋੜ ਤੋਂ ਸੁਚੇਤ ਕਰਨਾ, ਵਰਤਮਾਨ' ਚੋਂ ਭਵਿਖਤ ਨੂੰ ਕਿਆਸਨਾ, ਏਕਤਾ ਉਨਤੀ ਲਈ ਪ੍ਰੇਰਨਾ ਕਰਨੀ ਸੰਪਾਦਕ ਦੀ ਜ਼ਿੰਮੇਵਾਰੀ ਹੁੰਦੀ ਹੈ। ਇਸਦੇ ਨਾਲ ਸਮਾਜ ਦੇ ਪੁਰਾਣੇ ਸੇਵਾ ਦੇ ਸੁਧਾਰਵਾਦੀਆਂ ਨੇ 17.9.67 'ਸੰਗਤ ਭਾਟਰਾ ਕਾਨਫਰੰਸ' ਦੇ ਸਿਰਲੇਖ ਹੇਠ ਇਕ ਇਸ਼ਤਿਹਾਰ ਕਢਿਆ ਜੋ ਦੇਸ਼ ਭਾਰਤ ਦੇ ਹਰ ਕੁਮਾਂਤਰੀ ਗੜ੍ਹ ਵਿਚ ਤੇ ਯੂ.ਕੇ. ਦੇ ਹਰ ਸ਼ਹਿਰਾਂ ਵਿਚ ਭੇਜਿਆ ਗਿਆ ਜਿਸਦਾ ਆਦਰਸ਼ ਸੀ ਕਿ ਯੂ.ਕੇ. 'ਭਾਟਰਾ ਸੰਗਤ ਦੀ ਕਾਨਫਰੰਸ ਹੋਣੀ ਚਾਹੀਦੀ ਹੈ' ਜਿਸ ਵਿਚ ਕੌਮ ਆਪਣੇ ਭਵਿੱਖਤ ਦਾ ਆਪ ਫੈਸਲਾ ਕਰੇ। ਇਤਿਹਾਸ ਦੀ ਸੂਝ ਲਈ ਇਤਿਹਾਸ ਬੋਰਡ ਬਣਾਵੇ ਤੇ ਅਗਲਾ ਉਸਾਰੂ ਪਰੋਗਰਾਮ ਘੜੇ।

ਇਸੇ ਇਸ਼ਤਿਹਾਰ ਵਿਚ ਇਛਾ ਪ੍ਰਗਟਾਈ ਸੀ ਕਿ ਕੋਈ ਕੇਂਦਰੀ ਸਥਾਨਕ ਭਾਟਰਾ ਸੰਗਤ ਇਹ ਉਪਰਾਲਾ ਕਰਕੇ ਜਸ ਖਟੇਗੀ।

ਇਸ ਤੋਂ ਅਗੇ ਸੁਧਾਰ ਵਾਦੀਆਂ ਨੇ ਸਮਾਜਿਕ ਸੇਵਾ ਨੂੰ ਆਪਣਾ ਫਰਜ਼ ਜਾਣ ਕੌਮ ਨੂੰ ਆਪਣੀ ਸੇਵਾ ਅਰਪਣ ਕਰਦਿਆਂ ਯਕੀਨ ਦੁਆਇਆ ਕਿ **'ਜੇਕਰ ਇਸ ਕੰਮ ਵਿਚ ਸਾਡੀ ਮਿਲਵਰਤਨ ਦੀ ਲੋੜ ਹੋਵੇ ਤਾਂ ਅਸੀਂ ਹਾਜ਼ਰ ਹਾਂ'** ਤੇ ਇਸਦੀ ਸਫਲਤਾ ਲਈ ਪਰੈਸ ਪ੍ਰਾਪੇਗੰਡਾ ਦੀ ਸੇਵਾ, ਦਾਸ ਤੇ ਲਾ ਦਿਤੀ ਗਈ ਜਿਸ ਫਰਜ਼ ਨੂੰ ਨਿਭਾਉਂਦਿਆਂ ਤਿੰਨ ਸਾਲ ਤੋਂ ਭੀ ਉਪਰ ਸਮਾਂ ਹੋ ਰਿਹਾ ਹੈ ਇਸ ਅਹਿਮ ਸੇਵਾਂ ਨੂੰ ਮੁਖ ਰਖ ਯੂ. ਕੇ. ਦੇ ਬਹੁਤ ਸਾਰੇ ਕੇਂਦਰਾਂ, ਜਿਹਾ ਕਿ ਬਰਮੀਗਾਮ, ਨਾਟੀਗਾਮ, ਮਾਨਚੈਸਟਰ, ਪਰੈਸਟਨ, ਨਿਊ ਕਾਸਲ, ਗਲਾਸਗੋ, ਐਡਨ ਬਰੋ, ਅਕਸੀਟਰ, ਬ੍ਰਿਸਟਲ, ਪੋਰਟਸਮੌਥ, ਸੌਥ ਹੰਮਪਟਨ, ਕਾਰਡੀਫ, ਭਾਵ ਜਿਥੇ ਵੀ ਜਾਣ ਦਾ ਸਮਾਂ ਮਿਲਿਆ ਉਥੋਂ ਦੀ ਪ੍ਰਬੰਧਕ ਕਮੇਟੀ, ਧਾਰਮਕ ਜਥੇ, ਸਮਾਜਿਕ ਸੇਵਾਦਾਰਾਂ ਨੂੰ ਕੌਮੀ ਕਾਨਫਰੰਸ ਕਰਾਉਣ ਲਈ ਪਰੇਰਨਾ ਕੀਤੀਆਂ, ਯੂ. ਕੇ. ਦੇ ਹਰ ਕੌਮਾਂਤਰੀ ਕੇਂਦਰ ਗੁਰਦੁਆਰੇ ਨੂੰ ਸਭਾ ਸੁਸਾਇਟੀਆਂ ਨੂੰ ਬਿਨੇ ਪਤਰ ਲਿਖੇ, ਸਮੁਚਾ ਕੌਮ ਦੀ ਕਾਨਫਰੰਸ ਕਰਾਉਣ ਲਈ ਪਰੇਰਨਾ ਪਤਰ ਭੇਜੇ, ਕੌਮ ਦੇ ਹਰ ਦਿਲ ਦਿਮਾਗ ਨੂੰ ਕੌਮ ਦੀ ਕਾਨਫਰੰਸ ਦੀ ਲੋੜ ਨੂੰ ਅਨਭਵ ਕਰਾ ਦਿਤਾ, ਥੁੜ ਪੂਰਿਆਂ ਕਰਨ ਲਈ ਹਰ ਸ਼ਹਿਰ ਦੀ ਬਰਾਦਰੀ ਨੂੰ ਹਮਲਾ ਮਾਰਕੇ ਮੈਦਾਨ ਵਿਚ ਨਿਤਰਨ ਦੀ ਪਹਿਲ ਕਰਕੇ ਸਮਾਜਿਕ ਸੇਵਾ ਦਾ ਮਾਨ ਪ੍ਰਾਪਤ ਕਰਨ ਲਈ ਵੰਗਾਰਿਆ। ਸਮਾਜ ਵਿਚ ਵਧ ਰਹੀਆਂ ਬੇ-ਲੋੜੀਆਂ ਰਸਮਾਂ ਨੂੰ ਸੁਧਾਰਨ ਲਈ ਜੀਵਨ ਸਾਂਝ ਵਿਚ ਪੈ ਰਹੀਆਂ ਉਲਝਣਾਂ ਨੂੰ ਸੁਲਝਾਉਣ ਲਈ ਜਥੇਬੰਦੀ ਦੀ ਥੁੜ ਨੂੰ ਦਸਦਿਆਂ ਕੌਮ ਨੇ ਪੁਕਾਰ ਕੇ ਕਿਹਾ ਕਿ ਕਾਨਫ੍ਰੰਸ ਕੌਮ ਦੀ ਹਰ ਮੁਸ਼ਕਲ ਦਾ ਹਲ ਕਰੇਗੀ। ਤੇ ਸਮਾਜਿਕ ਮਹੌਲ ਨੂੰ ਜਾਂਚਦਿਆਂ ਕੌਮ ਦੀ ਅਣਖ ਨੂੰ ਟੁੰਬਿਆ ਜਿਸਦਾ ਪ੍ਰਤੀਕਰਮ ਅਮਲ ਵਿਚਾਰ ਦੀਆਂ ਵਿਚਾਰਾਂ ਹੋਣ ਲਗ ਪਈਆਂ, ਸੁਤੇ ਹੋਏ ਜਜ਼ਬੇ ਅੰਗੜਾਈਆਂ ਲੈ ਕੇ ਜਾਗ ਪਏ, ਸਮੁਚੇ ਸਮਾਜ ਦੇ ਦਿਲੀ ਵਿਚਾਰਾਂ ਦਾ ਕੇਂਦਰ ਕੌਮ ਦੀ ਏਕਤਾ ਉਨਤੀ ਕਾਨਫਰੰਸ ਤੇ ਜਥੇਬੰਦੀ ਬਣ ਗਈ।

Digitized by Panjab Digital Library | www.panjabdigilib.org

ਅਨੇਕਾਂ ਭਾਰਤ ਦੇ ਕੌਮਾਂਤਰੀ ਗੜ੍ਹਾਂ ਦੀਆਂ ਪੰਚਾਇਤਾਂ ਜਥੇਬੰਦੀਆਂ ਵਲੋਂ ਇਸ ਉਦਮ ਦੀ ਪਿਠ ਥਾਪਨਾ ਤੇ ਆਸ ਭਰਪੂਰ ਪਤਰਕਾਵਾਂ ਆਈਆਂ। ਯੂ. ਕੇ. ਦੇ ਅਨੇਕਾਂ ਧਾਰਮਿਕ ਜਥੇ ਗੁਰਦੁਆਰਿਆਂ ਵਲੋਂ ਕਾਨਫਰੰਸ ਵਿਚ ਪੁਜਣ ਲਈ ਪ੍ਰਤੀਨਿਧ ਭੇਜਣ ਦਾ ਧਰਵਾਸਾ ਮਿਲਿਆ, ਇਹ ਸਮੂੰਹ ਉਤਸ਼ਾਹ ਭਰਪੂਰ ਪਤਰਕਾਵਾਂ ਕੌਮ ਦੇ ਇਤਿਹਾਸ ਦਾ ਸ਼ਿੰਗਾਰ ਬਣਨਗੀਆ। ਮੈਂ ਸੁਧਾਰ ਵਾਦੀਆਂ ਵਲੋਂ ਗਿਆਨੀ ਹਰਨਾਮ ਸਿੰਘ ਕੌਮੀ ਅਤੇ ਸ: ਮੰਗਲ ਸਿੰਘ ਪੋਤੀਵਾਲ ਮਾਨਚੈਸਟਰ ਦਾ ਧੰਨਵਾਦ ਕਰਨਾ ਆਪਣਾ ਫਰਜ਼ ਸਮਝਦਾ ਹਾਂ, ਜਿਨ੍ਹਾਂ ਸਮੁਚਾ ਯੂ.ਕੇ ਦੀ ਭਾਟਰਾ ਕਾਨਫਰੰਸ ਕਰਾ ਦੇਣ ਦਾ (ਸਾਰਾ ਖਰਚ ਆਪਣੇ ਪਲਿਓਂ ਕਰਕੇ) ਸੁਝਾਓ ਪਰਗਟ ਕੀਤਾ ਸੀ ਪਰ ਸਾਡਾ ਤਾਂ ਆਦਰਸ਼ ਸੀ ਕਿ ਕੌਮੀ ਕਾਨਫਰੰਸ ਕਿਸੇ ਕੇਂਦਰੀ ਸੰਗਤ ਵਲੋਂ ਹੋਵੇ ਤਾਂ ਹੀ ਸਮਾਜ ਦੀ ਏਕਤਾ ਜਥੇਬੰਦੀ ਦਾ ਨਿਸ਼ਾਨਾ ਪੂਰਾ ਹੋ ਸਕਦਾ ਹੈ, ਇਸੇ ਲਈ ਜਾਤੀ ਤੌਰ ਤੇ ਕਾਨਫਰੰਸ ਕਰਾਉਣ ਵਾਲੀ ਪੇਸ਼-ਕਸ਼ ਅਮਲ ਵਿਚ ਨਾ ਲਿਆਂਦੀ ਗਈ, ਜਿਸਦੀ ਮੈਂ ਖਿਮਾ ਮੰਗਦਿਆਂ ਦੁਬਾਰਾ ਧੰਨਵਾਦ ਕਰਦਾ ਹਾਂ।

ਯੂ.ਕੇ. ਦੀ ਭਾਟਰਾ ਸੰਗਤ ਦੇ ਜੀਵਨ ਇਤਿਹਾਸ ਵਿਚ ਇਹ ਪਹਿਲੀ ਕਾਨਫਰੰਸ ਹੈ ਜਿਸ ਵਿਚ ਸਮੁਚਾ ਇੰਗਲੈਂਡ, ਆਇਰਲੈਂਡ, ਸਕਾਟਲੈਂਡ ਦੇ ਸਮੂੰਹ ਕੌਮਾਂਤਰੀ ਕੇਂਦਰਾਂ ਦੀ ਬ੍ਰਾਦਰੀ ਆਪੋ ਆਪਣੇ ਦਿਲੀ ਵਿਚਾਰ ਲੈਕੇ ਕੌਮ ਦਾ ਭਵਿਖਤ ਉਲੀਕਣ ਲਈ ਇਕਤਰ ਹੋਈ ਜਿਹਾ ਕਿ :

ਐਡਨ ਬਰੋ, ਗਲਾਸਗੋ, ਨਿਊਕਾਸਲ, ਸੌਥ ਸੀਲਡ, ਮਿਡਲਸ ਬਰੋ, ਲੀਡਜ਼, ਡੰਨ ਕਾਸਟਰ (ਪਤਰਕਾ ਰਾਹੀਂ)

ਪਰੈਸਟਨ ਮਾਨਚੈਸਟਰ, ਗੁਰਦੁਆਰਾ ਨਾਨਕ ਨਿਰੰਕਾਰੀ, ਗੁਰਦੁਆਰਾ ਦਸ਼ਮੇਸ ਸਿਖ ਟੈਪਲ ਤੇ ਚੀਟਮ ਹਿਲ ਤਿੰਨੇ ਗੁਰਦੁਆਰਿਆਂ ਦੀ ਸੰਗਤ ਤੇ ਸਿੱਖ ਭਾਟੜਾ ਕਮੇਟੀ ਮਾਨਚੈਸਟਰ।

ਬ੍ਰਮੀ ਗਾਮ ਗੁਰਦੁਆਰਾ ਭਾਟਰਾ ਸਿੰਘ ਸਭਾ
ਬ੍ਰਮੀ ਗਾਮ ਗੁਰਦੁਆਰ ਰਾਮਦਾਸ ਸਿੰਘ ਸਭਾ
ਬ੍ਰਿਸਟਲ ਗੁਰਦੁਆਰਾ ਸੰਗਤ ਸਿੰਘ ਸਭਾ
ਬ੍ਰਿਸਟਲ ਗੁਰਦੁਆਰਾ ਨਾਨਕ ਪ੍ਰਕਾਸ਼ ਸਿੰਘ ਸਭਾ
ਕਾਰਡਿਫ ਗੁਰਦੁਆਰਾ ਦਸਮੇਸ਼ ਸਿੰਘ ਸਭਾ
ਪੋਰਟਸ ਮੌਥ ਗੁਰਦੁਆਰਾ
ਸੌਥ ਹੈਂਪਸਟਨ ਗੁਰਦੁਆਰਾ
ਅਕਸੀਟਰ ਗੁਰਦੁਆਰਾ
ਸੰਗਤ ਪੀਟਰ ਬਰੋ
ਸੰਗਤ ਚੈਟਹਾਮ
ਸੰਗਤ ਇਪਸ ਵਿਚ

Digitized by Panjab Digital Library | www.panjabdigilib.org

ਭਾਵ ਹਰ ਕੁਮਾਂਤਰੀ ਗੜ੍ਹ 'ਚੋਂ ਸੰਗਤਾਂ ਬੜੇ ਸ਼ਰਧਾ, ਪਿਆਰ, ਉਤਸ਼ਾਹ ਨਾਲ ਮਾਨਚੈਸਟਰ ਦਾਂ ਕਨਵੈਨਸ਼ਨ ਵਿਚ ਹਿਸਾ ਲੈਣ ਆਈਆਂ । ਗੁਰੂ ਨਾਨਕ ਸਾਹਿਬ ਜੀ ਦੀ ਸਤਕਾਰੀ ਹੋਈ 'ਸੰਗਤ' ਭਾਟਰਾ ਸੰਪ੍ਰਦਾ ਗੁਰੂ ਨਾਨਕ ਸਾਂਹਿਬ ਜੀ ਦੀ ਛਤਰ ਛਾਇਆ ਤੇ ਕੇਸਰੀ ਨਿਸ਼ਾਨ ਥਲੇ ਭਾਟਰਾ ਕਾਨਫ੍ਰੰਸ ਭਾਈ ਮੇਹਰ ਸਿੰਘ ਜੀ ਗਰੰਥੀ ਦੇ ਅਰੰਭਕ ਅਰਦਾਸੇ ਨਾਲ ਪਰਾ ਅਰੰਭ ਹੋਈ, ਕੌਮ ਦੇ ਉਜਲੇ ਭਵਿਖਤ ਲਈ ਵਿਦਵਾਨ, ਪ੍ਰਚਾਰਕਾਂ ਨੇ ਆਪਣੇ ਵਿਚਾਰ ਪ੍ਰਗਟਾਏ, ਧਾਰਮਿਕ, ਰਾਜਸੀ, ਸਮਾਜਿਕ, ਵਿਦਿਅਕ ਆਰਥਕ ਦੇ ਹਰ ਪੱਖ ਤੇ ਬੜਾ ਗੰਭੀਰ ਵਿਚਾਰ ਵਿਟਾਂਦਰਾਂ ਕੀਤਾ ਗਿਆ । ਕੌਮ ਵਿਚ ਵਧ ਰਹੀਆਂ ਬੇ ਲੋੜੀਆਂ ਵਾਧੂ ਰਸਮਾਂ ਸੋਧਣ ਲਈ ਫੇਰ ਸਾਰੇ ਪ੍ਰਤੀਨਿਧਾਂ ਨੇ ਸਿਆਣੇ ਸੁਝਾਉ ਅੰਕਤ ਕਰਵਾਏ, ਜੀਵਨ ਸਾਂਝ 'ਚ ਪੈ ਰਹੀਆਂ ਭੀੜਾਂ ਤੇ ਕੌਮ 'ਚ ਹੋ ਰਹੀਆਂ ਮਨ ਮਰਜ਼ੀਆਂ ਨੂੰ ਅਗਾੜੀ ਪਛਾੜੀ ਪਾ ਕੇ ਮਰਯਾਦਾ ਵਿਚ ਤੋਰਨ ਲਈ ਸਮੁੱਚਾ ਕੌਮ ਦੀ ਜਥੇਬੰਦੀ ਦੀ ਘਾਟ ਨੂੰ ਅਨਭਵ ਕਰਦਿਆਂ ਸਰਬ ਸੰਮਤੀ ਨਾਲ ਸੰਗਤ ਭਾਟਰਾ ਸੰਪ੍ਰਦਾ ਯੂ. ਕੇ. ਦੀ ਸਥਾਪਨਾ ਕੀਤੀ ਗਈ । ਹਾਲ ਵਿਚ ਸਥਾਨਕ ਤੇ ਬਾਹਰੋਂ ਆਈਆਂ ਸੰਗਤਾਂ ਦੀ ਹਾਜ਼ਰੀ ੫੦੦ ਤੋਂ ਵੀ ਉਪਰ ਸੀ, ਸੰਖੇਪ ਤੌਰ ਤੇ ਦੋਵੇਂ ਦਿਨ ਕਾਨਫਰੰਸ ਦੀ ਗਹਿਮਾ ਗਹਿਮ ਰੌਣਕ ਬਾਰੇ ਕੁਝ ਕਹਿਣਾ 'ਕਹਿਬੇ ਕੋ ਸੋਭਾ ਨਹੀਂ ਦੇਖਾ ਹੀ ਪ੍ਰਵਾਨ' ਵਾਂਗ ਹੈ ।

ਸਿਖ ਭਾਟੜਾ ਕਮੇਟੀ ਆਫ ਮਾਨਚੈਸਟਰ ਦੇ ਪੰਝੀ ਮੈਂਬਰਾਂ ਵਿਚ ਸਮਾਜਿਕ ਸੇਵਾ ਦਾ ਸ਼ੌਕ, ਸਥਾਨਕ ਗੁਰ ਸੰਗਤਾਂ ਤੇ ਪ੍ਰਬੰਧਕਾਂ ਦੇ ਸਿਆਣੇ ਪ੍ਰਬੰਧ, ਰਿਹਾਇਸ਼ ਲੰਗਰ ਦਾ ਅਤਿ ਸੁਚੱਜਾ ਸੀ ਤੇ ਪ੍ਰਬੰਧਕਾਂ ਦੀ ਯੋਗਤਾ ਦਾ ਹੁੰਗਾਰਾ ਭਰਦਾ ਸੀ । ਸਟੇਜ ਸਕਤ੍ਰਾਂ ਨੇ ਬੜੀ ਸਿਆਣਪ ਸਾਲ ਸਟੇਜ ਦੀ ਸੇਵਾ ਨਿਭਾਈ । ਅਗਲੀ ਇਕੱਤ੍ਰਤਾ ੨੨.੧੧.੭੦ ਨੂੰ ਬ੍ਰਮੀਗਾਮ ਦੀ ਸੰਗਤ ਨੇ ਕਰਾਉਣ ਦੀ ਜਿੰਮੇਵਾਰੀ ਲੈ ਲਈ, ਜੈਕਾਰਿਆਂ ਦੀ ਗੂੰਜ ਨਾਲ ਕਾਨਫਰੰਸ ਦਾ ਸਾਰਾ ਪਰੋਗਰਾਮ ਸੰਪੂਰਨ ਹੋਇਆ । ਸੁਧਾਰ ਵਾਦੀਆਂ ਦੇ ਕਾਨਫ਼ਰੰਸ ਲਈ ਆਦਰਸ਼ ਤੇ ਪਰਚਾਰ ਸਿਖ ਭਾਟੜਾ ਕਮੇਟੀ ਆਫ ਮਾਨਚੈਸਟਰ ਦੇ ਭਰਵੇਂ ਉਦਮ ਉਪਰਾਲੇ, ਯੂ.ਕੇ. ਦੀਆਂ ਸਮੂੰਹ ਸੰਗਤਾਂ ਦੇ ਦਿਲੀ ਸਹਿਯੋਗ, ਕੌਮੀ ਏਕਤਾ ਦਾ ਨਿਸ਼ਾਨ ਸਫਲਤਾ ਦੀ ਸਿਖਰ ਤੇ ਝੁਲ ਰਿਹਾ ਹੈ ।

ਸਮਾਜ ਸੁਧਾਰ ਦੀ ਲਹਿਰ ਚਲ ਪਈ, ਸੰਗਤ ਭਾਟਰਾ ਸੰਪ੍ਰਦਾ ਯੂ.ਕੇ. ਦੀ ਇਕੱਤ੍ਰਤਾ ਬ੍ਰਮੀਗਾਮ ਵਿਚ

ਜਾਗਰਤੀ ਦੇ ਰਣਜੀਤ ਨਗਾਰੇ ਖੜਕ ਰਹੇ ਹਨ, ਜਥੇਬੰਦੀ ਦੀ ਮਜ਼ਬੂਤੀ ਲਈ ਉਤਸ਼ਾਹ ਪਲ ਪਲ ਵਧ ਰਿਹਾ ਹੈ, ਸਮਾਜਿਕ ਸੇਵਾ ਦੀ ਲਹਿਰ ਚਲ ਪਈ ਹੈ, ਕੌਮ ਦੀ ਕਾਇਆ ਕਲਪ ਕਰਨ ਲਈ ਕੁਰਬਾਨੀ ਦੇ ਜਜ਼ਬੇ ਜਾਗ ਪਏ ਹਨ, ਕੌਮ ਦੀ ਕੇਸਰ ਕਿਆਰੀ ਵਿਚ ਵਤਰ ਵੇਖ ਸਮਾਜ ਸੇਵਾ ਏਕਤਾ ਉਨਤੀ ਦਾ ਜੋ ਬੀਜ ਬੀਜਿਆ ਜਾ ਰਿਹਾ ਹੈ ਉਹ ਜ਼ਰੂਰ ਨਿਕਟ ਭਵਿਖਤ ਵਿਚ ਮੌਲੇਗਾ, ਪ੍ਰਫੁਲਤ ਹੋਕੇ ਕੌਮ ਦੀ ਕਿਆਰੀ ਨੂੰ ਖੁਸ਼ੀ ਤੇ ਖੇੜਾ ਬਖਸ਼ੇਗਾ, ਜਿਸਦਾ ਪ੍ਰਤੱਖ ਪਰਮਾਣ ਇਸ ਵਿਚਾਰ ਤੋਂ ਲਗ ਸਕਦਾ ਹੈ ਕਿ

Digitized by Panjab Digital Library | www.panjabdigilib.org

ਮਾਨਚੈਸਟਰ ਤੋਂ ਬਾਦ ੨੨.੧੧.੭੦ ਨੂੰ ਸੰਗਤ ਭਾਟਰਾ ਸੰਪ੍ਰਦਾ ਯੂ. ਕ. ਦੇ ਸਮੂੰਹ ਪ੍ਰਤੀਨਿਧ ਜਿਹਾ ਕਿ,

ਮਾਨਚੈਸਟਰ (ਗੁਰਦੁਆਰਾ ਚੀਟਮ ਹਿਲ)

ਲੰਡਨ

ਲੀਡਸ

ਨਿਊ ਕਾਸਲ

ਸੌਥ ਸ਼ੀਲਡ

ਬ੍ਰਿਸਟਲ ਨਾਨਕ ਪ੍ਰਕਾਸ਼ ਗੁਰਦੁਆਰਾ

ਬ੍ਰਿਸਟਲ ਸੰਗਤ ਸਿੰਘ ਸਭਾ ਗੁਰਦੁਆਰਾ

ਕਾਰਡੀਫ

ਪੀਟਰ ਬਰੋ ਸੰਗਤ

ਗਲਾਸਗੋ

ਬ੍ਰਮੀਗਾਮ ਰਾਮਦਾਸ ਗੁਰਦੁਆਰਾ

ਬ੍ਰਮੀਗਾਮ ਭਾਟਰਾ ਸਿੰਘ ਸਭਾ ਗੁਰਦੁਆਰਾ ।

ਇਸ ਇਕੱਤਰਤਾ ਦਾ ਸੇਹਰਾ ਭਾਟਰਾ ਸਿੰਘ ਸਭਾ ਗੁਰਦੁਆਰਾ ਮੈਰੀ ਸਟਰੀਟ ਬ੍ਰਮੀਗਾਮ ਦੇ ਸਿਰ ਹੈ । ਬਾਹਰੋਂ ਆਈਆਂ ਸੰਗਤਾਂ ਦੀ ਰਿਹਾਇਸ਼ ਤੇ ਖੁਰਾਕ ਦਾ ਪਰਬੰਧ ਗੁਰਦੁਆਰੇ ਵਿਚ ਸੀ ਤੇ ਮੀਟਿੰਗ ਦਾ ਪਰਬੰਧ ਰੇਸ ਕੁਲੇਸ਼ਨ ਕਮੀਊਨਿਟੀ ਸੈਂਟਰ ਦੇ ਹਾਲ ਵਿਚ ਸੀ । ਸਟੇਜ ਦੀ ਸੇਵਾ ਮਾ: ਬਰਕਤ ਸਿੰਘ ਹੋਰਾਂ ਬੜੇ ਸੁਚੱਜੇ ਢੰਗ ਨਾਲ ਨਿਭਾਈ । ਇਸ ਇਕੱਤ੍ਰਤਾ ਵਿਚ ਕੌਮ ਨੇ ਕਾਫੀ ਡਿਸਿਪਲਨ ਦਾ ਸਬੂਤ ਦਿਤਾ,ਇਸ ਇਕੱਠ ਦੀ ਸਫਲਤਾ ਸਿਆਣੇ ਸੁਚੱਜਾ ਪਰਬੰਧ ਸਮੂੰਹ ਸੰਗਤਾਂ ਪ੍ਰਬੰਧਕਾਂ ਦੇ ਪਿਆਰ ਸੇਵਾ ਦਾ ਹੁੰਗਾਰਾ ਭਰਦਾ ਸੀ । ਮੀਟਿੰਗ ਵਿਚ ਰਹਿੰਦਾ ਕੁਝ ਹਿਸਾ ਨਜਿਠਿਆ ਗਿਆ । ਚੋਣ ਤੇ ਕਾਫੀ ਵਿਚਾਰ ਹੋਈ, ਭਾਟਰਾ ਸੰਗਤ ਸੰਪ੍ਰਦਾ ਦੇ ਵਿਧਾਨ ਤੇ ਕਾਫੀ ਜ਼ੋਰ ਦਿਤਾ ਗਿਆ, ਸਰਬ ਸੰਮਤੀ ਨਾਲ ਵਿਧਾਨ ਤੇ ਚੋਣ ਨੂੰ ਅਗਲੀ ਇਕੱਤਰਤਾ ਤੇ ਪਾ ਦਿਤਾ ਗਿਆ । ਵਿਧਾਨ ਉਲੀਕਣ ਦੀ ਕੁਝ ਸਾਥੀਆਂ ਦੀ ਸੇਵਾ ਲਾਈ ਗਈ । ਇਸੇ ਇਕੱਤਰਤਾ ਵਿਚ ਅਗਲੀ ਬੈਠਕ ਸਮੂੰਹ ਯੂ.ਕੇ. ਦੇ ਪ੍ਰਤੀਨਿਧਾਂ ਦਾ ਇਕਠ ਕਾਰਡੀਫ ਗੁਰਦੁਆਰੇ ਦੀ ਸੰਗਤ ਨੇ ਕਰਾਉਣ ਦੀ ਸੇਵਾ ਆਪਣੇ ਜ਼ਿੰਮੇ ਲੈ ਲਈ । ਜੋ ਤਿੰਨ ਮਹੀਨੇ ਬਾਦ ਸਦੀ ਜਾਏਗੀ, ਇਸ ਭਾਰੀ ਇਜ-ਲਾਸ ਵਿਚ ਗਿਆਨੀ ਮਖਣ ਸਿੰਘ ਮ੍ਰਿਗਿੰਦ ਜੀ ਨੇ ਭਾਸ਼ਾ ਵਿਭਾਗ ਵਲੋਂ ਆਏ ਪਤਰ ਸੰਗਤਾਂ ਅਗੇ ਪੇਸ਼ ਕੀਤੇ । ਤੇ ਮਹਾਨ ਕੋਸ਼ ਵਿਚ ਰਹੀਆਂ ਤਰੁਟੀਆਂ ਦਾ ਮਤਾ ਮਾਸਟਰ ਜੀ ਨੇ ਪੇਸ਼ ਕੀਤਾ ਤੇ ਸ਼ਾਦ ਜੀ ਨੇ ਪੁਰਜ਼ੋਰ ਸ਼ਬਦਾਂ ਰਾਹੀਂ ਤਾਈਦ ਕੀਤੀ, ਜੋ ਸਰਬ ਸੰਮਤੀ ਨਾਲ ਜੈਕਾਰਿਆਂ ਦੀ ਗੂੰਜ ਨਾਲ ਪਾਸ ਹੋਇਆ ।

Digitized by Panjab Digital Library | www.panjabdigilib.org

ਸੁਧਾਰ ਵਾਦੀ ਬੋਰਡ ਦੇ ਮੁੱਖ ਨਿਸ਼ਾਨੇ

ਸੁਧਾਰਵਾਦੀ ਬੋਰਡ ਦੇ ਆਦਿ ਆਰੰਭ ਸਮੇਂ ਬੋਰਡ ਦੇ ਦੋ ਮੁੱਖ ਨਿਸ਼ਾਨੇ ਮਿਥੇ ਗਏ ਸਨ, ੧. ਭਾਟਰਾ ਕਾਨਫਰੰਸ ੨. ਰਹਿੰਦੇ ਸਾਥੀਆਂ ਨੂੰ ਨਾਲ ਮਿਲਾਉਣਾ। ਪਾਠਕ ਭਾਟਰਾ ਕਾਨਫਰੰਸ ਦਾ ਸੰਖੇਪ ਹਾਲ ਤਾਂ ਪਿਛੇ ਪੜ੍ਹ ਚੁਕੇ ਹਨ, ਇਥੇ ਬੋਰਡ ਦਾ ਦੂਸਰਾ ਉਦੇਸ਼ ਸਾਥੀਆਂ ਨੂੰ ਨਾਲ ਮਿਲਾਉਣ ਦਾ ਵਰਨਣ ਕਰਨਾ ਵੀ ਲੇਖਕ ਜ਼ਰੂਰੀ ਸਮਝਦਾ ਹੈ।

ਜਿਹੜੇ ਸਾਥੀ 17 ਸਤੰਬਰ 1967 ਨੂੰ ਬ੍ਰਿਸਟਲ ਦੀ ਮੀਟਿੰਗ ਵਿਚ ਨਹੀਂ ਸਨ ਪੁਜੇ, ਉਹਨਾਂ ਸਾਥੀਆਂ ਨਾਲ ਖ਼ਤ ਪੱਤਰ ਰਾਹੀਂ ਵਿਚਾਰ ਵਟਾਂਦਰਾ ਕਰਨਾ ਸ਼ੁਰੂ ਕੀਤਾ, ਟੈਲੀਫੋਨਾਂ ਤੇ ਵਿਚਾਰਾਂ ਵਿਚਾਰੀਆਂ ਗਈਆਂ। ਜਿਸਦਾ ਸਿੱਟਾ ਆਸ ਭਰਪੂਰ ਨਿਕਲਿਆ। ਗਿਆਨੀ ਮ੍ਰਿਗਿੰਦ ਜੀ ਤੇ ਗਿਆਨੀ ਤਰਿਪਤ ਜੀ 20 ਸਤੰਬਰ 1970 ਨੂੰ ਪੀਟਰ ਬ੍ਰੋ ਦੀ ਮੀਟਿੰਗ ਵਿਚ ਤੇ ਸ: ਹਮਦਰਦ ਜੀ ਨੇ 18 ਅਕਤੂਬਰ 1970 ਨੂੰ ਮਾਨਚੈਸਟਰ ਵਿਚ ਏਕੇ-ਪਤਰ ਤੇ ਦਸਖਤ ਕਰ ਦਿਤੇ। ਇਉਂ ਕੌਮੀ ਵਰਕਰਾਂ ਦੀ ਸ਼ਾਂਤ ਜੰਗ ਸਮਾਪਤ ਹੋਈ ਤੇ ਸੁਧਾਰਵਾਦੀ ਬੋਰਡ ਦੇ ਮੁੱਖ ਨਿਸ਼ਾਨੇ ਸੰਪੂਰਨ ਹੋਏ।

ਏਕਾ ਅਸਫਲ ਹੋ ਗਿਆ

ਸੰਭਵ ਸੀ ਕਿ ਪੂਰੇ ਵੀਹਾਂ ਸਾਲਾਂ ਬਾਦ ਵਜੂਦ ਵਿਚ ਆਇਆ ਕੌਮੀ-ਏਕਾ ਕੌਮ ਸੇਵਾ ਸੁਧਾਰ ਲਹਿਰ ਬਣਕੇ ਅਗਾਂਹ ਤੁਰਦਾ। ਕਈ ਇਕ ਸੁਆਰਥੀ ਨੇਤਾਵਾਂ ਨੇ ਸਾਥੀਆਂ ਦੇ ਏਕੇ ਨੂੰ ਤਾਰਪੀਡੋ ਕਰਨਾ ਸ਼ੁਰੂ ਕਰ ਦਿੱਤਾ। ਤਾਲਿਬ ਅੰਕ, ਕੌਮੀ ਅੰਕ, ਪਟੇਲ ਅੰਕ ਵਿਚ ਕੌਮੀ ਇਤਿਹਾਸ ਨੂੰ ਮਨਮਰਜ਼ੀ ਦੇ ਮਿਥਿਹਾਸ ਦੀ ਪਾਨ ਚਾੜ੍ਹਕੇ ਪੇਸ਼ ਕਰਨ ਲਈ ਸਰਗਰਮ ਹੋ ਗਏ। ਸੰਗਤ ਭਾਟੜਾ ਸੰਪ੍ਰਦਾ ਪ੍ਰੈਸ ਬੋਰਡ U.K. 1 ਜਨਵਰੀ 1973 ਨੂੰ ਬਣਿਆ ਪਰ ਉਹ ਵੀ ਜੀਵਨੀ-ਅੰਕਾਂ 'ਚ ਉਲਝਿਆ ਰਿਹਾ। ਕੌਮ ਸੁਧਾਰ ਉਸਾਰੂ ਕੰਮ ਵਲ ਇਕ ਕਦਮ ਵੀ ਨਾ ਪੁਟਿਆ ਗਿਆ। ਜਿਹੜਾ ਏਕਾ ਪੂਰੇ ਵੀਹ ਸਾਲਾਂ ਬਾਦ ਅਨੇਕਾਂ ਘਾਲਣਾਂ ਘਰਕੇ ਵਜੂਦ ਵਿਚ ਆਇਆ ਸੀ, ਸੁਆਰਥੀ ਨੀਤੀ ਨਾਲ ਮੁੜ ਅਸਫਲ ਹੋ ਗਿਆ।

Digitized by Panjab Digital Library | www.panjabdigilib.org

ਪੰਗਡੰਡੀਆਂ ਤੋਂ ਸ਼ਾਹ ਰਾਹ

ਗੁਰਦੁਆਰਾ ਨਾਨਕ ਪ੍ਰਕਾਸ਼ ਬ੍ਰਿਸਟਲ ਦਾ ਸੰਖੇਪ

ਭਾਟੜਾ ਸੰਗਤ ਦੇ ਉਦਮ ਦਾ ਸਦਕਾ ਇੰਗਲੈਂਡ ਵਿਚ 32 ਗੁਰਦੁਆਰੇ ਹਨ ਜੋ ਭਾਟੜਾ ਸੰਗਤ ਦੇ ਪੂਰਨ ਪ੍ਰਬੰਧ ਹੇਠ ਸਫਲਤਾ ਸਾਹਿਤ ਚਲ ਰਹੇ ਹਨ ਪਰ ਤਿੰਨ ਗੁਰਦੁਆਰੇ, ਪਹਿਲਾ ਗੁਰੂ ਨਾਨਕ ਨਿਰੰਕਾਰੀ ਗੁਰਦੁਆਰਾ ਮਾਨਚੈਸਟਰ, ਦੂਸਰਾ ਦਸਮੇਸ਼ ਭਾਟਰਾ ਸਿੰਘ ਸਭਾ ਗੁਰਦੁਆਰਾ ਕਾਰਡਿਫ ਅਤੇ ਤੀਸਰਾ ਨਾਨਕ ਪ੍ਰਕਾਸ਼ ਗੁਰਦੁਆਰਾ ਬ੍ਰਿਸਟਲ, ਇਹ ਤਿੰਨੇ ਗੁਰਦੁਆਰੇ ਸਮੁਚਾ ਭਾਟਰਾ ਸੰਗਤ ਦੇ ਸਰਬ ਸਾਂਝੇ ਗੁਰਦੁਆਰੇ ਹੋਣ ਦਾ ਸਨਮਾਨ ਰਖਦੇ ਹਨ ਕਿਉਂਕਿ ਇਹਨਾਂ ਗੁਰਦੁਆਰਿਆ ਦੀ ਸੇਵਾ ਸਥਾਨਕ ਸੰਗਤਾਂ ਦੇ ਨਾਲ ਅਨੇਕਾਂ ਸ਼ਹਿਰਾਂ ਦੀਆਂ ਸੰਗਤਾਂ ਦੀ ਸ਼ਰਧਾ ਪਿਆਰ ਸੇਵਾ ਵੀ ਸ਼ਾਮਲ ਹੈ।

ਇਥੇ ਲੇਖਕ ਲੇਖ ਦੇ ਸਿਰਲੇਖ ਅਨੁਸਾਰ ਹੀ ਆਪਣੇ ਵਿਚਾਰ ਪ੍ਰਗਟ ਕਰ ਸਕੇਗਾ। ਜਦ ਤੀਸਰੇ ਨੰਬਰ ਤੇ ਬਰਿਸਟਲ ਦਾ ਗੁਰਦੁਆਰਾ ਬਣਿਆ ਇਸ ਦੇ ਮੁਖ ਪ੍ਰਬੰਧਕ ਪ੍ਰਧਾਨ ਸ. ਸਰਦਾਰ ਸਿੰਘ ਜੀ ਜਾਚਕ, ਮੀਤ ਪ੍ਰਧਾਨ ਸ. ਸੰਤ ਸਿੰਘ ਜੀ ਉਕਾੜੇ ਵਾਲੇ, ਸਕਤਰ ਸ. ਨਗੀਨਾ ਸਿੰਘ ਜੀ, ਖਜਾਨਚੀ ਸ. ਮੇਹਰ ਸਿੰਘ ਜੀ ਪੋਤੀਵਾਲ ਤੇ ਸ. ਝੰਡਾ ਸਿੰਘ ਜੀ ਪਟੇਲ, ਗੁਰਦੁਆਰੇ ਦੇ ਐਡਵਾਈਜ਼ਰ ਸਨ। ਅਜ ਨਾਲੋਂ ਉਦੋਂ ਦੇ ਹਾਲਾਤ ਢੇਰ ਅਡਰੇ ਸਨ। ਗੁਰਦੁਆਰੇ ਦੀ ਅਦੋਕੀ ਸਥਿਤੀ ਅਸੁਲਝਵੀਂ ਸਮਸਿਆ ਵਾਂਗ ਸੀ। ਸਥਾਨਕ ਸੰਗਤਾਂ ਦੀ ਬਹੁ-ਗਿਣਤੀ ਗੁਰਦੁਆਰੇ ਨਾਲ ਨਾ ਮਿਲਵਰਤਨ ਕਰਦੀ ਸੀ। ਪ੍ਰਬੰਧ ਅਤਿ ਨਰਮ ਤੇ ਵਿਕੋਲਿਤਰਾ ਬਣ ਗਿਆ ਸੀ।

1959 ਨੂੰ ਇਸ ਅਤਿ ਨਾਜ਼ਕ ਸਮੇਂ ਗਿਆਨੀ ਰਤਨ ਸਿੰਘ ਸ਼ਾਦ ਜੀ ਨੇ (ਜੋ ਬਰਿਸਟਲ ਆ ਟਿਕੇ ਸਨ) ਇਸ ਗੁਰਦੁਆਰੇ ਦੀ ਪ੍ਰਧਾਨਗੀ ਸੇਵਾ ਸੰਭਾਲੀ ਤੇ ਗੁਰਦੁਆਰੇ ਦੇ ਨਿਯਮ ਬਣਾਏ ਤੇ ਪ੍ਰਬੰਧ ਨੂੰ ਨਿਯਮ ਅਨੁਸਾਰ ਧਾਰਮਕ ਲੀਹਾਂ ਤੇ ਤੋਰਿਆ। ਇਵੇਂ ਹੀ ਸਮੇਂ ਸਮੇਂ ਸ. ਮਹਿਲ ਸਿੰਘ 'ਕਾਨੀ' ਤੇ ਸ. ਸ਼ਿੰਗਾਰ ਸਿੰਘ ਰੋਜ਼ ਨੇ ਜ: ਸਕਤਰ ਦੀ ਸੇਵਾ ਤੇ ਸ. ਸੰਤ ਸਿੰਘ ਜੀ ਭਾਕੜ ਨੇ ਖਜ਼ਾਨਚੀ ਦੀ ਸੇਵਾ ਨਿਭਾਈ। ਸ. ਬਹਾਦਰ ਸਿੰਘ ਵੀਰ ਜੀ ਨੇ ਪ੍ਰਧਾਨਗੀ ਸੇਵਾ ਕਰ ਕੇ ਗੁਰਦੁਆਰੇ ਦਾ ਕਰਜ਼ਾ ਲਾਹ ਕੇ ਬਿਲਡਿੰਗ ਨੂੰ ਫਰੀ ਕਰਾਇਆ। ਇਉਂ ਸਮੂੰਹ ਸਾਥੀਆਂ ਦੇ ਸਾਂਝੇ ਯਤਨਾਂ ਨਾਲ ਗੁਰਦੁਆਰੇ ਨੂੰ ਧਾਰਮਿਕ ਲੀਹਾਂ ਤੇ ਤੋਰਿਆ ਤੇ

Digitized by Panjab Digital Library | www.panjabdigilib.org

ਨਾ ਮਿਲਵਰਤਨ ਕਰਨ ਵਾਲੀਆਂ ਸੰਗਤਾਂ ਦੇ ਘਰੋ ਘਰੀ ਜਾ ਕੇ ਗੁਰਦੁਆਰੇ ਨਾਲ ਮਿਲ-ਵਰਤਣ ਕਰਨ ਲਈ ਅਨੇਕਾਂ ਵੇਰ ਭਰਵੀਂ ਪਰੇਰਨਾ ਕੀਤੀ। 1959 ਤੋਂ 1969 ਦਸ ਸਾਲ ਇਵੇਂ ਗੁਰਦੁਆਰਾ ਪੁਰਅਮਨ ਸਿਖੀ ਅਸੂਲਾਂ ਅਨੁਸਾਰ ਚਲਦਾ ਆ ਰਿਹਾ ਸੀ ਕਿ ਮੌਕਾ ਤਾੜ ਸੁਆਰਥੀ ਸਜਣਾਂ ਨੇ ਫੁਟ ਪਾ ਦਿਤੀ। ਤਸੀਲਾਂ ਦੇ ਵਿਤਕਰੇ ਦਾ ਪ੍ਰਚਾਰ ਹੀ ਨਹੀਂ ਅਮਲ ਵੀ ਸ਼ੁਰੂ ਹੋ ਗਿਆ। ਗੱਲ, ਗਾਲ ਗਲੋਚ ਤੋਂ ਟਪ ਹਥੋ ਪਾਈ ਪੈਣ ਤਕ ਅਪੜ ਗਈ। ਇਉਂ ਹੇਠ ਲਿਖੇ ਸਾਥੀਆਂ ਨੂੰ ਅਮਨ ਵਾਲਾ ਵਖਰਾ ਰਾਹ ਭਾਲਣਾ ਪਿਆ ਤੇ ਦੂਸਰੇ ਗੁਰਦੁਆਰੇ ਦਾ ਆਦਿ ਹੋਇਆ।

ਨਿਰਮਾਨ ਸੇਵਕ ਜਥਾ ਦੇ ਹੇਠ ਲਿਖੇ ਸੇਵਾਦਾਰਾਂ ਦੇ ਉਦਮ ਉਪਰਾਲੇ ਨਾਲ ਬ੍ਰਿਸਟਲ ਵਿਚ 11, Summer hill road Bristol 5 'ਸੰਗਤ ਸਿੰਘ ਸਭਾ ਗੁਰਦੁਆਰਾ' ਦੀ ਸਥਾਪਨਾ

ਜਿਵੇਂ ਗੁਲਾਬ ਦੀ ਹਰ ਪੱਤੀ ਦੇ ਵਿਚ ਕੋਮਲਤਾ ਤੇ ਮਹਿਕ ਵਾਹਿਗੁਰੂ ਵਲੋਂ ਮਿਲੀ ਰੱਬੀ ਦਾਤ ਹੈ ਤਿਵੇਂ ਭਾਟਰਾ ਸੰਪਰਦਾ ਨੂੰ ਨਾਮ, ਦਾਨ, ਸੇਵਾ ਤੇ ਕੁਰਬਾਨੀ ਦੀ ਦਾਤ ਗੁਰੂ ਨਾਨਕ ਸਾਹਿਬ ਵਲੋਂ ਵਿਰਸੇ ਵਿਚ ਮਿਲੀ ਹੋਈ ਰੱਬੀ ਦਾਤ ਹੈ, ਸ਼ਰਧਾ ਤੇ ਪਿਆਰ ਦੇ ਤਾਣੇ-ਪੇਟੇ ਨਾਲ ਭਾਟਰਾ ਸੰਗਤ ਦੀ ਜੀਵਨ ਤਾਣੀ ਬਣੀ ਹੋਈ ਹੈ। ਭਾਟਰਾ ਬਰਾਦਰੀ ਦਾ ਹਰ ਮੈਂਬਰ ਸਿਖ ਧਰਮ ਦਾ ਪ੍ਰਤੀਨਿਧ ਬਣ ਅਠਾਰਵੀਂ ਸਦੀ ਦੇ ਅੰਤ ਤੋਂ ਸੰਸਾਰ ਦੇ ਕੋਨੇ ਕੋਨੇ ਵਿਚ ਵਿਚਰ ਰਿਹਾ ਹੈ, ਇਹ "ਸਾਬਤ ਸੂਰਤ ਦਸਤਾਰ ਸਿਰਾ" ਦਾ ਅਮਲੀ ਪ੍ਰਚਾਰਕ ਹੈ ਸਿਖ ਪੰਥ ਦੀ ਸਦਾ ਚੜ੍ਹਦੀ ਕਲਾ ਦਾ ਉਪਦੇਸ਼ ਹੈ। ਪਛਮੀ ਵਾਹ ਵਰੋਲੇ ਇਸ ਦੀ ਸਿਖੀ ਪਿਆਰ ਦੇ ਗੌਰਵਤਾ ਦੇ ਬੋਹਲ ਨੂੰ ਨਹੀਂ ਹਿਲਾ ਸਕੇ, ਪਛਮੀ ਸ਼ੁਕੀਨੀ ਦਾ ਹੜ੍ਹ ਇਹਨਾਂ ਦੇ ਸਿਦਕ ਭਰੋਸੇ ਦੇ ਪੈਰ ਨਹੀਂ ਉਖੇੜ ਸਕਦਾ।

ਭਾਟਰੇ ਸਿੰਘਾਂ ਨੂੰ ਆਪਣੀ ਅਖੁਟ ਸ਼ਰਧਾ, ਅਤੁਟ ਪਿਆਰ ਤੇ ਸਿਖੀ ਸਿਦਕ ਤੇ ਫਖਰ ਹੈ ਇਹਨਾਂ ਦਾ ਸੀਸ ਸਦਾ ਕੇਸਰੀ ਨਿਸ਼ਾਨ ਅਗੇ ਹੀ ਝੁਕਦਾ ਹੈ ਇਸ ਆਦਰਸ਼ ਦੀ ਪੂਰਤੀ ਲਈ ਜਿਥੇ ਵੀ ਚਲੇ ਜਾਣ ਸਿਖ ਮਿਸ਼ਨ ਦਾ ਸੈਂਟਰ ਗੁਰਦੁਆਰਾ ਸਥਾਪਨ ਕਰਕੇ ਧਰਮ ਪਰਚਾਰ ਕਰਨਾ ਆਪਣਾ ਫ਼ਰਜ਼ ਸਮਝਦੇ ਹਨ।

ਸਿਖੀ ਸ਼ਰਧਾ ਪਿਆਰ ਰਖਣ ਵਾਲੇ ਧਾਰਮਿਕ ਹਿਰਦੇ ਇਹ ਖਬਰ ਸੁਣਕੇ ਕੰਵਲ ਫੁਲਾਂ ਵਾਂਗ ਖਿੜ ਜਾਣਗੇ, ਗੁਰੂ ਨਾਨਕ ਮਿਸ਼ਨ ਦਾ ਪਰਚਾਰ ਸੈਂਟਰ ਸਿਖੀ ਪ੍ਰਚਾਰ ਦਾ ਸੇਹਰਾ, ਸ਼ਰਧਾ ਤੇ ਸ਼ਾਂਤੀ ਦਾ ਸੋਮਾ ਨਿਮ੍ਰਤਾ ਦਾ ਕੇਂਦਰ "ਸੰਗਤ ਸਿੰਘ ਸਭਾ" ਗੁਰਦੁਆਰਾ ਬਰਿਸਟਲ ਵਿਚ ਸਥਾਪਤ ਕੀਤਾ ਗਿਆ ਹੈ। ਜੋ ਨਿਰਮਾਨ ਸੇਵਕ ਜਥਾ ਦੇ ਅੱਗੇ ਲਿਖੇ ਨਿਰਮਾਨ ਸੇਵਾਦਾਰਾਂ ਦੇ ਸਿਖੀ ਪਿਆਰ ਦੀ ਅਭੁਲ ਯਾਦ ਤੇ ਅਟੱਲ ਸ਼ਰਧਾ ਦਾ ਸੂਚਕ ਹੈ। ਜਿਸ ਵਿਚ ਹਰ ਐਤਵਾਰ ਨੂੰ ੧੦ ਵਜੇ ਤੋਂ ਬਾਰਾਂ ਵਜੇ ਦੁਪਹਿਰ ਤੀਕ ਦੀਵਾਨ ਸਜਦਾ ਹੈ। ਪ੍ਰਸ਼ਾਦ ਤੋਂ ਬਾਦ ਗੁਰੂ ਨਾਨਕ ਸਾਹਿਬ ਜੀ ਦੀ ਬਖਸ਼ੀ ਹੋਈ ਦਾਤ ਅਤੁਟ

Digitized by Panjab Digital Library | www.panjabdigilib.org

ਸਿਖ ਨੇਤਾਵਾਂ ਦੀ ਤਰਬੈਣੀ

ਖਬਿਓਂ ਸਜੇ :—

ਪੰਥ ਦੇ ਪ੍ਰਸਿਧ ਵਿਦਵਾਨ ਅਣਥਕ ਖੋਜੀ ਤੇ ਇਤਹਾਸਕਾਰ ਡਾ: ਤਰਲੋਚਨ ਸਿੰਘ ਜੀ,
ਬ੍ਰਿਸਟਲ ਸਿਖ ਕਮਿਉਨਿਟੀ ਕੌਂਸਲ ਦੇ ਪ੍ਰਧਾਨ ਤੇ ਕ੍ਰਾਂਤਿਕ ਲਹਿਰ ਦੇ
ਇਤਿਹਾਸਕਾਰ ਗਿਆਨੀ ਰਤਨ ਸਿੰਘ ਜੀ "ਸ਼ਾਦ" ਤੇ ਬ੍ਰਿਸਟਲ ਸਿਖ
ਕਮਿਉਨਿਟੀ ਕੌਂਸਲ ਦੇ ਖਜ਼ਾਨਚੀ ਤੇ ਸਾਬਕ ਪ੍ਰਧਾਨ ਰਾਮਗੜੀਆ
ਬੋਰਡ ਬ੍ਰਿਸਟਲ ਸ: ਹਰੀ ਸਿੰਘ ਜੀ ਫੂਲ

Digitized by Panjab Digital Library | www.panjabdigilib.org

ਲੇਖਕ ਦੇ ਜੀਵਨ ਤੇ ਗਿਆਨਦਾਤਾ

ਧਰਮ ਤੇ ਸਮਾਜ ਦੀ ਸੁਮੇਲ ਸਖਸ਼ੀਅਤ ਗੁਰਦੇਵ ਪਿਤਾ ਬਜ਼ੁਰਗ ਬਾਬਾ ਗਹਿਣਾ ਸਿੰਘ
ਜੀ ਆਪਣੇ ਦੋ ਸਪੁਤਰਾਂ ਦੇ ਵਿਚਕਾਰ ਵਿਦਮਾਨ ਹਨ ਆਪ ਜੀ ਦੇ ਸਜੇ ਗਿਆਨੀ
ਹਰਨਾਮ ਸਿੰਘ ਜੀ "ਕੌਮੀ" ਤੇ ਖਬੇ ਲੇਖਕ ਗਿਆਨੀ
ਰਤਨ ਸਿੰਘ ਜੀ "ਸ਼ਾਦ" ਬੈਠੇ ਹਨ ।

Digitized by Panjab Digital Library | www.panjabdigilib.org

ਲੰਗਰ ਵਰਤਦਾ ਹੈ, ਇਹ ਗੁਰਦੁਆਰਾ ਇਕ ਸਕੂਲ ਖਰੀਦ ਕੇ ਬਣਾਇਆ ਗਿਆ ਹੈ ਜੋ ਯੂ.ਕੇ. ਦੀ ਭਾਟਰਾ ਸੰਪ੍ਰਦਾ ਵਿਚ ਇਸ ਪ੍ਰਕਾਰ ਦਾ ਪਹਿਲਾ ਧਰਮ ਕੇਂਦਰ ਹੈ।

ਗਿਆਨੀ ਰਤਨ ਸਿੰਘ 'ਸ਼ਾਦ', ਸ੍ਰਦਾਰ ਸੰਤ ਸਿੰਘ ਭਾਕੜ, ਗੁਰਪੁਰਵਾਸੀ ਹਰਬੰਸ ਸਿੰਘ 'ਕਾਨੀ', ਸਰਦਾਰ ਸ਼ਿੰਗਾਰ ਸਿੰਘ ਰੋਜ਼, ਸ: ਦਰਸ਼ਨ ਸਿੰਘ ਦੀਵਾਨਾ, ਸ: ਗੁਸ਼ਾਲ ਸਿੰਘ 'ਰੌਦ', ਸ: ਢੁੰਡਾ ਸਿੰਘ ਗੂਜਰਾ (ਸ਼ਹਿਰੀ), ਸ: ਕੁੰਨਣ ਸਿੰਘ ਟਾਕ, ਸ: ਬਹਾਦਰ ਸਿੰਘ 'ਸ਼ੇਰੇ ਪੰਜਾਬ', ਸ:ਅਵਤਾਰ ਸਿੰਘ (ਛਾਂਗਾ ਸਿੰਘ) ਦਿਗਪਾਲ, ਸ: ਮੋਹਣ ਸਿੰਘ ਦਿਗਪਾਲ, ਸ: ਬਹਾਦਰ ਸਿੰਘ ਵੀਰ 'ਚੁਹਾਨ', ਸ: ਬਚਨ ਸਿੰਘ ਕਸਬਿਆ, ਸਃ ਨਰਿੰਜਨ ਸਿੰਘ ਦਿਗਪਾਲ, ਸ: ਹਰਿੰਦਰਪਾਲ ਸਿੰਘ 'ਸਾਕੀ' ਚੁਹਾਨ, ਸ: ਗੁਸ਼ਾਲ ਸਿੰਘ ਦਿਗਪਾਲ, ਸ: ਜੰਗ ਸਿੰਘ ਰੌਦ, ਸ: ਪਾਲਾ ਸਿੰਘ ਪੁੱਤਰ ਹਰਬੰਸ ਸਿੰਘ ਕਾਨੀ, ਸ: ਤੇਜਪਾਲ ਸਿੰਘ ਸਵਤੰਤਰ ਚੁਹਾਨ, ਸ: ਅਮ੍ਰੀਕ ਸਿੰਘ 'ਰੌਦ', ਸ: ਵਲੈਤੀ ਸਿੰਘ ਗੂਜਰਾ (ਸ਼ਹਿਰੀ), ਸ: ਜਗਜੀਤ ਸਿੰਘ 'ਅਨਾੜੀ' ਦਿਗਪਾਲ, ਸ: ਬਲਵਿੰਦਰ ਸਿੰਘ ਚਮਕ, ਸ: ਸਵਿੰਦਰਪਾਲ ਸਿੰਘ ਜਾਨੀ, ਸ: ਬਲਬੀਰ ਸਿੰਘ, ਸ: ਹਰਵਿਲਾਸ ਸਿੰਘ'ਪੀਟਾ'

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ।

ਸੰਗਤ ਸਿੰਘ ਸਭਾ ਗੁਰਦੁਆਰਾ ਬ੍ਰਿਸਟਲ

Sangat Singh Sabha Sikh Temple

Bristol Regd.

11, Summer Hill Road, St. George, Bristor 5

Managed By : *TEL* :

Nirman Sewak Jatha

Ref : *Date 30.I0.1977*

ਅਜ 30 ਅਕਤੂਬਰ 1977 ਦਿਨ ਐਤਵਾਰ ਨੂੰ ਭਰੇ ਦੀਵਾਨ ਵਿਚ ਨਿਰਮਾਨ ਸੇਵਕ ਜਥੇ ਵਲੋਂ ਸੰਗਤ ਸਿੰਘ ਸਭਾ ਗੁਰਦੁਆਰਾ ਵਿਖੇ ਕੌਮ ਦੇ ਵਿਲਕਦੇ ਅਰਮਾਨਾਂ ਦੇ ਵਿਆਖਿਆਕਾਰ 'ਸੰਗਤ ਸੰਦੇਸ਼' ਦੇ ਚੀਫ ਐਡੀਟਰ 'ਕੌਮੀ ਰਤਨ' ਗਿਆਨੀ ਰਤਨ ਸਿੰਘ 'ਸ਼ਾਦ' ਜੀ ਦੀ ਦੇਸ਼ ਪੰਥ ਤੇ ਕੌਮ ਸੇਵਾ ਦਾ ਸਨਮਾਨ ਕਰਦਿਆਂ, ਸਿਰੋਪਾਓ ਪੰਜ ਪੌਡ ਤੇ ਮਾਨ ਪੱਤਰ ਭੇਂਟ ਕੀਤਾ ਗਿਆ, ਜੋ ਅੱਗੇ ਭੇਟ ਹੈ :—

Digitized by Panjab Digital Library | www.panjabdigilib.org

ਮਾਨ ਪੱਤਰ

ਗਿਆਨੀ ਰਤਨ ਸਿੰਘ ਸ਼ਾਦ ਜੀ ਦਾ ਜਨਮ (ਗਲੋਟੀਆਂ ਕਲਾਂ ਜ਼ਿਲਾ ਸਿਆਲ ਕੋਟ ਦੇ ਧਾਰਮਿਕ ਜਥੇ ਦੇ ਜਥੇਦਾਰ ਭਾਈ ਸਾਹਿਬ ਭਾਈ ਗਹਿਣਾ ਸਿੰਘ ਜੀ ਤੇ ਮਾਤਾ ਦਇਆ ਕੌਰ ਦੇ ਗਰਹਿ) 17 ਜੁਲਾਈ 1914 ਨੂੰ ਗੁਆਲ ਮੰਡੀ ਲਾਹੌਰ ਵਿਖੇ ਹੋਇਆ ਮਾਤਾ ਪਿਤਾ ਤੋਂ ਜੀਵਨ ਪਿਆਰ ਦੀ ਗੁੜਤੀ ਦੇ ਨਾਲ ਧਾਰਮਿਕ ਤੇ ਸਮਾਜਿਕ ਸੇਵਾ ਸਿਖਿਆ ਦੀ ਦਾਤ ਵਿਰਸੇ ਵਿਚ ਮਿਲੀ। ਜਿਥੇ ਆਪ ਸੁਲਝੇ ਹੋਏ ਲੇਖਕ, ਸਿਆਣੇ ਵਿਦਵਾਨ, ਪ੍ਰਚਾਰਕ, ਕਾਵ ਕਲਾ ਦੇ ਮਾਹਿਰ ਕ੍ਰਾਂਤਿਕ ਕਵੀ ਤੇ ਸਫਲ ਸੰਪਾਦਕ ਹਨ ਉਥੇ ਸਚਿਆਈ ਤੇ ਅਸੂਲਾਂ ਦੀ ਪਾਲਣਾ ਕਰਨ ਵਾਲੇ ਪਰਖੇ ਹੋਏ ਪ੍ਰਬੰਧਕ ਤੇ ਸਿਆਨੇ ਨੀਤੀਵਾਨ ਵੀ ਹਨ। 1944 ਵਿਚ ਪੰਜਾਬ ਯੂਨੀਵਰਸਿਟੀ 'ਚੋਂ ਆਪ ਨੇ ਗਿਆਨੀ ਦਾ ਇਮਤਿਹਾਨ ਪਾਸ ਕੀਤਾ ਜਿਸ ਨੇ ਆਪ ਦੀ ਤੀਖਣ ਬੁਧੀ ਤੇ ਸੋਨੇ ਤੇ ਸੁਹਾਗੇ ਵਾਂਗ ਕੰਮ ਕੀਤਾ।

ਮੁਢਲੇ ਸੁਧਾਰਕ ਰੁਚੀਆਂ ਦੇ ਮਾਲਕ ਹੋਣ ਕਰਕੇ ਭਰ ਜਵਾਨੀ ਵਿਚ ਆਪ ਨੇ ਲੋਕ ਸੇਵਾ ਦੇ ਮਾਰਗ ਨੂੰ ਚੁਣਿਆ ਤੇ 15 ਅਗਸਤ 1939 ਨੂੰ ਸਮੁੱਚਾ ਕੌਮ ਦੀ ਸਰਬ ਸਾਂਝੀ ਜਮਾਤ ਚੰਗਾ ਭਾਟੜਾ ਨੌਜਵਾਨ ਸਭਾ U. K. ਦਾ ਆਦਿ ਕਰਨ ਵਾਲੇ ਕਨਵੀਨਰ ਬਣਕੇ ਸਮਾਜ ਸੁਧਾਰ ਦੇ ਕਰਮ ਖੇਤਰ ਵਿਚ ਨਿਤਰੇ। ਇਹੀ ਸਭਾ ਨੇ 1940 ਵਿਚ ਦੇਸ਼ ਜਾਕੇ ਸਮਾਜ ਸੁਧਾਰ ਦੀ ਲਹਿਰ ਚਲਾਈ 'ਸੰਗਤ' ਰਸਾਲਾ ਕਢਿਆ। 'ਇੰਟਰਨੈਸ਼ਨਲ ਭਾਟਰਾ ਯੂਨੀਅਨ' ਕੌਮੀ ਸਟੇਜ ਤੇ ਆਈ। ਇਸੇ ਦਾ ਨਿਖਰਵਾਂ ਰੂਪ ਕੌਮ ਦੀ ਪ੍ਰਤੀਨਿਧ ਜਮਾਤ 'ਸਰਬ ਹਿੰਦ ਭਾਟਰਾ ਯੂਨੀਅਨ' ਬਣੀ ਜਿਸ ਨੇ ਸਾਰੀ ਕੌਮ ਦੀ ਕੌਮੀ ਕਾਨਫਰੰਸ ਡਸਕੇ ਵਿਚ ਕੀਤੀ ਤੇ ਸਮਾਜ ਸੁਧਾਰ ਦੀਆਂ ਸਿਖਰਾਂ ਨੂੰ ਛੋਹਿਆ ਆਪ ਇਸ ਕੌਮੀ ਲਹਿਰ ਦੇ ਆਦਿ ਤੋਂ ਅੰਤ ਤਕ ਦੋਹਾਂ ਯੂਨੀਅਨਾਂ ਦੇ ਹੈਡ ਕੈਸ਼ੀਅਰ ਬਣਕੇ ਕੌਮ ਸੇਵਾ ਕਰਦੇ ਰਹੇ।

ਇੰਗਲੈਂਡ ਵਿਚ ਸਮੁੱਚਾ ਸਿੱਖ ਪੰਥ ਦੀ ਸਭ ਤੋਂ ਪਹਿਲੀ ਤੇ ਸ਼ੋਮਣੀ ਜਥੇਬੰਦੀ 'ਖਾਲਸਾ ਜਥਾ' ਭੁਪਿੰਦਰਾ ਗੁਰਦੁਆਰਾ ਲੰਡਨ ਵਿਚ ਆਪ ਦੀ ਸਿਖੀ ਸੇਵਾ ਤੇ ਪੰਥਕ ਪਿਆਰ ਨੂੰ ਮੁੱਖ ਰੱਖ ਸਮੂੰਹ ਸਿੱਖ ਸੰਗਤਾਂ ਵਲੋਂ 1951 ਨੂੰ ਪ੍ਰਧਾਨਗੀ ਦੀ ਉਚ ਸੇਵਾ ਦਾ ਮਾਨ ਮਿਲਿਆ। ਜਿਸ ਸੇਵਾ ਨੂੰ ਆਪ ਨੇ ਪੂਰਨ ਯੋਗਤਾ ਨਾਲ ਨਿਭਾ ਭਾਟੜਾ ਸੰਗਤ ਦਾ ਨਾਂ ਸਿੱਖ ਸੰਸਾਰ ਵਿਚ ਉਘਾ ਕੀਤਾ।

ਆਪ ਜਿਥੇ 'ਦਸਮੇਸ਼ ਸਿੰਘ ਸਭਾ' ਕਾਰਡੀਫ ਦੇ ਗੁਰਦੁਆਰੇ ਦਾ ਆਦਿ ਕਰਨ ਵਾਲੇ ਮੁਖੀ ਨੇਤਾਵਾਂ 'ਚੋਂ ਹਨ ਉਥੇ ਗੁਰਦੁਆਰੇ ਦੇ ਟਰਸਟੀ ਮੈਂਬਰ ਵੀ। ਆਪ ਜੀ ਦੀ ਸੇਵਾ ਦਾ ਸਦਕਾ 1956 ਤੇ ਫਿਰ 1960 ਵਿਚ ਸਮੂੰਹ ਸੰਗਤਾਂ ਨੇ ਪ੍ਰਧਾਨਗੀ ਦੀ ਸੇਵਾ ਦਾ ਮਾਨ ਬਖਸ਼ਿਆ। 1963 'ਚ 'ਨਾਨਕ ਪ੍ਰਕਾਸ਼ ਗੁਰਦੁਆਰਾ' 8 St.Marks Road

Digitized by Panjab Digital Library | www.panjabdigilib.org

ਬ੍ਰਿਸਟਲ-5 ਦੇ ਗੁਰਦੁਆਰੇ ਦੀ ਪ੍ਰਧਾਨਗੀ ਦੀ ਸੇਵਾ ਪ੍ਰਾਪਤ ਹੋਈ ਤਾਂ ਆਪ ਜੀ ਨੇ ਗੁਰਦੁਆਰੇ ਦਾ ਢੇਰ ਸੁਧਾਰ ਕਰਕੇ ਸਿਆਣੇ ਪ੍ਰਬੰਧਕ ਹੋਣ ਦਾ ਸਬੂਤ ਦਿਤਾ ।

ਜਿਵੇਂ ਆਪ ਜੀ ਦੀ ਧਰਮ ਤੇ ਸਮਾਜ ਸੇਵਾ ਦਾ ਰੀਕਾਰਡ ਸ਼ਾਨਦਾਰ ਹੈ, ਤਿਵੇਂ ਦੇਸ਼ ਪਿਆਰ ਤੇ ਲੋਕ ਸੇਵਾ ਦਾ ਵੀ । ਸਮੁੱਚਾ ਭਾਰਤੀਆਂ ਦੀ ਸੰਸਥਾ ਬ੍ਰਿਸਟਲ ਇੰਡੀਅਨ ਐਸੋਸੀਏਸ਼ਨ ਦੇ ਜਿਥੇ ਆਪ ਕਮੇਟੀ ਮੈਂਬਰ ਤੋਂ ਲੈ ਕੇ ਹੈਡ ਕੈਸ਼ੀਅਰ, ਵਾਇਸ ਪ੍ਰੈਜੀਡੈਂਟ ਤੇ 1967 ਨੂੰ ਪ੍ਰੈਜ਼ੀਡੈਂਟ ਬਣਕੇ ਦੇਸ਼ ਤੇ ਦੇਸ਼ ਵਾਸੀਆਂ ਦੀ ਸੇਵਾ ਕਰਦੇ ਰਹੇ ਹਨ ਉਥੇ ਬ੍ਰਿਟਲ ਕਮਿਉਨਿਟੀ ਕੁਲੇਸ਼ਨ ਕੌਂਸਲ ਦੇ ਆਪ ਦਸ ਸਾਲ ਤੋਂ ਮੈਂਬਰ ਬਣ, ਦੇਸ਼ ਤੇ ਕੌਮ ਦੀ ਪ੍ਰਤੀਨਿਧਤਾ ਕਰ ਰਹੇ ਹੰਨ ।

ਆਪ ਸਮੁੱਚਾ ਕੌਮ ਦੇ ਸ਼ਰੋਮਣੀ ਮਾਸਕ ਪਤਰ 'ਸੰਗਤ ਸਮਾਚਾਰ' ਦੇ ਆਦਿ ਤੋਂ ਅੰਤ ਤਕ ਪੂਰੇ ਅਠ ਸਾਲ ਐਡੀਟਰ ਤੇ ਚੀਫ ਐਡੀਟਰ ਰਹਿਕੇ ਕੌਮ ਦੇ ਵਿਲਕਦੇ ਅਰਮਾਨਾਂ ਦੀ ਵਿਆਖਿਆ ਕਰਦੇ ਰਹੇ ਹਨ, ਤਿਵੇਂ ਆਪ ਵਰਤਮਾਨ ਸਮੁਚਾ ਸੰਗਤ ਭਾਟੜਾ ਸੰਪ੍ਰਦਾ ਦਾ ਮਾਸਕ ਪੱਤਰ 'ਸੰਗਤ ਸੰਦੇਸ਼' ਦੇ ਚੀਫ ਐਡੀਟਰ ਦੀ ਅਹਿਮ ਸੇਵਾ ਨੂੰ ਪੂਰਨ ਯੋਗਤਾ ਨਾਲ ਨਿਭਾ ਰਹੇ ਹਨ ।

ਜਿਵੇਂ ਲੋਕ ਸੇਵਾ ਆਪਦਾ ਮੁਖ ਮਨੋਰਥ ਹੈ, ਦੇਸ ਪਿਆਰ ਆਪਦੇ ਦਿਲ ਦੀ ਸਚੀ ਲਗਨ ਹੈ; ਤਿਵੇਂ ਸਮਾਜ ਸੁਧਾਰ ਆਪਦੇ ਹੱਡੀਂ ਰਚਿਆ ਜੀਵਨ ਇਸ਼ਕ ਹੈ । 1967 ਨੂੰ ਸਮੂਹ ਕੌਮੀ ਨੇਤਾਵਾਂ ਦੇ ਸੰਗਠਨ ਲਈ "ਸੁਧਾਰਵਾਦੀ ਬੌਰਡ U.K," ਬਣਿਆ, ਜਿਸਦਾ ਆਪਨੂੰ ਕਨਵੀਨਰ ਬਣਾਇਆ ਗਿਆ, ਇਸੇ ਬੋਰਡ ਨੇ ਭਾਟੜਾ ਕਾਨਫਰੰਸ ਦਾ ਇਸ਼ਤਿਹਾਰ ਕਢਿਆ । ਇਸਦੀ ਸਫਲਤਾ ਲਈ ਆਪ ਜੀ ਨੇ ਲੋਕ ਰਾਏ ਨੂੰ ਇਕੱਤਰ ਕੀਤਾ, ਜਿਸਦਾ ਸਿਟਾ 18—19 ਅਕਤੂਬਰ 1970 ਨੂੰ ਸਮੁੱਚਾ ਕੌਮ ਦੀ ਕਾਨਫਰੰਸ ਮਾਨਚੈਸਟਰ ਵਿਚ ਹੋਈ ਤੇ "ਸੰਗਤ ਭਾਟੜਾ ਸੰਪ੍ਰਦਾ ਬੋਰਡ U. K. ਬਣਿਆ । ਇਸ ਤੋਂ ਇਲਾਵਾ ਆਪ "ਸੰਗਤ ਭਾਟੜਾ ਸੰਪ੍ਰਦਾ ਪਰੈਸ ਬੋਰਡ U.K" ਦੀ ਕਨਵੀਰੀ ਸੇਵਾ ਨਾਲ ਕੌਮ ਦੀ ਨਿਗਰ ਉਸਾਰੀ ਵਿਚ ਹਿਸਾ ਪਾ ਰਹੇ ਹਨ ।

1970 ਵਿਚ ਸੰਗਤ ਸਿੰਘ ਸਭਾ ਗੁਰਦੁਆਰੇ ਦੀ ਸਥਾਪਨਾ ਹੋਈ । ਆਪ ਜਿਥੇ ਇਸ ਗੁਰਦੁਆਰੇ ਦਾ ਆਦਿ ਕਰਨ ਵਾਲਿਆਂ 'ਚੋਂ ਇਕ ਹਨ, ਉਥੇ ਗਰਦੁਆਰੇ ਦੇ ਟਰਸਟੀ ਮੈਂਬਰ ਵੀ ਹਨ । ਜਿਵੇਂ ਆਪ ਜੀ ਨੂੰ ਇਸ ਗੁਰਦੁਆਰੇ ਦੇ ਪਹਿਲੇ ਪ੍ਰਧਾਨ ਦੀ ਸੇਵਾ ਕਰਨ ਦਾ ਸੰਗਤਾਂ ਵਲੋਂ ਸੁਭਾਗ ਮਿਲਿਆ, ਤਿਵੇਂ ਆਪਦੀ ਸੇਵਾ ਦਾ ਸਦਕਾ 1975 ਨੂੰ ਦੁਬਾਰਾ ਪ੍ਰਧਾਨਗੀ ਸੇਵਾ ਦੀ ਸੰਗਤਾਂ ਵਲੋਂ ਬਖਸ਼ਿਸ਼ ਹੋਈ । ਇਹ ਗੁਰਦੁਆਰਾ ਖਰੀਦਣ ਲਈ "ਨਿਰਮਾਨ ਸੇਵਕ ਜਥਾ" ਬਣਿਆ, ਜਿਸਦੀ ਆਪ ਜੀ ਨੂੰ ਐਡਵਾਇਜ਼ਰ ਦੀ ਸੇਵਾ ਸੌਂਪੀ ਗਈ । ਅਜ ਉਸ ਸੇਵਾ ਨੂੰ ਦੋਹਰੀ ਮੋਹਰ ਛਾਪ ਲਾਉਂਦਿਆਂ 'ਸੰਗਤ ਸਿੰਘ ਸਭਾ ਦੇ ਧਾਰਮਿਕ ਸਲਾਹਕਾਰ ਦੇ ਨਾਲ ਧਾਰਮਿਕ ਤੇ ਸਮਾਜਿਕ ਸੇਵਾ ਦਾ ਸਦਕਾ

Digitized by Panjab Digital Library | www.panjabdigilib.org

"ਸਿੰਘ ਸਾਹਿਬ" ਪਦ ਨਾਲ ਸਨਮਾਨਦੇ ਹੋਏ ਅਰਦਾਸ ਕਰਦੇ ਹਾਂ ਕਿ ਵਾਹਿਗੁਰੂ ਆਪ ਜੀ ਨੂੰ ਇਸ ਤੋਂ ਵੀ ਵੱਧ ਦੇਸ਼ ਪੰਥ ਤੇ ਕੌਮ ਸੇਵਾ ਕਰਨ ਦੀ ਸੋਹਜ ਸਮਰਥਾ ਬਖਸ਼ੇ ।

—ਗੁਰ ਸੰਗਤਾਂ ਦੇ ਦਾਸ—

ਬਚਨ ਸਿੰਘ ਕਸਬਿਆ ਪ੍ਰਧਾਨ,
ਢੁੰਡਾ ਸਿੰਘ ਸ਼ਹਿਰੀ ਜਨਰਲ ਸਕੱਤਰ,
ਸ਼ਿੰਗਾਰ ਸਿੰਘ ਰੋਜ਼ ਪ੍ਰਾਪੇਗੰਡਾ ਸਕੱਤਰ
ਬਹਾਦਰ ਸਿੰਘ ਵੀਰ
ਅਮਰੀਕ ਸਿੰਘ ਰੌਦ ਮੀਤ ਖ਼ਜ਼ਾਨਚੀ
ਨਰਿੰਜਨ ਸਿੰਘ ਜਥੇਦਾਰ
ਅਮਰਜੀਤ ਸਿੰਘ
ਤੇਜਪਾਲ ਸਿੰਘ ਸ੍ਵੈਤੰਤਰ
ਬਹਾਦਰ ਸਿੰਘ ਸ਼ੇਰੇ ਪੰਜਾਬ
ਸ਼ੇਰ ਸਿੰਘ
ਸੁਵਿੰਦਰਪਾਲ ਸਿੰਘ ਜਾਨੀ
ਹਰਿੰਦਰਪਾਲ ਸਿੰਘ ਸਾਕੀ
ਗੁਸ਼ਾਲ ਸਿੰਘ ਦਿਗਪਾਲ
ਹਰਬਿਲਾਸ ਸਿੰਘ ਪੀਟਾ

ਜੀਤ ਸਿੰਘ ਰਾਠੌੜ ਖਜ਼ਾਨਚੀ,
ਕੁਸ਼ਾਲ ਸਿੰਘ ਸਟੇਜ ਸੈਕਟਰੀ
ਦਰਸ਼ਨ ਸਿੰਘ ਦਿਵਾਨਾ
ਪਿਆਰਾ ਸਿੰਘ ਰੌਦ
ਚਾਨਣ ਸਿੰਘ ਟਾਕ ਜਥੇਦਾਰ
ਅਵਤਾਰ ਸਿੰਘ
ਜਗਦੀਸ਼ ਸਿੰਘ
ਮੁਖਤਿਆਰ ਸਿੰਘ
ਬਲਦੇਵ ਸਿੰਘ ਰੌਦ
ਬਲਬੀਰ ਸਿੰਘ ਰਾਠੌੜ
ਮਨਮੋਹਨ ਸਿੰਘ ਭਾਕੜ
ਨਰਿੰਜਨ ਸਿੰਘ ਜਥੇਦਾਰ
ਵਲੈਤੀ ਸਿੰਘ
ਨਵਤੇਜ ਸਿੰਘ ਭਾਰਤੀ

Digitized by Panjab Digital Library | www.panjabdigilib.org

ਜਥੇ-ਬੰਧਕ ਲਹਿਰ ਤੇ ਇਕ ਝਾਤ

ਪੁਰਾਣੇ ਕੌਮੀ ਸੇਵਕਾਂ ਦੇ "ਸੁਧਾਰਵਾਦੀ ਬੋਰਡ U. K." ਨੇ ਕੌਮੀ ਕਾਨਫਰੰਸ ਦੇ ਸਿਰਲੇਖ ਹੇਠ ਇਸ਼ਤਿਹਾਰ ਕੱਢ ਕੇ ਸਮਾਜਿਕ ਚੁਪ ਨੂੰ ਤੋੜਿਆ, ਬੋਰਡ ਦੇ ਕਨਵੀਨਰਾਂ ਹਰ ਕੌਮਾਂਤਰੀ ਗੜ੍ਹ ਵਿਚ ਪੁਜਕੇ ਪ੍ਰਚਾਰ ਨਾਲ ਸੰਮਤੀ ਤੇ ਸਯੋਗ ਭਰਪੂਰ ਉਤਸ਼ਾਹੀ ਪਤਰਾਂ ਨਾਲ ਲੋਕ ਰਾਇ ਉਜਾਗਰ ਕੀਤੀ ਜਿਸਦਾ ਸਿਟਾ, ਮਾਨਚੈਸਟਰ ਦੀ ਸਮੁਚਾ ਭਾਟੜਾ ਸੰਗਤ ਤੇ ਤਿੰਨਾਂ ਗੁਰਦੁਆਰਿਆਂ ਦੀ ਸਮਿਲਤ "ਸਿਖ ਭਾਟੜਾ ਕਮੇਟੀ ਆਫ ਮਾਨਚੈਸਟਰ" ਦੇ ਉਦਮ ਉਪਰਾਲੇ ਨਾਲ ਯੂ. ਕੇ. ਦੀ ਭਾਟੜਾ ਸੰਗਤ ਦਾ ਸਿਖਰ ਸੰਮੇਲਨ ਅਕਤੂਬਰ 18/19/70 ਨੂੰ ਮਾਨਚੈਸਟਰ ਵਿਚ ਹੋਇਆ, ਜਿਸ ਵਿਚ ਹਾਜ਼ਰੀ ਦੀ ਸੰਮਤੀ ਨਾਲ ਜਥੇ ਭਾਈਚਾਰਕ ਰਸਮਾ ਦੀ ਸੁਧਾਈ ਲਈ ਅਮਲ ਅਰੰਭਿਆ ਗਿਆ, ਉਥੇ ਕੌਮੀ ਜਥੇਬੰਧੀ "ਸੰਗਤ ਭਾਟੜਾ ਸੰਪ੍ਰਦਾ U. K." ਦਾ ਸ੍ਰੀ ਗਨੇਸ਼ ਵੀ ਕੀਤਾ ਗਿਆ। ਜਥੇ-ਬੰਧਕ ਲਹਿਰ ਸਫਲਤਾ ਦੇ ਮਾਰਗ ਵਲ ਤੁਰ ਪਈ।

ਕੌਮੀ ਕਾਨਫਰੰਸ ਵਿਚੋਂ ਨਿਖਰਕੇ ਸਮਾਜਿਕ ਸਟੇਜ ਤੇ ਆਈ ਜੰਤਕ ਜਥੇਬੰਦੀ "ਸੰਗਤ ਭਾਟੜਾ ਸੰਪ੍ਰਦਾ U. K." ਦੀ ਪਹਿਲੀ ਭਾਟੜਾ ਸੰਗਤ ਦੀ ਕਨਵੈਨਸ਼ਨ ਗੁਰਦੁਆਰਾ ਭਾਟੜਾ ਸਿੰਘ ਸਭਾ ਬਰਮਿੰਘਮ ਨੇ 22 ਨਵੰਬਰ 1970 ਨੂੰ ਬੁਲਾਈ। ਜਿਸ ਵਿਚ ਰਸਮਾਂ ਰਿਵਾਜਾਂ ਵਿਚ ਲੋੜੀਂਦੀ ਤਬਦੀਲੀ ਹੋਈ ਤੇ ਹਾਜ਼ਰੀ ਦੀ ਸਰਬ-ਸੰਮਤੀ ਨਾਲ "ਵਿਧਾਨ ਘੜਨੀ ਕਮੇਟੀ" ਵੀ ਬਨਾਈ ਗਈ, ਵਿਧਾਨ ਤਿਆਰ ਹੋਣ ਉਪਰੰਤ ਸੋਧ ਵਿਚਾਰ ਤੇ ਸੰਗਤਾਂ ਦੀ ਪ੍ਰਵਾਨਗੀ ਅਗਲੀ ਇਕਤਰਤਾ ਤੀਸਰੇ ਮਹੀਨੇ ਤਕ ਕਾਰਡੀਫ ਵਿਚ ਕਰਨ ਦਾ ਕਾਰਡੀਫ ਦੀ ਸੰਗਤ ਵਲੋਂ ਐਲਾਨ ਹੋਇਆ।

ਤਿੰਨ ਮਹੀਨਿਆਂ ਦੇ ਮਿਥੇ ਸਮੇਂ ਤੇ ਉਲੀਕੇ ਪਰੋਗਰਾਮ ਅਨੁਸਾਰ "ਸ੍ਰੀ ਦਸਮੇਸ਼ ਸਿੰਘ ਸਭਾ ਕਾਰਡੀਫ" ਵੱਲੋਂ ਸਮਾਜਿਕ ਸੂਰਜ ਦੀ ਸੁਨਹਿਰੀ ਕਿਰਨ "ਸੰਗਤ ਭਾਟੜਾ ਸੰਪ੍ਰਦਾ U. K." ਦੀ ਦੂਸਰੀ ਜਨਰਲ ਇਕਤਰਤਾ ਕਾਰਡੀਫ ਵਿਚ ਹੋਈ, ਹਾਜਰੀ ਨੇ ਇਕਤਰਤਾਵਾਂ ਵਿਚ ਘਟਦੀ ਜਾ ਰਹੀ ਹਾਜ਼ਰੀ ਵੇਖ ਸਮਾਜਿਕ ਸਥਿਤੀ ਨੂੰ ਬੜੀ ਗੰਭੀਰਤਾ ਨਾਲ ਘੋਖਿਆ ਤੇ ਨਾਲ ਹੀ ਇਹ ਵਿਚਾਰਿਆ ਕਿ ਬ੍ਰਿਸਟਲ ਵਿਚ ਹੋਣ ਵਾਲੀ ਅਗਲੀ ਇਕਤਰਤਾ ਤੋਂ ਪਹਿਲਾਂ ਨਾ ਮਿਲਵਰਤਨ ਕਰਨ ਵਾਲੇ ਸ਼ਹਿਰਾਂ ਦੀਆਂ ਸੰਗਤਾਂ ਨੂੰ ਪ੍ਰੇਰਨਾ ਕਰਕੇ ਜਥੇ-ਬੰਧਕ ਸ਼ਕਤੀ ਨੂੰ ਮਜ਼ਬੂਤ ਕਰਨ ਦਾ ਉਦਮ ਉਪਰਾਲਾ ਕਰਨਾ ਚਾਹੀਦਾ ਹੈ।

ਇਸ ਵਿਚਾਰ ਤੇ ਸੁਝਾਅ ਨਾਲ ਜਿਥੇ ਸਮੂੰਹ ਹਾਜ਼ਰੀ ਨੇ ਸੰਮਤੀ ਪ੍ਰਗਟਾਈ, ਉਥੇ ਇਸ ਵਿਚਾਰ ਤੇ ਅਮਲ ਕਰਨ ਦਾ ਵੀ ਪਰੋਗਰਾਮ ਪੱਕਾ ਕੀਤਾ ਗਿਆ। ਜਥੇਬੰਧੀ ਦੇ

Digitized by Panjab Digital Library | www.panjabdigilib.org

ਆਦਿ ਤੋਂ ਚਲੀ ਆ ਰਹੀ ਮਰਯਾਦਾ ਅਨੁਸਾਰ ਅਗਲੀ ਇਕਤਰਤਾ ਤਕ ਹਰ ਤਰ੍ਹਾਂ ਦਾ ਪ੍ਰਚਾਰ ਪ੍ਰਬੰਧ ਸਥਾਨਕ ਸੰਗਤ ਦੀ ਜ਼ਿੰਮੇਵਾਰੀ ਸੀ। ਪਰ ਲੰਘਦਾ ਲੰਘਦਾ ਮਿਥਿਆ ਸਮਾਂ ਲੰਘ ਗਿਆ, ਕਿਸੇ ਪਾਸਿਓਂ ਵੀ ਅਮਲ ਦੀ ਰੌਸ਼ਨੀ ਨਾ ਦਿਸਦੀ ਵੇਖ, ਬ੍ਰਿਸਟਲ ਦੇ "ਸੰਗਤ ਸਿੰਘ ਸਭਾ ਗੁਰਦੁਆਰੇ" ਨੇ ਆਪਣੀ ਜ਼ਿੰਮੇਵਾਰੀ ਨੂੰ ਅਨੁਭਵ ਕਰਦਿਆਂ, ਕਾਰਡੀਫ ਦੀ ਇਕਤਰਤਾ ਵਿਚ ਵਿਚਾਰੇ ਗਏ ਵਿਚਾਰਾਂ ਦਾ ਵਿਆਖਿਆ ਭਰਪੂਰ ਇਸ਼ਤਿਹਾਰ ਪ੍ਰਕਾਸ਼ਤ ਕਰਕੇ U.K. ਦੇ ਹਰ ਗੁਰਦੁਆਰੇ ਤੇ ਸਮਾਜਿਕ ਸੰਸਥਾਵਾਂ ਵਲ ਭੇਜਿਆ। ਇਸ ਇਸ਼ਤਿਹਾਰ ਵਿਚ ਜਿਥੇ ਬ੍ਰਿਸਟਲ ਗੁ: ਵਲੋਂ ਕੌਮੀ ਕਾਨਫਰੰਸ ਕਰਾਉਣ ਦੀ ਪ੍ਰਬਲ ਇਛਾ ਪ੍ਰਗਟਾਈ ਗਈ, ਉਥੇ ਸੰਗਤਾਂ ਪਾਸੋਂ ਕਾਨਫਰੰਸ ਵਿਚ ਪੁਜਣ ਦੇ ਧਰਵਾਸ ਦੀ ਮੰਗ ਵੀ ਕੀਤੀ ਗਈ ਇਸ਼ਤਿਹਾਰ 53 ਭੇਜੇ ਗਏ ਸਨ ਜਿਸਦੇ ਉਤਰ ਵਿਚ ਘਟੋ ਘੱਟ 20 ਸੰਮਤੀ ਪਤਰ ਪੁਜਣੇ ਜ਼ਰੂਰੀ ਸਨ ਤੇ ਸਮਾਂ ਵੀ ਚਾਰ ਹਫਤੇ ਤੋਂ ਉਪਰ ਦਾ ਦਿਤਾ ਗਿਆ ਸੀ ਪਰ ਅਫਸੋਸ ਉੱਤਰ ਵਿਚ ਕੇਵਲ ਛੇ ਪਤ੍ਰ ਹੀ ਪੁਜੇ ਉਹਨਾਂ ਵਿਚੋਂ ਵੀ ਇਕ ਦੋ ਪਤ੍ਰਾਂ ਵਿਚ ਸਯੋਗ ਦੀ ਪੂਰਨ ਆਸ ਨਹੀਂ ਸੀ। ਇਉਂ ਮਾਨਚੈਸਟਰ ਵਿਚ ਜਥੇਬੰਦੀ ਦਾ ਆਦਿ ਹੋਇਆ, ਬਰਮਿੰਘਮ ਤੇ ਕਾਰਡੀਫ ਵਿਚ ਦੋ ਇਕਤਰਤਾਵਾਂ ਹੋਈਆਂ। ਬ੍ਰਿਸਟਲ ਵਲੋਂ ਸਮਾਜਕ ਸਥਿਤੀ ਦਾ ਖੁਲਾਸਾ ਇਸ਼ਤਿਹਾਰ ਪ੍ਰਕਾਸ਼ਤ ਕਰਕੇ ਜਿੰਮੇਵਾਰੀ ਨੂੰ ਨਿਭਾਇਆ ਗਿਆ। ਉਕਤ ਉਪਰਾਲਿਆਂ ਉਪਰੰਤ ਸੰਗਤ ਭਾਟੜਾ ਸੰਪ੍ਰਦਾ U. K. ਲਹਿਰ ਅਨਮਿਥੇ ਸਮੇਂ ਲਈ ਰੁਕ ਗਈ।*

ਪਿਛੋਕੜ ਤੇ ਵਿਚਾਰ

ਸਮੇਂ ਦੀ ਤੋਰ ਬੜੀ ਤ੍ਰਿਖੀ, ਅਰੁਕ ਤੇ ਅਮੋੜ ਹੁੰਦੀ ਹੈ। ਸਮਾਂ ਆਪਣੀ ਤੋਰੇ ਲੰਘ ਜਾਂਦਾ ਹੈ, ਪਰ ਸਮੇਂ ਦੀਆਂ ਯਾਦਾਂ ਦੇ ਪੈੜ ਇਤਿਹਾਸਕ ਰੂਪ ਧਾਰਨ ਕਰਦੇ ਹਨ। ਲੋਕ ਲਹਿਰ ਦੀਆਂ ਲੀਹਾਂ ਸਮਾਜਿਕ ਸਫਲਤਾ ਦੇ ਮਾਰਗ ਦਾ ਮੀਲ ਪੱਥਰ ਬਣਦੀਆਂ ਹਨ ਤੇ ਪ੍ਰਭਾਤੀ ਤਾਰੇ ਦੀ ਲੋਅ ਵਾਂਗ ਸਹੀ ਮਾਰਗ ਦਰਸਾਉਂਦੀਆਂ ਹਨ। ਜਦ ਦੀ ਜਥੇਬੰਧਕ ਲਹਿਰ ਹੁਲਾਰੇ ਚੜ੍ਹੀ ਪੀਂਘ ਵਾਂਗ ਅਧਵਾਟਿਓਂ ਆਕੇ ਟੁੱਟ ਗਈ, ਸਮਾਜ ਸੁਧਾਰ ਦੀ ਸੋਹਜ ਸਮਰਥਾ ਤੇ ਜਥੇ-ਬੰਧਕ ਸ਼ਕਤੀ ਦੀ ਮਹਾਨਤਾ ਨੂੰ ਸਮਝਣ ਵਾਲੇ ਕੌਮ ਦਰਦੀਆਂ ਦੇ ਦਿਲਾਂ ਨੂੰ ਅਸਹਿ ਸਟ ਵਜੀ।**

---

*ਗਿਆਨੀ ਮ੍ਰਗਿੰਦ ਜੀ ਨੇ ਆਪਣੀ ਪੁਸਤਕ 'ਭਾਰਤ ਦਾ ਦੂਸਟਾ ਦੌਰਾ' ਵਿਚ ਉਪ੍ਰੋਕਤ ਜਥੇ-ਬੰਦੀ ਦਾ ਸੰਖੇਪ ਇਤਿਹਾਸ ਦੁਹਰਾਉਂਦਿਆਂ ਇਹ ਵਿਚਾਰ ਕਿ ਬਰਿਸਟਲ ਗੁਰਦੁਆਰਾ ਸੰਗਤ ਭਾਟੜਾ ਸੰਪ੍ਰਦਾ U. K. ਦੀ ਇਕੱਤਰਤਾ ਨਹੀਂ ਕਰਾ ਸਕਿਆ ਲੇਖਕ ਉਸ ਸਮੇਂ ਉਪਰੋਕਤ ਗੁਰਦੁਆਰੇ ਦਾ ਨਿਰਧਨ ਤੇ ਨਿਮਾਣਾ ਸੇਵਕ ਪ੍ਰਧਾਨ ਸੀ ਇਸ ਲਈ ਸਚਾਈ ਦਾ ਸਪਸ਼ਟੀਕਰਨ ਕਰਨਾ ਲੇਖਕ ਦਾ ਫਰਜ਼ ਹੈ, ਗਿਆਨੀ ਜੀ ਦੇ ਵਿਚਾਰ ਸਚਿਆਈ ਰਹਿਤ ਅਧੂਰੇ ਗਿਆਨ ਦਾ ਸਬੂਤ ਹੈ। ਸਚਾਈ ਦੇ ਇਛਕ ਵਧੇਰੇ ਜਾਣਕਾਰੀ ਲਈ ਬ੍ਰਿਸਟਲ ਗੁਰਦੁਆਰੇ ਪਾਸੋਂ ਛਪੇ ਇਸ਼ਤਿਹਾਰ ਦੀ ਕਾਪੀ ਪ੍ਰਾਪਤ ਕਰ ਸਕਦੇ ਹਨ।

**ਸੰਗਤ ਭਾਟੜਾ ਸੰਪਰਦਾ ਦੀ U.K. ਦੀ ਕੌਮੀ ਲਹਿਰ ਭਾਵੇ ਰੁਕ ਗਈ ਸੀ ਪਰ ਉਸਦੇ ਪਾਸ ਕੀਤੇ ਮਤੇ ਭਾਈਚਾਰਕ ਰਸਮਾਂ ਇਕ ਨਹੀਂ ਅਨੇਕਾ ਸ਼ਹਿਰਾਂ ਵਿਚ ਨਿਰੰਤਰ ਅਜ ਤਕ ਚਲ ਰਹੀਆਂ ਹਨ।

Digitized by Panjab Digital Library | www.panjabdigilib.org

ਇਸ ਵਿਕੋਲਿਤਰੀ ਦਸ਼ਾ ਨੂੰ ਮੁੱਖ ਰਖ ਕੌਮ ਦੇ ਪੁਰਾਣੇ ਸੇਵਕ ਨਵੀਨ ਵਿਚਾਰਾਂ ਦੇ ਨਿਰਮਾਤਾ ਗਿਆਨੀ "ਸਾਗਰ" ਜੀ, ਗਿਆਨੀ "ਮ੍ਰਿਗਿੰਦ" ਜੀ, ਗਿਆਨੀ "ਕੌਮੀ" ਜੀ, ਸ: "ਪਟੇਲ" ਜੀ ਵਰਗੇ ਕੌਮੀ ਨੇਤਾਵਾਂ ਨੇ ਕੌਮ ਨੂੰ ਜਥੇਬੰਦੀ ਲਈ ਮੁੜ ਲਲਕਾਰਿਆ। ਗਿਆਨੀ "ਅਮਰਿਤ" ਜੀ, ਗਿਆਨੀ "ਅਮਰ" ਜੀ, ਸ: "ਤਰਿਪਤ" ਜੀ, ਸ: "ਆਜਿਜ਼" ਜੀ ਨੇ ਆਪਣੇ ਪ੍ਰਚਾਰ ਦਾ ਮੇਨ ਧੁਰਾ ਸਮਾਜਿਕ ਸੰਗਠਨ ਨੂੰ ਬਣਾਕੇ ਪ੍ਰਚਾਰਿਆ। ਸ: ਗੁਸ਼ਾਲ ਸਿੰਘ ਜੀ 'ਰੌਂਦ' ਸ਼: ਵਲੈਤੀ ਸਿੰਘ ਜੀ 'ਰਫੀਕ' ਸ: ਮੈਂਗਾ ਸਿੰਘ ਜੀ 'ਰਠੌਰ' ਸ: "ਜਸ" ਜੀ, ਸ: "ਪਾਰਸ" ਜੀ, ਸ: ਕਰਨੈਲ ਸਿੰਘ ਜੀ "ਪ੍ਰਦੇਸੀ" ਤੇ ਸ: ਚੂੰਡਾ ਸਿੰਘ ਜੀ "ਸ਼ਹਿਰੀ" ਤੇ ਲੇਖਕ ਗਿਆਨੀ "ਸ਼ਾਦ" ਜੀ ਤੇ ਅਨੇਕਾਂ ਕੌਮੀ ਪ੍ਰਚਾਰਕਾਂ ਨੇ ਕੌਮ ਨੂੰ ਜਮਾਤ ਕਰਾਮਾਤ ਲਈ ਭਰਪੂਰ ਪ੍ਰੇਰਨਾ ਕੀਤੀ।

ਪੂਰਾ ਇਕ ਦਹਾਕਾ ਜਿਥੇ ਕੌਮੀ ਨੇਤਾਵਾਂ ਪ੍ਰਚਾਰਕਾਂ ਨੇ ਕੌਮ ਨੂੰ ਜਥੇਬੰਧੀ ਲਈ ਪ੍ਰੇਰਨਾਵਾਂ ਕੀਤੀਆਂ ਉਥੇ ਕੌਮੀ ਮਾਸਕ ਪਤ੍ਰ 'ਸੰਗਤ ਸਮਾਚਾਰ' 'ਸਿਖ ਸੰਦੇਸ਼' ਤੇ 'ਸੰਗਤ ਸੰਦੇਸ਼' ਨੇ ਆਪਨੇ ਮੁਖ ਲੇਖਾਂ ਰਾਹੀਂ ਸਮਾਜ ਨੂੰ ਏਕਤਾ ਉਨਤੀ ਤੇ ਜਥੇਬੰਦੀ ਦੇ ਜਜਬੇ ਨੂੰ ਮੁੜ ਜਗਾ ਦਿੱਤਾ। ਜਿਸਦਾ ਫਲਸਰੂਪ ਜਥੇਬੰਧਕ ਜਜ਼ਬਾ ਕੌਮ ਦੇ ਦਿਲਾਂ ਅੰਦਰ ਪਕਦਾ ਗਿਆ ਤੇ ਲੀਡਸ ਦੀਆਂ ਸਮੂੰਹ ਸੰਗਤਾਂ ਦੇ ਉਦਮ ਉਪਰਾਲੇ ਨਾਲ ਉਹ ਸੋਮਾ ਫੁਟ ਪਿਆ ਜੋ ਕੌਮੀ ਲਹਿਰ ਦਾ ਅਰੁਕਵਾਂ ਵਹਿਣ ਬਣ, ਤ੍ਰਿਖੀ ਤੋਰੇ ਸਫਲਤਾ ਦੇ ਮਾਰਗ ਵਲ ਵਹਿ ਤੁਰਿਆ।

ਲੀਡਸ ਵਿਚ ਕੌਮੀ ਕਨਵੈਨਸ਼ਨ

ਸਮਾਜ ਦੀ ਅਣਖ ਨੂੰ ਠੇਸ ਲਾਉਣ ਵਾਲੀਆਂ ਘਟਨਾਵਾਂ ਨਾ ਕੇਵਲ ਏਕੇ ਨੂੰ ਜਨਮ ਹੀ ਦੇਂਦੀਆਂ ਹਨ, ਸਗੋਂ ਖਿਲਰੇ ਹੋਏ ਜੰਤਕ ਜਜ਼ਬੇ ਨੂੰ ਸੰਗਠਨ ਕਰਨ ਦੀ ਕਰਾਮਾਤ ਵੀ ਕਰ ਦੇਂਦੀਆਂ ਹਨ। ਕੌਮ ਨੂੰ ਕੌਮੀ ਏਕੇ ਨੂੰ ਸਫਲਤਾ ਦੇ ਮਾਰਗ ਵਲ ਅਗਾਂਹ ਤੋਰਨ ਦੀ ਉਤਸ਼ਾਹ ਭਰਪੂਰ ਪ੍ਰੇਰਨਾ ਵੀ ਕਰਦੀਆਂ ਹਨ। ਜਗਤ ਦੀ ਪਰਖੀ ਹੋਈ ਅਟਲ ਸਚਾਈ ਹੈ ਕਿ ਖੂਬੀਆਂ ਤੇ ਖ਼ਾਮੀਆ ਹਰ ਦੇਸ, ਕੌਮ ਤੇ ਸਮਾਜ ਵਿਚ ਹੁੰਦੀਆਂ ਹਨ। ਪਰ ਕਈ ਅਲ੍ਹੜ ਅਨਜਾਣ ਤੇ ਤਜਰਬਾ ਹੀਨ ਲੇਖਕ, ਆਪਣੀ ਮੰਜੀ ਥਲੇ ਸੋਟਾ ਫੇਰ ਸਚਿਆਈ ਨੂੰ ਸਾਵੇਂ ਰੱਖਣ ਦੀ ਬਜਾਏ, ਦੂਸਰਿਆਂ ਦੀਆਂ ਖੂਬੀਆਂ ਨੂੰ ਜਾਣ ਬੁਝਕੇ ਓਹਲੇ ਕਰ, ਖ਼ਾਮੀਆ ਦੀ ਨੀਮ ਜਹੀ ਕਿਰਨ ਨੂੰ ਸਿਖਰ ਸੂਰਜ ਵਾਂਗ ਪ੍ਰਗਟ ਕਰਕੇ ਆਪਣੀ ਸੋੜੀ ਸੋਚਨੀ, ਅਧੂਰੇ ਗਿਆਨ ਤੇ ਈਰਖੀ ਆਤਮਾ ਦਾ ਸਬੂਤ ਦੇਂਦੇ ਹਨ।

ਸੰਗਤ ਭਾਟੜਾ ਸੰਪ੍ਰਦਾ ਗੁਰੂ ਨਾਨਕ ਮਿਸ਼ਨ ਦੀ ਪ੍ਰਚਾਰਿਕ ਸੰਗਤ ਹੈ। ਇਹ "ਚਕ੍ਰ ਵ੍ਰਤੀ ਦਲ" "ਚਲਦਾ ਵਹੀਰ" 19ਵੀਂ ਸਦੀ ਦੇ ਆਦ ਤੋਂ ਹੀ "ਸਾਬਤ ਸੂਰਤ ਦਸਤਾਰ ਸਿਰਾ" ਦਾ ਅਮਲੀ ਪ੍ਰਚਾਰਕ ਬਣਕੇ ਸੰਸਾਰ ਭਰ ਵਿਚ ਵਿਚਰ ਰਹੀ ਹੈ। ਸਿਖ ਧਰਮ ਬਾਰੇ ਸੰਸਾਰ ਦੀ ਸ਼ੁਭ ਰਾਇ ਇਕਤਰ ਕਰਨ ਵਿਚ ਇਸ ਦੀ ਕਿਰਤ ਮਹਾਨ ਹੈ। U. K.

Digitized by Panjab Digital Library | www.panjabdigilib.org

ਵਿਚ ਧਰਮ ਪ੍ਰਚਾਰ ਦੇ ਕੇਂਦਰ ਗੁਰਦੁਆਰੇ ਸਥਾਪਨ ਕਰਨ ਦੀ ਪਹਿਲ ਕਰਕੇ ਗੁਵਾਂਢੀ ਸੰਪ੍ਰਦਾਵਾਂ ਨੂੰ ਪ੍ਰੇਰਨਾ ਦੇਣ ਦੀ ਮੋੜੀ ਗਡਨ ਵਾਲੀ ਭਾਟੜਾ ਸੰਗਤ ਹੀ ਹੈ। ਯੂ. ਕੇ. ਵਿਚ 'ਦਸਤਾਰ ਅੰਦੋਲਨ' ਤੇ ਲੋਹ ਟੋਪ ਦਾ ਇਤਿਹਾਸਕ ਰੋਲ ਅਦਾ ਕਰ ਫਤਹਿ ਪ੍ਰਾਪਤ ਕਰਨ ਦੇ ਮੁਖ ਸੰਚਾਲਕ ਭਾਟੜਾ ਸੰਗਤ ਨੂੰ ਨਾਜ਼ ਹੈ।

ਇਹ ਸਰਵੋਤਮ ਗੁਣਾਂ ਦੀ ਮਾਲਕ ਭਾਟੜਾ ਸੰਗਤ ਨੂੰ ਸ: ਆਤਮਾ ਸਿੰਘ ਜੀ ਨੇ ਆਪਣੀ ਪੁਸਤਕ "ਸੰਸਾਰ ਚਕਰ" ਵਿਚ ਕੂੜ ਕੁਸੱਤ ਤੇ ਕੋਝੇ ਸ਼ਬਦ ਲਿਖ ਆਪਣੇ ਅਧੂਰੇ ਗਿਆਨ, ਸੌੜੀ ਸੋਚਨੀ ਤੇ ਈਰਖੀ ਆਤਮਾ ਦਾ ਵਿਖਾਵਾ ਪਾ ਕੇ ਮਾਨਵਤਾ ਦੀ ਮੰਡੀ ਵਿਚੋਂ ਅਪਜਸ ਖਟਿਆ। ਇਸ ਲੇਖਕ ਦੀ ਕੋਝੀ ਕਿਰਤ ਦੇ ਉਲਟ ਭਾਟੜਾ ਨਿਰਮਾਨ ਜਥਾ ਲੀਡਸ ਵਲੋਂ 26.10.80 ਨੂੰ ਕੌਮੀ ਕਨਵੈਨਸ਼ਨ ਬਲਾਈ ਗਈ, ਜਿਸ ਵਿਚ ਸਮੁਚਾ U. K. ਦੀਆਂ ਧਾਰਮਿਕ ਤੇ ਸਮਾਜਿਕ ਸੰਸਥਾਵਾਂ ਨੇ ਭਾਗ ਲਿਆ। ਇਸ ਕਨਵੈਨਸ਼ਨ ਦੀ ਪ੍ਰਧਾਨਗੀ ਸ: ਮਹਿਲ ਸਿੰਘ ਜੀ ਨਿਰਮਾਨ ਤੇ ਸ. ਸਰਦਾਰ ਸਿੰਘ ਜੀ ਸਾਥੀ ਤੇ ਸ: ਸਪੂਰਨ ਸਿੰਘ ਦਿਗਪਾਲ ਸਕੱਤਰ ਨੇ ਸੇਵਾ ਨਿਭਾਈ।

ਇਸ ਜਨਰਲ ਇਕੱਠ ਵਿਚ ਅਨੇਕਾਂ ਸ਼ਹਿਰਾਂ ਤੋਂ ਆਏ ਪ੍ਰਤੀਨਿਧਾਂ, ਕੌਮੀ ਸੇਵਕਾਂ ਨੇ ਜਿਥੇ ਸੰਸਾਰ ਚੱਕਰ ਪੁਸਤਕ ਦੇ ਵਿਚਾਰਾਂ ਦੀ ਭਰਪੂਰ ਨਖੇਧੀ ਕੀਤੀ, ਉਥੇ ਪੁਸਤਕ ਦੇ ਕਰਤਾ ਸ: ਆਤਮਾ ਸਿੰਘ ਜੀ ਤੇ ਕਰੜਾ ਐਕਸ਼ਨ ਲੈਣ ਲਈ ਕਾਨੂੰਨੀ ਕਾਰਵਾਈ ਕਰਨ ਦਾ ਫੈਸਲਾ ਵੀ ਕੀਤਾ ਗਿਆ। ਢੇਰ ਸਮਾਂ ਵਿਚਾਰਾਂ ਵਿਚਾਰਨ ਉਪਰੰਤ ਨਖੇਧੀ ਮਤਾ ਗਿਆਨੀ ਸੁੰਦਰ ਸਿੰਘ ਸਾਗਰ ਜੀ (ਮਾਨਚੈਸਟਰ) ਨੇ ਪੇਸ਼ ਕੀਤਾ, ਲੇਖਕ ਗਿਆਨੀ ਰਤਨ ਸਿੰਘ ਸ਼ਾਦ (ਬ੍ਰਿਸਟਲ) ਨੇ ਤਾਕੀਦ ਕੀਤੀ ਤੇ ਸ: ਬਲਦੇਵ ਸਿੰਘ ਜੀ (ਗਲਾਸ ਗੋਹ) ਨੇ ਪ੍ਰੋੜਤਾ ਕੀਤੀ। ਮਤਾ ਸਰਬ ਸੰਮਤੀ ਨਾਲ ਪਾਸ ਕੀਤਾ ਗਿਆ। ਪਾਸ ਹੋਏ ਨਖੇਧੀ ਮਤੇ ਦੀ ਕਾਪੀ ਸੰਸਾਰ ਚਕਰ ਦੇ ਲੇਖਕ ਨੂੰ ਪੁਸਤਕ ਪ੍ਰਕਾਸ਼ਤ ਕਰਨ ਵਾਲੀ ਪਰੈਸ ਰਾਹੀਂ ਭੇਜਿਆ ਗਿਆ ਤੇ ਅਗੇਰੀ ਕਾਰਵਾਈ ਉੱਤਰ ਆਉਣ ਉਪਰੰਤ ਕਰਨ ਦਾ ਫੈਸਲਾ ਹੋਇਆ। ਕੌਮੀ ਜਥੇਬੰਦੀ ਬਣਾਉਣ ਤੇ ਗੰਭੀਰ ਵਿਚਾਰ ਕਰਨ ਲਈ ਦੁਬਾਰਾ 14.12.80 ਨੂੰ ਲੀਡਸ ਵਿਚ ਇਕੱਠ ਕਰਨ ਦਾ ਫੈਸਲਾ ਕੀਤਾ ਗਿਆ।

ਲੀਡਸ ਵਿਚ ਦੁਬਾਰਾ ਜਨਰਲ ਇਕੱਠ

ਕੌਮ ਦੀ ਅਣਖ, ਇੱਜਤ ਤੇ ਸਮਾਜਿਕ ਹੱਕਾਂ ਦੀ ਰਾਖੀ ਲਈ ਪੱਕੇ ਤੌਰ ਤੇ ਜਥੇਬੰਦੀ ਬਣਾਉਣ ਲਈ ਵਿਚਾਰ ਕਰਨ ਲਈ ਮਿਥਿਆ ਗਿਆ ਸੀ। ਸੰਸਾਰ ਚਕਰ ਪੁਸਤਕ ਦੇ ਲੇਖਕ ਦੀ ਵਧੇਰੇ ਜਾਣਕਾਰੀ ਲਈ ਇਸ ਲੇਖ ਦੇ ਲੇਖਕ ਨੇ ਸ: ਢੁੱਡਾ ਸਿੰਘ ਜੀ ਸ਼ਹਿਰੀ ਰਾਹੀਂ ਭਾਟੜਾ ਸੰਗਤ ਸਭਾ ਪਟਿਆਲਾ ਦੇ ਜਨਰਲ ਸਕਤ੍ਰ ਸ੍ਰ: ਮੇਵਾ ਸਿੰਘ ਜੀ ਨਾਲ ਸੰਪਰਕ ਜੋੜਿਆ ਤੇ ਉਪਰੋਕਤ ਪੁਸਤਕ ਦੇ ਲੇਖਕ ਦੀ ਪੂਰਨ ਜਾਣਕਾਰੀ ਲਈ ਪਤ੍ਰਕਾ ਲਿਖੀ, ਜਿਨ੍ਹਾਂ ਨੇ ਕੌਮੀ ਫਰਜ਼ ਸਮਝ, ਪੂਰੀ ਖੋਜ ਪੜਤਾਲ ਕਰਨ ਉਪਰੰਤ ਉੱਤਰ ਦਿੱਤਾ

Digitized by Panjab Digital Library | www.panjabdigilib.org

ਕਿ ''ਸੰਸਾਰ ਚੱਕਰ'' ਦਾ ਲੇਖਕ ਅਕਾਲ ਚਲਾਣਾ ਕਰ ਚੁੱਕਾ ਹੈ ਦੁਬਾਰਾ ਪੁਸਤਕ ਛਪਣ ਦੀ ਕੋਈ ਆਸ ਨਹੀਂ ।

ਮਿਥੇ ਪ੍ਰੋਗਰਾਮ ਅਨੁਸਾਰ 14.12.80 ਨੂੰ ਲੀਡਸ ਵਿਚ ਦੂਸਰੀ ਜਨਰਲ ਇਕਤਰਤਾ ਹੋਈ, ਜਿਸ ਵਿਚ ਅਨੇਕਾਂ ਸ਼ਹਿਰਾਂ ਦੇ ਪ੍ਰਤੀਨਿਧਾਂ ਨੇ ਭਾਗ ਲਿਆ ਤੇ ਹਾਜ਼ਰੀ ਨੇ U. K. ਦੀ ਵਰਤਮਾਨ ਸਮਾਜਕ ਸਥਿਤੀ ਨੂੰ ਗੰਭੀਰਤਾ ਨਾਲ ਵਿਚਾਰਦਿਆਂ ਕੌਮ ਦੀ ਜਥੇਬੰਦੀ ਦੀ ਥੁੜ ਨੂੰ ਅਨੁਭਵ ਕੀਤਾ । ਇਸ ਸਬੰਧ ਵਿਚ ਅਗਲੀ ਇਕਤਰਤਾ ਵਿਚ ਫੈਸਲਾ ਕਰਨ ਦਾ ਹਾਜ਼ਰੀ ਨੇ ਫੈਸਲਾ ਕੀਤਾ । ਅਗਲੀ ਕੌਮੀ ਕਾਨਫਰੰਸ ਕਰਾਉਣ ਲਈ ਸੰਗਤ ਸਿੰਘ ਸਭਾ ਗੁਰਦੁਆਰਾ ਬ੍ਰਿਸਟਲ ਨੇ ਮੰਗ ਕੀਤੀ; ਪਰ ਹਾਜਰੀ ਨੇ ਕੌਮੀ ਜਥੇ ਬੰਦੀ ਲਈ ਅਗਲੀ ਇੱਕਤਰਤਾ U. K. ਦੇ ਕੇਂਦਰ ਲੰਡਨ ਵਿਚ ਕਰਨ ਦਾ ਫੈਸਲਾ ਕੀਤਾ ।

ਲੰਡਨ ਵਿਚ ਕੌਮੀ ਜਥੇਬੰਦੀ ਤੇ ਸੁਧਾਰ

ਲੀਡਸ ਦੀ ਇਕਤਰਤਾ ਵਿਚ ਘੜੇ ਗਏ ਪ੍ਰੋਗਰਾਮ ਅਨੁਸਾਰ ਤੇ ਮਿੱਥੇ ਸਮੇਂ 18/19 ਮਾਰਚ 1981 ਨੂੰ U. K. ਦੀ ਭਾਟੜਾ ਸੰਗਤ ਦੇ ਅਨੇਕਾਂ ਸ਼ਹਿਰਾਂ ਦੇ ਪ੍ਰਤੀਨਿਧਾਂ ਦੀ ਕੌਮੀ ਕਾਨਫਰੰਸ ''ਹਾਰਲੇ ਗਰੋ ਲੰਡਨ'' 'ਦੇ ਦੁਰਦੁਆਰੇ ਵਿਖੇ ਸ: ਮਹਿੰਦਰ ਸਿੰਘ ਜੀ ਲਖਨਪਾਲ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿਚ ਭਾਟੜਾ ਸੰਗਤ ਦੇ ਵਰਤਮਾਨ ਤੇ ਭਵਿਖਤ ਬਾਰੇ ਗੰਭੀਰ ਵਿਚਾਰਾਂ ਵਿਚਾਰੀਆਂ ਗਈਆਂ, ਕੌਮੀ ਇਤਿਹਾਸ ਦੀ ਸੋਧ ਤੇ ਸੰਭਾਲ ਲਈ ਵਿਚਾਰਿਆ, ਸਮਾਜ ਦੀ ਵਰਤਮਾਨ ਸਥਿਤੀ ਨੂੰ ਮੁੱਖ ਰੱਖ ਕੌਮੀ ਜਥੇਬੰਦੀ ਦਾ ਆਦਿ ਆਰੰਭ ਕਰਨ ਦਾ ਅੰਤਮ ਫੈਸਲਾ ਹਾਜ਼ਰੀ ਦੀ ਸਰਬ ਸੰਮਤੀ ਨੇ ਜੈਕਾਰਿਆਂ ਦੀ ਗੂੰਜ ਨਾਲ ਕਰ ਦਿੱਤਾ ।

ਕੌਮੀ ਜਥੇਬੰਦੀ ਦਾ ਨਾਂ ਰੱਖਣ ਲਈ ਹਾਜ਼ਰੀ ਨੇ ਵੱਖ ਵੱਖ ਦਲੀਲਾਂ ਦਿੱਤੀਆਂ ਤੇ ਸਰਬ ਸੰਮਤੀ ਨਾਲ ਇਕਤਰਤਾ ਵਿਚ ਸ਼ਾਮਲ ਹੋਏ ਸ਼ਹਿਰਾਂ ਵਿਚੋਂ ਇੱਕ ਇੱਕ ਪ੍ਰਤੀਨਿਧ ਲੈਕੇ ਉਹਨਾਂ ਨੂੰ ਨਾਂ ਰੱਖਣ ਦਾ ਅਧਿਕਾਰ ਦਿੱਤਾ ਗਿਆ। ਇਸ ਚੁਣੇ ਗਏ ਪ੍ਰਤੀਨਿਧ ਬੋਰਡ ਨੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਸਨਮੁਖ ਬੈਠ ਜਥੇਬੰਦੀ ਦਾ ਨਾਂ ਰੱਖਣ ਬਾਰੇ ਢੇਰ ਸਮਾਂ ਵਿਚਾਰਾਂ ਵਿਚਾਰਨ ਉਪਰੰਤ, ਮਾਨਚੈਸਟਰ ਅਕਤੂਬਰ 18/19/1970 ਨੂੰ ਅਨੇਕਾਂ ਕੌਮੀ ਨੇਤਾਵਾਂ ਦੀ ਕਰੜੀ ਕਿਰਤ ਤੇ ਉਸਦਾ ਕੌਮੀ ਜੀਵਨ ਤੇ ਅਮਿਟ ਮੋਹਰ ਛਾਪ ਨੂੰ ਮੁੱਖ ਰੱਖ ਉਹ ਪਹਿਲੇ ਨਾਂ ਸੰਗਤ ਕਾਟੜਾ ਸੰਪ੍ਰਦਾ U.K. ਦਾ ਨਾਂ ਸਰਬ ਸੰਮਤੀ ਨਾਲ ਚੁਣ ਲਿਆ ਗਿਆ । ਜਿਸਦੀ ਪ੍ਰਵਾਨਗੀ ਸਮੂਹ ਸੰਗਤਾਂ ਨੇ ਹਾਲ ਗੁੰਜਾਊ ਜੈਕਾਰਿਆ ਨਾਲ ਦੇਂਦਿਆਂ ਉਪਰੋਕਤ ਨਾਂ ਪਾਸ ਕਰ ਦਿੱਤਾ ਤੇ ਕੌਮੀ ਵਿਧਾਨ (Constitution) ਬਣਾਉਣ ਲਈ ਬ੍ਰਿਸਟਲ ਵਿਚ ਹੋਣ ਵਾਲੀ ਇਕੱਤਰਤਾ ਵਿਚ ਇਕ ਆਰਜ਼ੀ ਕਮੇਟੀ ਬਣਾਉਣ ਦਾ ਵੀ ਹਾਜ਼ਰੀ ਨੇ ਫੈਸਲਾ ਕਰ ਦਿੱਤਾ ।

0—0

Digitized by Panjab Digital Library | www.panjabdigilib.org

ਬਰਿਸਟਲ ਵਿਖੇ ਕੌਮੀ ਕਾਨਫਰੰਸ ਤੇ ਵਿਧਾਨ ਬੋਰਡ ਦਾ ਆਦਿ

ਸੰਗਤ ਸਿੰਘ ਸਭਾ ਗੁਰਦੁਆਰਾ ਬ੍ਰਿਸਟਲ ਵਿਖੇ 27/28 ਜੂਨ, 1981 ਨੂੰ ਕੌਮੀ ਕਾਨਫਰੰਸ ਹੋਈ ਜਿਸ ਵਿਚ ਅਨੇਕਾਂ ਸ਼ਹਿਰਾਂ ਦੀਆਂ ਧਾਰਮਿਕ ਕਮੇਟੀਆਂ ਗੁਰਦੁਆਰੇ, ਸਮਾਜਿਕ ਸੰਸਥਵਾਂ, ਸ਼ੋਸਲ ਤੇ ਸੁਧਾਰਕ ਸਭਾਵਾਂ ਦੇ ਮੁਖ ਪ੍ਰਬੰਧਕ ਕੌਮੀ ਨੇਤਾਵਾਂ ਨੇ ਭਾਗ ਲਿਆ, ਕਾਨਫਰੰਸ ਦਾ ਆਦਿ ਅਰੰਭ ਕਰਨ ਤੋਂ ਪਹਿਲਾਂ ਹਾਜ਼ਰੀ ਨੇ ਸਰਬ ਸੰਮਤੀ ਨਾਲ ਸਥਾਨਕ ਗੁਰਦੁਆਰੇ ਦੇ ਪਰਮੁਖ ਸੇਵਕ ਪ੍ਰਧਾਨ ਤੇ ਇਸ ਲੇਖਨੀ ਦੇ ਲੇਖਕ ਗਿਆਨੀ ਰਤਨ ਸਿੰਘ ਸ਼ਾਦ ਨੂੰ ਕੌਮੀ ਕਾਨਫਰੰਸ ਦਾ ਪ੍ਰਧਾਨ ਚੁਣ ਲਿਆ ।

ਲੇਖਕ ਨੇ ਜਿਥੇ ਸਥਾਨਕ ਗੁਰਦੁਆਰੇ ਦੇ ਮੁਖ ਪ੍ਰਬੰਧਕ ਪ੍ਰਧਾਨ ਦੇ ਨਾਤੇ ਬਾਹਰੋਂ ਆਈਆ ਸਮੂੰਹ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ, ਉਥੇ ਕੌਮੀ ਕਾਨਫਰੰਸ ਦਾ ਨਿਰਧਨ ਤੇ ਨਿਮਾਣਾ ਸੇਵਕ ਪ੍ਰਧਾਨ ਦੇ ਰੂਪ ਵਿਚ ਹਾਜ਼ਰੀ ਦਾ ਵੀ ਹਾਰਦਿਕ ਧੰਨਵਾਦ ਤੇ ਕਾਨਫਰੰਸ ਦਾ ਆਦਿ ਅਰੰਭ ਕਰਦਿਆਂ ਹੇਠ ਲਿਖੇ ਵਿਚਾਰ "ਕੌਮ ਦਰਦੀਓ ! ਇਹ ਸਮਾਂ ਨਿਰਾ ਵਿਚਾਰਾਂ ਵਿਚਾਰਨ ਦਾ ਹੀ ਨਹੀਂ, ਸਗੋਂ ਵਿਚਾਰਾਂ ਤੇ ਭਰਵੇਂ ਜਤਨਾਂ ਨਾਲ ਅਮਲ ਕਰਨ ਦਾ ਸਮਾਂ ਹੈ । ਸਾਥੀਓ ! ਕੌਮ ਉਸਾਰੀ ਵਿਚ ਹਿੱਸਾ ਪਾਉਣਾ ਜਿਥੇ ਹਰ ਕੌਮ ਦਰਦੀ ਦਾ ਮੁਖ ਫ਼ਰਜ਼ ਹੈ, ਉਥੇ ਜਥੇਬੰਦੀ ਇਤਿਹਾਸ ਤੇ ਵਿਧਾਨਕ ਪ੍ਰੋਗਰਾਮ ਨੂੰ ਪੂਰਨ ਸਹਿਯੋਗ ਦੇ ਕੇ ਸਿਰੇ ਚਾੜਨਾ ਵੀ ਕੌਮੀ ਨੇਤਾਵਾਂ ਦੀ ਜ਼ਿੰਮੇਵਾਰੀ ਹੈ" ਪ੍ਰਗਟ ਕੀਤੇ ।

ਕਾਨਫਰੰਸ ਦਾ ਅਰੰਭ ਹੋਣ ਉਪਰੰਤ ਹਰ ਸੂਝ ਬੂਝ ਰੱਖਣ ਵਾਲੇ ਕੌਮੀ ਨੇਤਾਵਾਂ ਮੁਖ ਪ੍ਰਬੰਧਕਾਂ ਤੇ ਕੌਮ ਦਰਦੀਆਂ ਨੇ ਕਰਮਵਾਰ ਆਪੋ ਆਪਣੇ ਵਿਚਾਰ ਪ੍ਰਗਟ ਕੀਤੇ ਪਰ ਹਰ ਪ੍ਰਚਾਰਕ ਕੌਮੀ ਨੇਤਾਵਾਂ ਦੇ ਵਿਚਾਰਾਂ ਦਾ ਮੇਨ ਧੁਰਾ ਕੌਮ ਦੀ ਜਥੇਬੰਦੀ ਸੰਗਤ ਭਾਟੜਾ ਸੰਪ੍ਰਦਾ U. K. ਦੀ ਮੁਕੰਮਲ ਚੋਣ ਤੋਂ ਪਹਿਲਾਂ ਵਿਧਾਨ ਘੜਨੀ ਕਮੇਟੀ ਬਣਾਈ ਜਾਏ ਜੋ ਸਮੁੱਚਾ ਭਾਟੜਾ ਸੰਗਤ ਦਾ ਵਿਧਾਨ ਬਨਾਵੇ, ਸੋਧ ਵਿਚਾਰਕੇ ਅਗਲੀ ਕਾਨਫਰੰਸ ਵਿਚ ਪ੍ਰਵਾਨਗੀ ਲਈ ਪੇਸ਼ ਕਰੇ । ਹਾਜ਼ਰੀ ਦੀ ਸਰਬ ਸੰਮਤੀ ਨਾਲ ਸੰਗਤ ਭਾਟੜਾ ਸੰਪ੍ਰਦਾ U. K. ਵਿਧਾਨ ਬੋਰਡ (ਵਿਧਾਨ ਸਭਾ) ਬਣਾਇਆ ਗਿਆ ਤੇ ਵਿਧਾਨ ਬੋਰਡ ਦੇ ਕਰਮ-ਚਾਰੀਆਂ ਦੀ ਲਿਸਟ ਅਗੇ ਲਿਖੇ ਅਨੁਸਾਰ ਚੁਣੀ ਗਈ ।

Digitized by Panjab Digital Library | www.panjabdigilib.org

ਸੰਗਤ ਭਾਟੜਾ ਸੰਪ੍ਰਦਾ (U.K.) ਵਿਧਾਨ ਬੋਰਡ

ਸਰਪ੍ਰਸਤ : ਗਿਆਨੀ ਰਤਨ ਸਿੰਘ ਸ਼ਾਦ ਬਰਿਸਟਲ

ਸਰਪ੍ਰਸਤ : ਗਿਆਨੀ ਮੱਖਣ ਸਿੰਘ ਮ੍ਰਿਗੰਦ ਲੰਡਨ

ਸਰਪ੍ਰਸਤ : ਗਿਆਨੀ ਸੁੰਦ੍ ਸਿੰਘ ਸਾਗਰ ਮਾਨਚੈਸਟਰ

ਕਨਵੀਨਰ : ਸ. ਰਣਜੀਤ ਸਿੰਘ ਵਾਹੀਵਾਲਾ ਬਰਮਿੰਘਮ

ਐਗਜ਼ੈਕਟਿਵ ਮੈਂਬਰ : ਸ. ਰਣਧੀਰ ਸਿੰਘ ਵਾਹੀਵਾਲਾ ਇੰਡੀਪੈਂਡੈਂਟ ਮੈਂਬਰ ਪੀਟਰਬਰੋ

ਸ: ਸ਼ਮੇਸ਼ਰ ਸਿੰਘ ਤਰਿਪਤ ਇੰਡੀਪੈਂਡੈਂਟ ਮੈਂਬਰ ਲੂਟਨ

ਸ. ਗੁਸ਼ਾਲ ਸਿੰਘ ਰੌਦ ਬਰਿਸਟਲ

ਸ. ਢੰਡਾ ਸਿੰਘ ਬਰਿਸਟਲ

ਸ. ਸਰਦਾਰ ਸਿੰਘ ਕਾਰਡਿਫ

ਸ. ਮੈਂਗਾ ਸਿੰਘ ਰਾਠੌਰ

ਸ. ਮਹਿੰਦ੍ ਪ੍ਰਤਾਪ ਸਿੰਘ ਲੰਡਨ ਬੈਂਸ

ਸ. ਜੰਗ ਸਿੰਘ ਦਿਗਪਾਲ ਲੰਡਨ

ਸ. ਸਰਦਾਰ ਸਿੰਘ ਸਾਥੀ ਲੀਡਸ

ਸ. ਸ਼ੇਰ ਸਿੰਘ ਸਾਥੀ ਲੀਡਸ

ਸ. ਜੋਗਿੰਦ੍ ਸਿੰਘ ਗੋਲਾ ਬਰਮਿੰਘਮ

ਸ. ਬਹਾਦਰ ਸਿੰਘ ਲਾਂਡਾ

(ਕਨਵੀਨਰ ਪਦ ਨੂੰ ਵਖਰਾ ਕਰ ਸ. ਬਹਾਦਰ ਸਿੰਘ ਨੂੰ ਐਗਜ਼ੈਕਟਿਵ ਮੈਂਬਰ ਵਿਚ ਸ਼ਾਮਲ ਕੀਤਾ ਗਿਆ)

ਬ੍ਰਿਸਟਲ ਵਿਚ ਹੋਈ ਕੌਮੀ ਕਾਨਫਰੰਸ ਦੀ ਹਾਜ਼ਰੀ ਨੇ ਸੰਗਤ ਭਾਟੜਾ ਸੰਪ੍ਰਦਾ ਵਿਧਾਨ ਬੋਰਡ U.K. ਦੇ ਸਰਪ੍ਰਸਤ ਗਿਆਨੀ ਸੁੰਦਰ ਸਿੰਘ ਸਾਗਰ ਜੀ ਨੂੰ ਰੀਪੋਰਟ ਲਿਖਣ ਦੀ ਜਿੰਮੇਵਾਰੀ ਲਾਈ, ਜਿਨ੍ਹਾਂ ਲੀਡਸ ਤੋਂ ਬ੍ਰਿਸਟਲ ਤਕ ਸੰਖੇਪ ਰੀਪੋਰਟ ਲਿਖਕੇ ਚੇਠ ਦਿਤੀ ਪਤ੍ਰਕਾ ਸਮੇਤ ਦਾਸ ਨੂੰ ਭੇਜੀ'। ਲੇਖਕ ਨੇ ਪੰਜਾਬ ਟਾਇਮ ਨੂੰ ਭੇਜੀ, ਪੰਜਾਬ ਟਾਇਮ ਨੇ 14 ਜੁਲਾਈ 1981 ਦੇ ਪਰਚੇ ਵਿਚ ਰੀਪੋਰਟ ਦਾ ਕੁਝ ਹਿਸਾ ਪ੍ਰਕਾਸ਼ਤ ਕੀਤਾ। ਇਹਨਾਂ ਸਮਾਗਮਾਂ ਦੀ ਵਿਆਖਿਆ ਭਰਪੂਰ ਝਲਕੀਆਂ 'ਚ ਗਿਆਨੀ ਸਾਗਰ ਜ਼ੀ ਦੀ ਰੀਪੋਰਟ ਦਾ ਭਾਵ ਬਿਰਛ ਵਿਚ ਬੀਜ ਵਾਂਗ ਸ਼ਾਮਲ ਹੈ। —ਧੰਨਵਾਦ

Digitized by Panjab Digital Library | www.panjabdigilib.org

ਸ੍ਰੀਮਾਨ,

ਗਿਆਨੀ ਰਤਨ ਸਿੰਘ 'ਸ਼ਾਦ'
ਪਰਧਾਨ ਸੰਗਤ ਭਾਟੜਾ ਸੰਪ੍ਰਦਾ ਕਾਨਫਰੰਸ
22/28 ਜੂਨ 1981, ਬਰਿਸਟਲ

ਸ੍ਰੀ ਮਾਨ ਜੀ,

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ, ਬੇਨਤੀ ਹੈ ਕਿ ਕਾਨਫਰੰਸ ਵਿਚ ਰਿਪੋਰਟ ਬਣਾਉਣ ਦੀ ਲਾਈ ਸੇਵਾ ਨੂੰ ਪੂਰੀ ਕਰਦਿਆਂ ਹੋਇਆਂ ਜੋ ਰਿਪੋਰਟ ਆਪਣੀ ਤੁਛ ਬੁਧੀ ਨਾਲ ਬਣਾ ਸਕਿਆ ਹਾਂ ਆਪ ਜੀ ਦੀ ਸੇਵਾ ਵਿਚ ਹਾਜ਼ਰ ਹੈ। ਸੋਧਕੇ ਪੰਜਾਬ ਟਾਈਮਜ਼ ਨੂੰ ਭੇਜ ਦੇਣੀ । ਰਿਪੋਰਟ ਦੇ ਨਾਲ ਇਕ ਆਪਣੇ ਵਲੋਂ ਚਿਠੀ ਵੀ ਲਿਖਨੀ ਕਿ ਰਿਪੋਰਟ ਭੇਜੀ ਜਾਂਦੀ ਹੈ, ਛਾਪ ਕੇ ਠੀਕ ਹਾਲਾਤਾਂ ਤੋਂ ਭਾਟੜਾ ਬਰਾਦਰੀ ਨੂੰ ਵਾਕਫੀ ਪਹੁੰਚਾਕੇ ਸੰਪਾਦਿਕ ਦਾ ਫਰਜ਼ ਪੂਰਾ ਕਰੋ ।

ਆਪ ਜੀ ਦਾ,
ਗੁਰੂ ਸੰਗਤ ਪੰਥ ਦਾ ਦਾਸ
(ਗਿਃ ਸੁੰਦਰ ਸਿੰਘ ਸਾਗਰ)

ਸੰਗਤ ਭਾਟੜਾ ਸੰਪ੍ਰਦਾ ਬੋਰਡ U.K. ਦੀ ਕਿਰਤ ਦਾ ਸੰਖੇਪ

ਬ੍ਰਿਸਟਲ ਵਿਚ ਭਵਿਖਤ ਪਰੋਗਰਾਮ ਦਾ ਸ੍ਰੀ ਗਨੇਸ਼

ਬਰਿਸਟਲ ਦੀ ਕੌਮੀ ਕਾਨਫਰੰਸ ਜਥੇਬੰਦੀ ਤੇ ਵਿਧਾਨ ਦੇ ਪੱਖੋਂ ਇਤਿਹਾਸਿਕ ਮਹਾਨਤਾ ਵਾਲੀ ਕਾਨਫਰੰਸ ਸੀ । ਇਹ ਕੌਮੀ ਕਾਨਫਰੰਸ ਵਿਚ ਜਿਥੇ ਸਮਾਜ ਦੇ ਵਰਤਮਾਨ ਤੇ ਗੰਭੀਰ ਵਿਚਾਰਾਂ ਹੋਈਆਂ ਉਥੇ ਕੌਮ ਦੇ ਉਸਾਰੂ ਭਵਿਖਤ ਪਰੋਗਰਾਮ ਨੂੰ ਉਲਕਦਿਆਂ ਆਦਰਸ਼ ਉਦੇਸ਼ ਦੀ ਸਫਲਤਾ ਨੂੰ ਮੁੱਖ ਰੱਖ ਸਮੂੰਹ ਸੰਗਤਾਂ ਦੀ ਹਾਜ਼ਰੀ ਨੇ ਵਿਧਾਨ ਬੋਰਡ ਬਣਾ ਉਸਦੇ ਸੇਵਾਦਾਰਾਂ ਸ੍ਰਪਰਸਤ, ਐਗਜ਼ੈਕਟਿਵ ਮੈਂਬਰ ਤੇ ਕਨਵੀਨਰ ਚੁਣਕੇ, ਵਿਧਾਨ ਮੁਕੰਮਲ ਕਰਨ ਦੀ ਜਿੰਮੇਵਾਰੀ ਲਾ ਦਿਤੀ । ਵਿਧਾਨ ਵਰਗਾ ਅਹਿਮ ਮਸਲਾ ਉਹ ਵੀ ਇਤਨੇ ਥੋੜੇ ਸਮੇਂ ਵਿਚ ਵਿਧਾਨ ਬੋਰਡ ਦੇ ਸੂਝਵਾਨ ਸਮੂੰਹ ਵਰਕਰਾਂ ਨੇ ਸਮੇਂ ਤੇ ਸਥਿਤੀ ਨੂੰ ਮੁੱਖ ਰੱਖ ਕਾਨਫਰੰਸ ਦੀ ਸਮਾਪਤੀ ਉਪਰੰਤ ਉਸੇ ਹਾਲ ਵਿਚ ਵਿਧਾਨ ਬੋਰਡ ਦੀ ਪਹਿਲੀ ਉਹ ਵੀ ਫੌਰੀ (ਐਮਰਜੈਂਸੀ) ਮੀਟਿੰਗ ਕਰਕੇ ਸਮੂੰਹ ਸਾਥੀਆਂ ਨੇ ਜਿਥੇ ਵਿਚਾਰ ਸਾਂਝੇ ਕੀਤੇ ਉਥੇ, ਤਰਿਖੇ ਪੈਰੀਂ ਤੁਰਕੇ ਲੋਕਰਾਇ ਨਾਲ ਵਿਧਾਨ ਮੁਕੰਮਲ ਕਰਨ ਦਾ ਖਾਕਾ ਬਣਾ ਭਵਿਖਤ ਪਰੋਗਰਾਮ ਦਾ ਸ੍ਰੀ ਗਨੇਸ਼ ਕੀਤਾ ।

ਉਹਨਾਂ ਦਾ ਕੌਮੀ ਪਿਆਰ, ਸੇਵਾ ਤੇ ਕਿਰਤ ਮਹਾਨ ਹੈ

ਚੰਗੇਰਾ ਆਦਿ ਸਫਲਤਾ ਦਾ ਸੂਚਕ ਹੁੰਦਾ ਹੈ । ਵਿਧਾਨ ਬੋਰਡ ਦੇ ਸਮੂੰਹ ਪਰਬੰਧਕਾਂ ਦੇ ਆਦਿ ਅਰੰਭਕ ਉਦਮ ਉਪਰਾਲੇ ਤੇ ਭਵਿਖਤ ਪਰੋਗਰਾਮ ਨੇ ਕੌਮ ਦੇ ਦਿਲਾਂ ਵਿਚ ਸੋਹਣਾ ਪ੍ਰਭਾਵ ਪਾਇਆ । ਸਮਾਜਿਕ ਸੇਵਾ ਦਾ ਸ਼ੌਕ ਅੰਗੜਾਈਆਂ ਲੈ ਕੇ

Digitized by Panjab Digital Library | www.panjabdigilib.org



ਇਸ ਚਿੱਤਰ ਦਾ ਵੇਰਵਾ ਪਿਛੇ ਦੇਖੋ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਸੰਗਤ ਭਾਟੜਾ ਸੰਪ੍ਰਦਾ U.K. ਦੇ ਵਿਧਾਨ ਦੀ ਇਤਿਹਾਸਿਕ ਸੇਵਾ ਕਰਨ ਵਾਲੇ ਮੁਖੀ ਕੌਮੀ ਨੇਤਾਵਾਂ ਦੇ ਦਰਸ਼ਨਾਂ ਦੀ ਪ੍ਰਦਰਸ਼ਨੀ

ਖੜੋਤੇ ਸਾਥੀ ਖਬਿਓਂ ਸਜੇ :—

ਸ: ਗੁਰ ਪ੍ਰਸ਼ਾਦ ਸਿੰਘ ਬੈਂਸ, ਗਿ: ਮਖਣ ਸਿੰਘ ਜੀ "ਮ੍ਰਿਗਿੰਦ" ਸਰਪ੍ਰਸਤ ਵਿਧਾਨ ਬੋਰਡ U. K., ਸ੍: ਅਮਰੀਕ ਸਿੰਘ "ਮਤਵਾਲਾ" ਸ: ਜਰਨੈਲ ਸਿੰਘ ਜੀ, ਸ: ਜੰਗ ਸਿੰਘ ਜੀ ਦਿਗਪਾਲ, ਸ: ਮਹਿੰਦਰ ਪ੍ਰਤਾਪ ਸਿੰਘ ਬੈਂਸ, ਸ: ਰਣਜੀਤ ਸਿੰਘ ਜੀ, ਕਨਵੀਨਰ ਵਿਧਾਨ ਬੋਰਡ U.K., ਗਿ: ਰਤਨ ਸਿੰਘ "ਸ਼ਾਦ" ਪ੍ਰਧਾਨ ਕਾਨਫਰੰਸ ਤੇ ਸਰਪ੍ਰਸਤ ਵਿਧਾਨ ਬੋਰਡ U.K. ਸ: ਸਮਸ਼ੇਰ ਸਿੰਘ ਜੀ "ਤਰਿਪਤ" ਸ: ਜੁਗਿਦੰਰ ਸਿੰਘ ਜੀ ਗੋਲਾ, ਸ: ਜੋਗਿੰਦਰ ਸਿੰਘ ਗੋਲਡ, ਸ: ਅਵਤਾਰ ਸਿੰਘ ਜੀ ਚੰਦਨ, ਸ: ਰਣਧੀਰ ਸਿੰਘ ਦਿਗਪਾਲ ਵਾਹੀਵਾਲਾ, ਸ: ਰਣਜੀਤ ਸਿੰਘ ਜੀ ਲਾਂਡਾ ਵਾਹੀਵਾਲਾ, ਸ: ਬਹਾਦਰ ਸਿੰਘ ਜੀ "ਲਾਂਡਾ" ਸ: ਸਰਦਾਰ ਸਿੰਘ "ਸਾਥੀ", ਸ: ਢੁੰਡਾ ਸਿੰਘ ਸ਼ਹਿਰੀ, ਸ: ਸੇਵਾ ਸਿੰਘ ਜੀ, ਸ: ਵਲੈਤੀ ਸਿੰਘ ਜੀ ਰਫੀਕ

ਬੈਠੇ ਹੋਏ ਖਬਿਓਂ ਸਜੇ :—

ਸ: ਦਰਸ਼ਨ ਸਿੰਘ ਜੀ ਦੀਵਾਨਾ, ਸ: ਪਿਆਰਾ ਸਿੰਘ ਜੀ ਰੌਦ, ਸ: ਜੁਗਿੰਦਰ ਸਿੰਘ ਜੀ ਗੂਜਰਾਂ, ਸ: ਜਸਵੰਤ ਸਿੰਘ ਜੀ "ਜਸ", ਸ: ਬਲਬੀਰ ਸਿੰਘ ਜੀ "ਪਾਰਸ" ਸ: ਭਗਤ ਸਿੰਘ ਜੀ ਗੂਜਰਾਂ, ਸ: ਸ਼ੇਰ ਸਿੰਘ ਜੀ "ਸਾਥੀ", ਸ: ਗੁਸ਼ਾਲ ਸਿੰਘ ਜੀ ਰੌਦ ਤੇ ਸ: ਜੀਤ ਸਿੰਘ ਜੀ ਸੁਆਲੀ।*

---

* 27/28/1981 ਨੂੰ ਬ੍ਰਿਟਸਲ ਵਿਚ ਹੋਈ ਕੌਮੀ ਕਾਨਫਰੰਸ ਦੇ ਪ੍ਰਤੀਨਿਧਾਂ ਦੀ ਗਰੁਪ ਫੋਟੋ ਖਿਚਣ ਦਾ ਅਚਾਨਕ ਪ੍ਰੋਗਰਾਮ ਬਣਨ ਕਰਕੇ ਅਨੇਕਾਂ ਸਾਥੀ, ਜਿਹਾ ਕਿ ਗਿ: ਸੁੰਦਰ ਸਿਘ ਜੀ "ਸਾਗਰ" ਸਰਪ੍ਰਸਤ, ਸ੍: ਸਰਦਾਰ ਸਿੰਘ ਜੀ "ਰਸੀਲਾ" ਤੇ ਸ੍: ਮੈਂਗਾ ਸਿੰਘ ਜੀ ਰਾਠੌਰ ਆਦਿ ਵਿਧਾਨ ਬੋਰਡ U. K. ਚਿੱਤਰ ਵਿਚ ਸ਼ਾਮਲ ਨਹੀਂ। ਖਿਮਾ ! ਇਹ ਗਰੁਪ ਖਿਚਣ ਦੀ ਸੇਵਾ ਸ੍: ਸੁਖਚੈਣ ਸਿੰਘ ਕਸਬਿਆ ਦੀ ਹੈ, ਧੰਨਵਾਦ।

ਜਾਗ ਪਿਆ। ਜਿਸਦਾ ਪਰਤਖ ਪ੍ਰਮਾਨ ਹਰ ਸ਼ਹਿਰ ਦੀ ਭਾਟੜਾ ਸੰਗਤ ਨੇ ਕਰਮਵਾਰ ਵਿਧਾਨ ਬੋਰਡ ਦੀ ਜਨਰਲ ਇਕਤਰਤਾ ਆਪੋ ਆਪਣੇ ਸ਼ਹਿਰਾਂ ਵਿਚ ਕਰਾਕੇ ਜਿਥੇ ਸੰਗਤਾਂ ਦੀ ਸੇਵਾ ਕਰਨ ਦਾ ਉਤਸ਼ਾਹ ਪਰਗਟ ਕੀਤਾ, ਉਥੇ ਕੌਮੀ ਵਿਧਾਨ ਨੂੰ ਹਰ ਪੱਖੋਂ ਮੁਕੰਮਲ ਕਰਨ ਦਾ ਰੋਲ ਅਦਾ ਕਰਕੇ, ਸਮਾਜਿਕ ਸੇਵਾ ਵਿਚ ਵਧਵਾਂ ਤੇ ਇਤਿਹਾਸਿਕ ਹਿਸਾ ਪਾਇਆ। ਜਿਨ੍ਹਾਂ ਸ਼ਹਿਰਾਂ ਦੀਆਂ ਸੰਗਤਾਂ ਨੇ ਵਿਧਾਨ ਬੋਰਡ ਦੀਆਂ ਜਨਰਲ ਇਕਤਰਤਾਵਾਂ ਕਰਾਕੇ ਕੌਮੀ ਲਹਿਰ ਵਿਚ ਹਿਸਾ ਪਾਇਆ। ਉਹਨਾਂ ਦਾ ਕੌਮੀ ਪਿਆਰ, ਸੇਵਾ ਤੇ ਕਿਰਤ ਮਹਾਨ ਹੈ।

(ਓ) ਬ੍ਰਿਸਟਲ ਵਿਚ 28 ਜੂਨ 1981 ਨੂੰ ਵਿਧਾਨ ਬੋਰਡ ਦੇ ਭਵਿਖਤ ਪ੍ਰੋਗਰਾਮ ਦਾ— ਸ੍ਰੀ ਗਨੇਸ਼।

(ਅ) 25 ਜੁਲਾਈ 1981 ਵਿਧਾਨ ਬੋਰਡ ਦੀ ਦੂਸਰੀ ਇਕਤਰਤਾ ਗੁਰਦੁਆਰਾ ਭਾਟੜਾ ਸਿੰਘ ਸਭਾ ਬਰਮਿੰਘਮ ਵਿਚ ਸ: ਬਹਾਦਰ ਸਿੰਘ ਜੀ ਲਾਂਡਾ ਦੀ ਪ੍ਰਧਾਨਗੀ ਹੇਠ ਹੋਈ ਤੇ ਕੌਮੀ ਵਿਧਾਨ ਦੀਆਂ ਅਨੇਕਾਂ ਧਾਰਾਵਾਂ ਦੀ ਸੋਧ ਵਿਚਾਰ ਤੇ ਅਮਲ ਅਰੰਭਿਆ ਗਿਆ।

(ਏ) 31-8-81 ਨੂੰ ਵਿਧਾਨ ਬੋਰਡ ਦੀ ਇਕਤਰਤਾ ਗੁਰਦੁਆਰਾ ਸਿਖ ਸੰਗਤ ਹਾਰਲੋਗਰੋਵ ਲੰਡਨ ਵਿਚ ਸਃ ਕਰਨੈਲ ਸਿੰਘ ਜੀ ਦੀ ਪ੍ਰਧਾਨਗੀ ਹੇਠ ਹੋਈ ਗੰਭੀਰ ਵਿਚਾਰ ਵਟਾਂਦਰੇ ਉਪ੍ਰੰਤ ਵਿਧਾਨ ਦੀਆਂ ਜਰੂਰੀ ਧਾਰਾਵਾਂ ਪਾਸ ਕੀਤੀਆਂ ਗਈਆਂ।

(ਸ) 20 ਸਤੰਬਰ 81 ਨੂੰ ਗੁਰਦੁਆਰਾ ਪੀਟਰ ਬ੍ਰੂ ਵਲੋਂ ਵਿਧਾਨ ਬੋਰਡ ਦੀ ਇਕਤਰਤਾ ਸ: ਗੁਰਚਰਨ ਸਿੰਘ ਰੰਗੀਲਾ ਦੀ ਪ੍ਰਧਾਨਗੀ ਹੇਠ ਹੋਈ ਤੇ ਵਿਧਾਨ ਦੀਆਂ ਅਨੇਕਾਂ ਜ਼ਰੂਰੀ ਧਾਰਾਵਾਂ ਸਰਬਸੰਮਤੀ ਨਾਲ ਪਾਸ ਕੀਤੀਆਂ ਗਈਆਂ।

(ਹ) 11 ਅਕਤੂਬਰ 1981 ਵਿਧਾਨ ਬੋਰਡ ਦੀ ਜਨਰਲ ਇਕਤਰਤਾ ਗੁਰਦੁਆਰਾ ਚਰਚ ਸਟਰੀਟ ਨਾਟੀਗਾਮ ਵਿਖੇ ਸ. ਜੁਗਿੰਦਰ ਸਿੰਘ ਜੀ ਦੀ ਪ੍ਰਧਾਨਗੀ ਹੇਠ ਕੀਤੀ ਗਈ ਤੇ ਕੌਮੀ ਵਿਧਾਨ ਹਰ ਪੱਖੋਂ ਮੁਕੰਮਲ ਕਰਨ ਦਾ ਉਪਰਾਲਾ ਕੀਤਾ ਗਿਆ। ਇਉਂ ਅਨੇਕਾਂ ਸ਼ਹਿਰਾਂ ਦੀਆਂ ਸੰਗਤਾਂ ਦੇ ਉਦਮ ਉਪਰਾਲੇ ਤੇ ਲੋਕ ਰਾਇ ਨਾਲ ਸੋਧ ਵਿਚਾਰ ਤੇ ਕੌਮ ਦੀ ਪ੍ਰਵਾਨਗੀ ਕੌਮੀ ਵਿਧਾਨ ਮੁਕੰਮਲ ਹੋ ਗਿਆ।

(ਕ) ਅਨੇਕਾਂ ਪੜਾਵਾਂ ਪਾਰ ਕਰ ਵਿਧਾਨ ਬੋਰਡ ਦੇ ਆਦਿ ਅਰੰਭ ਸਮੇਂ ਮਿਥੇ ਪ੍ਰੋਗਰਾਮ ਦੀ ਮੰਜ਼ਲ ਬਰਮਿੰਘਮ ਵਿਚ 11.4.82 ਨੂੰ ਕੌਮੀ ਕਾਨਫ਼ਰੰਸ ਸ. ਰਾਮ ਸਿੰਘ ਜੀ ਦਿਗਪਾਲ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਵਿਚਾਰ ਪ੍ਰਵਾਨਗੀ ਲਈ ਕੌਮੀ ਵਿਧਾਨ ਦੀਆਂ ਧਾਰਾਵਾਂ ਜਿਵੇ· ਇਕ ਇਕ ਕਰਕੇ ਬਣਾਈਆਂ ਗਈਆਂ ਸਨ ਤਿਵੇਂ ਹੀ ਇਕ ਇਕ ਕਰਕੇ ਸਾਰਾ ਵਿਧਾਨ ਪੇਸ਼ ਕੀਤਾ ਗਿਆ। ਜਿਸਨੂੰ ਹਾਜ਼ਰੀ ਨੇ ਪਾਸ ਕਰਦਿਆਂ ਪ੍ਰਵਾਨਗੀ ਦੀ ਮੋਹਰ ਛਾਪ ਲਾਕੇ ਵਿਧਾਨ ਬੋਰਡ ਦੇ ਸਰਪ੍ਰਸਤਾਂ ਐਗਜ਼ੈਕਟਿਵ ਮੈਂਬਰਾਂ ਤੇ ਕਨਵੀਨਰ ਦੀ ਕਰੜੀ ਕਿਰਤ ਨੂੰ ਸਨਮਾਨ ਬਖਸ਼ਕੇ

Digitized by Panjab Digital Library | www.panjabdigilib.org

ਨਿਵਾਜਿਆ ਤੇ ਕਿਹਾ ਕਿ ਅਗਲੀ ਕੌਮੀ ਕਾਨਫਰੰਸ ਵਿਚ ਜਿਥੇ ਸੰਗਤ ਭਾਟੜਾ ਸੰਪ੍ਰਦਾ U.K. ਦੀ ਮੁਕੰਮਲ ਚੋਣ ਕੀਤੀ ਜਾਏਗੀ ਉਥੇ ਕੌਮੀ ਵਿਧਾਨ ਨੂੰ ਵੀ ਲਾਗੂ ਕੀਤਾ ਜਾਏਗਾ। ਭਾਵੇਂ ਕੌਮੀ ਵਿਧਾਨ ਨੂੰ ਮੁਕੰਮਲ ਕਰਨ ਵਿਚ ਯੂ. ਕੇ. ਦੀ ਸਮੁਚਾ ਭਾਟੜਾ ਸੰਗਤ ਦੀ ਸੇਵਾ ਤੇ ਸਹਿਜੋਗ ਅਤਿ ਪ੍ਰਸੰਸਾ ਯੋਗ ਹੈ। ਉਹ ਗੁਰਦੁਆਰਿਆਂ ਦੇ ਮੁਖੀ ਪ੍ਰਬੰਧਕ ਵੀ ਪ੍ਰਸੰਸਾ ਦੇ ਪੂਰਨ ਹੱਕਦਾਰ ਹਨ ਜਿਨ੍ਹਾਂ ਵਿਧਾਨ ਬੋਰਡ ਦੀਆਂ ਮੀਟਿੰਗਾਂ ਕਰਵਾਈਆਂ, ਸੰਗਤਾਂ ਦੀ ਸੇਵਾ ਕਰਕੇ ਜਿਥੇ ਪ੍ਰਸੰਸਾ ਪ੍ਰਾਪਤ ਕੀਤੀ ਉਥੇ ਵਿਧਾਨ ਵਿਚ ਵਧਵਾਂ ਹਿਸਾ ਪਾਕੇ ਜੱਸ ਖੱਟਿਆ।

ਉਹ ਕੌਮੀ ਨੇਤਾਵਾਂ ਤੇ ਕੌਮ ਦਰਦੀਆਂ ਦੀ ਸਮਾਜਿਕ ਸੇਵਾ ਦੀ ਕਿਰਤ ਵੀ ਅਭੁੱਲ ਹੈ ਜੋ ਸਮਾਂ ਤੇ ਸਰਮਾਇਆ ਖਰਚ ਕਰਕੇ ਵਿਧਾਨ ਬੋਰਡ ਦੀਆਂ ਮੀਟਿੰਗਾਂ ਅਟੈਡ ਕਰਦੇ ਰਹੇ ਤੇ ਆਪਣੇ ਸੁਚੱਜੇ ਸੁਝਾਵਾਂ ਨਾਲ ਕੌਮੀ ਵਿਧਾਨ ਨੂੰ ਸੰਪੂਰਨ ਬਣਾਇਆ। ਇਵੇਂ ਹੀ ਵਿਧਾਨ ਬੋਰਡ ਦੇ ਸਰਪ੍ਰਸਤਾਂ ਦੀ ਸੱਚੀ ਲਗਨ ਐਗਜੈਕਟਿਵ ਮੈਂਬਰਾਂ ਦੀ ਸੁਚੱਜੀ ਮਿਲਵਰਤਨ ਤੇ ਕਨਵੀਨਰ ਦੀ ਸੌ ਕਾਮਾ ਤੇ ਇਕ ਆਰੀ ਦੇ ਅਖਾਨ ਵਾਂਗ ਉਤਸ਼ਾਹ ਭਰਪੂਰ ਸੇਵਾ ਭਰਵੀਂ ਪ੍ਰਸੰਸਾ ਦੀ ਪੂਰਨ ਹੱਕਦਾਰ ਹੈ। ਲੇਖਕ ਵਿਧਾਨ ਬੋਰਡ ਦੀ ਸਥਾਪਤ ਕਰਨ ਵਾਲੀ ਕੌਮੀ ਕਾਨਫਰੰਸ ਬ੍ਰਿਸਟਲ ਦਾ ਨਿਮਾਣਾ ਸੇਵਕ ਪ੍ਰਧਾਨ ਦੇ ਨਾਤੇ ਤੇ ਵਿਧਾਨ ਬੋਰਡ ਦੇ ਸਰਪ੍ਰਸਤ ਦੇ ਰੂਪ ਵਿਚ ਸ਼ਬਤ ਸੰਗਤਾਂ, ਪ੍ਰਬੰਧਕਾਂ ਤੇ ਵਿਧਾਨ ਬੋਰਡ ਦੇ ਸਮੂੰਹ ਸਾਥੀਆ ਦਾ ਹਾਰਦਿਕ ਧੰਨਵਾਦੀ ਹੈ। ਵਰਤਮਾਨ ਵਿਚੋਂ ਭਵਿੱਖਤ ਦੀ ਨੁਹਾਰ ਵੇਖ ਸਕਣ ਦੀ ਸੋਹਜ ਸਮਰਥਾ ਰੱਖਣ ਵਾਲੇ ਕੌਮੀ ਵੀਰ! ਉਹ ਸ਼ੁਭ ਤੇ ਸੁਲਖਣੀ ਘੜੀ ਨੂੰ ਬੜੀ ਤੀਬਰਤਾ ਨਾਲ ਉਡੀਕ ਰਹੇ ਹਨ ਜਦ ਕੌਮੀ ਵਿਧਾਨ ਤੇ ਕੌਮੀ ਜਥੇਬੰਦੀ ਦਾ ਪ੍ਰੋਗਰਾਮ ਨਿਰਵਿਘਨ ਨੇਪਰੇ ਚੜ੍ਹ ਸਮੁੱਚਾ ਭਾਰਤ ਤੇ U. K. ਦੀ ਭਾਟੜਾ ਸੰਗਤ ਵਿਧਾਨਕ ਏਕੇ ਵਿਚ ਜੜ੍ਹ ਜੀਵਨ ਸਫਲਤਾ ਦੇ ਮਾਰਗ ਵੱਲ ਮਾਰਚ ਕਰੇਗੀ। ਭਾਰਤ ਤੇ ਇੰਗਲੈਂਡ ਦੀ ਭਾਟੜਾ ਸੰਗਤ ਦਾ ਅਤੁਟ ਮੇਲ ਮਿਲਾਪ ਕੌਮ ਦੀ ਚੜ੍ਹਦੀ ਕਲਾ ਦਾ ਦਿਨ ਤੇ ਹਰ ਮੈਦਾਨ ਫਤਹਿ ਦੇ ਰਣਜੀਤ ਨਗਾਰੇ ਖੜਕਾ ਦੇਵੇਗਾ।

ਸੰਸਾਰਕ ਤੇ ਸਮਾਜਿਕ ਸਥਿਤੀ ਦਾ ਸੰਖੇਪ

ਉਨਵੀਂ ਸਦੀ ਦਾ ਆਦਿ ਕ੍ਰਾਂਤਿਕ ਜੁਗ ਦਾ ਪਹਫੁਟਾਲਾ ਮੰਨਿਆ ਜਾਂਦਾ ਹੈ। ਇਸ ਜੁਗ ਨੂੰ ਰਾਕਟੀ ਰਫਤਾਰ ਤੇ ਕੰਪੀਉਟਰੀ ਰੋਸ਼ਨੀ ਵਾਲਾ ਜੁਗ ਵੀ ਕਹਿੰਦੇ ਹਨ। ਸੰਸਾਰ ਬਦਲ ਰਿਹਾ ਹੈ। ਵਿਚਾਰ ਬਦਲ ਰਹੇ ਹਨ। ਭਰਮ ਤੇ ਭੁਲੇਖਿਆਂ ਦੀ ਧੁੰਦ ਹਟ ਰਹੀ ਹੈ, ਜੀਵਨ ਸੋਹਜ ਤੇ ਗਿਆਨ ਦਾ ਪ੍ਰਕਾਸ਼ ਹੋ ਰਿਹਾ ਹੈ। ਜੀਵਨ ਸਫਲਤਾ ਤੇ ਰੋਸ਼ਨੀ ਅਛੋਹ ਸਿਖਰਾਂ ਛੋਹ ਰਹੀ ਹੈ। ਸੰਸਾਰ ਦੀ ਸਾਂਝੀਵਾਲਤਾ ਦਾ ਸੀਨਾ ਧੜਕ ਰਿਹਾ ਹੈ। ਲੋਕ ਸਾਂਝਾਂ ਅਤੁੱਟ ਬਣ ਰਹੀਆਂ ਹਨ, ਜੀਵਨ ਦਾ ਉਤਸਾਹ ਵਧ ਰਿਹਾ ਹੈ। ਲੋਕ ਰਾਇ ਬਲਵਾਨ ਹੀ ਨਹੀਂ ਸਗੋਂ ਪ੍ਰਧਾਨ ਵੀ ਬਣ ਰਹੀ ਹੈ। ਸਮੇਂ ਤੇ ਸਮਾਜ ਦੀਆਂ ਰਗੜਾਂ ਖਾਕੇ ਜਿਥੇ ਮਨੁੱਖੀ ਦਿਮਾਗ ਵਿਚ ਚਮਕ ਪੈਦਾ ਹੋ ਗਈ ਹੈ ਉਥੇ ਦਿਲ ਵਿਚ ਹਰ

Digitized by Panjab Digital Library | www.panjabdigilib.org

ਜੀਵਨ ਸਫਲਤਾ ਲਈ ਉਤਸ਼ਾਹ ਤੇ ਦਲੇਰੀ ਆ ਗਈ ਹੈ। ਪਰਖ ਤੇ ਪੜਚੋਲ ਅਜੋਕੀ ਲੜੀ ਦੇ ਜੀਵ ਦਾ ਜੀਵਨ ਅੰਗ ਬਣ ਗਏ ਹਨ, ਸਾਂਝ ਸੂਝ ਤੇ ਸ਼ਕਤੀ ਤੇ ਜੋਬਨ ਨਿਖਾਰ ਆ ਗਿਆ ਹੈ। ਜੀਵ ਦੀ ਸੋਚਨੀ ਵਿਚ ਪ੍ਰੀਵਰਤਨ, ਅਮਲਾਂ ਤੇ ਜਵਾਨੀ ਤੇ ਜਵਾਨੀ ਵਿਚ ਰਵਾਨੀ ਬੇਰੋਕ ਵਧ ਰਹੀ ਹੈ। ਇਹ ਨਵੀਨਤਾ ਜੀਵਨ ਜਜ਼ਬਾਤਾਂ ਦੀ ਫੁਟ ਰਹੀ ਪਹੁ ਨਿਕਟ ਭਵਿੱਖਤ ਵਿਚ ਜੀਵਨ ਸਫਲਤਾ ਦਾ ਸਿਖਰ ਸੂਰਜ ਬਣਕੇ ਨਿਖਰੇਗੀ।

ਵਿਧਾਨਿਕ ਜੁਗ ਵਿਚ ਵਿਗਿਆਨਕ ਖੋਜ ਨਾਲ ਸਾਇੰਸ ਨੇ ਮਨੁੱਖੀ ਮਨ ਨੂੰ ਚਕ੍ਰਿਤ ਕਰਨ ਵਾਲੇ ਅਨੇਕਾਂ ਕਾਰਨਾਮੇ ਕਰ ਵਿਖ ਏ ਹਨ। ਧਰਤੀ, ਸਾਗਰ, ਅਕਾਸ਼ ਤੇ ਚੰਦਰਮਾ ਦੀ ਖੋਜ ਵਿਚ ਸਫਲਤਾ ਉਪਰੰਤ ਮੰਗਲ ਇਸਦਾ ਮੁਖ ਨਿਸ਼ਾਨਾ ਬਣ ਗਿਆ ਹੈ ਸੰਸਾਰਕ ਉੱਨਤੀ ਵਿਚ ਜਿਥੇ ਸਾਇੰਸ ਨੇ ਸਫਲਤਾ ਪ੍ਰਾਪਤ ਕੀਤੀ ਹੈ ਉਥੇ ਮਨੁੱਖ ਮਾਰੂ ਹਾਈਡਰੋਜਨ ਤੇ ਅਟਾਮਕ ਅਣੂ ਪ੍ਰਮਾਣੂ ਬੰਬ ਵੀ ਹੋਂਦ ਵਿਚ ਆਏ ਹਨ। ਜਿਸਦੀ ਵਰਤੋਂ ਸੰਸਾਰ ਤੇ ਸਭਿਯਤਾ ਦਾ ਭੋਗ ਪਉਣ ਦਾ ਕਾਰਨ ਬਣ ਸਕਦੀ ਹੈ। ਸੰਸਾਰ ਦੇ ਸਿਰ-ਕੱਢ ਵਿਗਿਆਨੀਆਂ ਦੀ ਸਾਂਝੀ ਰਾਇ ਹੈ ਕਿ ਸਾਇੰਸ ਦਾ ਇਹ ਬਚਪਨ ਹੈ ਜਿਸਨੇ ਆਪਣੇ ਬਚਪਨ ਵਿਚ ਚਕ੍ਰਿਤ ਕਰਨ ਵਾਲੇ ਕਾਰਨਾਮੇ ਕਰ ਵਿਖਾਏ ਹਨ ਉਥੇ ਆਪਣੇ ਨਿਕਟ ਭਵਿੱਖਤ ਵਿਚ ਸਾਗਰ ਨੂੰ ਪਥਰਾਉਣਾ ਤੇ ਹਿਮਾਲਾ ਨੂੰ ਪਘਰਾਉਣਾ ਇਸਦੇ ਖੱਬੇ ਹੱਥ ਦਾ ਕੰਮ ਹੋਵੇਗਾ। ਸਾਇੰਸਦਾਨਾ ਦੀ ਡੂੰਘੀ ਖੋਜ ਤਜ਼ਰਬੇ ਤੇ ਸਫਲਤਾ ਦੇ ਸਿਟੇ ਵੇਖ ਜਗਤ ਦਾ ਹਰ ਸੂਝਵਾਨ ਜੀਵ ਜਿਥੇ ਸਾਇੰਸ ਦੀ ਬਰਕਤ ਦੇ ਸੋਹਲੇ ਗਾ ਰਿਹਾ ਹੈ ਉਥੇ ਸਾਇੰਸ ਦਾਨਾਂ ਦੀ ਕਰੜੀ ਖੋਜ ਦੀ ਪ੍ਰਸੰਸਾ ਵੀ ਕਰਦਾ ਹੈ, ਕਰੇ ਵੀ ਕਿਉਂ ਨਾ ? ਜਗਤ ਦੀ ਅਜੋਕੀ ਰੌਸ਼ਨੀ ਤੇ ਸਫਲਤਾ ਦਾ ਸੇਹਰਾ ਸਾਇੰਸ ਤੇ ਸਾਇੰਸਦਾਨਾਂ ਦੇ ਸਿਰ ਜੂ ਹੋਇਆ ਚਮਤਕਾਰ ਨੂੰ ਨਮਸ਼ਕਾਰ !

ਸਮਾਜਿਕ ਸਥਿਤੀ ਤੇ ਕੌਮੀ ਨੇਤਾਵਾਂ ਦੇ ਵਿਚਾਰ

ਸਮਾਜ ਸੁਧਾਰ ਦੀ ਲਟਕ ਹਡੀਂ ਰਚੇ ਇਸ਼ਕ ਵਾਂਗ ਅਮਿਟ ਹੁੰਦੀ ਹੈ। ਸੰਪਾਦਕੀ ਸੇਵਾ ਤੇ ਕਨਵੀਨਰੀ ਕਿਰਤ ਦੋਹਾਂ ਪਦਾਂ ਦੀ ਜਿੰਮੇਵਾਰੀ ਆਦਰਸ਼, ਉਦੇਸ਼ ਲੋਕ ਰਾਇ ਨੂੰ ਬਲਵਾਨ ਬਣਾਉਣਾ, ਜਥੇਬੰਦੀ ਨੂੰ ਵਿਧਾਨਿਕ ਰੂਪ ਦੇ ਲੋਕ ਲਹਿਰ ਦੀਆਂ ਲੀਹਾਂ ਵਲ ਤੋਰਨਾ ਸੰਪਾਦਕੀ ਤੇ ਕਨਵੀਨਰੀ ਦੋਹਾਂ 'ਚ ਸ਼ਾਮਲ ਹੁੰਦਾ ਹੈ। ਲੇਖਕ 1965 ਤੋਂ 1972 ਤਕ ਸੰਗਤ ਸਮਾਚਾਰ ਦਾ ਐਡੀਟਰ ਤੇ ਚੀਫ ਐਡੀਟਰ ਰਿਹਾ। ਇਸਦੇ ਨਾਲ ਹੀ 17.9.1967 ਨੂੰ ਸੁਧਾਰਵਾਦੀ ਬੋਰਡ U. K. ਬਣਿਆ ਜਿਸਦੀ ਕਨਵੀਨਰੀ ਸੇਵਾ ਵੀ ਦਾਸ ਤੇ ਸੀ। ਇਉਂ ਸੰਪਾਦਕੀ ਤੇ ਕਨਵੀਨਰੀ ਸੇਵਾ ਨਿਭਾਉਂਦਿਆਂ ਜਿਥੇ ਸਮਾਜਿਕ ਸਥਿਤੀ ਤੇ ਮੁੱਖ ਲੇਖ ਲਿਖੇ ਉਥੇ U. K. ਇੰਗਲੈਂਡ ਸਕਾਟ ਲੈਂਡ, ਵੇਲਜ਼ ਦੇ ਧਾਰਮਿਕ ਸੈਂਟਰ ਗੁਰਦੁਆਰੇ, ਜਿਹਾ ਕਿ ਲੰਡਨ, ਇਪਸ ਵਿਚ, ਪੋਰਟਸਮੱਥ, ਸਾਊਥੈਂਪਟਨ ਅਕਸੀਟਰ, ਕਾਰਡੀਫ, ਬ੍ਰਿਸਟਲ, ਬਰਮਿੰਘਮ, ਨਾਟਿੰਘਮ, ਡੰਨ ਕਾਸਟਰ, ਲੀਡਜ਼, ਮਾਨਚੈਸਟਰ, ਪ੍ਰੈਸਟਨ, ਹੁਲ ਐਡਨਬਰੋ, ਗਲਾਸਗੋ ਅਬਾਡੀਨ ਤੇ ਡੰਡੀ ਵਿਚ ਧਾਰਮਿਕ

Digitized by Panjab Digital Library | www.panjabdigilib.org

ਤੇ ਸਮਾਜਿਕ ਦੀਵਾਨਾਂ ਇਕੱਠਾਂ, ਮੀਟਿੰਗਾਂ, ਕਾਨਫਰੰਸਾਂ ਦੇ ਸਟੇਜਾਂ ਤੇ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ, ਪ੍ਰਬੰਧਕਾਂ ਨਾਲ ਭਵਿੱਖਤ ਪਰੋਗਰਾਮ ਘੜੇ। ਅਪਰੈਲ 1977 ਨੂੰ ਕੌਮੀ ਮਾਸਕ ਪਤ੍ਰ "ਸੰਗਤ ਸੰਦੇਸ਼" ਪ੍ਰਕਾਸ਼ਤ ਹੋਇਆ, ਚੀਫ ਐਡੀਟਰ ਦੀ ਸੇਵਾ ਦਾਸ ਤੇ ਸੀ ਇਸ ਸੇਵਾ ਦੇ ਦੁਰਾਨ 1979 ਲੇਖਕ ਭਾਰਤ ਦੀ ਯਾਤਰਾ ਆਇਆ। ਸਾਥੀਆਂ ਦੀ ਉਚੇਚੀ ਸੌਂਪੀ ਸੇਵਾ ਨੂੰ ਮੁੱਖ ਰੱਖ ਲੁਧਿਆਨਾ ਦੇ ਧਾਰਮਿਕ ਸਾਲਾਨਾ ਦੀਵਾਨ ਵਿਚ ਪੁਜਕੇ ਸੰਗਤਾਂ ਨਾਲ ਸਟੇਜ ਤੇ ਵਿਚਾਰ ਸਾਂਝੇ ਕੀਤੇ।

U.K. ਤੇ ਭਾਰਤ ਦੀ ਸਮਾਜਿਕ ਸਥਿਤੀ ਤੇ ਗੰਭੀਰ ਵਿਚਾਰ ਵਟਾਂਦਰਾ ਕਰਨ ਅਤੇ ਵੇਖਣ ਦੀ ਪਰਬਲ ਇੱਛਾ ਲੈਕੇ ਕੌਮੀ ਕੇਂਦਰਾਂ ਕਿਹਾ ਕਿ ਜਲੰਧਰ, ਅੰਬਾਲਾ, ਨਾਭਾ, ਪਟਿਆਲਾ, ਅੰਮਰਿਤਸਰ, ਫ਼ੀਰੋਜ਼ਪੁਰ, ਮੋਗਾ ਮੰਡੀ, ਗੋਬਿੰਦਗੜ੍ਹ, ਬੰਗਾਲ ਵਲ ਆਸਨ ਸੋਲ ਆਦਿ ਅਨੇਕਾਂ ਸ਼ਹਿਰਾਂ ਦੀ ਭਾਟੜਾ ਸੰਗਤ ਨਾਲ ਵਿਚਾਰ ਵਟਾਂਦਰਾ ਕੀਤਾ, ਕੌਮੀ ਨੇਤਾਵਾਂ ਨਾਲ ਕੌਮੀ ਭਵਿਖਤ ਬਾਰੇ ਖਿਆਲ ਸਾਂਝੇ ਕੀਤੇ, ਪਰ੍ਹਾ ਪੰਚਾਇਤਾਂ ਤੇ ਮੁੱਖੀ ਪ੍ਰਬੰਧਕਾਂ ਸਰਪੰਚਾਂ ਨਾਲ ਸਮਾਜਿਕ ਸਥਿਤੀ ਭਵਿੱਖਤ ਬਾਰੇ ਗੰਭੀਰ ਗੋਸ਼ਟੀਆਂ ਕੀਤੀਆਂ। ਇਓ U. K. ਤੇ ਭਾਰਤ ਦੀ ਸੰਗਤ ਭਾਟੜਾ ਸੰਪ੍ਰਦਾ ਦੇ ਦਿਲੀ ਵਿਚਾਰਾਂ ਦੀ ਰੋਸ਼ਨੀ ਲੈ ਕੇ ਸੰਗਤ ਸੰਦੇਸ਼ ਦੇ ਮੁੱਖ ਸੰਪਾਦਕ ਦੇ ਰੂਪ ਵਿਚ ਕੌਮੀ ਵਿਚਾਰਾਂ ਦੀ ਵਿਆਖਿਆ ਭਰਪੂਰ ਜਨਵਰੀ 1979 ਸੰਗਤ ਸੰਦੇਸ਼ ਦਾ ਮੁੱਖ ਲੇਖ "ਸਮਾਜਿਕ ਉਸਾਰੀ ਤੇ ਵਰਤਮਾਨ ਲੋੜਾਂ" ਲਿਖਕੇ ਭਾਟੜਾ ਸੰਗਤ ਦੀ ਸੇਵਾ ਵਿਚ ਭੇਂਟ ਕੀਤਾ ਸੀ, ਜਿਸਦੀ ਪ੍ਰਸੰਸਾ ਅਨੇਕਾਂ ਕੌਮੀ ਸੰਸਥਾਵਾਂ ਨੇਤਾਵਾਂ ਨੇ ਕੀਤੀ ਸੀ। ਓਹੀ ਲੇਖ ਕ੍ਰਾਂਤਿਕ ਲਹਿਰ ਦੇ ਇਤਿਹਾਸ ਵਿਚ ਹੂ-ਬ-ਹੂ ਪਾਠਕਾਂ ਦੀ ਭੇਂਟ ਕੀਤਾ ਜਾ ਰਿਹਾ ਹੈ। ਇਹੀ ਸਾਡੀ ਅਜ ਦੀ ਮੰਗ ਹੈ।

0—0

Digitized by Panjab Digital Library | www.panjabdigilib.org

ਸ਼ੁਭ ਇਛਾਵਾਂ ਸਾਹਿਤ ਦੇਸ਼ ਫੇਰੀ ਲਈ ਵਿਦਾਇਗੀ ਸਮੇਂ ਦਾ ਯਾਦਗਾਰੀ ਇਤਿਹਾਸਿਕ ਚਿਤਰ

ਲੇਖਕ ਸੰਗਤ ਸਿੰਘ ਸਭਾ ਗੁਰਦੁਆਰਾ ਦਾ ਸੇਵਾਦਾਰ ਪ੍ਰਧਾਨ ਸੀ, ਦਾਸ ਨੇ ਕ੍ਰਾਂਤਿਕ ਲਹਿਰ ਦਾ ਇਤਿਹਾਸ ਪ੍ਰਕਾਸ਼ਤ ਕਰਨ ਲਈ ਦੇਸ ਜਾਣ ਦਾ ਪਰੋਗਰਾਮ ਪ੍ਰਗਟ ਕੀਤਾ। ਬ੍ਰਿਸਟਲ ਦੀਆਂ ਸੰਗਤਾਂ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 8 ਜਨਵਰੀ 1982 ਨੂੰ ਉਚੇਚੀ ਮੀਟਿੰਗ ਬੁਲਾਕੇ ਦਾਸ ਦੀ ਧਾਰਮਿਕ, ਸਮਾਜਿਕ ਤੇ ਇਤਿਹਾਸਿਕ ਸੇਵਾ ਨੂੰ ਸਨਮਾਨਦਿਆਂ ਸ਼ੁਭ ਇਛਾਵਾਂ ਸਾਹਿਤ ਦੇਸ਼ ਜਾਣ ਲਈ ਵਿਦਾਇਗੀ ਦਿਤੀ।

ਖਬਿਓਂ ਸਜੇ :—

ਸ: ਕੁੰਨਣ ਸਿੰਘ ਜੀ ਟਾਕ, ਸ: ਢੁੱਡਾ ਸਿੰਘ ਜੀ ਸ਼ਹਿਰੀ, ਸ: ਸ਼ਿੰਗਾਰ ਸਿੰਘ ਜੀ ਰੋਜ਼, ਸ: ਬਹਾਦਰ ਸਿੰਘ ਜੀ ਵੀਰ, ਸ: ਸਵਿੰਦਰਪਾਲ ਸਿੰਘ ਜੀ ਜਾਨੀ।

ਗਿਆਨੀ ਰਤਨ ਸਿੰਘ ਜੀ, "ਸ਼ਾਦ" ਸ: ਜਗਜੀਤ ਸਿੰਘ ਜੀ ਅਨਾੜੀ, ਸ: ਗੁਸ਼ਾਲ ਸਿੰਘ ਜੀ ਰੌਂਦ, ਸ: ਜੀਤ ਸਿੰਘ ਜੀ, ਸ: ਭਗਤ ਸਿੰਘ ਜੀ,.....ਸ: ਅਮਰੀਕ ਸਿੰਘ ਜੀ ਮਤਵਾਲਾ, ਸ: ਸ਼ੇਰ ਸਿੰਘ ਜੀ ਰੌਂਦ, ਸ: ਨਰਿੰਜਨ ਸਿੰਘ ਜੀ ਗਿਲ।

ਬੈਠੇ ਸਾਥੀ ਖਬਿਓਂ ਸਜੇ :—

ਸ: ਦਰਸ਼ਨ ਸਿੰਘ ਜੀ ਦੀਵਾਨਾ, ਸ: ਜੰਗ ਸਿੰਘ ਜੀ ਰੌਂਦ, ਸ: ਬਚਨ ਸਿੰਘ ਜੀ ਕਸਬਿਆ, ਸ: ਹਰਿੰਦਰਪਾਲ ਸਿੰਘ ਜੀ "ਸਾਕੀ"

ਸ:.....ਸ: ਜਗਦੀਸ਼ ਸਿੰਘ ਜੀ, ਸ: ਮੰਗਤ ਸਿੰਘ ਜੀ, ਸ: ਪਿਆਰਾ ਸਿੰਘ ਜੀ ਰੌਂਦ, ਸ: ਚੈਣ ਸਿੰਘ ਜੀ ਕਸਬਿਆ।

Digitized by Panjab Digital Library | www.panjabdigilib.org

ਲੁਧਿਆਣੇ ਦੇ ਕੌਮੀ ਨੇਤਾਵਾਂ ਦਾ ਯਾਦਗਾਰੀ ਚਿਤਰ

ਲੇਖਕ ਦਿੱਲੀ ਤੋਂ ਸ: ਚਾਨਣ ਸਿੰਘ ਜੀ "ਕੈਪਟਨ" ਸਮੇਤ 31 ਅਗਸਤ 1979 ਨੂੰ
ਕੌਮੀ ਕਾਨਫਰੰਸ ਲੁਧਿਆਨਾ ਪੁਜਾ ਜਿਥੇ ਬੇਅੰਤ ਸੰਗਤਾਂ ਨਾਲ ਸਟੇਜ ਤੇ ਵਿਚਾਰ
ਸਾਂਝੇ ਕੀਤੇ ਉਥੇ ਕੌਮੀ ਨੇਤਾਵਾਂ ਨਾਲ ਵੀ ਗੋਸ਼ਟੀਆ ਹੋਈਆਂ ਉਸ ਸਮੇਂ
ਪ੍ਰਬੰਧਕਾਂ ਤੇ ਕੌਮੀ ਨੇਤਾਵਾਂ ਦੀ ਪ੍ਰੀਤ ਮਿਲਣੀ ਦਾ ਯਾਦਗਾਰੀ ਚਿਤ੍ਰ
ਜੋ ਸ: ਹਰਭਜਨ ਸਿੰਘ ਜੀ ਭਾਕੜ ਮਾਲਵੀਆ
ਨਗਰ ਦਿੱਲੀ ਨੇ ਖਿਚਿਆ ।

Digitized by Panjab Digital Library | www.panjabdigilib.org

ਅੰਤਿਕਾ—

ਸਮਾਜਿਕ ਉਸਾਰੀ ਤੇ ਵਰਤਮਾਨ ਲੋੜਾਂ

ਇਹ ਸਮਾਂ ਨਿਰਾ ਵਿਚਾਰਾਂ ਵਿਚਾਰਨ ਦਾ ਹੀ ਨਹੀਂ ਸਗੋਂ ਭਰਵੇਂ ਜਤਨਾਂ ਨਾਲ ਵਿਚਾਰਾਂ ਤੇ ਅਮਲ ਕਰਨ ਦਾ ਹੈ

ਸਮਾਜਿਕ ਉਸਾਰੀ ਦਾ ਕੰਮ ਨਾ ਕਦੇ ਸਮਾਪਤ ਹੋਇਆ ਹੈ ਤੇ ਨਾ ਕਦੇ ਹੋ ਹੀ ਸਕੇਗਾ, ਕਿਉਂਕਿ ਮਨੁੱਖੀ ਲੋੜਾਂ ਹਰ ਸਮੇਂ ਦੀ ਕੁਖੋਂ ਉਪਜਦੀਆਂ ਰਹਿੰਦੀਆਂ ਹਨ ਤੇ ਉਹਨਾਂ ਦੀ ਪ੍ਰਾਪਤੀ ਲਈ ਜੀਵਨ ਸੰਗਰਾਮ ਰਚਾਉਣੇ ਹੀ ਪੈਂਦੇ ਹਨ। ਜਗਤ ਉਸਾਰੀ ਦਾ ਇਤਿਹਾਸ ਇਸ ਅਟਲ ਸਚਾਈ ਦੀ ਸਾਖੀ ਭਰਦਾ ਹੈ ਕਿ ਮਨੁੱਖੀ ਲੋੜਾਂ ਥੋੜਾਂ ਲਈ ਜੀਵਨ ਸੰਗਰਾਮ ਸਭਿਯਤਾ ਦੇ ਆਦਿ ਜੁਗ ਤੋਂ ਪੀੜ੍ਹੀ-ਦਰ-ਪੀੜ੍ਹੀ ਸਮਾਜਿਕ ਉਸਾਰੀ ਹੁੰਦੀ ਆਈ ਹੈ ਤੇ ਅੰਤ ਜੁਗ ਤਕ ਬੇ-ਰੋਕ ਇਸੇ ਤਰਾਂ ਹੁੰਦੀ ਰਹੇਗੀ।

ਵਰਤਮਾਨ ਦੇ ਵਾਤਾਵਰਣ ਵਿਚੋਂ ਭਵਿਖਤ ਦੀ ਨੁਹਾਰ ਵੇਖ ਹਥਲਾ ਪਰੋਗਰਾਮ ਘੜਨ ਦੀ ਸੋਹਜ ਸਮਰਥਾ ਰਖਣ ਵਾਲੇ ਸੁਹਿਰਦ ਕੌਮੀ ਆਗੂ 'ਸੌ ਸਿਆਣੇ ਇਕ ਮਤ' ਵਾਂਗ ਸਾਂਝੀ ਰਾਏ ਰੱਖਦੇ ਹਨ ਕਿ ਸਮਾਜਿਕ ਉਸਾਰੀ ਦੇ ਬੇਗਿਣਤ ਪਹਿਲੂਆਂ ਵਿਚੋਂ ਅਜੋਕੀ ਸਮਾਜਿਕ ਸਥਿਤੀ ਤੇ ਗੁਆਂਢੀ ਕੌਮਾਂ ਦੀ ਉਨਤੀ ਦਾ ਇਤਿਹਾਸ ਹੇਠ ਲਿਖੇ ਕੁਝ ਕੁ ਪਹਿਲੂਆਂ ਨੂੰ ਪਹਿਲ ਦੇਣ ਦੀ ਕੌਮ ਨੂੰ ਪ੍ਰੇਰਨਾ ਦੇ ਰਿਹਾ ਹੈ। ਇਹ ਸਮੇਂ ਦੀ ਮੰਗ ਹੈ। ਸਮਾਂ ਸਫ਼ਲਤਾ ਦੀ ਸੇਧ ਤੇ ਸੰਕੇਤ ਦਿੰਦਿਆਂ ਕੌਮ ਨੂੰ ਪੁਕਾਰ ਕੇ ਕਹਿ ਰਿਹਾ ਹੈ ਕਿ ਸਮਾਂ ਨਿਰਾ ਵਿਚਾਰਾਂ ਵਿਚਾਰਨ ਦਾ ਹੀ ਨਹੀਂ, ਸਗੋਂ ਭਰਵੇਂ ਜਤਨਾਂ ਨਾਲ ਵਿਚਾਰਾ ਤੇ ਅਮਲ ਕਰਨ ਦਾ ਹੈ। ਅਮਲ ਦੇ ਮਾਰਗ ਤੇ ਤੁਰ ਕੇ ਹੀ ਕੌਮ ਸਫਲਤਾ ਦੀ ਸਿਖਰ ਤੇ ਪੁਜ ਸਕਦੀ ਹੈ। ਉਸਾਰੂ ਪਰੋਗਰਾਮ ਕੌਮ ਨੂੰ ਸਿਆਸੀ, ਸਮਾਜੀ, ਧਾਰਮਿਕ, ਆਰਥਕ ਤੇ ਵਿਦਿਅਕ ਸਫਲਤਾ ਨਾਲ ਉਨਤ ਤੇ ਖੁਸ਼ਹਾਲ ਬਣਾਵੇਗਾ। ਸਮਾਜਿਕ ਉਸਾਰੀ ਤੇ ਵਰਤਮਾਨ ਲੋੜਾਂ ਦੇ ਮੁਖ ਅੰਗ ਹੇਠ ਦਰਜ ਕਰਦਿਆਂ ਸੰਗਤ ਸੰਦੇਸ਼ ਦਾ ਮੁਖ ਸੰਪਾਦਕ ਇਹਨਾਂ ਤੇ ਕਰਮਵਾਰ ਆਪਣੇ ਵਿਚਾਰ ਪ੍ਰਗਟ ਕਰਨ ਦੀ ਸਮੁਚਾ ਕੌਮ ਪਾਸੋਂ ਖਿਮਾ ਮੰਗਦਿਆਂ ਖੁਲ ਲੈਂਦਾ ਹੈ। ਪੂਰਨ ਆਸ ਹੈ ਕਿ ਕੌਮ ਦਾ ਹਰ ਕੌਮ ਦਰਦੀ ਇਹਨਾਂ ਵਲ ਆਪਣਾ ਪੂਰਾ ਪੂਰਾ ਧਿਆਨ ਤੇ ਅਮਲ ਕਰਕੇ ਕੌਮ ਸੇਵਾ ਦਾ ਸੇਹਰਾ ਖਟੇਗਾ।

Digitized by Panjab Digital Library | www.panjabdigilib.org

ਓ) ਪ੍ਰੈਸ ਪ੍ਰਾਪੇਗੰਡਾ ਅਖਬ਼ਾਰ ਤੇ ਪ੍ਰਚਾਰ
ਅ) ਕੌਮੀ ਇਤਿਹਾਸ ਤੇ ਕੌਮੀ ਪੁਸਤਕਾਲਾ
ਏ) ਦਸਤਕਾਰੀ ਸੈਂਟਰ ਤੇ ਕੌਮੀ ਕਾਲਜ
ਸ) ਭਾਟੜਾ ਸੰਸਾਰ ਦੀ ਜਰਬ ਸਾਂਝੀ ਜਥੇਬੰਦੀ
ਹ) ਇਕ ਵਿਧਾਨ ਤੇ ਇਕ ਲੀਡਰ

ਜਿਵੇਂ ਮਨੁੱਖੀ ਸਰੀਰ ਲਈ ਪੰਜਾਂ ਤਤਾਂ ਦਾ ਹੋਣਾ ਅਤਿ ਜਰੂਰੀ ਹੁੰਦਾ ਹੈ ਤਿਵੇਂ ਸੰਪ੍ਰਦਿਕ ਉਸਾਰੀ ਲਈ ਉਪਰੋਕਤ ਪੰਜ ਪਹਿਲੂਆਂ ਨੂੰ ਪਹਿਲ ਦੇਣੀ ਵੀ ਸਭ ਤੋਂ ਵੱਧ ਜ਼ਰੂਰੀ ਹੈ। ਇਹ ਸਮਾਜਿਕ ਸਫਲਤਾ ਦੇ ਮਾਰਗ ਦੇ ਮੀਲ ਪਥਰ ਹਨ ਜੋ ਕੌਮ ਨੂੰ ਸਫਲਤਾ ਦੀ ਸਿਖਰ ਤੇ ਪੁਚਾਉਣ ਲਈ ਸਹਾਇਕ ਸਿਧ ਹੋਣਗੇ, ਇਹਨਾਂ ਨੂੰ ਗੰਭੀਰਤਾ ਨਾਲ ਵਿਚਾਰਨਾ ਤੇ ਅਮਲ ਕਰਨਾ ਹਰ ਕੌਮ ਦਰਦੀ ਦਾ ਮੁਖ ਫਰਜ ਹੈ।

ਓ) ਪਰੈਸ ਪ੍ਰਾਪੇਗੰਡਾ ਅਖਬਾਰ ਤੇ ਪ੍ਰਚਾਰ

ਲੋਕ ਲਹਿਰ ਦੀਆਂ ਲੀਹਾਂ ਪਾਉਣ ਵਾਲੇ, ਵਰਤਮਾਨ ਜੁਗ ਨੂੰ ਅਗਾਂਹ ਵਧੂ ਪ੍ਰਚਾਰ ਦਾ ਜੁਗ ਆਖਦੇ ਹਨ। ਸੰਸਾਰ ਭਰ ਦੇ ਸੰਗਰਾਮੀ ਸੂਰਮੇ ਹਰ ਲੋਕ ਲਹਿਰ ਨੂੰ ਪ੍ਰਚਾਰ ਦੀ ਦੇਣ ਤੇ ਹਰ ਸਫਲਤਾ ਨੂੰ ਪ੍ਰਚਾਰ ਦੀ ਰਿਣੀ ਮੰਨਦੇ ਹਨ। ਪ੍ਰਚਾਰ ਕੰਕਰ ਨੂੰ ਸੰਕਰ ਬਣਾ ਦੇਣ ਦੀ ਸਮਰਥਾ ਰੱਖਦਾ ਹੈ। ਸਮਾਜਿਕ ਉਸਾਰੀ ਵਿਚ ਪਰੈਸ ਪ੍ਰਾਪੇਗੰਡਾ ਅਖਬਾਰ ਤੇ ਪ੍ਰਚਾਰ ਦਾ ਵਧਵਾਂ ਹਿਸਾ ਮੰਨਿਆ ਜਾਂਦਾ ਹੈ। ਪ੍ਰਚਾਰ ਦੇ ਮੁੱਖ ਵਸੀਲੇ ਰੋਜ਼ਾਨਾ ਜਾਂ ਹਫਤਾਵਾਰੀ ਅਖਬਾਰ ਜਾਂ ਮਾਸਕ ਪਤ੍ਰ ਰਸਾਲੇ ਹੀ ਹੁੰਦੇ ਹਨ। ਜਿਨ੍ਹਾਂ ਰਾਹੀਂ ਦਿਲੀ ਵਿਚਾਰ ਸਾਂਝੇ ਕੀਤੇ ਜਾ ਸਕਦੇ ਹਨ, ਹਰ ਸੁਧਾਰਕ ਕਿਰਣ ਨੂੰ ਸੂਰਜ ਵਾਂਗ ਭਖਾਇਆ ਜਾ ਸਕਦਾ ਹੈ। ਪਰੈਸ ਪ੍ਰਾਪੇਗੰਡੇ ਪ੍ਰਚਾਰ ਨਾਲ ਹੀ ਜਾਗਰਤੀ ਤੇ ਜਥੇਬੰਦੀ ਦੇ ਨਗਾਰੇ ਖੜਕਾਏ ਜਾਂਦੇ ਹਨ। ਗਵਾਂਢੀ ਕੌਮਾਂ ਵਿਚ ਸਨਮਾਨ, ਧਾਰਮਿਕ ਤੇ ਰਾਜਸੀ ਖੇਤਰ ਵਿਚ ਸਫਲਤਾ ਮਿਲਦੀ ਹੈ, ਵਾਧੂ ਬੇਲੋੜੀਆਂ ਰਸਮਾਂ ਨੂੰ ਸੁਕੀਆਂ ਸੜੀਆਂ ਟਾਣੀਆਂ ਵਾਂਗ ਛਾਂਗ ਕੌਮ ਦੀ ਕਿਆਰੀ ਨੂੰ ਪ੍ਰਚਾਰ ਨਾਲ ਮਹਿਕਾਇਆ ਜਾ ਸਕਦਾ ਹੈ। ਸੰਗਤ ਭਾਟੜਾ ਸੰਪ੍ਰਦਾ ਦਾ ਧਾਰਮਿਕ ਪੱਖ ਇਤਨਾ ਉੱਚਾ ਤੇ ਸੁਚਾ ਹੈ ਕਿ ਜਿਸ ਤੇ ਸਮੁਚਾ ਸਿਖ ਧਰਮ ਫਖਰ ਕਰ ਸਕਦਾ ਹੈ। ਪਰ ਪ੍ਰਚਾਰ ਦੀ ਘਾਟ ਦਾ ਸਦਕਾ ਭਾਟੜਾ ਸੰਗਤ ਦੇਸ ਵਿਚ ਕੌਮਾਂ ਦੀ ਕਤਾਰ ਵਿਚ ਸਭ ਤੋਂ ਪਿਛੇ ਹੈ; ਰਾਜਸੀ ਖੇਤਰ ਵਿਚ ਸਾਡੀ ਉਕੀ ਆਵਾਜ਼ ਨਹੀਂ।

ਪ੍ਰਚਾਰ ਦੀ ਘਾਟ ਦਾ ਸਦਕਾ ਸਾਡੀਆਂ ਖ਼ੂਬੀਆਂ ਨੂੰ ਜਾਣ ਬੁਝ ਕੇ ਅੱਖੋਂ ਓਹਲੇ ਕੀਤਾ ਜਾਂਦਾ ਹੈ. ਤੇ ਖ਼ਾਮੀਆਂ ਨੂੰ ਬੇਹਦ ਵਧਾਕੇ ਪ੍ਰਚਾਰਿਆ ਜਾਂਦਾ ਹੈ। ਸ਼ਰੋਮਣੀ ਅਕਾਲੀ ਦਲ ਤੇ ਸ਼ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਦੇ ਮੁਖੀ ਆਗੂ ਤੇ ਰਾਜਸੀ ਨੇਤਾ ਵੋਟਾਂ ਲੈਣ ਸਮੇਂ ਜਾਂ ਸਨਮਾਨ ਤੇ ਥੈਲੀਆਂ ਲੈਣ ਸਮੇਂ ਤਾਂ ਭਾਟੜਾ ਸੰਗਤ ਨੂੰ ਸਿਖ ਧਰਮ ਦਾ ਜ਼ਰੂਰੀ ਅੰਗ ਆਖਦੇ ਹਨ, ਸਾਡੀਆਂ ਮੰਗਾਂ ਨੂੰ ਪੂਰਿਆਂ ਕਰਨ ਦੀ ਪੂਰਨ ਆਸ ਵੀ

Digitized by Panjab Digital Library | www.panjabdigilib.org

ਦਿਵਾਉਂਦੇ ਹਨ। ਪਰ ਅਧਿਕਾਰਾਂ ਦੀ ਵੰਡ ਸਮੇਂ ਅੱਜ ਤਕ ਸਾਡੇ ਨਾਲ ਓਪਰਿਆਂ ਵਰਗਾਂ ਹੀ ਸਲੂਕ ਕੀਤਾ ਜਾਂਦਾ ਹੈ। ਇਸ ਲਈ ਸਾਡੀ ਆਤਮਾ ਇਹ ਕਹਿਣ ਤੇ ਮਜਬੂਰ ਹੈ—

ਲੋਕ ਵਿਖਾਵਾ ਇਹ ਪਿਆਰ ਕਿਸ ਗੁਣ,

'ਸ਼ਾਦ' ਅਮਲ ਬਿਨ ਸਖਣੇ ਵਿਚਾਰ ਕਿਸ ਗੁਣ।

ਲੇਖਕ ਪਰੈਸ ਪ੍ਰਾਪੇਗੰਡੇ ਦਾ ਜ਼ਿਕਰ ਕਰ ਰਿਹਾ ਸੀ, ਪਿਛਲੇ ਸਾਲ ਭਾਵ ਅਪਰੈਲ 1977 ਨੂੰ ਸੰਗਤ ਸੰਦੇਸ਼ ਬੋਰਡ ਯੂ. ਕੇ. ਬਣਾ ਕੇ ਪ੍ਰਚਾਰ ਦੀ ਥੁੜ ਨੂੰ ਅਨੁਭਵ ਕਰਦਿਆਂ ਸਮੁਚਾ ਕੌਮ ਦੀ ਇਕੋ ਇਕ ਆਵਾਜ਼ ਕੌਮੀ ਮਾਸਕ ਪਤਰ ਸੰਗਤ ਸੰਦੇਸ਼ ਕਾਰਡਿਫ ਯੂ. ਕੇ. ਤੋਂ ਪ੍ਰਕਾਸ਼ਤ ਕੀਤਾ ਗਿਆ ਸੀ, ਇਹ ਕੌਮੀ ਪ੍ਰਚਾਰ ਦਾ ਪੁਨਰ ਜਨਮ ਕਿਹਾ ਜਾ ਸਕਦਾ ਹੈ। ਲੇਖਕ ਸੰਗਤ ਸੰਦੇਸ਼ ਦਾ ਮੁਖ ਸੰਪਾਦਕ ਹੋਣ ਕਰਕੇ ਸੰਗਤ ਸੰਦੇਸ਼ ਦੀ ਪਿਛਲੇ ਸਾਲ ਕੀਤੀ ਕੌਮ ਸੇਵਾ ਦਾ ਜ਼ਿਕਰ ਕਰਨਾ ਆਪਣੇ ਆਪ ਮੀਆਂ ਮਿਠੂ ਤੇ ਗੰਗਾ ਰਾਮ ਬਣਨ ਦੇ ਬਰਾਬਰ ਸਮਝਦਾ ਹੈ। ਸੰਗਤ ਸੰਦੇਸ਼ ਦੀ ਫਾਇਲ ਤੇ ਵਾਰਸ਼ਕ ਅੰਕ ਜੋ ਪੂਰੇ ਸੌ ਸਫੇ (100) ਦਾ ਹੈ, ਉਸ ਨਾਲ ਪਹਿਲਾ ਸਾਲ ਸਮਾਪਤ ਹੋਇਆ ਹੈ। ਪਿਛਲੇ ਸਾਲ ਵਸੀਲਿਆਂ ਦੀ ਘਾਟ ਦਾ ਸਦਕਾ ਅਨੇਕਾਂ ਕਠਿਨਾਈਆਂ ਦੇ ਬਾਵਜੂਦ ਸੰਗਤ ਸੰਦੇਸ਼ ਆਪਣੇ ਆਦਰਸ਼ ਦੀ ਮੰਜ਼ਲ ਵਲ ਤੁਰੀਂ ਗਿਆ ਹੈ। ਇਹ ਹਥਲੇ ਪਰਚੇ ਨਾਲ ਦੂਸਰਾ ਸਾਲ ਆਰੰਭ ਹੁੰਦਾ ਹੈ। ਸੰਗਤ ਭਾਟੜਾ ਸੰਪ੍ਰਦਾ ਦੀ ਮਲਕੀਅਤ ਸੰਗਤ ਸੰਦੇਸ਼ ਦੀ ਪਹਿਲੀ ਸਾਲਗਿਰਾ ਦੀ ਸਮੁਚਾ ਸੰਗਤ ਭਾਟੜਾ ਸੰਪ੍ਰਦਾ ਨੂੰ ਵਧਾਈ ਹੋਵੇ। ਸੰਗਤ ਸੰਦੇਸ਼ ਉਹ ਦੀਪ ਹੈ ਜੋ ਕੌਮ ਦੇ ਵਰਤਮਾਨ ਨੂੰ ਉਜਲਾ ਤੇ ਭਵਿਖਤ ਨੂੰ ਰੁਸ਼ਨਾਵੇਗਾ। ਸਮਾਜਿਕ ਉਸਾਰੀ ਵਿਚ ਪਰੈਸ ਪ੍ਰਾਪੇਗੰਡਾ ਪ੍ਰਚਾਰ ਤੇ ਅਖਬਾਰ ਨਾਲ ਪੂਰਾ ਪੂਰਾ ਹਿੱਸਾ ਪਾ ਕੇ ਆਪਣੇ ਪ੍ਰਣ ਨੂੰ ਪਾਲੇਗਾ। ਸੰਗਤ ਸੰਦੇਸ਼ ਨੂੰ ਪੂਰਨ ਸਹਿਯੋਗ ਦੇਣਾ ਹਰ ਕੌਮ-ਦਰਦੀ ਦਾ ਕੌਮੀ ਫਰਜ਼ ਹੈ।

ਅ) ਕੌਮੀ ਇਤਿਹਾਸ ਤੇ ਕੌਮੀ ਪੁਸਤਕਾਲਾ

ਇਤਿਹਾਸ ਸਮਾਜਿਕ ਉਸਾਰੀ ਦਾ ਬੁਨਿਆਦੀ ਪਥਰ ਹੈ, ਉਹ ਲੀਹ ਪੱਥਰ ਜਿਸ ਤੇ ਸਮਾਜਿਕ ਉਸਾਰੀ ਦੇ ਸੁਨਹਿਰੀ ਮੰਦਰ ਉਸਰਦੇ ਤੇ ਸਮਾਜਿਕ ਏਕਤਾ ਉਨਤੀ ਸਫਲਤਾ ਦੇ ਕਲਸ਼ ਲਿਸ਼ਕਦੇ ਹਨ। ਇਤਿਹਾਸ ਸਾਡੇ ਕੌਮੀ ਜੀਵਨ ਦੀ ਸਭ ਤੋਂ ਵਧ ਤੇ ਪਹਿਲੀ ਲੋੜ ਹੈ। ਇਤਿਹਾਸ ਤੋਂ ਬਿਨਾਂ ਹਰ ਲੋਕ ਲਹਿਰ ਮਾਰੂਥਲਾਂ ਵਲ ਜਾਂਦੀ ਓਹ ਨਦੀ ਵਾਂਗ ਹੈ ਜੋ ਕਦਮ ਕਦਮ ਘਟਦੀ ਘਟਦੀ ਇਕ ਦਿਨ ਉਕਾ ਹੀ ਅਲੋਪ ਹੋ ਜਾਂਦੀ ਹੈ, ਤੇ ਸਮੇਂ ਦੇ ਵਾ-ਵਰੋਲੇ ਝਖੜ ਤੇ ਧੂੜਾਂ ਉਸਦੇ ਪੈਰ ਚਿਤਰ ਵੀ ਮਿਟਾ ਦੇਂਦੀਆਂ ਹਨ। ਜਿਸਦਾ ਖੁਰਾ ਖੋਜ ਕੱਢਣਾ ਇਤਿਹਾਸਕ ਖੋਜੀ ਲਈ ਜੇ ਅਸੰਭਵ ਨਹੀਂ ਤੇ ਅਤਿ ਕਠਿਨ ਜਰੂਰ ਬਣ ਜਾਂਦਾ ਹੈ।

Digitized by Panjab Digital Library | www.panjabdigilib.org

ਜੀਵਨ ਹੱਕਾਂ ਦੀ ਪ੍ਰਾਪਤੀ ਤੇ ਗਵਾਂਢੀ ਕੌਮਾਂ ਵਿਚ ਮਾਨ ਸਤਿਕਾਰ ਇਤਿਹਾਸ ਦੇ ਤੱਕੜ ਤੇ ਤੁਲਕੇ ਮਿਲਦਾ ਹੈ। ਉਹਨਾਂ ਕੌਮਾਂ ਦਾ ਵਰਤਮਾਨ ਸੁਨਹਿਰੀ ਤੇ ਭਵਿਖਤ ਉਜਲਾ ਬਣਦਾ ਹੈ, ਜੋ ਆਪਣੇ ਇਤਿਹਾਸਿਕ ਵਿਰਸੇ ਨੂੰ ਉਦਮ ਤੇ ਉਤਸ਼ਾਹ ਨਾਲ ਖੋਜਦੇ ਹਨ, ਸ਼ਰਧਾ ਤੇ ਪਿਆਰ ਨਾਲ ਸਾਂਭਦੇ ਹਨ, ਤੇ ਚੁਕੰਨੇ ਹੋ ਕੇ ਖੜਗਧਾਰੀ ਭੁਜਾ ਨਾਲ ਇਤਿਹਾਸਿਕ ਖਜਾਨੇ ਦੀ ਰਾਖੀ ਰੱਖਦੇ ਹਨ ਤਾਂ ਕਿ ਕੋਈ ਦੋਖੀ ਇਤਿਹਾਸ ਖਜ਼ਾਨੇ ਦੇ ਹੀਰੇ, ਲਾਲਾ ਜਵਾਹਰ ਮੋਤੀ ਚੁਰਾਵੇ ਨਾ। ਨਾ ਹੀ ਕੋਈ ਲੇਖਕ ਕੂੜ ਦਾ ਧਬਾ ਲਾ ਇਤਿਹਾਸ ਦੀ ਨਿਰਮਲ ਗੰਗ ਨੂੰ ਅਨੀਤੀ ਨਾਲ ਗੰਧਲਾ ਹੀ ਕਰੇ। ਇਸਦੇ ਨਾਲ ਹੀ ਗਵਾਂਢੀ ਕੌਮਾਂ ਵਿਚ ਆਪਣੇ ਕੌਮੀ ਇਤਿਹਾਸ ਦੀ ਪ੍ਰਦਰਸ਼ਨੀ ਤੇ ਪ੍ਰਚਾਰ ਨਾਲ ਸ਼ੰਕਾ ਵਾਦੀਆਂ ਦੇ ਭੁਲੇਖਿਆਂ ਦੀ ਧੁੰਦ ਨੂੰ ਦੂਰ ਕਰ ਕੇ ਸੱਚਾ ਗਿਆਨ ਦਿੰਦੇ ਰਹਿੰਦੇ ਹਨ।

ਇਤਿਹਾਸ ਖੋਜੀਆਂ ਦੀ ਸੇਵਾ ਵਿਚ:—

ਇਤਿਹਾਸ ਦੀ ਸਹੀ ਖੋਜ ਕਰਨੀ ਜਿਥੇ ਅਤਿ ਕਠਨ ਤਪਸਿਆ ਹੈ, ਉਥੇ ਕੌਮ ਉਸਾਰੀ ਲਈ ਅਤਿ ਜ਼ਰੂਰੀ ਤੇ ਲਾਹੇਵੰਦ ਵੀ ਹੈ। ਇਤਿਹਾਸ ਖੋਜੀ ਨੂੰ ਜਿਥੇ ਢੇਰ ਸਾਰਾ ਸਮਾਂ ਤੇ ਸਰਮਾਏ ਦੀ ਕੁਰਬਾਨੀ ਕਰਨੀ ਪੈਂਦੀ ਹੈ, ਉਥੇ ਸਰੀਰਕ ਸੁਖ ਤੇ ਨਿਜੀ ਸੁਆਰਥ ਦਾ ਤਿਆਗ ਵੀ ਕਰਨਾ ਜ਼ਰੂਰੀ ਹੁੰਦਾ ਹੈ। ਸਾਡਾ ਪ੍ਰਾਚੀਨ ਤੇ ਵਰਤਮਾਨ ਕੌਮੀ ਇਤਿਹਾਸ ਅੱਪੂਰਨ ਤੇ ਵਿਕੋਲਿਤਰਾ ਥਾਂ ਥਾਂ ਖਿਲਰਿਆ ਪਿਆ ਹੈ, ਇਹ ਇਤਹਾਸਿਕ ਸਥਿਤੀ ਹਰ ਇਤਿਹਾਸ ਖੋਜੀ ਨੂੰ ਨਿਰਪੱਖ ਨੀਤੀ ਨਾਲ ਸਵਤੰਤਰ ਖੋਜ ਕਰਕੇ ਕੌਮੀ-ਇਤਿਹਾਸ ਲਿਖਣ ਦੀ ਪ੍ਰੇਰਨਾ ਕਰਦੀ ਹੈ।

ਸੰਗਤ ਸੰਦੇਸ਼ ਦੇ ਮੁਖ ਸੰਪਾਦਕ ਨੂੰ ਇਹ ਲਿਖਣ ਲੱਗਿਆਂ ਹਾਰਦਿਕ ਪ੍ਰਸੰਤਾ ਹੋ ਰਹੀ ਹੈ ਕਿ ਕੌਮ ਦੇ ਅਨੇਕਾਂ ਖੋਜੀ ਇਤਹਾਸਕਾਰ ਸੱਚੀ ਲਗਨ ਨਾਲ ਇਤਿਹਾਸ ਲਿਖ ਕੇ ਕੌਮ ਦਾ ਇਤਿਹਾਸਿਕ ਖਜਾਨਾ ਭਰਪੂਰ ਕਰ ਰਹੇ ਹਨ। ਲੇਖਕ ਸੰਗਤ ਸੰਦੇਸ਼ ਦੇ ਮੁੱਖ ਸੰਪਾਦਕ ਦੇ ਨਾਤੇ ਜਿਥੇ ਸਮੂੰਹ ਇਤਿਹਾਸਕਾਰਾਂ ਖੋਜੀਆਂ ਦੀ ਭਰਵੀਂ ਪ੍ਰਸੰਸਾ ਕਰਦਾ ਹੈ ਉਥੇ ਲੇਖਕਾਂ ਦੇ ਉਦਮ ਉਪਰਾਲੇ ਦੀ ਦਾਦ ਵੀ ਦੇਂਦਾ ਹੈ। ਇਸ ਤੋਂ ਹੋਰ ਵਧੇਰੇ ਆਸ ਰਖਦਿਆਂ ਇਕ ਬਿਨੇ ਕਰਨਾ ਜ਼ਰੂਰੀ ਤੇ ਆਪਣਾ ਫਰਜ਼ ਸਮਝਦਾ ਹੈ ਕਿ ਜਿਤਨੇ ਵੀ ਇਤਹਿਾਸ ਕੌਮੀ ਦਰਬਾਰ ਵਿਚ ਆਏ ਹਨ ਉਹ ਸਫਲ ਜ਼ਰੂਰ ਹਨ ਪਰ ਸੰਪੂਰਨ ਨਹੀਂ, ਇਹ ਵਿਚਾਰ ਲੇਖਕ ਦੇ ਹੀ ਨਹੀਂ ਹੋਰ ਵੀ ਅਨੇਕਾਂ ਵਿਦਵਾਨਾਂ ਦੀ ਇਹੀ ਰਾਏ ਹੈ।

ਸੰਗਤ ਭਾਟੜਾ ਸੰਪਰਦਾ ਦੀ ਸਭ ਤੋਂ ਵਧ ਵਰਤਮਾਨ ਲੋੜ **ਮੌਲਿਕ ਤੇ ਸੰਪੂਰਨ ਕੌਮੀ ਇਤਿਹਾਸ** ਹੈ। ਇਹੀ ਸਮੇਂ ਦੀ ਮੰਗ ਤੇ ਸਮਾਜਿਕ ਸਥਿਤੀ ਦੀ ਗੂੰਜ ਹੈ :—

ਇਸ ਜੁਗ ਵਿਚ ਜਿਸ ਕੌਮ ਦਾ ਇਤਿਹਾਸ ਅਧੂਰਾ।
'ਸ਼ਾਦ' ਅਪੂਰਨ ਉਨਤੀ ਜਗ ਜੀਵਨ ਊਰਾ।

Digitized by Panjab Digital Library | www.panjabdigilib.org

ਇਤਿਹਾਸ ਸਮੁਚਾ ਕੌਮ ਦੀ ਅਣਖ, ਇਜ਼ਤ, ਗੌਰਵਤਾ ਤੇ ਮਲਕੀਯਤ ਹੈ, ਇਸ ਦੀ ਰੇਖ ਦੇਖ ਨਿਕਾਸ ਵਿਕਾਸ ਦੀ ਜਿੰਮੇਵਾਰੀ ਵੀ ਸਮੁਚਾ ਕੌਮ ਤੇ ਹੈ। ਸੰਗਤ ਸੰਦੇਸ਼ ਦੇ ਮੁਖ-ਸੰਪਾਦਕ ਦੀ ਨਿਰਮਾਨ ਰਾਏ ਹੈ ਕਿ ਵੱਖ ਵੱਖ ਇਤਿਹਾਸਕਾਰਾਂ ਵਲੋਂ ਆਪੋ ਆਪਣੇ ਥਾਂ ਲਿਖੇ ਗਏ ਇਤਿਹਾਸਾਂ ਵਿਚ ਨਾਵਾਂ, ਥਾਵਾਂ ਤੇ ਘਟਨਾਵਾਂ ਵਿਚ ਰਾਏ ਦਾ ਵਖੇਵਾਂ, ਖਿਆਲਾਂ ਦਾ ਟਕਰਾ ਹੋ ਜਾਣਾ ਕੁਦਰਤੀ ਹੈ। ਇਕ ਇਤਿਹਾਸ ਦੀ ਇਕ ਘਟਨਾ ਵਿਚ ਖਿਆਲਾਂ ਦਾ ਅਨਜੋੜ ਇਤਿਹਾਸ ਦੀ ਮਹਾਨਤਾ ਨੂੰ ਵਿਦਵਾਨਾਂ ਦੀਆਂ ਨਜ਼ਰਾਂ ਵਿਚ ਘਟ ਉਂਦਾ ਹੈ।

ਇਸ ਲਈ ਇਤਿਹਾਸਿਕ ਖਜਾਨੇ ਦੀ ਖੋਜ ਰਚਨਾ ਤੇ ਪ੍ਰਕਾਸ਼ਨ ਲਈ ਸਮੁਚਾ ਕੌਮ ਦੇ ਵਿਦਵਾਨ ਇਤਿਹਾਸ ਖੋਜੀਆਂ ਦਾ ਇਤਿਹਾਸ ਰੀਸਰਚ ਬੋਰਡ ਬਣਾ ਕੇ ਇਹ ਮਹਾਨ ਕਾਲਜ ਨੂੰ ਅਰੰਭਿਆ ਜਾਏ ਤੇ ਕੌਮ ਦਾ ਮੌਲਕ ਅਤੇ ਸੰਪੂਰਨ ਇਤਿਹਾਸ ਸੁਨਹਿਰੀ ਭੂਸ਼ਨਾਂ ਵਿਚ ਸ਼ਿੰਗਾਰ ਕੇ ਕੌਮੀ ਦਰਬਾਰ ਵਿਚ ਜਗਤ ਵਿਦਵਾਨਾਂ ਦੇ ਸਾਮ੍ਹਣੇ ਰਖਿਆ ਜਾਏ ਹਰ ਵਿਦਵਾਨ ਕੌਮੀ ਨੇਤਾ ਕੌਮੀ ਸੰਸਥਾਵਾਂ ਦਾ ਮੁਖ ਫਰਜ਼ ਹੈ ਕਿ ਕੌਮੀ ਇਤਿਹਾਸ ਨੂੰ ਸਰਬ ਸਾਂਝੇ ਤੌਰ ਤੇ ਲਿਖਣ ਤੇ ਲਿਖਾਉਣ ਦੇ ਉਦਮ ਨੂੰ ਅਰੰਭਿਆ ਜਾਏ ਇਸ ਦੇ ਨਾਲ ਹੀ ਕੌਮ ਦਾ ਫਰਜ਼ ਹੈ ਕਿ ਇਤਿਹਾਸ ਖੋਜੀ ਵਿਦਵਾਨਾਂ ਨੂੰ ਹਰ ਯੋਗ ਸਹਿਯੋਗ ਦੇ ਕੇ ਉਤਸ਼ਾਹਤ ਕਰਦਿਆਂ ਉਹਨਾਂ ਦੀ ਕਿਰਤ ਇਤਿਹਾਸ ਨੂੰ ਪ੍ਰਵਾਨਗੀ ਦੀ ਮੋਹਰ ਛਾਪ ਲਾਕੇ ਇਤਿਹਾਸ ਖੋਜੀਆਂ ਨੂੰ ਮਾਨ ਪਤਰ ਦੇ ਕੇ ਸਨਮਾਨਿਆ ਜਾਏ। ਕੀ ਕੋਈ ਜਮਾਤ ਇਸ ਇਤਿਹਾਸਿਕ ਘਾਟ ਨੂੰ ਪੂਰਿਆਂ ਕਰਨ ਦਾ ਉਦਮ ਉਪਰਾਲਾ ਕਰਕੇ ਕੌਮ ਸੇਵਾ ਦਾ ਮਾਨ ਪ੍ਰਾਪਤ ਕਰੇਗੀ ?

ਕੌਮੀ ਸਾਹਿਤ ਦੀ ਸੰਭਾਲ ਕਰਨੀ ਜ਼ਰੂਰੀ ਹੈ

ਸੁਚੱਜਾ ਸਾਹਿਤ ਸਮਾ, ਸਮਾਜ ਤੇ ਸਥਿਤੀ ਦੀ ਸਹੀ ਤਸਵੀਰ ਹੁੰਦੀ ਹੈ। ਕੌਮ ਦਾ ਅਮੁਲ ਤੇ ਅਖੁਟ ਖਜ ਨਾ ਕੌਮੀ ਸਾਹਿਤ ਤੇ ਇਤਿਹਾਸਿਕ ਸਾਹਿਤ ਨੂੰ ਮੰਨਿਆ ਜਾਂਦਾ ਹੈ। ਇਸਦੀ ਸੰਭਾਲ ਕੌਮ ਦੇ ਵਰਤਮਾਨ ਨੂੰ ਸੁਨਹਿਰੀ ਤੇ ਭਵਿਖਤ ਨੂੰ ਉੱਜਲਾ ਬਣਾਉਂਦੀ ਹੈ। ਜਿਵੇਂ ਨਿਰਪੱਖ ਨੀਤੀ ਤੇ ਪੂਰਨ ਉਤਸ਼ਾਹ ਨਾਲ ਇਤਿਹਾਸ ਦੀ ਸਵਤੰਤਰ ਖੋਜ ਨਾਲ ਮੌਲਿਕ ਇਤਿਹ ਸ ਤਿਆਰ ਕਰਨਾ ਇਕ ਮਹਾਨ ਕਾਰਜ ਤੇ ਵਰਤਮਾਨ ਲੋੜ ਨੂੰ ਪੂਰਿਆਂ ਕਰਨ ਦੀ ਕੌਮੀ ਸੇਵਾ ਹੈ, ਤਿਵੇਂ ਖੰਡਰਾਤਾਂ ਤੇ ਕੁਛਾਂ ਕੂਣੀਆਂ ਵਿਚ ਵਿਧਵਾ ਦੇ ਵਾਲਾਂ ਵਾਂਗ ਖਿਲਰਿਆ ਇਤਿਹਾਸਿਕ ਸਾਹਿਤ ਮਾਂਜ ਸੁਆਰ ਕੇ ਇਕ ਥਾਂ ਕੌਮੀ ਪੁਸਤਕਾਲੇ ਵਿਚ ਸੰਭਾਲਣਾ, ਦੇਖ ਰੇਖ ਕਰਨੀ ਇਤਿਹਾਸਕ ਤੇ ਅਤਿ ਲੋੜੀਂਦੀ ਕੌਮ ਸੇਵਾ ਹੈ। ਭਾਵੇਂ ਇਹ ਕਾਰਜ ਅਤਿ ਕਠਨ ਜ਼ਰੂਰ ਹੈ, ਪਰ ਹੈ ਕੌਮ ਦੇ ਉਜਲੇ ਭਵਿਖ ਲਈ ਅਤਿ ਜ਼ਰੂਰੀ ਮਹਾਨ ਤੇ ਲਾਹੇਵੰਦ।

ਲੇਖਕ ਨੂੰ ਅਨਵੰਡੇ ਦੇਸ਼ ਪੰਜਾਬ ਦੇ ਪਿੰਡਾਂ ਦੀ ਸੁਧਾਰਕ ਝਾਕੀ ਸਾਹਵੇਂ ਆ ਰਹੀ ਹੈ। 15 ਅਕਤੂਬਰ 1940 ਪਿੰਡ ਵੱਡੀਆਂ ਗਲੌਟੀਆਂ ਜਿਥੇ ਕੌਮੀ ਮਾਸਕ ਪਤਰ ਸੰਗਤ ਰਸਾਲੇ ਦਾ ਮੁਢ ਬਝਾ, ਜੋ 1941 ਨੂੰ ਲਾਇਲਪੁਰ ਤੋਂ ਪ੍ਰਕਾਸ਼ਤ ਹੋਇਆ ਤੇ ਇਕ

Digitized by Panjab Digital Library | www.panjabdigilib.org

ਸਾਲ ਦੀ ਉਮਰ ਵਿਚ ਪੰਜਾਬ ਦੀ ਰਾਜਧਾਨੀ ਲਾਹੌਰ ਆ ਗਿਆ, ਜਿਥੇ 1947 ਦੇਸ ਦੀ ਵੰਡ ਤੱਕ ਕੌਮ ਸੇਵਾ ਕਰਦਾ ਰਿਹਾ। ਨਿਰ ਵਿਵਾਦ 1940 ਤੋਂ 1947 ਦਾ ਸਮਾਂ ਕੌਮ ਸੇਵਾ ਸੁਧਾਰ ਦੀ ਸਿਖਰ ਕਿਹਾ ਜਾ ਸਕਦਾ ਹੈ। ਜਿਸਦਾ ਸਹੀ ਇਤਿਹਾਸ ਲੇਖਕ ਦੀ ਛਪ ਰਹੀ ਇਤਿਹਾਸਿਕ ਪੁਸਤਕ 'ਕ੍ਰਾਂਤਿਕ ਲਹਿਰ ਦਾ ਇਤਿਹਾਸ' ਵਿਚ ਪਾਠਕ ਪੜ੍ਹ ਸਕਣਗੇ। ਸੰਗਤ ਰਸਾਲੇ ਵਿਚ ਛਪਿਆ ਸਾਹਿਤ ਕੌਮ ਦੀ ਹਡ-ਬੀਤੀ ਇਤਿਹਾਸ ਦੀ ਸੁਨਹਿਰੀ ਭੂਮਿਕਾ ਹੈ ਜੋ ਅਜ ਕਿਤੇ ਭਾਲਿਆਂ ਵੀ ਨਹੀਂ ਮਿਲਦਾ, ਜਿਸਦੀ ਘਾਟ ਹਰ ਸੂਝ ਬੂਝ ਵਾਲਾ ਇਤਿਹਾਸ ਖੋਜੀ ਵਿਦਵਾਨ, ਲੇਖਕ ਪੀੜਤ ਹਿਰਦੇ ਨਾਲ ਅਨੁਭਵ ਕਰ ਰਿਹਾ ਹੈ। ਇਹ ਸਾਡੀ ਪੁਸਤਕਾਲੇ ਦੀ ਘਾਟ ਤੇ ਅਨਗਹਿਲੀ ਦਾ ਸਬੂਤ ਹੈ।

ਅਗਸਤ 1952 ਜਦ ਰੋਟੀ ਦਾ ਸਵਾਲ ਸਭ ਦੇ ਸਾਹਵੇਂ ਸੀ, ਡਾ. ਤਾਲਿਬ ਜੀ ਤੇ ਗਿਆਨੀ ਸੇਵਕ ਜੀ ਨੇ ਸੰਗਤ ਸਮਾਚਾਰ ਪਟਿਆਲੇ ਤੋਂ ਪ੍ਰਕਾਸ਼ਤ ਕੀਤਾ, ਪਰ ਤੇਲ ਬਿਨ ਦੀਪ ਵਧੇਰੇ ਚਿਰ ਰੌਸ਼ਨੀ ਨਾ ਦੇ ਸਕਿਆ, ਕੇਵਲ ਦੋ ਪਰਚੇ ਹੀ ਨਿਕਲੇ ਮੁੜ ਅੰਧੇਰ ਛਾ ਗਿਆ। 1960 ਨੂੰ ਦਾਸ ਦੇਸ ਗਿਆ, ਡਾ: ਤਾਲਿਬ ਜੀ ਨੇ ਦਾਸ ਨਾਲ ਵਿਚਾਰ ਸਾਂਝੇ ਤੇ ਸਹਿਯੋਗ ਨਾਲ 1965 ਵਿਚ ਮੁੜ ਸੰਗਤ ਸੰਦੇਸ਼ ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ, ਜਿਸਦੀ ਸੰਪਾਦਕੀ ਤੇ ਮੁਖ ਸੰਪਾਦਕ ਦੀ ਸੇਵਾ ਕਰਨ ਤੇ ਦਾਸ ਨੂੰ ਨਾਜ਼ ਹੈ। 1965 ਤੋਂ ਸੰਗਤ ਸਮਾਚਾਰ 1972 ਤਕ ਕੌਮ ਸੇਵਾ ਕਰਦਾ ਰਿਹਾ। 1965 ਵਿਚ ਹੀ ਗਿਆਨੀ ਕੌਮੀ ਜੀ ਨੇ ਗਿਆਨੀ ਸ਼ਾਨ ਜੀ ਦੇ ਸਹਿਯੋਗ ਨਾਲ ਕਾਰਡਿਫ ਯੂ.ਕੇ. ਤੋਂ ਸਿਖ ਸੰਦੇਸ਼ ਪ੍ਰਕਾਸ਼ਿਤ ਕੀਤਾ ਜੋ 1972 ਤਕ ਕੌਮ ਸੇਵਾ ਕਰਦਾ ਰਿਹਾ, ਜਿਸਦੀ ਕੀਤੀ ਕੌਮ ਸੇਵਾ ਦਾ ਰੀਕਾਰਡ ਅਤਿ ਸ਼ਾਨਦਾਰ ਹੈ।

ਕਿਸੇ ਕੇਂਦਰੀ ਗੜ੍ਹ ਵਿਚ ਪੁਸਤਕਾਲਾ ਸਥਾਪਨ ਕੀਤਾ ਜਾਏ ਜਿਥੋਂ ਹਰ ਲੋੜਵੰਦ ਦੀ ਲੋੜ ਪੂਰੀ ਹੋਵੇ ਤੇ ਸੰਭਾਲ ਵੀ ਪੂਰੀ ਤਰ੍ਹਾਂ ਕੀਤੀ ਜਾਏ

1967 ਵਿਚ ਸੰਗਤ ਵੀਕਲੀ ਬੋਰਡ ਲੰਡਨ ਵਿਚ ਬਣਿਆ; ਜਿਸਨੇ 4.7.1967 ਨੂੰ ਸੰਗਤ ਵੀਕਲੀ ਪ੍ਰਕਾਸ਼ਿਤ ਕੀਤਾ ਜੋ ਤਕਰੀਬਨ ਚਾਰ ਮਹੀਨੇ ਬਾਦ ਸਮਾਪਤ ਹੋ ਗਿਆ, ਜਿਸਨੇ ਮਹਾਨ ਕੋਸ਼ ਅੰਦੋਲਨ ਵਿਚ ਪ੍ਰਸੰਸਾ ਯੋਗ ਹਿਸਾ ਪਾਇਆ। ਹੁਣ ਅਪਰੈਲ 1977 ਤੋਂ ਸੰਗਤ ਸੰਦੇਸ਼ ਪ੍ਰਕਾਸ਼ਿਤ ਹੋ ਗਿਆ ਹੈ, ਇਹ ਕੌਮ ਦੀ ਇਕੋ ਇਕ ਆਵਾਜ਼ ਹੈ, ਇਸਦੀ ਕੌਮੀ ਸੇਵਾ ਬਾਰੇ ਵਧੇਰੇ ਕੁਝ ਲਿਖਣਾ ਸੰਗਤ ਸੰਦੇਸ਼ ਦਾ ਮੁਖ ਸੰਪਾਦਕ ਆਪਣੇ ਮੁੰਹੋਂ ਮੀਆਂ ਮਿਠੂ ਜਾਂ ਗੰਗਾ ਰਾਮ ਬਨਣ ਵਾਂਗ ਸਮਝਦਾ ਹੈ। ਸੰਗਤ ਸੰਦੇਸ਼ ਦੀ ਪਹਿਲੇ ਸਾਲ ਦੀ ਫਾਇਲ ਤੇ ਵਾਰਸ਼ਕ ਅੰਕ ਜੋ 100 ਸਫੇ ਦਾ ਹੈ, ਪਾਠਕ ਪੜ੍ਹ ਸਕਦੇ ਹਨ, ਵਾਰਸ਼ਕ ਅੰਕ ਨਾਲ ਪਹਿਲਾ ਸਾਲ ਸਮਾਪਤ ਤੇ ਹਥਲੇ ਪਰਚੇ ਨਾਲ ਦੂਸਰਾ ਸਾਲ ਅਰੰਭ ਹੁੰਦਾ ਹੈ। ਉਪਰੋਕਤ ਸਾਰਾ ਕੌਮੀ ਸਾਹਿਤ 1952 ਤੋਂ ਲੈ ਕੇ 1972 ਤਕ ਸੰਗਤ ਸਮਾਚਾਰ ਦੀਆਂ ਮੁਕੰਮਲ ਫਾਈਲਾਂ ਲੇਖਕ ਦੇ ਪਾਸ ਹਨ; ਜੋ ਕੌਮੀ ਸਾਹਿਤਕ ਤੇ

Digitized by Panjab Digital Library | www.panjabdigilib.org

ਇਤਿਹ ਸਕ ਪਖੋਂ ਕੌਮ ਲਈ ਢੇਰ ਲਾਹੇਵੰਦ ਹਨ। ਸੰਗਤ ਸਮਾਚਾਰ, ਸਿਖ ਸੰਦੇਸ਼, ਸੰਗਤ ਵੀਕਲੀ ਤੇ ਸੰਗਤ ਸੰਦੇਸ਼ ਦੀਆਂ ਫਾਈਲਾਂ ਨੂੰ ਪੁਸਤਕਾਲੇ ਵਿਚ ਸਾਂਭ ਕੇ ਰਖਣਾ ਕੌਮੀ ਇਤਿਹਾਸ ਨੂੰ ਮੁਕੰਮਲ ਬਣਾਉਣ ਦੇ ਬਰਾਬਰ ਹੈ। ਦਾਸ ਪਾਸ ਜੋ ਫਾਇਲਾਂ ਹਨ, ਉਹ ਕੌਮ ਦਾ ਪੁਸਤਕਾਲਾ ਬਣਨ ਤੇ ਕੌਮ ਸੇਵਾ ਲਈ ਅਰਪਨ ਕਰਨ ਲਈ ਦਾਸ ਹਾਜ਼ਰ ਹੈ।

ਭਾਵੇਂ ਲੇਖ ਆਸ ਤੋਂ ਢੇਰ ਲੰਮੇਰਾ ਹੋ ਗਿਆ ਹੈ, ਪਰ ਲੇਖ ਦਾ ਸਿਰਲੇਖ ਲੇਖਕ ਦੇ ਵਿਚਾਰਾਂ ਨੂੰ ਇਥੇ ਬਿਸਰਾਮ ਦੇ ਰਿਹਾ ਹੈ। ਕਿਉਂਕਿ ਸੰਗਤ ਸੰਦੇਸ਼ ਦੇ ਮੁਖ ਸੰਪਾਦਕ ਦੇ ਆਸ ਦੇ ਸੂਰਜ ਦੀ ਪ੍ਰਥਮ ਸੁਨਹਿਰੀ ਕਿਰਣ ਭਾਟੜਾ ਸੰਗਤ ਸਭਾ ਪਟਿਆਲੇ ਦੇ ਭਵਿਖਤ ਪ੍ਰੋਗਰਾਮ ਚੋਂ ਦਿਸ ਰਹੀ ਹੈ। ਪਟਿਆਲਾ ਸਭਾ ਵਲੋਂ ਪਤੁਚਕਾ ਤੇ 'ਬਿਨੈ-ਪੱਤਰ' ਇਸ਼ਤਿਹਾਰ ਲੇਖਕ ਵਲ ਪੁਜੇ ਸਨ, ਜਿਸ ਵਿਚ ਪਟਿਆਲਾ ਯੂਨੀਵਰਸਿਟੀ ਵਲੋਂ ਛਪ ਰਹੇ ਗਰੰਥਾਂ ਵਿਚ ਐਂਟਰੀਆਂ ਦੇਣ ਦੀ ਪ੍ਰਸੰਸਾ ਯੋਗ ਸੇਵਾ ਦੀ ਪਹਿਲ ਦੇ ਨਾਲ ਕੌਮ ਦਾ ਮੌਲਿਕ ਇਤਿਹਾਸ ਤੇ ਕੌਮੀ ਪੁਸਤਕਾਲਾ ਦਾ ਆਦਰਸ਼ ਪੁਨਮ ਦੇ ਚੰਦਰਮਾਂ ਵਾਂਗ ਪ੍ਰਕਾਸ਼ਮਾਨ ਸੀ। ਲੇਖਕ ਨੇ ਸੰਗਤ ਸੰਦੇਸ਼ ਦੇ ਮੁਖ ਸੰਪਾਦਕ ਦੇ ਨਾਤੇ ਪਤਰਕਾ ਰਾਹੀਂ ਭਾਟੜਾ ਸੰਗਤ ਸਭਾ ਦੇ ਮੁਖ ਸਕਤਰ ਸ: ਮੇਵਾ ਸਿੰਘ ਜੀ ਤੇ ਪ੍ਰਧਾਨ ਗਿਆਨੀ ਸਮੁੰਦਰ ਸਿੰਘ ਜੀ ਹਿਸਟੋਰੀਅਨ ਤੇ ਸਮੂੰਹ ਵਰਕਰ ਮੈਂਬਰਾਂ ਨੂੰ ਪਹਿਲ ਕਰਨ ਦੀ ਵਧਾਈ ਤੇ ਪੂਰਨ ਸਹਿਯੋਗ ਦਾ ਭਰੋਸਾ ਤੇ ਸ਼ਰਧਾ ਤੇ ਪਿਆਰ ਦੇ ਦੋ ਤੰਦ ਭੇਟਾ ਕਰਕੇ ਜੀ ਆਇਆਂ ਆਖਿਆ ਸੀ। ਭਾਟੜਾ ਸੰਗਤ ਸਭਾ ਪਟਿਆਲਾ ਆਪਣੇ ਜਨਮ ਤੋਂ ਹੀ ਕੌਮ ਸੇਵਾ ਸੁਧਾਰ ਵਲ ਤਰਿਖੇ ਪੈਰੀਂ ਤੁਰ ਰਹੀ ਹੈ, ਵਾਹਿਗੁਰੂ ਕਰੇ ਇਹ ਜਲਦੀ ਹੀ ਆਪ ਮਨੋਰਥ ਵਿਚ ਪੂਰਨ ਸਫਲ ਹੋਵੇ। ਵਿਚਾਰ ਪੁਸਤਕਾਲੇ ਦਾ ਚਲ ਰਿਹਾ ਸੀ, ਸੋ ਕੌਮ ਦੇਣੇ ਕਿਸੇ ਕੇਂਦਰੀ ਗੜ੍ਹ ਦੇ ਵਿਚ ਪੁਸਤਕਾਲਾ ਸਥਾਪਨ ਕਰਕੇ ਸਾਰਾ ਕੌਮੀ ਸਾਹਿਤ ਇਕ ਥਾਂ ਇਕੱਠਾ ਕੀਤਾ ਜਾਏ, ਜਿਥੋਂ ਹਰ ਲੋੜਵੰਦ ਆਪਣੀ ਲੋੜ ਵੀ ਪੂਰੀ ਕਰ ਸਕੇ ਤੇ ਸੰਭਾਲ ਵੀ ਪੂਰੀ ਹੋਵੇ।

ੲ) ਦਸਤਕਾਰੀ ਸੈਂਟਰ ਤੇ ਕੌਮੀ ਕਾਲਜ

ਕੌਮ ਵਿਚ ਘਾਟ ਕਿਸੇ ਚੀਜ਼ ਦੀ ਨਹੀ,
ਲੋੜ ਕੇਵਲ ਭਾਰਤ ਤੇ ਯੂ.ਕੇ. ਦੇ ਵਿਚਾਰਾਂ ਦੀ ਏਕਤਾ,
ਉਦਮ ਤੇ ਹਿੰਮਤ ਦੀ ਹੈ

ਇਹ ਇਕ ਅੱਟਲ ਸਚਾਈ ਹੈ ਕਿ ਪ੍ਰਦੇਸ ਵਿਚ ਉਹ ਪ੍ਰੇਰਨਾ ਹੈ ਜੋ ਦੇਸ ਪਿਆਰ ਦੀ ਲਟਕ ਲਾ ਕੇ ਦੇਸ ਭਗਤੀ ਦੇ ਰੰਗ ਵਿਚ ਰੰਗ ਦੇਂਦੀ ਹੈ। ਕੌਮ ਸੇਵਾ ਸੁਧਾਰ ਦੇ ਨਾਲ ਲੋਕ ਸੇਵਾ ਲਈ ਕੁਰਬਾਨੀ ਕਰਨ ਵਾਲੇ ਜਜ਼ਬਿਆਂ ਨੂੰ ਟੁੰਬਦੀ ਹੈ। ਪ੍ਰਦੇਸ ਵਿਚ ਬੈਠੇ ਹਰ ਦੇਸ-ਦਰਦੀ ਤੇ ਕੌਮੀ ਸੇਵਕ ਨੂੰ ਪ੍ਰਦੇਸ ਵਿਚ ਆਪਣਾ ਦੇਸ, ਆਪਣਾ ਮੁਲਕ, ਆਪਣੀ ਕੌਮ, ਆਪਣਾ ਪਿੰਡ ਤੇ ਪ੍ਰਗਣਾ ਹਰ ਪਖੋਂ ਸੰਪੂਰਨ 'ਮੰਦਰ ਵਾਂਗ ਪਵਿੱਤਰ ਤੇ

Digitized by Panjab Digital Library | www.panjabdigilib.org

ਕਿਲੇ ਵਾਂਗ ਮਜ਼ਬੂਤ' ਸਾਫ ਤੇ ਸੁਥਰਾ ਫ਼ੇਖਣ ਦੀ ਚਾਹ ਜਾਗ ਪੈਂਦੀ ਹੈ। ਉਸਦੇ ਦਿਲ ਤੇ ਦਿਮਾਗ ਦੀ ਸਕਰੀਨ ਤੇ ਪ੍ਰਦੇਸ ਵਿਚ ਬੈਠੇ ਦੇਸ ਦਰਦੀਆਂ ਵਲੋਂ' ਸਮੇਂ ਸਮੇਂ ਕੀਤੀ ਕੌਮ ਸੇਵਾ ਦੀ ਫਿਲਮ ਫਿਰਨ ਲਗ ਪੈਂਦੀ ਹੈ, ਤੇ ਕੰਨਾਂ ਵਿਚ ਇਹ ਵਿਚਾਰ ਗੂੰਜਣ ਲਗ ਪੈਂਦੇ ਹਨ।

ਜਿਹਨਾਂ ਕੌਮਾਂ ਦੀ ਢੇਰ ਸਾਰੀ ਗਿਣਤੀ ਪ੍ਰਦੇਸ਼ਾਂ ਵਿਚ ਜਾ ਵਸਦੀ ਹੈ, ਉਹਨਾਂ ਕੌਮਾਂ ਦੀ ਕਾਇਆ ਕਲਪ ਹੋ ਜਾਂਦੀ ਹੈ। ਉਨਤੀ ਦੇ ਦਰ ਖੁਲ ਜਾਂਦੇ ਹਨ। ਕਿਸਮਤ ਜਾਗ ਪੈਂਦੀ ਹੈ। ਆਰਥਕ ਸੰਕਟ ਟਲ ਜਾਂਦਾ ਹੈ। 'ਵਿਦਿਆ ਤੇ ਹੁਨਰ ਦੇ ਕੇਂਦਰ ਸਥਾਪਤ ਹੋ ਜਾਂਦੇ ਹਨ।' ਪਿੰਡ ਮਾਡਰਨ ਤੇ ਸੜਕਾਂ ਪਕੀਆਂ ਬਣ ਜਾਂਦੀਆਂ ਹਨ। ਅਗਿਆਨ ਤੇ ਅੰਧੇਰਾ ਜੀਵਨ 'ਚੋਂ ਨਿਕਲ ਜਾਂਦਾ ਹੈ। ਅਫਰੀਕਾ, ਕਨੇਡਾ/ ਅਮਰੀਕਾ, ਸਿੰਘਾਪੁਰ, ਚੀਨ, ਇੰਗਲੈਂਡ ਵਿਚ ਵਸਦੀਆਂ ਕੌਮਾਂ ਦੀਆਂ ਇਕ ਨਹੀਂ ਅਨੇਕਾਂ ਉਦਾਹਰਣਾਂ ਸਾਹਵੇਂ ਹਨ, ਜਿਨ੍ਹਾਂ ਨੇ ਆਪਣੇ ਦੇਸ ਤੇ ਕੌਮ ਨੂੰ ਉਨਤ ਕਰ ਕੌਮੀ ਜੀਵਨ ਵਿਚ ਹੁਲਾਰਾ ਲੈ ਆਂਦਾ।

ਅਜ ਇੰਗਲੈਂਡ ਵਿਚ ਭਾਟੜਾ ਸੰਗਤ ਦੀ ਗਿਣਤੀ ਸੈਂਕੜੇ ਨਹੀਂ ਹਜ਼ਾਰਾਂ ਦੇ ਅੰਕੜੇ ਛੋਹ ਰਹੀ ਹੈ। ਅਨੇਕਾਂ ਕੌਮ ਦਰਦੀ ਵੀਰ ਸਿੰਘਾਪੁਰ, ਥਾਈਲੈਂਡ, ਮਲੇਸ਼ੀਆ, ਆਦਿ ਦੇਸਾਂ ਨੂੰ ਜਾ ਰਹੇ ਹਨ। ਜੋ ਆਰਥਕ ਪਖੋਂ ਪੂਰਨ ਸਫਲ ਹਨ। ਬੇਗਿਣਤ ਕੌਮੀ ਵੀਰ, ਦੇਸ ਵਿਚ ਕਾਰ ਵਿਹਾਰ ਆਰਥਕ ਉਨਤੀ ਦੀ ਸਿਖਰ ਤੇ ਪੁਜੇ ਹੋਏ ਹਨ, ਅਜੋਕੀ ਸਮਾਜਕ ਸਥਿਤੀ ਹਰ ਸੂਝ ਬੂਝ ਵਾਲੇ ਕੌਮ ਦਰਦੀ ਨੂੰ ਆਪਣਾ ਕੌਮੀ ਫਰਜ ਪਾਲਣ ਲਈ ਵੰਗਾਰ ਰਹੀ ਹੈ। ਸਮੁਚਾ ਕੌਮ ਦੀ ਅਣਖ ਤੇ ਇਜ਼ਤ ਇਕ ਹੁੰਦੀ ਹੈ। ਮਿਹਣਾ ਤੇ ਗਾਹਲ ਕਦੇ ਵੰਡੇ ਨਹੀਂ ਜਾਂਦੇ, ਇਸ ਲਈ ਜਦ ਤਕ ਮਹਾਰਾਜਾ ਸ਼ਿਵਨਾਭ ਦਾ ਇਕ ਵੀ ਨੌਨਿਹਾਲ ਕੰਵਰ, ਅਗਿਆਨ ਅੰਧੇਰੇ ਤੇ ਘ੍ਰਿਣਤ ਕਿੱਤੇ ਵਿਚ ਜਕੜਿਆ ਹੋਇਆ ਹੈ, ਉਦੋਂ ਤਕ ਸਮੁਚਾ ਕੌਮ ਦੀ ਸ਼ਾਨ ਅਧੂਰੀ ਤੇ ਉਨਤੀ ਅਪੂਰਣ ਮੰਨੀ ਜਾਏਗੀ। ਸੋ ਲੋੜ ਹੈ ਬਾਬਾ ਚੰਗਾ ਜੀ ਦੇ ਭਾਟ ਸਪੁਤਰਾਂ ਨੂੰ ਚੰਗੇ ਵਿਦਵਾਨ ਤੇ ਹੁਨਰ-ਮੰਦ ਬਣਾਉਣ ਦੀ। ਇਸ ਲਈ ਕੌਮ ਦਰਦੀਓ ! ਸੋਚੋ !! ਫਰਜ਼ ਨੂੰ ਪਛਾਣੋ ਤੇ ਅਮਲ ਦੇ ਮੈਦਾਨ ਵਿਚ ਨਿਤਰੋ ! ਇਹ ਸਮੇਂ ਦੀ ਪੁਕਾਰ ਹੈ ਕਿ ਕੌਮ ਦੇ ਕਿਸੇ ਕੇਂਦਰੀ ਗਢ੍ਹ ਵਿਚ ਦਸਤਕਾਰੀ ਆਸ਼ਰਮ ਤੇ ਕੌਮੀ ਕਾਲਜ ਦਾ ਸ੍ਰੀ ਗਨੇਸ਼ ਕਰਨ ਦਾ ਉਦਮ ਉਪਰਾਲਾ ਕਰੋ। ਸ੍ਰਕਾਰ ਵਲੋਂ ਪੂਰਨ ਸਹਿਯੋਗ ਤੇ ਆਰਥਕ ਸਹਾਇਤਾ ਲਈ ਜਾ ਸਕਦੀ ਹੈ। ਕੌਮ ਵਿਚ ਘਾਟ ਕਿਸੇ ਚੀਜ਼ ਦੀ ਨਹੀਂ, ਲੋੜ ਕੇਵਲ ਭਾਰਤ ਤੇ ਯੂ.ਕੇ. ਦੇ ਵਿਚਾਰਾਂ ਦੀ ਏਕਤਾ ਉਦਮ ਤੇ ਹਿੰਮਤ ਦੀ ਹੈ।

Digitized by Panjab Digital Library | www.panjabdigilib.org

ਸ) ਭਾਂਟੜਾ ਸੰਸਾਰ ਦੀ ਸਰਬ ਸਾਂਝੀ ਜਥੇਬੰਦੀ, ਉਹ ਪ੍ਰਤੀਨਿਧ ਜਮਾਤ ਜੋ ਪੂਰਬ ਤੇ ਪੱਛਮ ਸਮੁਚਾ ਕੌਮ ਦੀ ਇਕ ਆਵਾਜ਼, ਇਕ ਜਾਤ, ਇਕ ਵਿਧਾਨ, ਇਕ ਇਤਿਹਾਸ ਤੇ ਇਕ ਲੀਡਰ ਬਣਕੇ ਜਗਤ ਵਿੱਚ ਨਿਖਰੇ।

ਜਾਗਰਤੀ ਦਾ ਮੁੱਢ ਬੰਨ੍ਹਣ ਵਾਲੀ ਜਮਾਤ ਦੀ ਅਗੰਮੀ ਸ਼ਕਤੀ ਨੂੰ ਕਰਾਮਾਤ ਮੰਨਿਆ ਜਾਂਦਾ ਹੈ। ਜਥੇਬੰਦੀ ਉਹ ਖੜਗਧਾਰੀ ਭੁਜਾ ਹੈ ਜੋ ਦੇਸ ਕੌਮ ਦੀ ਅਣਖ ਇਜ਼ਤ ਦੀ ਰਾਖੀ ਕਰਦੀ ਹੈ। ਸਾਂਝੀਵਾਲਤਾ ਲਈ ਸੰਸਾਰ ਦਾ ਸੀਨਾ ਧੜਕਾ ਕੇ ਗਰੀਬੀ ਤੇ ਗੁਲਾਮੀ ਨੂੰ ਜੜੋਂ ਉਖੇੜ ਸੁਟਦੀ ਹੈ। ਏਕਤਾ ਅਮਨ ਆਜ਼ਾਦੀ ਦੇ ਪ੍ਰਚਾਰ ਨਾਲ ਕੁੱਲੀ, ਗੁੱਲੀ, ਜੁੱਲੀ ਦੀ ਜੀਵਨ ਸਮਸਿਆ ਲਈ ਸੰਗਰਾਮ ਰਚਦੀ ਹੈ।

ਜਗਤ ਇਨਕਲਾਬ ਦਾ ਇਤਿਹਾਸ ਇਸ ਵਿਚਾਰ ਦਾ ਸਾਖੀ ਹੈ ਕਿ ਸੰਸਾਰ ਭਰ ਵਿਚ ਜਿਤਨੈ ਭੀ ਇਨਕਲਾਬ ਆਏ, ਸਾਮਰਾਂਜ ਸਰਮਾਏਦਾਰੀ ਨਜ਼ਾਮ ਦੇ ਉਲਟ ਸਮਾਜ ਸੁਧਾਰ ਦੀਆਂ ਲੋਕ ਲਹਿਰਾਂ ਨੇ ਜਨਮ ਲਿਆ, ਉਸਦੀ ਰਹਿਨੁਮਾਈ ਕਿਸੇ ਨਾ ਕਿਸੇ ਜਥੇਬੰਦੀ ਨੇ ਹੀ ਕੀਤੀ, ਜਾਂ ਇਉਂ ਕਹਿ ਲਉ ਕਿ ਹਰ ਅੰਦੋਲਨ, ਹਰ ਇਨਕਲਾਬ, ਹਰ ਲੋਕ ਲਹਿਰ ਦੀ ਸਫਲਤਾ ਦਾ ਸੇਹਰਾ (ਜਮਾਤ ਦੀ ਕਰਾਮਾਤ) ਜਥੇਬੰਦੀ ਦੇ ਸਿਰ ਹੁੰਦਾ ਹੈ। ਜਿਵੇਂ ਹਰ ਵਿਦਿਆਰਥੀ ਕਿਸੇ ਨਾ ਕਿਸੇ ਵਿਦਿਆਲੇ ਦੀ ਉਪਜ ਹੁੰਦਾ ਹੈ, ਤਿਵੇਂ ਸੰਸਾਰ ਭਰ ਵਿਚ ਜਿਤਨੇ ਵੀ ਸਿਆਸੀ ਸਮਾਜੀ ਨੇਤਾ ਹਨ, ਕਿਸੇ ਨਾ ਕਿਸੇ ਜਮਾਤ ਦੀ ਹੀ ਸੰਸਾਰ ਨੂੰ ਦੇਣ ਹਨ।

ਅਜ ਭਾਟੜਾ ਜਗਤ ਨੂੰ ਉਹ ਪ੍ਰਤੀਨਿਧ ਜੰਤਕ ਜਥੇਬੰਦੀ ਦੀ ਲੋੜ ਹੈ, ਜੋ ਸਮੁਚਾ ਭਾਰਤ ਤੇ ਯੂ.ਕੇ. ਤੇ ਸੰਸਾਰ ਭਰ ਦੀ ਭਾਟੜਾ ਸੰਗਤ ਦੇ ਖਿਲਰੇ ਖੂਨ ਨੂੰ ਇਕੱਤਰ ਕਰ ਇਕ ਸ਼ਕਤੀਸ਼ਾਲੀ ਕੌਮ ਬਣਾਏ। ਆਪਣਾ ਪ੍ਰਤੀਨਿਧਤਾ ਦਾ ਸਤਿਕਾਰ ਕਾਇਮ ਰਖਦਿਆਂ ਜਨਤਾ ਨੂੰ ਬੇਗਰਜ਼, ਸੁੱਚਾ ਤੇ ਸੁਚਾ ਮਾਂ ਵਰਗਾ ਪਵਿਤਰ ਪਿਆਰ ਦੇਵੇ। ਕੌਮ ਦੀ ਹਰ ਔਕੜ ਦੀ ਨਵਿਰਤੀ ਲਈ ਮੈਦਾਨ ਵਿਚ ਨਿਤਰੇ, ਕੌਮੀ ਹਕਾਂ ਦੀ ਪ੍ਰਾਪਤੀ ਲਈ ਸੰਗਰਾਮ ਕਰੇ, ਪ੍ਰਾਪਤ ਹੋਏ ਹੱਕਾਂ ਦੀ ਯੋਗ ਵਰਤੋਂ ਕਰਾਵੇ। ਹਰ ਖੇਤਰ ਵਿਚ ਸਿਆਣੇ ਰਹਿਬਰ ਵਾਂਗ ਜੀਵਨ ਸੇਧ ਦੇਵੇ। ਸੂਰਬੀਰ ਬਹਾਦਰ ਅਣਖੀਲੇ ਪੁਤਰਾਂ ਦੀ ਅਣਖ ਨੂੰ ਕਦੀ ਨੀਵਿਆਂ ਨਾ ਹੋਣ ਦੇਵੇ। ਭਾਟੜਾ ਜਗਤ ਨੂੰ ਉਹ ਸ਼ਕਤੀਸ਼ਾਲੀ ਜਥੇਬੰਦੀ ਦੀ ਲੋੜ ਹੈ, ਜੋ ਸਮੁਚਾ ਕੌਮ ਦੀ ਸੈਂਟਰਲ ਸਰਕਾਰ ਮੰਨੀ ਜਾਏ, ਜਿਸਦੇ ਨਿਯਮ ਦੀ ਉਲੰਘਣਾ ਕਰਨ ਵਾਲਾ ਕੌਮ ਦਾ ਦੋਸ਼ੀ ਮੰਨਿਆ ਜਾਏ। ਜਿਵੇਂ ਅਨਵੰਡੇ ਦੇਸ਼ ਵਿਚ 'ਚੰਗਾ ਭਾਟੜਾ ਨੌਜਵਾਨ ਸਭਾ' 'ਇੰਟਰਨੈਸ਼ਨਲ ਭਾਟੜਾ ਯੂਨੀਅਨ' ਤੇ 'ਸਰਬ ਹਿੰਦ ਭਾਟਰਾ ਯੂਨੀਅਨ' ਲੋਕ ਰਾਏ ਤੇ ਪ੍ਰਤੀਨਿਧਤਾ ਦਾ ਮਾਣ ਰਖਦੀਆਂ ਸਨ, ਵੰਡ ਤੋਂ ਬਾਅਦ 'ਭਾਟਰਾ ਯੂਨੀਅਨ ਅੰਮ੍ਰਿਤਸਰ' ਆਲ ਇੰਡੀਆ ਭਾਟੜਾ ਯੂਨੀਅਨ, ਭਾਰਤ ਭਾਟੜਾ ਯੂਨੀਅਨ ਤੇ ਭਾਟੜਾ

Digitized by Panjab Digital Library | www.panjabdigilib.org

ਸੰਗਤ ਸਭਾ ਪਟਿਆਲਾ, ਸੰਗਤ ਭਾਟੜਾ ਸੰਪ੍ਰਦਾ ਯੂ.ਕੇ. ਕੌਮ ਸੇਵਾ ਦਾ ਸਦਕਾ ਸਮਾਜ ਵਿਚ ਪ੍ਰਤੀਨਿਧਤਾ ਦਾ ਸਤਿਕਾਰ ਜ਼ਰੂਰ ਰਖਦੀਆਂ ਹਨ, ਪਰ ਕੌਮ ਨੂੰ ਅਜ ਲੋੜ ਹੈ, ਇਹਨਾਂ ਸਾਰੀਆਂ ਜਥੇਬੰਦੀਆਂ ਦੀ ਇਕ ਵਿਚਾਰਧਾਰਾ ਨਾਲ ਸਮੁਚਾ ਭਾਟੜਾ ਜਗਤ ਦੀ ਇਕ ਸ਼ਕਤੀਸ਼ਾਲੀ ਸਰਬ ਸਾਂਝੀ ਜਥੇਬੰਦੀ ਬਣਾਈ ਜਾਏ, ਜਿਸਦੀਆਂ ਬਰਾਂਚਾਂ ਯੂ. ਕੇ. ਤੇ ਭਾਰਤ ਦੇ ਹਰ ਗੜ੍ਹ ਵਿਚ ਹੋਣ, ਉਹ ਜਮਾਤ ਜੋ ਪੂਰਬ ਤੇ ਪੱਛਮ ਦੀ ਸਮੁਚਾ ਕੌਮ ਦੀ ਇਕ ਅਵਾਜ਼, ਇਕ ਜਮਾਤ,ਇਕ ਵਿਧਾਨ, ਇਕ ਇਤਿਹਾਸ ਤੇ ਇਕ ਲੀਡਰ ਬਣਕੇ ਸੰਸਾਰ ਭਰ ਵਿਚ ਨਿਖਰੇ ।

ਹ) ਇਕ ਵਿਧਾਨ ਤੇ ਇਕ ਲੀਡਰ ਸੰਗਤ ਭਾਟੜਾ ਸੰਪ੍ਰਦਾ ਵਿਧਾਨਕ ਏਕੇ ਵਿਚ ਜੁੜ, ਚੜ੍ਹਦੀ ਕਲਾ ਦਾ ਜੀਵਨ ਮਾਣ ਸਕਦੀ ਹੈ ।

ਸਵਤੰਤਰ ਵਿਧਾਨ ਜਿਉਂਦੀਆਂ ਜਾਗਦੀਆਂ ਆਜ਼ਾਦ ਕੌਮਾਂ ਦੀ ਅਮਰ ਤੇ ਅੱਟਲ ਨਿਸ਼ਾਨੀ ਹੁੰਦਾ ਹੈ । ਵਿਧਾਨ ਉਹ ਨੀਂਹ ਪਥਰ ਹੈ, ਜਿਸ ਤੇ ਮਹਿਲ ਨਹੀਂ, ਦੇਸ਼ ਤੇ ਕੌਮ ਦੀ ਕਿਸਮਤ ਉਸਰਦੀ, ਰੂਪ ਰੇਖਾ ਨਿਖਰਦੀ ਹੈ ਤੇ ਮੂੰਹ ਮੁਹਾਂਦਰਾ ਲਿਸ਼ਕਦਾ ਹੈ, ਖਿਲਰੀ ਪੁਲਰੀ ਤਾਕਤ ਨੂੰ ਏਕੇ ਦੀ ਵਿਧਾਨਕ ਲੜੀ ਵਿਚ ਪਰੋ ਕੇ,ਇਕ ਮਹਾਨ ਸ਼ਕਤੀਸ਼ਾਲੀ ਕੌਮ ਬਣ ਜਾਂਦੀ ਹੈ । ਸਮਾਜਿਕ ਉਸਾਰੀ ਦਾ ਆਦਿ ਵਿਧਾਨਕ ਅਨੁਸਾਰ ਹੋਣਾ ਸਮਾਜਿਕ ਸਫਲਤਾ ਦਾ ਸੂਚਕ ਤੇ ਹਰ ਮੈਦਾਨ ਫ਼ਤਹਿ ਦੇ ਰਣਜੀਤ ਨਗਾਰੇ ਖੜਕਾ ਦੇਂਦਾ ਹੈ ।

ਜਿਸ ਦੇਸ ਤੇ ਕੌਮ ਜਾਂ ਜਥੇਬੰਦੀ ਵਿਚ ਚੰਗੇਰੇ ਤੇ ਪਕੇਰੇ ਵਿਧਾਨ ਦੀ ਘਾਟ ਹੁੰਦੀ ਹੈ, ਉਹਨਾਂ ਦਾ ਜੀਵਨ ਕਣਿਆਉਣ ਲਗ ਪੈਂਦਾ ਹੈ ਤੇ ਕਣਿਆਉਂਦਾ ਜੀਵਨ ਨੀਲੇ ਗਗਨਾਂ ਵਿਚ ਸਵਤੰਤਰਤਾ ਨਾਲ ਉਡਾਰੀਆਂ ਨਹੀਂ ਲਾ ਸਕਦਾ, ਛੇਤੀ ਹੀ ਗੁਲਾਮੀ ਦੇ ਜਾਲ ਵਿਚ ਫਸ ਜਾਂਦਾ ਹੈ । ਜੀਵਨ ਉਲਾਰ ਹੋ ਜਾਂਦਾ ਹੈ ਤੇ ਉਲਾਰ ਜੀਵਨ ਕਦਮ ਕਦਮ ਤੇ ਠੇਡੇ ਖਾਂਦਾ ਡਿਗਦਾ ਢਹਿੰਦਾ ਪਰ-ਅਧੀਨ ਜੀਵਨ ਜੀਉਣ ਲਈ ਮਜਬੂਰ ਹੋ ਜਾਂਦਾ ਏ ।

ਸੋ ਵਿਧਾਨ ਇਕ ਸਵਤੰਤਰ ਸਮਾਜ ਲਈ ਉਤਨਾਂ ਹੀ ਜ਼ਰੂਰੀ ਹੈ, ਜਿਤਨਾ ਜੀਵ ਨੂੰ ਜੀਵਣ ਲਈ (ਸਵੱਛ ਪਵਨ, ਤੇ ਨਿਰਮਲ ਨੀਰ) ਆਕਸੀਜਨ । ਵਿਧਾਨ ਦੀ ਬਣਤਰ, ਕੌਮ ਦੇ ਸਿਰ ਕਢ ਵਿਦਵਾਨ, ਇਤਿਹਾਸਕਾਰ ਖੋਜੀ, ਸਿਆਸਤਦਾਨ, ਮੁਖੀ ਨੇਤਾ, ਜੀਵਨ ਤਜਰਬੇ ਦੇ ਮਾਹਿਰਾਂ ਦੀ ਗੰਭੀਰ ਸੋਚ ਵਿਚਾਰ ਨਾਲ ਅਜੋਕੀ ਸਮਾਜਿਕ ਸਥਿਤੀ ਨੂੰ ਮੁਖ ਰਖ ਬਣਨ ਤੇ ਬਣਾਉਣ ਦੀ ਲੋੜ ਹੈ । ਉਹ ਵਿਧਾਨ ਜੋ ਸਮੁਚਾ ਕੌਮ ਨੂੰ, ਚਾਹੇ ਉਹ ਭਾਰਤ ਦੇ ਕਿਸੇ ਪਰਾਂਤ ਜਾਂ ਯੂ.ਕੇ. ਵਿਚ ਹੈ ਜਾਂ ਕਿਸੇ ਦੇਸ ਜਾਂ ਭੇਸ ਵਿਚ ਹੈ, ਵਿਧਾਨਕ ਏਕੇ ਵਿਚ ਜੋੜ ਦੇਵੇ । 'ਪੰਜਾਬੀ, ਮੁਲਤਾਨੀ, ਪੋਠੋਹਾਰੀ, ਡਾਡਰੇ ਵਾਸੀ, ਬਿਜਨੌਰੀਏ, ਰਮਈਏ, ਭਾਰਤੀ ਜਾ ਇੰਗਲੈਂਡ ਵਾਸੀ, ਇਹ ਸਭ ਵਿਤਕਰੇ ਭਰੀਆਂ ਲਕੀਰਾਂ ਨੂੰ ਸਦਾ ਲਈ ਸਮਾਪਤ ਕਰ ਭਰਾਪਨ ਹਮਦਰਦੀ ਨੂੰ ਹੁਲਾਰਾ ਦੇਵੇ । ਗੁਰੂ ਨਾਨਕ ਸਾਹਿਬ ਜੀ ਦੀ

Digitized by Panjab Digital Library | www.panjabdigilib.org

ਉਪਾਸ਼ਕ ਤੇ ਗੁਰਸਿਖੀ ਦੀ ਉਪਦੇਸ਼ਕ ਸੰਗਤ ਭਾਟੜਾ ਸੰਪ੍ਰਦਾ ਵਿਧਾਨਕ ਏਕੇ ਵਿਚ ਜੁੜ ਸਦਾ ਚੜ੍ਹਦੀਆਂ ਕਲਾ ਦਾ ਜੀਵਨ ਮਾਣ ਸਕਦੀ ਹੈ।

ਕੀ ਕੌਮ ਨੂੰ ਲੀਡਰ ਦੀ ਲੋੜ ਹੈ?

ਜਿਵੇਂ ਬੇੜੀ ਲਈ ਮਲਾਹ ਤੇ ਇੰਜਨ ਲਈ ਡਰਾਈਵਰ ਤੇ ਰਥ ਲਈ ਰਥਵਾਨ ਦੀ ਜ਼ਰੂਰਤ ਹੁੰਦੀ ਹੈ, ਤਿਵੇਂ ਦੇਸ਼ ਤੇ ਕੌਮ ਨੂੰ ਇਕ ਚੰਗੇ ਸਿਆਣੇ ਆਗੂ ਲੀਡਰ ਦੀ ਲੋੜ ਹੁੰਦੀ ਹੈ। ਸਿਆਣੇ ਮਲਾਹ ਤੋਂ ਬਿਨਾਂ ਬੇੜੀ ਮਝਧਾਰ ਵਿਚ ਸਦਾ ਡਕੋ ਡੋਲੇ ਖਾਂਦੀ ਰਹਿੰਦੀ ਹੈ। ਡਰਾਈਵਰ ਤੋਂ ਬਿਨਾਂ ਇੰਜਨ ਨਕਾਰਾ ਹੁੰਦਾ ਹੈ। ਰਥਵਾਨ ਤੋਂ ਬਿਨਾਂ ਰਥ ਆਪਣੀ ਮੰਜ਼ਿਲ ਤੇ ਨਹੀਂ ਪੁਜ ਸਕਦਾ। ਇੰਨ ਬਿੰਨ ਇਸੇ ਤਰ੍ਹਾਂ ਜਿਸ ਦੇਸ ਕੌਮ ਵਿਚ ਸਿਆਣੇ ਸਿਆਸਤਦਾਨ ਆਗੂ ਲੀਡਰ ਦੀ ਘਾਟ ਹੈ, ਉਹ ਕੌਮ ਸਿਆਸੀ ਤੇ ਸਮਾਜੀ ਖੇਤਰ ਵਿਚੋਂ ਪਛੜ ਜਾਂਦੀ ਹੈ। ਜੀਵਨ ਖੇਡ ਵਿਚ ਸਦਾ ਲਈ ਫਾਡੀ ਬਣ ਜਾਂਦੀ ਹੈ। ਮਾਨਵਤਾ ਦੀ ਮੰਡੀ ਵਿਚ ਉਸਦੀ ਕਦਰ ਤੇ ਕੀਮਤ ਸਿਫਰ ਦੇ ਬਰਾਬਰ ਪੈਂਦੀ ਹੈ। ਅਣਖ ਤੇ ਇਜ਼ਤ ਘਟੇ ਵਿਚ ਰੁਲਦੀ ਤੇ ਗੁਲਾਮੀ ਦੀਆਂ ਕਾਲੀਆਂ ਘਟਾ ਸਿਰ ਤੇ ਛਾ ਜਾਂਦੀਆਂ ਹਨ। ਇਸ ਦੇ ਉਲਟ ਜਿਸ ਦੇਸ ਤੇ ਕੌਮ ਨੂੰ ਸਿਆਣਾ ਸਿਆਸਤਦਾਨ, ਜਗਤ ਜੀਵਨ ਗਿਆਨ ਦਾ ਮਾਹਿਰ, ਨਿਰਪੱਖ ਨੀਤੀਵਾਨ ਸੁਹਿਰਦ ਆਗੂ ਮਿਲ ਜਾਂਦਾ ਹੈ, ਉਸ ਦੇਸ ਤੇ ਕੌਮ ਦੀ ਬਿਗੜੀ ਸਵਰ ਜਾਂਦੀ ਹੈ। ਗੁਲਾਮੀ ਦੇ ਬੰਧਨ ਕਟੇ ਜਾਂਦੇ ਹਨ। ਸਵਤੰਤਰਤਾ ਤੇ ਸਫਲਤਾ ਦੇ ਦਰ ਖੁਲ ਜਾਂਦੇ ਹਨ। ਗਵਾਂਢੀ ਕੌਮਾਂ ਵਿਚ ਉਸਦਾ ਸਤਿਕਾਰ ਤੇ ਸਨਮਾਨ ਵਿਚ ਢੇਰ ਵਾਧਾ ਹੋ ਜਾਂਦਾ ਹੈ।

ਕੌਮ ਦਾ ਆਦਿ ਇਤਿਹਾਸ ਲੀਡਰਾਂ ਦੀ ਲੋੜ ਪ੍ਰਗਟਾਉਂਦਾ ਹੈ

ਸੰਗਤ ਭਾਟੜਾ ਸੰਪ੍ਰਦਾ ਦਾ ਆਦਿ ਇਤਿਹਾਸ ਕੌਮ ਦੀ ਹੱਡ ਬੀਤੀ ਕਹਾਣੀ ਦਸਦਾ ਹੈ ਕਿ ਮਹਾਰਾਜਾ ਸ਼ਿਵਨਾਭ ਜੀ ਦੇ ਭਾਈਚਾਰੇ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿਖ ਸੰਸਾਰ ਦਾ ਸਭ ਤੋਂ ਉੱਚਾ ਪਦ 'ਸੰਗਤ' ਬਖਸ਼ਕੇ ਨਿਵਾਜਿਆ, ਉਥੇ ਮਹਾਰਾਜਾ ਸ਼ਿਵਨਾਭ ਜੀ ਨੂੰ ਦੇਸ ਤੇ ਕੌਮ ਦੇ ਰਾਜਿਆਂ ਦਾ ਮੁਖੀ ਆਗੂ ਲੀਡਰ ਥਾਪਿਆ। ਇਹ ਸਮਾਂ ਸਿਆਸੀ ਸਮਾਜੀ ਸਫਲਤਾ ਦੀ ਸਿਖਰ ਹੈ, ਜਦ ਭਾਟੜਾ ਸੰਗਤ ਨੂੰ ਬਾਬਾ ਚੰਗਾ ਜੀ ਧਾਰਮਕ ਤੇ ਸਮਾਜਿਕ ਮਹਾਨ ਆਗੂ ਮਿਲੇ, ਸੰਗਤ ਦੀ ਕਿਸਮਤ ਦਾ ਸਿਤਾਰਾ ਸਤ ਅਸਮਾਨੀ ਚਮਕਣ ਲਗ ਪਿਆ। ਚਲਦਾ ਵਹੀਰ ਚਕਰਵਰਤੀ ਦਲ ਦੀ ਇਤਨੀ ਢੇਰ ਮਹਾਨਤਾ ਵਧੀ ਕਿ ਲੰਗਰ ਵਿਚ ਵੀਹ ਮਣ ਲੂਣ ਪੈਣ ਲਗ ਪਿਆ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਟ-ਵਿਦਵਾਨਾਂ ਦੀ ਬਾਣੀ, ਭਟਾਂ ਦੇ ਸਵਯਾਂ ਦੇ ਰੂਪ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਦਰਜ ਕਰਕੇ ਸਾਡੀ ਸ਼ਰਧਾ ਪਿਆਰ ਸਿਦਕ ਸੇਵਾ ਨੂੰ ਸਨਮਾਨ ਬਖਸ਼ਕੇ ਨਿਵਾਜਿਆ ਧਾਰਮਕ, ਸਿਆਸੀ ਤੇ ਸਮਾਜੀ ਕੌਮ ਦੇ ਆਗੂ ਬਾਬਾ ਤਾਰੂ ਰਾਇ ਜੀ ਥਾਪੇ ਗਏ। ਬਾਬਾ ਜੀ ਭਾਟੜਾ ਸੰਗਤ ਦੇ ਉਜਲੇ ਭਵਿੱਖਤ, ਰਾਜ ਭਾਗ ਲਈ ਸਿਆਸੀ ਪਰੋਗਰਾਮ ਨੂੰ

Digitized by Panjab Digital Library | www.panjabdigilib.org

ਵਿਚਾਰਨ ਲਈ ਇਕਾਂਤ ਹੋ ਬੈਠੇ ਤਾਂ ਕੁਝ ਕੁ ਕੌਮ ਧਰੋਹੀਆਂ ਨੇ ਕੌਮ ਲਈ ਰਾਜ ਭਾਗ ਲੈਣ ਵਾਲੇ ਮਹਾਨ ਲੀਡਰ ਦੇ ਸਰੀਰ ਨੂੰ ਅੱਗ ਲਾਕੇ ਸਾੜ ਦੇਣ ਦਾ ਪਾਪ ਕੀਤਾ। ਉਸ ਤੋਂ ਬਾਦ ਭਾਟੜਾ ਸੰਗਤ ਨੂੰ ਨੀਤੀ ਨਿਪੁੰਨ ਸਰਬ ਸਾਂਝੇ ਆਗੂ ਲੀਡਰ ਦੀ ਘਾਟ ਨੇ ਸ਼ਾਹ ਤੋਂ ਫਕੀਰ ਬਣਾ ਦਿੱਤਾ। ਇਤਿਹਾਸਕ ਪਿਛਵਾੜੇ ਵਾਲੀ ਮਹਾਨ ਭਾਟੜਾ ਸੰਗਤ ਸੰਪ੍ਰਦਾ ਇਕ ਸਿਆਣੇ ਲੀਡਰ ਦੀ ਥੁੜ ਦੇ ਕਾਰਣ ਜੀਵਨ ਦੇ ਹਰ ਖੇਤਰ ਵਿਚੋਂ ਪਛੜਦੀ ਜਾ ਰਹੀ ਹੈ।

ਸਦੀਆਂ ਤੋਂ ਸਿਲ ਪੱਥਰ ਬਣੀ ਕੌਮ ਦੀ ਕਿਸਮਤ ਨਿਰਪੱਖ ਨੀਤੀਵਾਲ ਆਗੂ ਲੀਡਰ ਦਾ ਰਾਹ ਉਡੀਕ ਰਹੀ ਹੈ। ਸਮੁਚਾ ਕੌਮ ਤੇ ਕੌਮ ਦੇ ਸਿਆਸੀ ਸਮਾਜੀ ਜਗਤ ਜੀਵਨ ਗਿਆਨ ਦੇ ਮਾਹਿਰ ਤੇ ਕੌਮ ਦੇ ਵਰਤਮਾਨ ਚੋਂ ਭਵਿੱਖਤ ਦੀ ਨੁਹਾਰ ਵੇਖ ਸਕਣ ਦੀ ਸੋਹਜ ਸਮਰਥਾ ਰਖਣ ਵਾਲੇ ਕੌਮ ਦਰਦੀ, ਸੌ ਸਿਆਣਾ ਇਕ ਮਤ ਵਾਂਗ ਸਾਰੇ ਇੱਕ ਰਾਇ ਰਖਦੇ ਹਨ ਕਿ **ਕੌਮ ਨੂੰ ਕਿਸੇ ਡਿਕਟੇਟਰ ਦੀ ਲੋੜ ਨਹੀਂ, ਕੌਮ ਨੂੰ ਲੋੜ ਹੈ ਤਾਂ ਸਰਬ ਸਾਂਝੇ ਅਸੂਲ ਪ੍ਰਸਤ ਨੀਤੀ ਨਿਪੁੰਨ ਨਿਰਮਾਣ ਨੇਤਾ ਦੀ।** ਉਹ ਮਹਾਨ ਆਗੂ ਲੀਡਰ ਜਿਸਦਾ ਜੀਵਨ ਨਿੰਮ੍ਰਤਾ ਪਿਆਰ, ਸੇਵਾ ਕੁਰਬਾਨੀ ਦੀ ਭੱਠੀ ਵਿਚ ਪੈ ਕੇ ਕੁੰਦਨ ਵਾਂਗ ਨਿਖਰਿਆ ਹੋਵੇ। ਉਹ ਨਿਰਭਉ ਤੇ ਨਿਰਵੈਰ ਕੌਮੀ ਲੀਡਰ ਦੀ ਲੋੜ ਹੈ, ਜਿਹੜਾ ਹਰ ਦੋਸ਼ੀ ਨੂੰ ਚਾਹੇ ਉਹ ਵਕਤ ਦਾ ਹਾਕਮ ਕਿਉਂ ਨਾ ਹੋਵੇ,ਕੋੜੇ ਮਾਰਨ ਦੀ ਕਰੜੀ ਤੋਂ ਕਰੜੀ ਸਜ਼ਾ ਦੇਣ ਦੀ ਦਲੇਰੀ ਰਖਦਾ ਹੋਵੇ। ਕੌਮ ਨੂੰ ਉਹ ਨੀਤੀ ਨਿਪੁੰਨ ਨਿਰਮਾਨ ਨੇਤਾ ਦੀ ਲੋੜ ਹੈ, ਜੋ ਸਮੇਂ ਦਾ ਸਮਰਾਟ ਹੁੰਦਿਆਂ ਵੀ ਕੌਮ ਦੇ ਹਰ ਹੁਕਮ ਦੀ ਪਾਲਣਾ ਕਰਦਿਆਂ, ਪੁਠੇ ਹੱਥ ਬੰਨ੍ਹਾ ਕੇ ਕੋੜੇ ਖਾਣ ਲਈ ਖਿੜੇ ਮਥੇ ਤਿਆਰ ਹੋਵੇ।

ਕੌਮ ਨੂੰ ਉਹ ਅਨਥਕ ਆਗੂ ਦੀ ਲੋੜ ਹੈ, ਜੋ ਕੌਮ ਦੇ ਧਾਰਮਕ, ਸਮਾਜਿਕ, ਰਾਜਸੀ, ਵਿਦਿਅਕ ਆਰਥਕ ਹੱਕਾਂ ਲਈ ਸਮੇਂ ਤੇ ਸਰਕਾਰ ਨਾਲ ਵਿਧਾਨਕ ਟਕਰ ਲੈਣ ਦੀ ਸੋਹਜ ਸਮਰਥਾ ਰਖਦਾ ਹੋਵੇ। ਜਿਹੜਾ ਨਿਰਾ ਪ੍ਰਚਾਰ ਰਾਹੀਂ ਹੀ ਨਹੀਂ ਸਗੋਂ ਜੀਵਨ ਅਮਲਾਂ ਰਾਹੀਂ ਵੀ ਅਗਾਂਹ ਵਧਣ ਦੀ ਪ੍ਰੇਰਨਾ ਦੇ ਕੇ ਭਾਈਚਾਰਕ ਬਣਤਰ ਨੂੰ ਅਟੁਟ ਤੇ ਸਮਾਜਿਕ ਸ਼ਕਤੀ ਨੂੰ ਬਲਵਾਨ ਬਣਾਵੇ। ਸਮੁਚਾ ਕੌਮ ਸਮਾਜਿਕ ਰਥ ਦੇ ਸਿਆਣੇ ਰਥਵਾਨ ਦਾ ਦਿਲੀ ਸੁਆਗਤ ਕਰਨ ਦੀ ਪੂਰਨ ਇਛਕ ਹੈ, ਜੋ ਸਮਾਜਿਕ ਰਥ ਨੂੰ ਜਗਤ ਦੇ ਹਰ ਖਤਰੇ ਵਾਲੇ ਜੀਵਨ ਮੋੜ ਤੋਂ ਬਚਾਕੇ ਸਮਾਜਿਕ ਸਫਲਤਾ ਦੀ ਸਿਖਰ ਤੇ ਪੁਚਾਵੇ।

ਕੌਮ ਦੀ ਕਿਸਮਤ ਸਦੀਆਂ ਤੋਂ ਸਿਲ ਪੱਥਰ ਬਣੀ, ਨਿਰਪੱਖ ਨੀਤੀਵਾਨ ਆਗੂ ਲੀਡਰ ਦਾ ਰਾਹ ਉਡੀਕ ਰਹੀ ਹੈ, ਜਿਸਦੀ ਪਿਆਰ ਛੋਹ ਨਾਲ ਕੌਮ ਦੀ ਕਿਸਮਤ ਜਾਗ ਪਵੇਗੀ। ਅਗਾਂਹ ਵਧਣ ਦਾ ਉਦਮ ਤੇ ਉਤਸ਼ਾਹ ਜਾਗ ਪਵੇਗਾ। ਸੰਗਤ ਭਾਟੜਾ ਸੰਪ੍ਰਦਾ ਹਰ ਪੱਖੋਂ ਸੰਪੂਰਨ ਭਾਈਚਾਰਾ ਬਣਕੇ, ਏਕਤਾ ਉਨਤੀ ਦੇ ਆਕਾਸ਼ ਵਿਚ ਧਰੂ ਤਾਰੇ ਵਾਂਗ ਚਮਕਾਉਣ ਵਾਲਾ ਸਰਬ ਸਾਂਝਾ ਨਿਰਮਾਨ ਨੇਤਾ ਮੁਖੀ ਲੀਡਰ 'ਸਫ਼ਲ ਲੋਕ ਸੇਵਕ' ਦੀ ਸਨਦ ਪ੍ਰਾਪਤ ਕਰੇਗਾ।

Digitized by Panjab Digital Library | www.panjabdigilib.org

ਰਾਜਸੀ-ਸ਼ਕਤੀ ਏਕਤਾ ਹਿੰਮਤ ਦ੍ਰਿੜਤਾ ਤੇ ਕੁਰਬਾਨੀ ਮੰਗਦੀ ਹੈ

ਇਹ ਕ੍ਰਾਂਤਿਕ ਜੁਗ ਹੈ ਇਸ ਅਗਾਂਹ ਵਧੂ ਆਗਮਨ ਜੁਗ ਨੂੰ ਧਰਮ ਤੇ ਸਮਾਜ ਦੇ ਨੀਤੀਵਾਨ ਸਿਆਸੀ ਤੇ ਸਮਾਜੀ ਏਕਤਾ ਉਨਤੀ ਦਾ ਉਦਘਾਟਨ ਕਰਨ ਦਾ ਸ਼ੁਭ ਸੰਦੇਸ਼ ਆਖਦੇ ਹਨ। ਹਰ ਦੇਸ਼ ਤੇ ਕੌਮ ਦੀ ਕਦਰ, ਮਾਨਵਤਾ ਦੀ ਮੰਡੀ ਵਿਚ, ਰਾਜਸੀ-ਸਤਾ ਦੇ ਸੰਸਾਰਕ ਕੰਡੇ ਤੇ ਤੁਲਕੇ ਪੈਂਦੀ ਹੈ। ਰਾਜਸੀ ਸਨਮਾਨ ਸਮਾਜਿਕ ਸਫਲਤਾ ਦੀ ਸਿਖਰ ਮੰਨਿਆ ਜਾਂਦਾ ਹੈ। ਇਸ ਲੋਕ ਜੁਗ ਵਿਚ ਹਰ ਕੌਮ ਦੇ ਜੀਵਨ ਸਫਲਤਾ ਦਾ ਮਾਪ, ਅਮੀਰੀ ਗਰੀਬੀ ਦੇ ਜੀਵਨ ਤੋਂ ਨਹੀਂ ਸਗੋਂ ਭਾਈਚਾਰੇ ਵਿਚ ਸਤਿਕਾਰ, ਨਗਰ ਸਭਾ ਵਿਚ ਮਾਨ ਤੋਂ ਪ੍ਰੀਖਿਆ ਜਾਂਦਾ ਹੈ।

ਜੀਵਨ ਸਫਲਤਾ ਵਰਗੀ ਅਨਮੋਲ ਵਸਤੂ ਰਾਜ ਸ਼ਕਤੀ, ਕਿਸੇ ਨੂੰ ਨਿਰਾ ਮੰਗਿਆਂ ਨਹੀਂ ਮਿਲਦੀ, ਇਸਦੀ ਪ੍ਰਾਪਤੀ ਲਈ 'ਇਕ ਅਵਾਜ਼' 'ਇਕ ਵਿਧਾਨ' 'ਇਕ ਜਮਾਤ' 'ਇਕ ਲੀਡਰ' ਤੇ 'ਇਕ ਇਤਿਹਾਸ' ਉਪਰੰਤ ਇਕ ਝੰਡੇ ਥਲੇ, ਏਕਤਾ ਜਥੇਬੰਦੀ ਨਾਲ ਨਿਰੰਤਰ ਸੰਗਰਾਮ ਕਰਨ ਦੀ ਲੋੜ ਹੈ। ਧਰਮ ਤੇ ਸਮਾਜ ਦੀ ਸਚੀ ਸੁਚੀ ਨਿਰਭਉ ਤੇ ਨਿਰਵੈਰ ਸ਼ਖਸੀਅਤ, ਧਰਮ ਤੇ ਰਾਜਨੀਤੀ ਦੇ ਮਰਯਾਦਾ ਪ੍ਰਸ਼ੋਤਮ ਦਸਮ ਪਾਤਸ਼ਾਹ ਦੇ ਮਹਾਨ ਵਿਚਾਰ—

ਕੋਈ ਕਿਸੀ ਕੋ ਰਾਜ ਨ ਦੇ ਹੈ ॥
ਜੋ ਲੇਹੈ ਨਿਜ ਬਲ ਸੇ ਲੇ ਹੈ ॥

ਸਪਸ਼ਟ ਕਰਦੇ ਹਨ ਕਿ ਰਾਜਸੀ ਹੱਕਾਂ ਦੀ ਪ੍ਰਾਪਤੀ ਨਿਰਾ ਮੰਗਣ ਨਾਲ ਹੀ ਨਹੀਂ ਮਿਲਦੀ ਇਹਨਾਂ ਲਈ ਏਕਤਾ ਹਿੰਮਤ ਦ੍ਰਿੜਤਾ ਤੇ ਕੁਰਬਾਨੀ ਕਰਨੀ ਪੈਂਦੀ ਹੈ, ਨਿਰੰਤਰ ਵਿਧਾਨਕ ਸੰਗਰਾਮ ਰਚਣੇ ਪੈਂਦੇ ਹਨ।

ਸੰਗਰਾਮ ਰਚਾਓ, ਜੀਵਨ ਹੱਕ ਪ੍ਰਾਪਤ ਕਰੋ

ਮਹਾਨ ਗੁਰ ਵਿਚਾਰ 'ਕੋਈ ਕਿਸੀ ਕੋ ਰਾਜ ਨਾ ਦੇ ਹੈ ॥' ਦੀ ਪਰਖੀ ਹੋਈ, ਇਤਿਹਾਸਕ ਅਟੱਲ ਸਚਾਈ ਦੀ ਰੌਸ਼ਨੀ ਵਿਚ ਲੇਖਕ ਨੂੰ ਇਕ ਅੱਖੀਂ ਡਿਠੀ ਤੇ ਕੰਨੀਂ ਸੁਣੀ ਸੰਸਾਰ ਦੇ ਸਿਰ ਕੱਢ ਨੀਤੀਵਾਨਾਂ ਦੀ ਮਿਸਾਲ ਯਾਦ ਆ ਰਹੀ ਹੈ। ਇਹ ਮਿਸਾਲ ਹੈ ਯੂ. ਕੇ. ਦੇ ਰਾਜ ਪ੍ਰਬੰਧਕਾਂ (ਮਨਿਸਟਰਾਂ) ਦੀ (ਜਿਹਨਾਂ ਨੇ ਨੀਤੀ ਦੇ ਪਰਦੇ ਵਿਚ ਅਨੀਤੀ ਨਾਲ ਦੇਸ਼ ਆਜਾਦੀ ਦੇ ਨਾਂ ਥਲੇ ਦੇਸ਼ ਦੇ ਟੁਕੜੇ ਕਰ ਦਿੱਤੇ। ਉਹ ਘਲੂਘਾਰਾ ਮਚਿਆ ਜਿਸ ਨੂੰ ਅਜ ਵੀ ਯਾਦ ਕਰ ਕੇ ਸੁਝਵਾਨ ਭਾਰਤੀ ਦਾ ਸ਼ਰਮ ਨਾਲ ਸਿਰ ਨੀਵਾਂ ਹੋ ਜਾਂਦਾ ਹੈ) ਤੇ ਜ਼ਿਕਰ ਹੈ 15 ਅਗਸਤ 1947 ਦਾ ਜਦ ਬੇਗਿਣਤ ਦੇਸ਼ ਵਾਸੀਆਂ ਦੀਆਂ ਕਰੜੀਆਂ ਕੁਰਬਾਨੀਆਂ ਦਾ ਸਦਕਾ ਦੇਸ ਨੂੰ ਅਜ਼ਾਦੀ ਪ੍ਰਾਪਤ ਹੋਈ ਤੇ ਇੰਡੀਆ ਲੀਗ ਦੇ ਫੌਂਡਰ ਜਨਰਲ ਸੈਕਟਰੀ ਸ੍ਰੀ ਕਰਿਸ਼ਨਾ ਮੈਨਨ ਜੀ ਭਾਰਤ ਦੇ ਰਾਜਦੂਤ ਨਿਯੁਕਤ ਹੋਏ।

ਲੰਡਨ ਵਿਚ ਇੰਡੀਅਨ ਅੰਬੈਂਸੀ (India House Aldwych London. W.

Digitized by Panjab Digital Library | www.panjabdigilib.org

C. 2 B, 4 NA. Tel 01, 836, 8484) ਤੇ ਭਾਰਤ ਦਾ ਤਿਰੰਗਾ ਝੰਡਾ ਲਹਿਰਾਇਆ ਗਿਆ। ਇਸ ਜਲਸੇ ਵਿਚ ਯੂ. ਕੇ. ਭਰ ਦੇ ਸਮੂੰਹ ਭਾਰਤੀ ਤੇ ਧਾਰਮਿਕ ਅਤੇ ਸਮਾਜਿਕ ਜਥੇਬੰਦੀਆਂ ਦ ਪ੍ਰਤੀਨਿਧ ਪੁਜੇ। ਬ੍ਰਿਟਸ਼ ਸਰਕਾਰ ਦੀ ਸਾਰੀ ਮਨਿਸਟਰੀ ਪਰਾਇਮਮਨਿਸਟਰ ਮਿਸਟਰ Attle ਸਮੇਤ ਆਈ। ਹਰ ਮਨਿਸਟਰ ਨੇ ਦੇਸ ਭਾਰਤ ਦੀ ਅਜ਼ਾਦੀ ਤੇ ਖੁਸ਼ੀ ਤੇ ਸ਼ੁਭ ਇਛਾਵਾਂ ਅਰਪਨ ਕੀਤੀਆਂ। ਦੇਸ਼ ਦੇ ਟੁਕੜੇ ਕਰਨ ਵਾਲੇ ਸਰਸਟਾਫਟ ਕਰਿਪਸ ਨੇ ਬੜੇ ਫ਼ਖਰ ਨਾਲ ਕਿਹਾ ਕਿ ਬ੍ਰਿਟਿਸ਼ ਸਰਕਾਰ ਨੇ ਭਾਰਤ ਨੂੰ ਅਜ਼ਾਦੀ ਦੇ ਦਿਤੀ ਹੈ। ਅੰਤ ਵਿਚ ਭਾਰਤੀ ਰਾਜਦੂਤ ਸ੍ਰੀ ਮੈਨਨ ਜੀ ਨੇ ਕਰਮ ਵਾਰ ਹਰ ਵਿਅਕਤੀ ਦਾ ਧੰਨਵਾਦ ਕੀਤਾ ਤੇ ਸਟਾਫਟ ਦੇ ਸ਼ਬਦ ਕਿ''ਬ੍ਰਿਟਿਸ਼ ਨੇ ਭਾਰਤ ਨੂੰ ਆਜਾਦੀ ਦੇ ਦਿਤੀ ਹੈ'' ਦਾ ਉੱਤਰ ਦੇਂਦਿਆਂ ਫਰਮਾਇਆ ਕਿ '**ਬ੍ਰਿਟਸ਼ ਸਰਕਾਰ ਨੇ ਭਾਰਤ ਨੂੰ ਅਜ਼ਾਦੀ ਦਿਤੀ ਨਹੀਂ ਭਾਰਤ ਨੇ ਅਜ਼ਾਦੀ ਲੈ ਲਈ ਹੈ।**' ਜਿਸਦਾ ਅੰਤਰੀਵ ਭਾਵ ਇਹ ਸੀ ਕਿ ਦੇਣਾ ਹੁੰਦਾ ਹੈ ਖਰੈਤ, ਖਰੈਤ ਲੈਣ ਵਾਲੇ ਸਿਰ ਨਿਵਾਉਂਦੇ ਮਿੰਨਤਾਂ ਕਰਦੇ ਤਲੀਆਂ ਅਡਦੇ ਹਨ। ਪਰ ਲੈਣਾ ਹੁੰਦਾ ਹੈ ਜੀਵਨ ਦਾ ਹੱਕ ਜੋ ਪਿਆਰ ਨਾਲ ਵੀ ਲਿਆ ਜਾ ਸਕਦਾ ਹੈ ਤੇ ਗਲੋਂ ਫੜ ਕੇ ਵੀ ਲੈ ਲਈਦਾ ਹੈ। ਸੋ ਕੌਮ ਦੇ ਸੁਹਿਰਦ ਨੌਜਵਾਨੋ ਆਪਣੇ ਜੀਵਨ ਹਕਾਂ ਦੀ ਪ੍ਰਾਪਤੀ ਲਈ ਤਿਆਰ ਹੋ ਜਾਓ, ਨਿਰਾ ਧਾਰਮਿਕ ਸਮਾਜਿਕ ਤੇ ਰਾਜਸੀ ਜਥੇਬੰਦੀਆਂ ਪਾਸੋਂ ਆਪਣੇ ਜੀਵਨ ਦੇ ਹੱਕ ਮੰਗਣ ਲਈ ਵਿਸ਼ਵਾਸ਼ ਨਾ ਰਖੋ ਆਪਣੇ ਜੀਵਨ ਹੱਕਾਂ ਲਈ ਵਿਧਾਨਕ ਜਥੇਬੰਦੀ ਨਾਲ ਸੰਗਰਾਮ ਰਚਾਓ ਤੇ ਆਪਣੇ ਜੀਵਨ ਹੱਕ (ਜੋ ਹਰ ਨਾਗਰਿਕ ਦਾ ਜਮਾਂਦਰੂ ਹੱਕ ਹੈ) ਪ੍ਰਾਪਤ ਕਰੋ।

ਘਰੋਂ ਤੁਰਿਆ ਪਾਂਧੀ ਮੰਜਲ ਤੇ ਜ਼ਰੂਰ ਪੁਜਦਾ ਹੈ

ਦੁਨੀਆਂ ਭਰ ਦੇ ਦੇਸਾਂ ਵਿਚੋਂ ਭਾਰਤ ਦੇਸ ਸਭ ਤੋਂ ਵੱਡਾ ਜ਼ਮਹੂਰੀਅਤ ਦੇਸ ਹੈ, ਇਸਦੀ ਜ਼ਮੀਰ ਵਿਚ ਆਦਿ ਤੋਂ ਡੈਮੋਕਰੇਸੀ ਦਾ ਖਮੀਰ ਹੈ। ਪ੍ਰਾਚੀਨ ਜ਼ਮਾਨੇ ਵਿਚ ਨਗਰ ਦੇ ਹਰ ਨਾਗਰਿਕ ਦੀ ਜ਼ੀਵਨ ਸਮਸਿਆ ਦਾ ਹਲ ਪੰਚਾਇਤਾਂ ਵਿਚ ਹੁੰਦਾ ਸੀ। ਪਿੰਡਾਂ ਦੇ ਸੋਝੀਵਾਨ ਬਜ਼ੁਰਗ ਪਿੰਡ ਦੀ ਪੰਚਾਇਤ ਦੇ ਪੰਚ ਤੇ ਸਰਪੰਚ (ਧਰਮ ਕਚਹਿਰੀ ਦੇ ਚੀਫ ਜਸਟਿਸ) ਮੰਨੇ ਜਾਂਦੇ ਸਨ। ਭਾਰਤ ਦੇਸ ਦਾ ਵਰਤਮਾਨ ਵਿਧਾਨ ਪੁਰਾਤਨ ਜ਼ਮਾਨੇ ਦੇ ਪੰਚਾਇਤ ਵਾਦ ਦੀਆਂ ਨੀਂਹਾਂ ਤੇ ਉਸਾਰਿਆ ਹੋਇਆ ਹੈ। ਜਿਥੇ ਦੇਸ ਲਈ ਹਰ ਕੁਰਬਾਨੀ ਕਰਨੀ, ਹਰ ਨਾਗਰਿਕ ਦਾ ਮੁਖ ਫਰਜ ਮੰਨਿਆ ਜਾਂਦਾ ਹੈ, ਉਥੇ ਦੇਸ ਦੇ ਵਿਧਾਨ ਵਿਚ ਹਰ ਨਾਗਰਿਕ ਨੂੰ 'ਕੁੱਲੀ, ਗੁੱਲੀ, ਜੁੱਲੀ' ਲਈ ਹਰ ਸੰਗਰਾਮ ਕਰਨ ਦਾ ਵੀ ਵਿਧਾਨਕ ਹੱਕ ਹੈ।

-ਇਤਿ-

Digitized by Panjab Digital Library | www.panjabdigilib.org

ਸ਼ੁਧੀ ਪੱਤਰ

ਪੰਨਾਂ	ਲਾਈਨ ਨੰ:	ਅਸ਼ੁੱਧ	ਸ਼ੁੱਧ
10	14	ਗੁਰਦੁਆਰਾ ਕਮੇਟੀ	ਗੁਰਦੁਆਰਾ ਪ੍ਰਬਧਕ ਕਮੇਟੀ
17	24	1939	1940
20	9	ਸ਼ਾਰਦੇ	ਗਾਰਦੇ
21	22	ਸੇਧ	ਸੋਧ
22	19	ਕਰਨਲ	ਕਾਰਲ
22	32	ਵੀ	ਦੀ
29	5	ਹਜੂਰੀ	ਹਾਜ਼ਰੀ
31	6	ਮੁਥੇ	ਮੁੱਖ
32	8	ਸੂਰਚ	ਸੂਰਜ
33	19	ਕੌਮ ਸੇਵਾ ਇਕ	ਕੌਮ ਸੇਵਾ ਦਾ ਇਕ
37	21	ਜੰਗ	ਜੱਗ
38	4	U.K. ਦੀ ਜੰਗ	U.K. ਦੀ ਜੰਤਾ
38	17	ਸਾਇਰਨ	ਏਅਰ ਏਡ
40	18	ਰਲ	ਹਾਲ
40	22	ਡਾਕਟਰ ਸ਼ਾਰਦੇ	ਡਾਕਟਰ ਗਾਰਦੇ
43	18	24 ਜੁਲਾਈ	22 ਜੁਲਾਈ
47	27	ਸੁਆਲ ਮੰਡੀ	ਗੁਆਲ ਮੰਡੀ
53	17	ਮਾਤ ਦਾ	ਜਮਾਤ ਦਾ
54	11	ਅਮਨ ਦੇ ਸੈਦਾਨ	ਅਮਲ ਦੇ ਮੈਦਾਨ
67	2	ਜ਼ਕੜ ਰਿਹਾ	ਜਕੜ ਲਿਆ
68	10	ਪੁਜ਼ਾ ਸੀ	ਪੁਜ ਚੁਕਾ ਸੀ
70	24	ਮਾਸਕ ਪੜ	ਮਾਸਕ ਪਤ੍
80	1	ਭਾਟਰਾ	ਭਾਟੜਾ
87	7	ਚਲਾਕ	ਚਾਲਕ
87	17	ਭਾਟਰਾ	ਭਾਟੜਾ
99	8	ਇਕੱਤਰਤ	ਇਕੱਤਰਤਾ
117	9	ਲਾਇਲ ਡਵੀਜ਼ਨ	ਲਾਇਲਪੁਰ ਡਵੀਜ਼ਨ

Digitized by Panjab Digital Library | www.panjabdigilib.org

ਪੰਨਾ	ਲਾਈਨ ਨੰ:	ਅਸ਼ੁੱਧ	ਸ਼ੁੱਧ
124	10	ਕਰਨ ਨਰਮ	ਨਰਮ ਕਰਨ
148	24	ਅਮਲੀ	ਅਗਲੀ
161	23	ਕਰੇਗੀ	ਰਚੇਗ਼ੀ
167	4	ਪਕੇ	ਪੂਰੇ
171	3	27-9-1967	17-9-1967
182	24	ਡੋਜਿਆ	ਭੇਜਿਆ
184	3	17-9-67	18-19 ਅਕਤੂਬਰ,1970
186	24	ਹਮਲਾ	ਹੰਭਲਾ
188	9	ਭੀੜਾਂ	ਤਰੇੜਾਂ
189	17	ਕੁਲੇਸ਼ਨ	ਰੁਲੇਸ਼ਨ
189	20	ਸਿਆਣੇ	ਸਿਆਣਾ
192	17	ਉਪਦੇਸ਼	ਉਪਦੇਸ਼ਕ
192	19	ਉਖੇੜ ਸਕਦਾ	ਉਖੇੜ ਸਕਿਆ
192	26	ਸੇਹਰਾ	ਮੁੱਢ
193	17	Bristor	Bristol
195	7	ਬ੍ਰਿਟਲ	ਬ੍ਰਿਸਟਲ
195	7	ਕੁਲੇਸ਼ਨ ਯੂ. ਕੇ. ਬਣਿਆ	ਰੁਲੇਸ਼ਨ ਯੂ.ਕੇ. ਬਣੀ
195	20	ਭਾਟੜਾ ਸੰਪ੍ਰਦਾ ਬੋਰਡ	ਭਾਟੜਾ ਸੰਪ੍ਰਦਾ
199	25	ਨੀਮ	ਨਿਮ੍ਹੀ
200	12	ਸਕੱਤਰ ਨੇ	ਸਟੇਜ ਸਕੱਤਰ ਦੀ
204	4	22/28 ਜੂਨ	27/28 ਜੂਨ
204	15	ਸੰਪ੍ਰਦਾ ਬੋਰਡ	ਸੰਪ੍ਰਦਾ ਵਿਧਾਨ ਬੋਰਡ
206	20	ਏਕੇ ਵਿਚ ਜੜ੍ਹ	ਏਕੇ ਵਿਚ ਜੁੜ
206	21	ਕਲਾ ਦਾ ਦਿਨ	ਕਲਾ ਦਾ ਚਿੰਨ੍ਹ
208	8	ਕਿਹਾ ਕਿ	ਜਿਹਾ ਕਿ
213	10	ਕਾਲਜ	ਕਾਰਜ
215	17	ਆਪ	ਆਪਣੇ

—

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

1509

Digitized by Panjab Digital Library | www.panjabdigilib.org

ਧੰਨਵਾਦ

ਉਘੇ ਸਾਹਿਤਕਾਰ, ਮਹਾਨ ਸ਼ਖ਼ਸੀਅਤ, ਸਤਿਕਾਰ ਯੋਗ ਪ੍ਰੋ. ਪਿਆਰਾ ਸਿੰਘ 'ਪਦਮ' ਜੀ ਦਾ ਹਾਰਦਿਕ ਧੰਨਵਾਦੀ ਹਾਂ, ਜਿਨ੍ਹਾਂ ਨੇ ਆਪਣੇ ਸਾਹਿਤਕ ਰੁਝੇਵਿਆਂ ਵਿਚੋਂ ਅਮੁਲ ਸਮਾਂ ਕਢ ਕੇ ਇਸ ਪੁਸਤਕ ਤੇ ਝਾਤ ਪਾਈ ਤੇ ਮੁੱਖਬੰਧ ਲਿਖ ਕੇ ਮਾਣ ਬਖ਼ਸ਼ਿਆ ਹੈ ।

ਕਰਦਾ ਹਾਂ ਧੰਨਵਾਦ ਸਦਾ ਹੀ ਉਸਦਾ,
ਜਿਸ ਕੀਤੀ ਏ 'ਸ਼ਾਦ' ਮੇਰੀ ਆਤਮਾ ।

—ਲੇਖਕ

Digitized by Panjab Digital Library | www.panjabdigilib.org